**BUYING/SELLING In Michigan**

Homes, Gas Stations, Liquor Stores, Plazas, Hotels

**RAJ SHERGILL**
Associate Broker
**Landmark Realty**
40600 Ann Arbor Rd. Ste. 150
Plymouth, MI 48170
Cell 734-751-4455, rajsshergill@yahoo.com



**New Image Photography**
Photo & Video For All Occasions



ਵਿਆਹ ਸ਼ਾਦੀ ਤੇ ਹੋਰ ਖੁਸ਼ੀ ਦੇ ਮੌਕੇ 'ਤੇ ਵਧੀਆ ਫੋਟੋਗ੍ਰਾਫੀ ਲਈ ਸਾਨੂੰ ਯਾਦ ਰੱਖੋ
Bobby, Ph: 209-404-2512
JT, Ph: 209-380-4412
www.newimagepics.com

**BEST REAL ESTATE PACKAGE**

Home Buying & Selling in Michigan
Residential & Commercial Loans
Home Improvement & Renovation
Vikram Jit Singh
Malika Puri
Loans Available in 26 States
CALL 734.709.9200



Eighteenth Year of Publication | ਮਿਡਵੈਸਟ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 18, Issue 30, July 29, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਇਰਾਕ ਵਿਚ ਬੰਦੀਆਂ ਬਾਰੇ ਝੂਠ ਬੋਲਦੀ ਰਹੀ ਮੋਦੀ ਸਰਕਾਰ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਤਿੰਨ ਸਾਲ ਪਹਿਲਾਂ ਇਰਾਕੀ ਸ਼ਹਿਰ ਮੌਸੂਲ ਵਿਚੋਂ ਦਹਿਸ਼ਤੀ ਸੰਗਠਨ ਇਸਲਾਮਿਕ ਸਟੇਟ (ਆਈ.ਐਸ.) ਵੱਲੋਂ ਅਗਵਾ ਕੀਤੇ 39 ਨੌਜਵਾਨਾਂ ਜਿਨ੍ਹਾਂ ਵਿਚੋਂ 37 ਪੰਜਾਬੀ ਹਨ, ਦੀ ਹੋਣੀ ਬਾਰੇ ਤਸਵੀਰ ਸਪਸ਼ਟ ਹੋਣ ਲੱਗੀ ਹੈ। ਪੀੜਤ ਪਰਿਵਾਰਾਂ ਨੂੰ ਆਸ ਸੀ ਕਿ ਭਾਰਤ ਦੇ ਦੌਰੇ ਉਤੇ ਆਏ ਇਰਾਕ ਦੇ ਵਿਦੇਸ਼ ਮੰਤਰੀ ਇਬਰਾਹੀਮ ਅਲ-ਜਾਫਰੀ ਉਨ੍ਹਾਂ ਦੇ ਬੱਚਿਆਂ ਦੀ ਸੁੱਖ-ਸਾਂਦ ਬਾਰੇ ਖਬਰ ਦੇਣਗੇ, ਪਰ ਜਾਫਰੀ ਨੇ ਲਾਪਤਾ ਨੌਜਵਾਨਾਂ ਦੇ ਮਰੇ ਜਾਂ ਜਿਉਂਦੇ ਹੋਣ ਬਾਰੇ ਕੋਈ ਜਾਣਕਾਰੀ ਨਾ ਹੋਣ ਦੀ ਗੱਲ ਆਖ ਕੇ ਇਨ੍ਹਾਂ ਦੀਆਂ ਆਸਾਂ ਉਤੇ ਪਾਣੀ ਫੇਰ ਦਿੱਤਾ। ਪੀੜਤ ਪਰਿਵਾਰਾਂ ਦਾ ਸਭ ਤੋਂ ਵੱਧ ਗਿਲਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਹੈ। ਪੀੜਤ ਪਰਿਵਾਰ ਹੁਣ ਤੱਕ 9 ਵਾਰ ਸੁਸ਼ਮਾ ਸਵਰਾਜ ਨੂੰ ਮਿਲ ਚੁੱਕੇ ਹਨ ਤੇ ਹਰ ਵਾਰ ਭਰੋਸਿਆਂ ਦੀ ਪੰਡ ਲੈ ਕੇ ਪੰਜਾਬ ਪਰਤੇ ਹਨ। ਇਰਾਕੀ ਵਿਦੇਸ਼ ਮੰਤਰੀ ਦੇ ਖੁਲਾਸੇ ਤੋਂ ਸਾਫ ਹੋ ਗਿਆ ਹੈ ਕਿ ਭਾਰਤ ਸਰਕਾਰ ਕੋਲ ਇਨ੍ਹਾਂ ਪੰਜਾਬੀਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਜਦ ਕਿ ਸੁਸ਼ਮਾ ਸਵਰਾਜ ਹੁਣ ਤੱਕ ਇਹੀ ਦਾਅਵੇ ਕਰਦੀ ਰਹੀ ਹੈ ਕਿ ਇਰਾਕੀ ਸਰਕਾਰ ਨੇ ਅਗਵਾ ਨੌਜਵਾਨਾਂ ਬਾਰੇ ਪੁਖਤਾ ਜਾਣਕਾਰੀ ਦਿੱਤੀ ਹੈ।

ਕਪੂਰਥਲੇ ਦੇ ਮੁਰਾੜ ਪਿੰਡ ਦੇ ਲਾਪਤਾ ਹੋਏ ਗਬਿੰਦਰ ਦੇ ਭਰਾ ਦਵਿੰਦਰ ਦਾ ਕਹਿਣਾ ਹੈ ਕਿ ਇਰਾਕੀ ਮੰਤਰੀ ਦੇ ਬਿਆਨ ਨੇ ਉਨ੍ਹਾਂ ਦੇ ਪਰਿਵਾਰ ਦੀਆਂ ਸਭ ਉਮੀਦਾਂ ਤੋੜ ਦਿੱਤੀਆਂ ਹਨ। ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਇਰਾਕੀ ਮੰਤਰੀ ਦੇ ਬਿਆਨ ਤੋਂ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਭਾਰਤ ਸਰਕਾਰ ਨੂੰ ਲਾਪਤਾ ਭਾਰਤੀਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ ਤੇ ਸਰਕਾਰ ਨੇ ਤਿੰਨ ਸਾਲਾਂ ਤੋਂ ਉਨ੍ਹਾਂ ਨੂੰ ਹਨੇਰੇ ਵਿਚ ਰੱਖਿਆ ਹੋਇਆ ਹੈ। ਸੁਸ਼ਮਾ ਸਵਰਾਜ ਨੇ ਪਿਛਲੇ ਹਫਤੇ ਹੀ ਪਰਿਵਾਰਾਂ ਨੂੰ ਦਿਲਾਸਾ ਦਿੱਤਾ ਸੀ ਕਿ ਇਹ ਭਾਰਤੀ, ਮੌਸੂਲ ਦੇ ਨੇੜਲੇ ਕਸਬੇ ਬਦੂਸ਼ ਦੀ ਜੇਲ੍ਹ ਵਿਚ ਨਜ਼ਰਬੰਦ ਹਨ। ਪੀੜਤ ਪਰਿਵਾਰ ਇਹ ਖਬਰ ਸੁਣ ਕੇ ਖੁਸ਼ੀ-ਖੁਸ਼ੀ ਘਰ ਪਰਤੇ, ਪਰ ਉਨ੍ਹਾਂ ਨੂੰ ਅਗਲੇ ਦਿਨ ਹੀ ਪਤਾ ਲੱਗਾ ਕਿ ਉਨ੍ਹਾਂ ਨੂੰ ਵਿਦੇਸ਼ ਮੰਤਰੀ ਨੇ ਝੂਠਾ ਦਿਲਾਸਾ ਦਿੱਤਾ, ਕਿਉਂਕਿ ਬਦੂਸ਼ ਦੀ ਉਹ ਜੇਲ੍ਹ ਤਾਂ ਬੰਬ ਧਮਾਕਿਆਂ ਨਾਲ ਉਡਾ ਦਿੱਤੀ ਚੁੱਕੀ ਹੈ। ਮੌਸੂਲ ਹੁਣ ਫਿਰ ਇਰਾਕ ਸਰਕਾਰ ਦੇ ਹੱਥਾਂ ਵਿਚ ਪਹੁੰਚ ਚੁੱਕਾ ਹੈ। ਇਸਲਾਮਿਕ ਸਟੇਟ ਦੇ ਕਬਜ਼ੇ ਹੇਠਲੇ 97 ਫੀਸਦੀ ਇਰਾਕੀ ਖੇਤਰ ਨੂੰ ਛੁਡਾਇਆ ਜਾ ਚੁੱਕਾ ਹੈ, ਪਰ ਇਸ ਦੀ ਇਕ ਵੀ ਇਮਾਰਤ ਸਬੂਤੀ ਨਹੀਂ ਬਚੀ। ਇਸ ਦੇ ਬਾਵਜੂਦ ਅਗਵਾ ਨੌਜਵਾਨਾਂ ਦੀ ਹੋਣੀ ਬਾਰੇ ਕੁਝ ਵੀ ਸਪਸ਼ਟ ਨਹੀਂ। ਇਸ ਤੋਂ ਭਾਰਤ ਸਰਕਾਰ ਦੀ ਸਥਿਤੀ ਕਸੂਤੀ ਬਣੀ ਹੋਈ ਹੈ। ਯਾਦ ਰਹੇ ਕਿ ਇਸਲਾਮਿਕ ਸਟੇਟ ਵੱਲੋਂ ਬੰਦੀ ਬਣਾਏ ਗਏ ਸਾਰੇ ਨੌਜਵਾਨ ਮੂਲ ਰੂਪ ਵਿਚ ਇਮਾਰਤੀ ਕਾਮੇ ਸਨ। ਇਨ੍ਹਾਂ ਵਿਚੋਂ ਇਕ ਹਰਜੀਤ ਮਸੀਹ ਤਿੰਨ ਸਾਲ ਪਹਿਲਾਂ ਬਚ ਨਿਕਲਿਆ ਸੀ ਅਤੇ ਉਸ ਨੇ ਹੀ ਮੀਡੀਆ ਨੂੰ ਦੱਸਿਆ ਸੀ ਕਿ ਬਾਕੀ 39 ਬੰਦੀ, ਇਸਲਾਮਿਕ


(ਬਾਕੀ ਸਫਾ 6 'ਤੇ)




## ਸੁਸ਼ਮਾ ਦੇ 'ਝੂਠ' ਖਿਲਾਫ ਸਿਆਸੀ ਲਾਮਬੰਦੀ

**ਨਵੀਂ ਦਿੱਲੀ:** ਬੰਦੀਆਂ ਬਾਰੇ ਸਹੀ ਜਾਣਕਾਰੀ ਦੇਣ ਵਿਚ ਨਾਕਾਮ ਰਹੀ ਮੋਦੀ ਸਰਕਾਰ ਖਿਲਾਫ ਸਿਆਸੀ ਲਾਮਬੰਦੀ ਸ਼ੁਰੂ ਹੋ ਗਈ ਹੈ। ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਸ੍ਰੀਮਤੀ ਸਵਰਾਜ ਉਪਰ ਸੰਸਦ ਅਤੇ ਦੇਸ਼ ਨੂੰ ਗੁੰਮਰਾਹ ਕਰਨ ਦੇ ਦੋਸ਼ ਲਾਏ ਹਨ। ਪੰਜਾਬ ਤੋਂ ਕਾਂਗਰਸੀ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਵਿਦੇਸ਼ ਮੰਤਰੀ ਖਿਲਾਫ਼ ਮਰਿਆਦਾ ਮਤਾ ਪੇਸ਼ ਕਰਨ ਦੀ ਧਮਕੀ ਦਿੱਤੀ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਸੱਚਾਈ ਸਾਹਮਣੇ ਲਿਆਉਣ ਲਈ ਕੇਂਦਰ ਸਰਕਾਰ ਨੂੰ ਗੰਭੀਰਤਾ ਵਿਖਾਉਣ ਲਈ ਕਿਹਾ ਹੈ। ਲੋਕ ਸਭਾ ਦੇ ਜ਼ੀਰੋ ਕਾਲ ਦੌਰਾਨ ਇਹ ਮੁੱਦਾ ਜ਼ੋਰ-ਸ਼ੋਰ ਨਾਲ ਉਠਿਆ।

## ਕਤਲੇਆਮ 84: ਇਕ ਹੋਰ ਕੇਸ ਬੰਦ ਹੋਣ ਲੱਗਾ

### ਸਬੂਤਾਂ ਦੀ ਘਾਟ ਬਣ ਰਹੀ ਹੈ ਕਾਰਨ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 1984 ਵਿਚ ਹੱਤਿਆ ਤੋਂ ਬਾਅਦ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਹੋਏ ਸਿੱਖ ਕਤਲੇਆਮ ਦੇ ਪੀੜਤਾਂ ਲਈ ਇਨਸਾਫ ਦੀ ਆਸ ਹੁਣ ਖਤਮ ਹੋਣ ਲੱਗੀ ਹੈ। ਤਕਰੀਬਨ 33 ਸਾਲ ਪਹਿਲਾਂ ਵਾਪਰੇ ਇਸ ਦਰਿੰਦਗੀ ਵਾਲੇ ਕਾਰੇ ਨਾਲ ਸਬੰਧਤ ਕੇਸਾਂ ਨੂੰ ਸਬੂਤਾਂ ਦੀ ਘਾਟ ਕਾਰਨ ਬੰਦ ਕੀਤਾ ਜਾ ਰਿਹਾ ਹੈ। ਇਸ ਖੂਨੀ ਕਾਂਡ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦੇਣ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਇਕ ਹੋਰ ਕੇਸ, ਸਬੂਤਾਂ ਦੀ ਘਾਟ ਕਾਰਨ ਬੰਦ ਕਰਨ ਦਾ ਫੈਸਲਾ ਕੀਤਾ ਹੈ। ਜਾਂਚ ਟੀਮ ਦਾ ਦਾਅਵਾ ਹੈ ਕਿ ਇਸ ਮਾਮਲੇ ਦੀ ਨਵੇਂ ਸਿਰਿਓਂ ਜਾਂਚ ਵਿਚ ਸਬੂਤ ਇਕੱਠੇ ਨਹੀਂ ਕੀਤੇ ਜਾ ਸਕੇ। ਇਹ ਮਾਮਲਾ ਕੇਂਦਰੀ ਦਿੱਲੀ ਵਿਚ ਭੀੜ ਵੱਲੋਂ ਦੋ ਸਿੱਖਾਂ ਦੀ ਹੱਤਿਆ ਨਾਲ ਸਬੰਧਤ ਸੀ; ਹਾਲਾਂਕਿ ਮੁੱਦਈ ਪੱਖ ਦਾ ਕਹਿਣਾ ਸੀ ਕਿ ਪਹਿਲੀ ਨਵੰਬਰ, 1984 ਨੂੰ ਕਸ਼ਮੀਰੀ ਗੇਟ ਟੈਕਸੀ ਸਟੈਂਡ ਕੋਲ 15 ਤੋਂ 20 ਗੱਡੀਆਂ ਨੂੰ ਭੀੜ ਨੇ ਅੱਗ ਦੇ ਹਵਾਲੇ ਕਰ ਦਿੱਤਾ ਸੀ। ਹੱਥਾਂ ਵਿਚ ਪੱਥਰ ਅਤੇ ਡੰਡੇ ਲਈ ਲਗਭਗ 500 ਲੋਕਾਂ ਦੀ ਭੀੜ ਨੇ ਦੋ ਸਿੱਖ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸੇ ਕੇਸ ਨੂੰ ਸਬੂਤ ਨਾ ਮਿਲਣ ਕਾਰਨ 1985 ਵਿਚ ਵੀ ਬੰਦ ਕਰ ਦਿੱਤਾ ਗਿਆ ਸੀ।

ਯਾਦ ਰਹੇ ਕਿ ਨਰੇਂਦਰ ਮੋਦੀ ਸਰਕਾਰ


(ਬਾਕੀ ਸਫਾ 6 'ਤੇ)




**Worldwide Travel**
www.fly2world.com




Harpreet Singh
Detroit 734 838 9998
Chicago 312 224 8800

AMRITSAR $915
DELHI $875
Mumbai $865



Best Fare Guarantee



Fares shown above are for Sep/Oct 2017 departure from Chicago and may change without notice. please call our office for more details. Other conditions apply.

COLDWELL BANKER
Residential Brokerage

**Thinking Real Estate?**
TAJ HOME GROUP



BUYERS we'll find the right home for you.
We have a common goal: Making you a homeowner.
SELLERS we know your local markets
Allow us to list your home for a quick sale.



GURDEEP KAHLON
224-409-4042
iShowHomes@yahoo.com

PRADEEP SINGH
847-322-5832
iShowHomes@Yahoo.com

20 S. Roselle Rd., Schaumburg, IL 60193


PUNJABI
MEGA
PACK
$14.99 FOR
24 MONTHS
Save $240 over 2 years
Dish.com/Punjabi
1-888-621-5401
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/18/17. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

# ਭਾਜਪਾ ਦੇ ਰਾਮ ਨਾਥ ਕੋਵਿੰਦ ਬਣੇ ਭਾਰਤ ਦੇ 14ਵੇਂ ਰਾਸ਼ਟਰਪਤੀ

**ਨਵੀਂ ਦਿੱਲੀ:** ਭਾਜਪਾ ਆਗੂ ਰਾਮ ਨਾਥ ਕੋਵਿੰਦ ਦੇਸ਼ ਦੇ 14ਵੇਂ ਰਾਸ਼ਟਰਪਤੀ ਚੁਣੇ ਗਏ। ਹਾਕਮ ਧਿਰ ਐਨ.ਡੀ.ਏ. ਦੇ ਉਮੀਦਵਾਰ ਸ੍ਰੀ ਕੋਵਿੰਦ (71) ਸਿੱਧੇ ਤੌਰ 'ਤੇ ਭਾਜਪਾ ਨਾਲ ਸਬੰਧਤ ਪਹਿਲੇ ਰਾਸ਼ਟਰਪਤੀ ਹਨ। ਉਨ੍ਹਾਂ ਵਿਰੋਧੀ ਧਿਰ ਦੀ ਉਮੀਦਵਾਰ ਤੇ ਲੋਕ ਸਭਾ ਦੀ ਸਾਬਕਾ ਸਪੀਕਰ ਮੀਰਾ ਕੁਮਾਰ ਨੂੰ ਵੱਡੇ ਫਰਕ ਨਾਲ ਹਰਾਇਆ।



ਬਿਹਾਰ ਦੇ ਸਾਬਕਾ ਰਾਜਪਾਲ ਸ੍ਰੀ ਕੋਵਿੰਦ ਨੂੰ ਚੋਣ ਮੰਡਲ ਦੀਆਂ ਕੁੱਲ ਵੋਟਾਂ ਵਿਚੋਂ 65.65 ਫੀਸਦੀ ਹਾਸਲ ਹੋਈਆਂ। ਸ੍ਰੀ ਕੋਵਿੰਦ ਨੂੰ ਕੁੱਲ ਮਿਲਾ ਕੇ 2930 ਕਾਨੂੰਨਸਾਜ਼ਾਂ (ਸੰਸਦ ਮੈਂਬਰਾਂ ਤੇ ਵਿਧਾਇਕਾਂ) ਨੇ ਵੋਟਾਂ ਪਾਈਆਂ ਜਿਨ੍ਹਾਂ ਦੀ ਕੀਮਤ 702044 ਬਣਦੀ ਹੈ। ਬੀਬੀ ਕੁਮਾਰ ਨੂੰ 367314 ਕੀਮਤ ਵਾਲੀਆਂ 1844 ਵੋਟਾਂ ਮਿਲੀਆਂ। ਉਂਜ ਸ੍ਰੀ ਕੋਵਿੰਦ ਦੀ ਜਿੱਤ ਦਾ ਫਰਕ ਭਾਜਪਾ ਦੇ ਦਾਅਵਿਆਂ ਤੱਕ ਨਹੀਂ ਪੁੱਜ ਸਕਿਆ, ਜਿਸ ਨੇ ਸ੍ਰੀ ਕੋਵਿੰਦ ਨੂੰ 70 ਫੀਸਦੀ ਵੋਟਾਂ ਪੈਣ ਦੀ ਪੇਸ਼ੀਨਗੋਈ ਕੀਤੀ ਸੀ।

ਸ੍ਰੀ ਕੋਵਿੰਦ ਰਾਸ਼ਟਰਪਤੀ ਭਵਨ ਪੁੱਜਣ ਵਾਲੇ ਦੂਜੇ ਦਲਿਤ ਆਗੂ ਹਨ। ਸ੍ਰੀ ਕੇ.ਆਰ. ਨਰਾਇਣਨ ਪਹਿਲੇ ਦਲਿਤ ਰਾਸ਼ਟਰਪਤੀ ਸਨ। ਸ੍ਰੀ ਕੋਵਿੰਦ ਦੀ ਜਿੱਤ ਵਿਚ ਉਨ੍ਹਾਂ ਦੇ ਜੱਦੀ ਸੂਬੇ ਯੂ.ਪੀ. ਦੀਆਂ ਹਾਲੀਆ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਮਿਲੀ ਵੱਡੀ ਜਿੱਤ ਦਾ ਵੀ ਅਹਿਮ ਹਿੱਸਾ ਹੈ। ਉਂਜ ਯੂ.ਪੀ. ਦੀ ਜਿੱਤ ਦੇ ਬਾਵਜੂਦ ਭਾਜਪਾ ਦੀ ਅਗਵਾਈ ਵਾਲੇ ਹਾਕਮ ਐਨ.ਡੀ.ਏ. ਦੀਆਂ ਵੋਟਾਂ ਬਹੁਮਤ ਤੋਂ ਘੱਟ ਰਹੀਆਂ ਸਨ। ਇਸ ਕਾਰਨ ਜਿੱਤ ਲਈ ਉਨ੍ਹਾਂ ਨੂੰ ਗੈਰ ਐਨ.ਡੀ.ਏ. ਪਾਰਟੀਆਂ ਜਿਵੇਂ ਤਿਲੰਗਾਨਾ ਦੀ ਟੀ.ਆਰ.ਐਸ., ਤਾਮਿਲ ਨਾਡੂ ਦੀ ਅੰਨਾ.ਡੀ.ਐਮ.ਕੇ. ਦੇ ਧੜਿਆਂ ਤੇ ਡੀ.ਐਮ.ਕੇ., ਬਿਹਾਰ ਦੇ ਜਨਤਾ ਦਲ (ਯੂ) ਤੇ ਉੜੀਸਾ ਦੇ ਬੀਜੂ ਜਨਤਾ ਦਲ ਦਾ ਸਹਾਰਾ ਲੈਣਾ ਪਿਆ।

ਉਂਜ ਭਾਜਪਾ ਨੇ ਇਕ ਦਲਿਤ ਨੂੰ ਉਮੀਦਵਾਰ ਬਣਾ ਕੇ ਬੜੀ ਸਿਰੇ ਦੀ ਚਾਲ ਚੱਲੀ ਸੀ। ਇਸ ਨਾਲ ਪਾਰਟੀ ਨੇ ਨਾ ਸਿਰਫ ਦਲਿਤ ਤੇ ਪਛੜੇ ਵਰਗਾਂ ਵਿਚ ਆਪਣੀ ਪਹੁੰਚ ਵਧਾਉਣ ਦੀ ਕੋਸ਼ਿਸ਼ ਕੀਤੀ ਹੈ, ਸਗੋਂ ਵੱਖ-ਵੱਖ ਪਾਰਟੀਆਂ ਲਈ ਵੀ ਵਿਰੋਧ ਵਿਚ ਖੜ੍ਹਾ ਹੋਣਾ ਮੁਸ਼ਕਲ ਬਣਾ ਦਿੱਤਾ। ਇਸੇ ਕਾਰਨ ਵਿਰੋਧੀ ਧਿਰ ਨੂੰ ਵੀ ਬੀਬੀ ਕੁਮਾਰ ਦੇ ਰੂਪ ਵਿਚ ਇਕ ਦਲਿਤ ਨੂੰ ਉਮੀਦਵਾਰ ਬਣਾਉਣਾ ਪਿਆ। ਬੀਬੀ ਕੁਮਾਰ ਨੇ ਉਨ੍ਹਾਂ ਨੂੰ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਸੰਵਿਧਾਨ ਦੀ ਪਾਲਣਾ ਦੀ ਜ਼ਿੰਮੇਵਾਰੀ ਹੁਣ ਉਨ੍ਹਾਂ ਦੇ ਸਿਰ ਹੈ। ਰਾਸ਼ਟਰਪਤੀ ਚੋਣ ਲਈ ਇਥੇ ਪਈਆਂ ਵੋਟਾਂ ਵਿਚ ਵਿਰੋਧੀ ਕਾਂਗਰਸ ਦੇ ਅੱਠ ਵਿਧਾਇਕਾਂ ਨੇ ਐਨ.ਡੀ.ਏ. ਦੇ ਜੇਤੂ ਰਹੇ ਉਮੀਦਵਾਰ ਰਾਮ ਨਾਥ ਕੋਵਿੰਦ ਨੂੰ ਵੋਟਾਂ ਪਾਈਆਂ। ਨਤੀਜਿਆਂ ਮੁਤਾਬਕ ਸ੍ਰੀ ਕੋਵਿੰਦ ਨੂੰ 132 ਵਿਧਾਇਕਾਂ ਨੇ ਵੋਟ ਪਾਈ ਤੇ ਯੂ.ਪੀ.ਏ. ਉਮੀਦਵਾਰ ਮੀਰਾ ਕੁਮਾਰ ਨੂੰ 49 ਵੋਟਾਂ ਮਿਲੀਆਂ। ਵਿਧਾਨ ਸਭਾ ਦੇ ਕੁੱਲ 182 ਮੈਂਬਰਾਂ ਵਿਚੋਂ ਕਾਂਗਰਸ ਦੇ 57, ਭਾਜਪਾ ਦੇ 121, ਐਨ.ਸੀ.ਪੀ. ਦੇ ਦੋ ਅਤੇ ਜੇ.ਡੀ.(ਯੂ) ਅਤੇ ਗੁਜਰਾਤ ਪਰਿਵਰਤਨ ਪਾਰਟੀ ਦਾ ਇਕ-ਇਕ ਵਿਧਾਇਕ ਹੈ।

## ਪੰਜਾਬ 'ਚ ਕੋਵਿੰਦ ਨੂੰ 18 ਤੇ ਮੀਰਾ ਕੁਮਾਰ ਨੂੰ 95 ਵੋਟਾਂ

**ਨਵੀਂ ਦਿੱਲੀ:** ਰਾਸ਼ਟਰਪਤੀ ਚੋਣਾਂ ਵਿਚ ਜਿੱਤ ਹਾਸਲ ਕਰਨ ਵਾਲੇ ਐਨ.ਡੀ.ਏ. ਉਮੀਦਵਾਰ ਰਾਮ ਨਾਥ ਕੋਵਿੰਦ ਨੂੰ ਪੰਜਾਬ 'ਚ ਆਪਣੀ ਵਿਰੋਧੀ ਉਮੀਦਵਾਰ ਦੇ ਮੁਕਾਬਲੇ ਘੱਟ ਵੋਟਾਂ ਮਿਲੀਆਂ। ਪੰਜਾਬ ਵਿਚ ਕੋਵਿੰਦ ਨੂੰ 18 ਜਦਕਿ ਮੀਰਾ ਕੁਮਾਰ ਨੂੰ 95 ਵੋਟਾਂ ਹਾਸਲ ਹੋਈਆਂ। ਪੰਜਾਬ 'ਚ ਕਾਂਗਰਸ ਦੇ ਸੱਤਾ 'ਚ ਹੋਣ ਕਰ ਕੇ ਇਥੇ ਮੀਰਾ ਕੁਮਾਰ ਨੂੰ ਵੱਧ ਵੋਟਾਂ ਪਈਆਂ। ਪੰਜਾਬ ਦੇ ਗੁਆਂਢੀ ਰਾਜ ਹਰਿਆਣਾ 'ਚ ਕੁੱਲ ਪਈਆਂ 90 ਵੋਟਾਂ ਵਿਚੋਂ ਕੋਵਿੰਦ ਨੂੰ 73 ਜਦਕਿ ਮੀਰਾ ਕੁਮਾਰ ਨੂੰ 16 ਵੋਟਾਂ ਪਈਆਂ।

## ਪਛਾਣ ਬਦਲ ਕੇ ਨਾਗਰਿਕਤਾ ਲੈਣ ਵਾਲੇ ਨੂੰ ਦੋਸ਼ੀ ਠਹਿਰਾਇਆ

**ਹਿਊਸਟਨ, ਟੈਕਸਸ (ਬਿਊਰੋ):** ਅਮਰੀਕੀ ਨਾਗਰਿਕਤਾ ਹਾਸਲ ਕਰਨ ਲਈ ਆਪਣੀ ਜਾਅਲੀ ਸ਼ਨਾਖਤ ਦੱਸਣ ਵਾਲੇ 50 ਸਾਲਾ ਬਲਬੀਰ ਸਿੰਘ ਉਰਫ ਰਣਜੀਤ ਸਿੰਘ ਨੂੰ ਅਦਾਲਤ ਨੇ ਦੋਸ਼ੀ ਠਹਿਰਾਇਆ ਹੈ। ਹਿਊਸਟਨ ਰਹਿੰਦੇ ਇਸ ਸ਼ਖਸ ਨੂੰ ਸਜ਼ਾ ਹੁਣ 13 ਅਕਤੂਬਰ ਨੂੰ ਸੁਣਾਈ ਜਾਣੀ ਹੈ। ਸੂਤਰਾਂ ਮੁਤਾਬਕ, ਬਲਬੀਰ ਸਿੰਘ ਨੂੰ 10 ਸਾਲ ਕੈਦ, ਢਾਈ ਲੱਖ ਰੁਪਏ ਜੁਰਮਾਨਾ, ਨਾਗਰਿਕਤਾ ਦੀ ਮਨਸੂਖੀ ਅਤੇ ਉਸ ਨੂੰ ਵਾਪਸ ਭਾਰਤ ਭੇਜਣ ਦੀ ਸਜ਼ਾ ਸੁਣਾਈ ਜਾ ਸਕਦੀ ਹੈ।

ਕਾਰਜਕਾਰੀ ਅਟਾਰਨੀ ਐਬੇ ਮਾਰਟੀਨੇਜ਼ ਅਨੁਸਾਰ ਬਲਬੀਰ ਸਿੰਘ ਨੇ ਪਹਿਲਾਂ ਗਲਤ ਆਧਾਰ ਉਤੇ ਅਮਰੀਕਾ ਵਿਚ ਪਨਾਹ ਲੈਣ ਦੀ ਕੋਸ਼ਿਸ਼ ਕੀਤੀ ਸੀ, ਪਰ ਸਫਲ ਨਹੀਂ ਹੋਇਆ। ਉਦੋਂ ਇਮੀਗਰੇਸ਼ਨ ਜੱਜ ਨੇ ਉਸ ਨੂੰ ਵਾਪਸ ਭੇਜਣ ਦੇ ਹੁਕਮ ਸੁਣਾਏ ਸਨ, ਪਰ ਉਸ ਨੇ ਦੇਸ਼ ਛੱਡਣ ਦੀ ਥਾਂ ਆਪਣਾ ਨਾਂ, ਜਨਮ ਤਰੀਕ, ਅਮਰੀਕਾ ਆਉਣ ਵਾਲੇ ਸਾਰੇ ਤੱਥ ਬਦਲ ਲਏ, ਤਾਂਕਿ ਉਹ ਨਵੇਂ ਤੱਥਾਂ ਨਾਲ ਵਿਆਹ ਦੇ ਆਧਾਰ ਉਤੇ ਅਮਰੀਕੀ ਨਾਗਰਿਕਤਾ ਹਾਸਲ ਕਰ ਸਕੇ। ਇਸ ਦੇ ਨਾਲ ਹੀ ਨਾਗਰਿਕਤਾ ਹਾਸਲ ਕਰਨ ਦੀ ਪ੍ਰਕ੍ਰਿਆ ਦੌਰਾਨ ਉਸ ਨੇ ਵਾਪਸ ਭੇਜਣ ਬਾਰੇ ਜਾਰੀ ਹੋਏ ਹੁਕਮ ਅਤੇ ਪਨਾਹ ਲੈਣ ਲਈ ਪਹਿਲਾਂ ਕੀਤੀ ਚਾਰਜੋਈ ਬਾਰੇ ਸਾਰੇ ਤੱਥ ਲਕੋ ਲਏ। ਫਿਰ 2013 ਵਿਚ ਗ੍ਰਹਿ ਸੁਰੱਖਿਆ ਵਿਭਾਗ ਨੂੰ ਖਤ ਭੇਜਿਆ ਜਿਸ ਵਿਚ ਉਸ ਨੇ ਸ਼ਿਕਾਇਤ ਕੀਤੀ ਕਿ ਉਹ ਜਦੋਂ ਵੀ ਕੌਮਾਂਤਰੀ ਗੇੜੇ ਤੋਂ ਵਾਪਸ ਅਮਰੀਕਾ ਆਉਂਦਾ ਹੈ ਤਾਂ ਉਸ ਨੂੰ ਹਵਾਈ ਅੱਡਿਆਂ ਉਤੇ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਨੇ ਬੇਨਤੀ ਕੀਤੀ ਕਿ ਸਬੰਧਤ ਤੱਥ ਜਿਨ੍ਹਾਂ ਕਾਰਨ ਇਹ ਖੱਜਲ-ਖੁਆਰੀ ਹੁੰਦੀ ਹੈ, ਉਹ ਸਹੀ ਕੀਤੇ ਜਾਣ। ਬਾਅਦ ਵਿਚ ਪਤਾ ਲੱਗ ਗਿਆ ਕਿ ਉਸ ਦੇ ਫਿੰਗਰ ਪ੍ਰਿੰਟ ਬਲਬੀਰ ਸਿੰਘ ਨਾਲ ਮੇਲ ਖਾਂਦੇ ਹਨ ਜਿਸ ਨੂੰ ਅਮਰੀਕਾ ਤੋਂ ਚਲੇ ਜਾਣ ਦੇ ਹੁਕਮ ਜਾਰੀ ਹੋਏ ਸਨ ਅਤੇ ਬਲਬੀਰ ਸਿੰਘ ਤੇ ਰਣਜੀਤ ਸਿੰਘ ਇਕ ਹੀ ਆਦਮੀ ਹੈ।

## ਕੈਪਟਨ ਦੀ ਮਾਤਾ ਮਹਿੰਦਰ ਕੌਰ ਦਾ ਦੇਹਾਂਤ

**ਪਟਿਆਲਾ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮਾਤਾ ਮਹਿੰਦਰ ਕੌਰ (ਰਾਜਮਾਤਾ) ਦੀ ਉਨ੍ਹਾਂ ਦੀ ਰਿਹਾਇਸ਼ 'ਨਿਊ ਮੋਤੀ ਬਾਗ ਪੈਲੇਸ' ਵਿਖੇ ਮੌਤ ਹੋ ਗਈ। ਉਹ 95 ਸਾਲਾਂ ਦੇ ਸਨ ਅਤੇ ਪਿਛਲੇ ਸਮੇਂ ਤੋਂ ਬਿਮਾਰ ਸਨ। ਬੁਢਾਪੇ ਕਾਰਨ ਉਹ ਸਿਹਤ ਪੱਖੋਂ ਵੀ ਕਮਜ਼ੋਰ ਸਨ, ਜਿਸ ਕਾਰਨ ਉਨ੍ਹਾਂ ਨੂੰ ਕਈ ਵਾਰ ਹਸਪਤਾਲ ਲਿਜਾਣਾ ਪਿਆ। ਉਨ੍ਹਾਂ ਦਾ ਜਨਮ 14 ਸਤੰਬਰ, 1922 ਨੂੰ ਪਿਤਾ ਹਰਚੰਦ ਸਿੰਘ ਜੇਜੀ ਦੇ ਘਰ ਹੋਇਆ। ਮਹਾਰਾਜਾ ਯਾਦਵਿੰਦਰ ਸਿੰਘ ਨਾਲ ਉਨ੍ਹਾਂ ਦਾ ਵਿਆਹ 1938 ਵਿਚ ਹੋਇਆ। ਉਹ 1964 ਤੋਂ 1967 ਤੱਕ ਰਾਜ ਸਭਾ ਮੈਂਬਰ ਰਹੇ ਤੇ ਫਿਰ 1967 ਵਿਚ ਹੀ ਚੌਥੀ ਲੋਕ ਸਭਾ ਲਈ ਪਟਿਆਲਾ ਤੋਂ ਮੈਂਬਰ ਚੁਣੇ ਗਏ।


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at
847-673-3825
EARLY BIRD SALE!!!!
Domestic fares available

TRUCK STOP 40
SAYRE, OK 73662
ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ
ਸੰਪਰਕ ਕਰੋ:
ਫੋਨ: 832-512-7172
580-447-9366

India Palace
Restaurant - Fine Indian Cuisine
4213 Lafayette Rd., Indianapolis, IN 46254
Ph: 317-298-0773
UNDER NEW MANAGEMENT
Open Daily Lunch Buffett 11 am to 3 pm
Dinner
Monday-Friday 4:30 pm to 10 pm
Saturday Dinner 2:30 pm to 10 pm
Sunday Dinner 2:30 pm to 9:30 pm
Banquet Hall Available
Up to 650 People
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com

# ਬੀ.ਸੀ. ਸਰਕਾਰ 'ਚ ਪੰਜਾਬੀ ਭਾਈਚਾਰੇ ਨੂੰ ਮਾਣ



**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ 'ਚ ਐਨ.ਡੀ.ਪੀ. ਦੀ ਸਰਕਾਰ ਵੱਲੋਂ ਜੌਹਨ ਹੌਰਗਨ ਦੀ ਅਗਵਾਈ (ਮੁੱਖ ਮੰਤਰੀ) ਹੇਠ 22 ਮੈਂਬਰੀ ਮੰਤਰੀ ਮੰਡਲ ਨੇ ਸਹੁੰ ਚੁੱਕ ਲਈ ਹੈ। ਪੰਜਾਬੀ ਭਾਈਚਾਰੇ ਵਿਚੋਂ ਹੈਰੀ ਬੈਂਸ ਤੇ ਜਿੰਨੀ ਸਿਮਜ਼ ਨੂੰ ਮੰਤਰੀ ਬਣਾਇਆ ਗਿਆ ਹੈ। ਮੰਤਰੀ ਮੰਡਲ ਦਾ ਗਠਨ ਕਰਦਿਆਂ ਸਮਾਜ ਦੇ ਸਾਰੇ ਵਰਗਾਂ ਅਤੇ ਪਾਰਟੀ ਦੇ ਮਜ਼ਬੂਤ ਅਧਾਰ ਨੂੰ ਧਿਆਨ 'ਚ ਰੱਖ ਕੇ ਸੰਤੁਲਨ ਬਿਠਾਇਆ ਗਿਆ ਹੈ। ਪਾਰਟੀ ਦੀ ਸਾਬਕਾ ਪ੍ਰਧਾਨ ਕੈਰੋਲ ਜੇਮਜ਼ ਨੂੰ ਉਪ ਮੁੱਖ ਮੰਤਰੀ ਵਜੋਂ ਮਾਨਤਾ ਦੇ ਨਾਲ ਵਿੱਤ ਮੰਤਰਾਲਾ ਸੌਂਪਿਆ ਗਿਆ ਹੈ।

ਮੈਂਟਲ ਹੈਲਥ ਤੇ ਐਡਿਕਸ਼ਨ ਨਾਂ ਹੇਠ ਨਵੇਂ ਮੰਤਰਾਲੇ ਦਾ ਗਠਨ ਕਰ ਕੇ ਇਸ ਦੀ ਜ਼ਿੰਮੇਵਾਰੀ ਜੂਡੀ ਡਾਰਸੀ ਨੂੰ ਸੌਂਪੀ ਗਈ ਹੈ। ਲੰਮੇ ਸਮੇਂ ਤੋਂ ਸਰੀ ਵਾਲਿਆਂ ਦੀ ਪ੍ਰਤੀਨਿਧਤਾ ਕਰਦੇ ਆ ਰਹੇ ਹੈਰੀ ਬੈਂਸ ਨੂੰ ਕਿਰਤ ਮੰਤਰੀ ਅਤੇ ਪਾਰਟੀ ਦੀ ਸਾਬਕਾ ਸੰਸਦ ਮੈਂਬਰ ਹੁਣ ਸਰੀ ਪੈਨੋਰਮਾ ਤੋਂ ਵਿਧਾਇਕ ਜਿੰਨੀ ਸਿਮਜ਼ (ਜੁਗਿੰਦਰ ਕੌਰ ਹੋਠੀ) ਨੂੰ ਨਾਗਰਿਕ ਸੇਵਾਵਾਂ ਮੰਤਰੀ ਬਣਾਇਆ ਗਿਆ ਹੈ। ਪਾਰਟੀ ਦੇ ਸਾਬਕ ਪ੍ਰਧਾਨ ਐਂਡਰੀਅਨ ਡਿਕਸ ਨੂੰ ਸਿਹਤ ਮੰਤਰੀ ਅਤੇ ਸਰੀ ਤੋਂ ਹੀ ਵਿਧਾਇਕ ਬਰੂਸ ਰੌਲਸਟਨ ਨੂੰ ਰੁਜ਼ਗਾਰ ਅਤੇ ਟਰੇਡ ਟੈਕਨਾਲੋਜੀ ਵਿਭਾਗ ਸੌਂਪੇ ਗਏ ਹਨ।

ਲੋਅਰ ਮੇਨਲੈਂਡ ਅਤੇ ਵੈਨਕੂਵਰ ਆਈਲੈਂਡ ਖੇਤਰ ਜਿਥੋਂ ਪਾਰਟੀ ਨੂੰ ਕਾਫੀ ਸੀਟਾਂ 'ਤੇ ਜਿੱਤ ਹਾਸਲ ਹੋਈ, 15 ਮੰਤਰੀ ਇਸੇ ਇਲਾਕੇ ਨਾਲ ਸਬੰਧਤ ਹਨ। ਉਤਰੀ ਖੇਤਰ ਦੇ ਚਾਰ ਸੀਟਾਂ ਵਾਲੇ ਪ੍ਰਿੰਸ ਜੌਰਜ ਖੇਤਰ ਵਿਚੋਂ ਪਾਰਟੀ ਦਾ ਕੋਈ ਵਿਧਾਇਕ ਨਾ ਹੋਣ ਕਾਰਨ, ਮੰਤਰੀ ਮੰਡਲ 'ਚ ਪ੍ਰਤੀਨਿਧਤਾ ਤੋਂ ਵਾਂਝਾ ਰਹਿ ਗਿਆ। ਰਾਜ ਭਵਨ ਵਿਚ ਲੈਫਟੀਨੈਂਟ ਗਵਰਨਰ ਵੱਲੋਂ ਸਹੁੰ ਚੁਕਾਏ ਜਾਣ ਪਿਛੋਂ ਸਾਰੇ ਮੰਤਰੀ ਇਕ ਬੱਸ 'ਚ ਬੈਠ ਕੇ ਸਕੱਤਰੇਤ ਪੁੱਜੇ ਤੇ ਆਪਣੇ ਆਪਣੇ ਮੰਤਰਾਲਿਆਂ ਦੀ ਜ਼ਿੰਮੇਵਾਰੀ ਸੰਭਾਲੀ। ਬੀ.ਸੀ. ਵਿਚ ਸਹੁੰ ਚੁੱਕਣ ਵਾਲੀ ਐਨ.ਡੀ.ਪੀ. ਵਜ਼ਾਰਤ 'ਚ 6 ਪਾਰਲੀਮਾਨੀ ਸਕੱਤਰ ਵੀ ਬਣਾਏ ਗਏ ਹਨ, ਜਿਨ੍ਹਾਂ ਵਿਚੋਂ ਪਹਿਲੀ ਵਾਰ ਵਿਧਾਇਕ ਬਣਨ ਵਾਲੇ ਰਵੀ ਕਾਹਲੋਂ ਵੀ ਹਨ। ਫੀਲਡ ਹਾਕੀ 'ਚ ਕੈਨੇਡਾ ਵੱਲੋਂ ਉਲੰਪਿਕ ਖੇਡਣ ਵਾਲੇ ਸ੍ਰੀ ਕਾਹਲੋਂ ਨੂੰ ਖੇਡਾਂ ਤੇ ਬਹੁ ਸਭਿਆਚਾਰ ਵਿਭਾਗ ਦਿੱਤਾ ਗਿਆ ਹੈ।

# ਪੰਜਾਬ ਨੂੰ ਕੌਮੀ ਸਿਹਤ ਮਿਸ਼ਨ ਲਈ ਮਿਲੇ 806 ਕਰੋੜ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ 'ਚ ਕੌਮੀ ਸਿਹਤ ਮਿਸ਼ਨ ਲਈ 806.28 ਕਰੋੜ ਰੁਪਏ ਪ੍ਰਵਾਨ ਕੀਤੇ ਹਨ। ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ 2017-18 ਦੌਰਾਨ ਕੌਮੀ ਸਿਹਤ ਮਿਸ਼ਨ ਅਧੀਨ ਕੀਤੇ ਜਾਣ ਵਾਲੇ ਕਾਰਜਾਂ ਸਬੰਧੀ ਦਿੱਤੇ ਗਏ ਖਾਕੇ ਨੂੰ ਹੂਬਹੂ ਪ੍ਰਵਾਨਗੀ ਦਿੰਦਿਆਂ ਭਾਰਤ ਸਰਕਾਰ ਨੇ ਕਈ ਨਵੀਆਂ ਯੋਜਨਾਵਾਂ ਸ਼ੁਰੂ ਕਰਨ ਲਈ ਵੀ ਹਰੀ ਝੰਡੀ ਦਿੱਤੀ ਹੈ।

'ਨੈਸ਼ਨਲ ਪ੍ਰੋਗਰਾਮ ਕੋਆਰਡੀਨੇਸ਼ਨ ਕਮੇਟੀ' ਦੀ ਨਵੀਂ ਦਿੱਲੀ ਵਿਖੇ ਬੀਤੇ ਦਿਨੀਂ ਹੋਈ ਮੀਟਿੰਗ ਵਿਚ ਕਈ ਨਵੀਆਂ ਪਹਿਲਕਦਮੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਜਿਨ੍ਹਾਂ ਵਿਚ ਰਾਜ 'ਚ 200 ਸਬ-ਸੈਂਟਰਾਂ ਵਿਚ ਮਿਲਣ ਵਾਲੀਆਂ ਬੁਨਿਆਦੀ ਸਹੂਲਤਾਂ ਵਿਚ ਵਾਧਾ ਕਰਦਿਆਂ ਇਨ੍ਹਾਂ ਨੂੰ ਸਿਹਤ ਕੇਂਦਰਾਂ ਵਿਚ ਬਦਲਿਆ ਜਾਵੇਗਾ ਜਿਨ੍ਹਾਂ ਰਾਹੀਂ ਰੋਗਾਂ ਦੇ ਇਲਾਜ ਤੇ ਮੁੱਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਲਈ ਸਟਾਫ ਨਰਸਾਂ ਨੂੰ ਸਪੈਸ਼ਲ ਕੋਰਸ ਕਰਵਾ ਕੇ ਸਿਖਲਾਈ ਵੀ ਦਿੱਤੀ ਜਾਵੇਗੀ ਅਤੇ ਸਟਾਫ ਨਰਸਾਂ ਨੂੰ ਸਬ-ਸੈਂਟਰਾਂ ਵਿਖੇ ਕਮਿਊਨਿਟੀ ਹੈਲਥ ਅਫਸਰ ਵਜੋਂ ਤਾਇਨਾਤ ਕੀਤਾ ਜਾਵੇਗਾ। ਇਸ ਖਾਤਰ 12.65 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਇਸ ਦੇ ਨਾਲ ਹੀ ਸਾਰੇ ਜ਼ਿਲ੍ਹਾ ਅਤੇ ਸਬ-ਡਵਿਜ਼ਨਲ ਹਸਪਤਾਲਾਂ ਦਾ ਕੰਪਿਊਟਰੀਕਰਨ ਕੀਤਾ ਜਾਵੇਗਾ ਤੇ ਇਸ ਖਾਤਰ 9.45 ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ। ਸ੍ਰੀ ਮਹਿੰਦਰਾ ਨੇ ਕਿਹਾ ਕਿ ਬਜ਼ੁਰਗਾਂ ਨੂੰ ਮੁਫਤ ਸਿਹਤ ਸਹੂਲਤਾਂ ਦੇਣ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ। ਉਨ੍ਹਾਂ ਦੱਸਿਆ ਕਿ 195.11 ਕਰੋੜ ਰੁਪਏ ਦੀ ਲਾਗਤ ਨਾਲ ਸਿਹਤ ਸੰਸਥਾਵਾਂ ਨੂੰ ਆਧੁਨਿਕ ਮਸ਼ੀਨਾਂ ਤੇ ਮੁਫਤ ਦਵਾਈਆਂ ਪ੍ਰਦਾਨ ਕੀਤੀਆਂ ਜਾਣਗੀਆਂ।

ਇਸ ਤੋਂ ਬਿਨਾ ਪਠਾਨਕੋਟ ਦੇ ਜ਼ਿਲ੍ਹਾ ਹਸਪਤਾਲ 'ਚ ਵੱਖਰਾ ਜੱਚਾ-ਬੱਚਾ ਹਸਪਤਾਲ ਵੀ ਸਥਾਪਤ ਕੀਤਾ ਜਾਵੇਗਾ। ਇਸੇ ਤਰ੍ਹਾਂ ਸੀ. ਐਚ. ਸੀ. ਭਾਮ, ਫਤਿਹਗੜ੍ਹ ਚੂੜੀਆਂ ਤੇ ਤਰਨ ਤਾਰਨ ਵਿਚ ਵੀ ਜੱਚਾ-ਬੱਚਾ ਹਸਪਤਾਲ ਲਈ 22 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

## ਸੁਪਰੀਮ ਕੋਰਟ ਲਵੇਗੀ ਬਾਬਰੀ ਕੇਸ ਦੀ ਜਲਦ ਸੁਣਵਾਈ 'ਤੇ ਫੈਸਲਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਰਾਮ ਮੰਦਿਰ ਤੇ ਬਾਬਰੀ ਮਸਜਿਦ ਭੂਮੀ ਵਿਵਾਦ ਦੇ ਮਾਮਲੇ ਵਿਚ ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨਾਂ ਨੂੰ ਛੇਤੀ ਸੁਣਵਾਈ ਲਈ ਸੂਚੀਬੱਧ ਕਰਨ ਦੇ ਮਾਮਲੇ 'ਚ ਫੈਸਲਾ ਲਵੇਗੀ।


ਭਾਜਪਾ ਨੇਤਾ ਸੁਬਰਾਮਣੀਅਮ ਸਵਾਮੀ ਨੇ ਮਾਮਲੇ ਨੂੰ ਜਲਦ ਸੂਚੀਬੱਧ ਕਰਨ ਅਤੇ ਸੁਣਵਾਈ ਸ਼ੁਰੂ ਕਰਨ ਦੀ ਅਪੀਲ ਕੀਤੀ ਸੀ, ਜਿਸ 'ਤੇ ਚੀਫ ਜਸਟਿਸ ਜੇ.ਐਸ. ਖੇਹਰ ਤੇ ਜਸਟਿਸ ਡੀ.ਵਾਈ. ਚੰਦਰਚੂੜ ਦੇ ਬੈਂਚ ਨੇ ਕਿਹਾ ਕਿ ਉਹ ਇਸ ਸਬੰਧੀ ਜਲਦ ਹੀ ਫੈਸਲਾ ਕਰਨਗੇ। ਸੁਆਮੀ ਨੇ ਕਿਹਾ ਕਿ ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਖਿਲਾਫ ਮੁੱਖ ਅਪੀਲਾਂ ਸੁਪਰੀਮ ਕੋਰਟ 'ਚ 7 ਸਾਲਾਂ ਤੋਂ ਪਈਆਂ ਹਨ ਜਿਨ੍ਹਾਂ 'ਤੇ ਜਲਦ ਸੁਣਵਾਈ ਕਰਨ ਦੀ ਜ਼ਰੂਰਤ ਹੈ।

# ਅਤਿਵਾਦ ਦੇ ਮਸਲੇ ਉਤੇ ਅਮਰੀਕਾ ਵੱਲੋਂ ਪਾਕਿਸਤਾਨ ਦੀ ਖਿਚਾਈ

**ਵਾਸ਼ਿੰਗਟਨ:** ਅਮਰੀਕਾ ਨੇ ਪਾਕਿਸਤਾਨ ਨੂੰ ਉਨ੍ਹਾਂ ਦੇਸ਼ਾਂ ਤੇ ਖੇਤਰਾਂ ਦੀ ਸੂਚੀ ਵਿਚ ਸ਼ਾਮਲ ਕਰ ਦਿੱਤਾ ਹੈ, ਜੋ ਅਤਿਵਾਦੀਆਂ ਨੂੰ 'ਸੁਰੱਖਿਅਤ ਪਨਾਹਗਾਹ' ਮੁਹੱਈਆ ਕਰਵਾਉਂਦੇ ਹਨ। ਅਮਰੀਕਾ ਨੇ ਕਿਹਾ ਹੈ ਕਿ 2016 'ਚ ਪਾਕਿਸਤਾਨ ਨੇ ਅਤਿਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਤੇ ਜੈਸ਼-ਏ-ਮੁਹੰਮਦ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜੋ ਇਥੋਂ ਸਿਖਲਾਈ ਲੈ ਕੇ ਅਤਿਵਾਦੀ ਕਾਰਵਾਈਆਂ ਕਰ ਰਹੇ ਹਨ। ਪਾਕਿਸਤਾਨ ਅਤਿਵਾਦੀ ਸੰਗਠਨਾਂ 'ਤੇ ਕਾਰਵਾਈ ਨਹੀਂ ਕਰਦਾ, ਸਗੋਂ ਅਤਿਵਾਦੀਆਂ ਦਾ ਪਾਲਣ-ਪੋਸ਼ਣ ਕਰਦਾ ਹੈ।

ਅਮਰੀਕਾ ਦੀ 2016 ਸਾਲਾਨਾ ਦੇਸ਼ ਦੀ ਅਤਿਵਾਦ ਬਾਰੇ ਰਿਪੋਰਟ ਵਿਚ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਪਾਕਿਸਤਾਨੀ ਸੈਨਾ ਤੇ ਸੁਰੱਖਿਆ ਬਲ ਸਿਰਫ ਪਾਕਿਸਤਾਨ ਅੰਦਰ ਅਤਿਵਾਦੀ ਹਮਲੇ ਕਰਨ ਵਾਲੇ 'ਤਹਿਰੀਕ-ਏ- ਤਾਲਿਬਾਨ ਪਾਕਿਸਤਾਨ' ਜਿਹੇ ਅਤਿਵਾਦੀ ਸੰਗਠਨਾਂ ਖਿਲਾਫ





ਕਾਰਵਾਈ ਕਰਦੇ ਹਨ, ਜਦੋਂ ਕਿ ਪਾਕਿਸਤਾਨ ਕਦੇ ਵੀ ਅਮਰੀਕਾ ਦੀ ਇੱਛਾ ਮੁਤਾਬਕ ਅਫਗਾਨਿਸਤਾਨ ਵਿਚ ਅਮਨ ਦੀ ਬਹਾਲੀ ਲਈ ਅਫਗਾਨ ਤਾਲਿਬਾਨ ਜਾਂ ਹੱਕਾਨੀ ਅਤਿਵਾਦੀ ਗੁੱਟਾਂ ਖਿਲਾਫ ਕਾਰਵਾਈ ਨਹੀਂ ਕਰਦਾ ਸਗੋਂ ਇਨ੍ਹਾਂ ਦੋਹਾਂ ਸੰਗਠਨਾਂ ਦੀ ਮਦਦ ਕਰਦਾ ਹੈ।

ਅਮਰੀਕਾ ਦਾ ਕਹਿਣਾ ਹੈ ਕਿ ਭਾਰਤ ਲਗਾਤਾਰ ਨਕਸਲੀਆਂ ਤੇ ਪਾਕਿਸਤਾਨ ਹਮਾਇਤ ਪ੍ਰਾਪਤ ਅਤਿਵਾਦੀਆਂ ਦੇ ਹਮਲਿਆਂ ਦਾ ਸ਼ਿਕਾਰ ਹੋ ਰਿਹਾ ਹੈ ਤੇ ਭਾਰਤ ਵੱਲੋਂ ਲਗਾਤਾਰ ਪਾਕਿਸਤਾਨ 'ਤੇ ਜੰਮੂ-ਕਸ਼ਮੀਰ ਵਿਚ ਸਰਹੱਦ ਪਾਰੋਂ ਅਤਿਵਾਦੀ ਹਮਲਿਆਂ ਲਈ ਇਲਜ਼ਾਮ ਲਗਾਏ ਜਾਂਦੇ ਹਨ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਨਵਰੀ 2016 ਵਿਚ ਪੰਜਾਬ ਦੇ ਪਠਾਨਕੋਟ ਵਿਖੇ ਭਾਰਤੀ ਹਵਾਈ ਸੈਨਾ ਦੇ ਅੱਡੇ ਉਤੇ ਜੈਸ਼-ਏ-ਮੁਹੰਮਦ ਦੇ ਅਤਿਵਾਦੀਆਂ ਉਤੇ ਹਮਲੇ ਦੇ ਇਲਜ਼ਾਮ ਲਗਾਏ ਗਏ ਹਨ ਤੇ ਭਾਰਤ ਸਰਕਾਰ ਅਤਿਵਾਦ ਦੇ ਮੁਕਾਬਲੇ ਲਈ ਅਮਰੀਕਾ ਨਾਲ ਸਹਿਯੋਗ ਤੇ ਸੂਚਨਾ ਦਾ ਅਦਾਨ-ਪ੍ਰਦਾਨ ਕਰ ਰਹੀ ਹੈ।

## ਪਾਕਿਸਤਾਨ ਦਾ ਭਾਈਵਾਲ ਸਹਾਇਤਾ ਫੰਡ ਰੋਕਿਆ

**ਵਾਸ਼ਿੰਗਟਨ:** ਹੱਕਾਨੀ ਨੈੱਟਵਰਕ ਖਿਲਾਫ ਲੋੜੀਂਦੀ ਕਾਰਵਾਈ ਨਾ ਕਰਨ 'ਤੇ ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤਾ ਜਾਣ ਵਾਲਾ 35 ਕਰੋੜ ਡਾਲਰ ਦਾ ਭਾਈਵਾਲ ਸਹਾਇਤਾ ਫੰਡ ਰੋਕ ਲਿਆ ਹੈ। ਰੱਖਿਆ ਸਕੱਤਰ ਨੇ ਇਸ ਸਬੰਧੀ ਰਿਪੋਰਟ ਅਮਰੀਕੀ ਕਾਂਗਰਸ ਨੂੰ ਦਿੱਤੀ ਸੀ।

ਪੈਂਟਾਗਨ ਵੱਲੋਂ ਇਹ ਫੈਸਲਾ ਟਰੰਪ ਪ੍ਰਸ਼ਾਸਨ ਵੱਲੋਂ ਅਫਗਾਨਿਸਤਾਨ ਅਤੇ ਪਾਕਿਸਤਾਨ ਸਬੰਧੀ ਅਮਰੀਕੀ ਨੀਤੀ ਦੇ ਮੁਲਾਂਕਣ ਤੋਂ ਬਾਅਦ ਲਿਆ ਗਿਆ ਹੈ। ਰੱਖਿਆ ਸਕੱਤਰ ਜੇਮਜ਼ ਮੈਟਿਸ ਨੇ ਕਾਂਗਰਸ ਨੂੰ ਦੱਸਿਆ ਸੀ ਕਿ ਉਸ ਇਸ ਗੱਲ ਦੀ ਤਸਦੀਕ ਨਹੀਂ ਕਰ ਸਕਦੇ ਕਿ ਪਾਕਿਸਤਾਨ ਨੇ ਹੱਕਾਨੀ ਨੈੱਟਵਰਕ ਖਿਲਾਫ ਢੁਕਵੀਂ ਕਾਰਵਾਈ ਕੀਤੀ ਹੈ।

# ਮਾਸ ਬਰਾਮਦੀ ਬਾਰੇ ਮੋਦੀ ਸਰਕਾਰ ਦਾ ਇਹ ਹੈ ਸੱਚ...

**ਨਵੀਂ ਦਿੱਲੀ:** ਭਾਰਤ ਵਿਚ ਮਾਸ ਦੇ ਵਧਦੇ ਕਾਰੋਬਾਰ ਬਾਰੇ ਲੋਕ ਸਭਾ ਚੋਣਾਂ ਸਮੇਂ ਨਰੇਂਦਰ ਮੋਦੀ ਸਾਬਕਾ ਮਨਮੋਹਨ ਸਿੰਘ ਸਰਕਾਰ ਉਤੇ ਖੂਬ ਸਖਤਾਈ ਦਿਖਾਉਂਦੇ ਸਨ। ਚੋਣ ਰੈਲੀਆਂ ਵਿਚ ਵੀ ਮੋਦੀ ਮਾਸ ਖਿਲਾਫ ਬਹੁਤ ਭਾਵੁਕ ਭਾਸ਼ਣ ਦਿੰਦੇ ਸਨ ਪਰ ਹਕੀਕਤ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਤੁਹਾਨੂੰ ਜਾਣ ਕੇ ਹੈਰਾਨ ਹੋਵੇਗੀ ਕਿ ਮੋਦੀ ਦੀ ਸਰਕਾਰ ਸਮੇਂ ਮਾਸ ਬਰਾਮਦ 17 ਹਜ਼ਾਰ ਟਨ ਵਧਿਆ ਹੈ।

ਹਿੰਦੀ ਵੈੱਬਸਾਈਟ 'ਦ ਵਾਇਰ' ਮੁਤਾਬਕ ਸਰਕਾਰ ਨੇ ਸੰਸਦ ਵਿਚ ਜਾਣਕਾਰੀ ਦਿੱਤੀ ਹੈ ਕਿ ਭਾਰਤ ਦਾ ਮਾਸ ਬਰਾਮਦ ਸਾਲ 2016-17 ਵਿਚ ਵਧ ਕੇ 13.53 ਲੱਖ ਟਨ ਹੋ ਗਿਆ ਜਿਹੜਾ ਬੀਤੇ ਵਿੱਤੀ ਸਾਲ ਵਿਚ 13.36 ਲੱਖ ਟਨ ਸੀ। ਮੁੱਲ ਦੇ ਹਿਸਾਬ ਨਾਲ ਪਿਛਲੇ ਵਿੱਤੀ ਸਾਲ ਵਿਚ ਦਰਾਮਦ ਘਟ ਕੇ 27,184 ਕਰੋੜ ਰੁਪਏ ਦਾ ਰਹਿ ਗਿਆ ਜਿਹੜਾ ਸਾਲ 2015-16 ਵਿਚ 27,528 ਕਰੋੜ ਰੁਪਏ ਸੀ।

ਵਪਾਰ ਤੇ ਉਦਯੋਗ ਮੰਤਰੀ ਨਿਰਮਲਾ ਸੀਤਾਰਮਨ ਨੇ ਲਿਖਤੀ ਜਵਾਬ ਵਿਚ ਰਾਜ ਸਭਾ ਵਿਚ ਜਾਣਕਾਰੀ ਦਿੱਤੀ ਸੀ ਕਿ ਮਾਸ ਤੇ ਚਮੜੇ ਦੇ ਉਤਪਾਦਨ ਨੂੰ ਰੋਕਣ ਦੇ ਸੰਦਰਭ ਵਿਚ ਉਨ੍ਹਾਂ ਦੇ ਮੰਤਰਾਲੇ ਨੂੰ ਕੋਈ ਸ਼ਿਕਾਇਤ ਨਹੀਂ ਪ੍ਰਾਪਤ ਹੋਈ ਪਰ ਅੱਗੇ ਕਿਹਾ ਕਿ ਮੱਝ ਦੇ ਮਾਸ ਦੇ ਬਰਾਮਦ ਵਿਚ ਕਮੀ ਆਈ ਹੈ। ਅਪਰੈਲ/ਮਈ 2016-17 ਦੌਰਾਨ ਮੱਝ ਦੇ ਮਾਸ ਦਾ ਬਰਾਮਦ 55.4 ਕਰੋੜ ਰੁਪਏ ਸੀ। ਜਦੋਂਕਿ ਚਾਲੂ ਵਿੱਤੀ ਸਾਲ ਵਿਚ ਇਹ ਬਰਾਮਦ 53 ਕਰੋੜ ਰੁਪਏ ਹੀ ਰਹਿ ਗਿਆ।

ਉਨ੍ਹਾਂ ਨੇ ਕਿਹਾ ਕਿ ਚੰਮ ਉਤਪਾਦਾਂ ਤੇ ਜੁੱਤੇ ਚੱਪਲਾਂ ਦੀ ਬਰਾਮਦ ਸਾਲ 2015-16 ਤੇ ਸਾਲ 2016-17 ਦੌਰਾਨ ਵੱਖ-ਵੱਖ ਕਾਰਨਾਂ ਨਾਲ ਘਟਿਆ ਹੈ। ਇਸ ਵਿਚ ਯੂਰਪੀ ਬਾਜ਼ਾਰ ਵਿਚ ਮੰਦੀ, ਪੱਛਮੀ ਏਸ਼ੀਆ ਦੇਸ਼ਾਂ ਦੀ ਅਸਮਰਥਾ ਵਰਗੇ ਕੁਝ ਕਾਰਨ ਸ਼ਾਮਲ ਹਨ।

ਉਤਰ ਪ੍ਰਦੇਸ਼ ਵਿਚ ਗਊ ਮਾਸ ਮੁਹਿੰਮ ਚਲਾਉਣ ਵਾਲੀ ਭਾਜਪਾ ਨੇ ਚੋਣਾਂ ਸਮੇਂ ਜਨਤਾ ਨੂੰ ਕਿਹਾ ਸੀ ਕਿ ਉਹ ਸੱਤਾ ਵਿਚ ਆਵੇਗੀ ਤਾਂ ਗਊ ਮਾਸ ਦੀ ਕੋਈ ਕਮੀ ਨਹੀਂ ਹੋਣ ਦੇਵੇਗੀ। ਦੋ ਦਿਨ ਪਹਿਲਾਂ ਹੀ ਗੋਆ ਵਿਧਾਨ ਸਭਾ ਵਿਚ ਭਾਜਪਾ ਨੇਤਾ ਤੇ ਮੁੱਖ ਮੰਤਰੀ ਮਨੋਹਰ ਪਰਿਕਰ ਨੇ ਕਿਹਾ ਸੀ ਕਿ ਗੋਆ ਵਿਚ ਗਊ ਮਾਸ ਦੀ ਕੋਈ ਕਮੀ ਨਹੀਂ। ਜੇਕਰ ਹੋਵੇਗੀ ਤਾਂ ਕਰਨਾਟਕਾ ਤੋਂ ਦਰਾਮਦ ਕਰ ਲੈਣਗੇ।

# 'ਆਪਣੇ ਸਿੱਖ ਗਵਾਂਢੀ ਨੂੰ ਜਾਣੋ' ਪ੍ਰੋਗਰਾਮ ਵਿਚ ਦਿੱਤੀ ਗਈ ਸਿੱਖ ਧਰਮ ਬਾਰੇ ਜਾਣਕਾਰੀ

**ਡਾਊਨਰਜ਼ ਗਰੂਵ, ਇਲੀਨਾਏ (ਬਿਊਰੋ):** ਅਮੇਰਿਕਨ ਸਿੱਖ ਕਮਿਊਨਿਟੀ ਅਤੇ ਸਿੱਖ ਆਊਟਰੀਚ ਸੰਸਥਾਵਾਂ ਵਲੋਂ ਇਥੇ 'ਆਪਣੇ ਸਿੱਖ ਗਵਾਂਢੀ ਨੂੰ ਜਾਣੋ' ਪ੍ਰੋਗਰਾਮ ਕਰਵਾਇਆ ਗਿਆ ਜਿਸ ਦਾ ਮਨੋਰਥ ਆਮ ਅਮਰੀਕਨਾਂ ਨੂੰ



ਸਿੱਖ ਧਰਮ ਬਾਰੇ ਜਾਣਕਾਰੀ ਦੇਣਾ ਸੀ।

ਪ੍ਰੋਗਰਾਮ ਦੇ ਸ਼ੁਰੂ ਵਿਚ ਸ. ਠਾਕਰ ਸਿੰਘ ਬਸਾਤੀ ਨੇ ਸਭ ਨੂੰ ਜੀ ਆਇਆਂ ਕਿਹਾ। ਉਪਰੰਤ ਅਰਦਾਸ ਦੀ ਅਹਿਮੀਅਤ ਬਾਰੇ ਦੱਸਿਆ ਗਿਆ। ਇਕ ਛੋਟੇ ਬੱਚੇ ਨੇ ਅਰਦਾਸ ਕੀਤੀ। ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਸ. ਕੁਲਵੰਤ ਸਿੰਘ ਹੁੰਦਲ ਨੇ ਦੱਸਿਆ ਕਿ ਸਿੱਖ ਧਰਮ ਅਨੁਸਾਰ ਮਨ 'ਤੇ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਮਨ ਹੀ ਇਨਸਾਨ ਦੇ ਸਭ ਚੰਗੇ-ਮਾੜੇ ਕੰਮਾਂ ਦੀ ਜੜ੍ਹ ਹੈ।

ਬੀਬੀ ਜਸਵੀਰ ਕੌਰ ਨੇ ਸਿੱਖ ਧਰਮ ਵਿਚ ਪੱਗ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ। ਹਾਜ਼ਰੀਨ ਨੂੰ ਪੱਗ ਬੰਨ ਕੇ ਵੀ ਦਿਖਾਈ ਗਈ। ਉਨ੍ਹਾਂ ਦੋ ਵਿਸ਼ਵ ਜੰਗਾਂ ਵਿਚ ਸਿੱਖ ਫੌਜੀਆਂ ਦੀ ਬਹਾਦਰੀ ਬਾਰੇ ਗੱਲ ਕਰਦਿਆਂ ਕਿਹਾ ਕਿ ਸਿੱਖ ਅੰਗਰੇਜ਼ ਤੇ ਅਮਰੀਕੀ ਫੌਜਾਂ ਨਾਲ ਮਿਲ ਕੇ ਫਾਸ਼ੀ ਤਾਕਤਾਂ ਵਿਰੁਧ ਲੜੇ। ਇਨ੍ਹਾਂ ਜੰਗਾਂ ਵਿਚ 83,000 ਦੇ ਕਰੀਬ ਫੌਜੀ ਸ਼ਹੀਦ ਹੋਏ ਜਦੋਂਕਿ 109,000 ਦੇ ਕਰੀਬ ਜ਼ਖਮੀ ਹੋਏ। ਇਸ ਸਬੰਧੀ ਇਕ ਨੁਮਾਇਸ਼ ਵੀ ਲਾਈ ਗਈ।

ਸ਼ਿਕਾਗੋ ਦੀ ਸਿੱਖ ਸ਼ਖਸੀਅਤ ਇੰਦਰਜੀਤ ਸਿੰਘ ਮੱਕੜ ਦੇ ਸਪੁੱਤਰ ਕੰਵਰ ਸਿੰਘ ਮੱਕੜ ਨੇ ਆਪਣੇ ਪਿਤਾ 'ਤੇ ਹੋਏ ਹਮਲੇ ਬਾਰੇ ਦੱਸਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਪਹਿਲਾਂ ਤੋਂ ਹੀ ਕੀਤੇ ਜਾਂਦੇ ਤਾਂ ਸ਼ਾਇਦ ਇਹ ਘਟਨਾ ਨਾ ਵਾਪਰਦੀ। ਜ਼ਿਕਰਯੋਗ ਹੈ ਕਿ ਇੰਦਰਜੀਤ ਸਿੰਘ ਮੱਕੜ ਉਤੇ ਕਿਸੇ ਨਸਲੀ ਗੋਰੇ ਨੇ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ ਸੀ। ਜਸਜੀਤ ਸਿੰਘ ਨੇ ਸਿੱਖ ਭਾਈਚਾਰੇ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

ਪਾਲ ਸਕਾਟ ਨਾਂ ਦੇ ਇਕ ਵਿਅਕਤੀ ਨੇ ਬਹੁਤ ਸਾਰੇ ਸਵਾਲ-ਜਵਾਬ ਕੀਤੇ ਜੋ ਡੂਪੇਜ ਕਾਊਂਟੀ ਵਿਚ ਪੁਲਿਸ ਨੂੰ ਟਰੇਨਿੰਗ ਦਿੰਦਾ ਹੈ। ਸ. ਰਾਜਿੰਦਰ ਸਿੰਘ ਮਾਗੋ ਨੇ ਉਸ ਦੇ ਸਵਾਲਾਂ ਦੇ ਤਸੱਲੀਬਖਸ਼ ਜਵਾਬ ਦਿੱਤੇ।

ਗੁਰਦੁਆਰਾ ਵ੍ਹੀਟਨ ਦੇ ਮੁੱਖ ਗ੍ਰੰਥੀ ਭਾਈ ਮਹਿੰਦਰ ਸਿੰਘ ਅਤੇ ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਇਕਬਾਲ ਸਿੰਘ ਚੋਪੜਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਦਿਲਚਸਪ ਗੱਲ ਇਹ ਰਹੀ ਕਿ 4 ਸਪੀਕਰਾਂ ਵਿਚੋਂ 3 ਨੌਜਵਾਨ ਸਿੱਖ ਸਨ ਤੇ 20 ਤੋਂ ਵੱਧ ਸਿੱਖ ਮੁੰਡੇ-ਕੁੜੀਆਂ ਵਾਲੰਟੀਅਰ ਵਜੋਂ ਪਹੁੰਚੇ ਹੋਏ ਸਨ।

ਪ੍ਰੋਗਰਾਮ ਦਾ ਸੰਚਾਲਨ ਸਿਮਰਨ ਸਿੰਘ ਨੇ ਕੀਤਾ। ਇਸ ਮੌਕੇ ਮਹਿਮਾਨਾਂ ਲਈ ਸਮੋਸਿਆਂ ਅਤੇ ਚਾਹ-ਪਾਣੀ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ। ਪ੍ਰਬੰਧਕਾਂ ਅਨੁਸਾਰ ਅਗਲਾ ਪ੍ਰੋਗਰਾਮ ਨੇਪਰਵਿਲ ਸ਼ਹਿਰ 'ਚ ਸਤੰਬਰ ਮਹੀਨੇ ਕਰਵਾਇਆ ਜਾਵੇਗਾ। ਇਸ ਤੋਂ ਪਹਿਲਾਂ ਅਜਿਹੇ ਪ੍ਰੋਗਰਾਮ ਪੈਲਾਟਾਈਨ ਤੇ ਸ਼ਾਮਬਰਗ ਵਿਚ ਕਰਵਾਏ ਜਾ ਚੁਕੇ ਹਨ।

## ਸੁਪਰੀਮ ਕੋਰਟ ਦੀ ਗਊ ਰੱਖਿਅਕਾਂ ਬਾਰੇ ਸਰਕਾਰ ਨੂੰ ਨਸੀਹਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਤੇ ਰਾਜਾਂ ਨੂੰ ਕਿਹਾ ਕਿ ਉਹ ਕਿਸੇ ਵੀ ਤਰੀਕੇ ਨਾਲ ਗਊ ਰੱਖਿਅਕਾਂ ਦਾ ਬਚਾਅ ਨਾ ਕਰਨ ਅਤੇ ਇਸ ਦੇ ਨਾਂ ਉਤੇ ਹੋ ਰਹੀਆਂ ਹਿੰਸਕ ਘਟਨਾਵਾਂ ਬਾਰੇ ਜਵਾਬ ਦੇਣ। ਕੇਂਦਰ ਸਰਕਾਰ ਨੇ ਜਸਟਿਸ ਦੀਪਕ ਮਿਸਰਾ ਦੀ ਅਗਵਾਈ ਵਾਲੇ ਬੈਂਚ ਨੂੰ ਦੱਸਿਆ ਕਿ ਕਾਨੂੰਨ ਵਿਵਸਥਾ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਅਤੇ ਜਿਥੋਂ ਤੱਕ ਕੇਂਦਰ ਦਾ ਸਬੰਧ ਹੈ, ਉਹ ਗਊ ਰੱਖਿਆ ਦੇ ਨਾਂ ਉਤੇ ਕਿਸੇ ਵੀ ਤਰ੍ਹਾਂ ਦੀ ਹਿੰਸਾ ਦੀ ਹਮਾਇਤ ਨਹੀਂ ਕਰਦੀ। ਬੈਂਚ ਨੇ ਕਿਹਾ, ''ਤੁਸੀਂ ਕਹਿ ਰਹੇ ਹੋ ਕਿ ਕਾਨੂੰਨ ਵਿਵਸਥਾ ਰਾਜਾਂ ਦਾ ਮਾਮਲਾ ਹੈ ਅਤੇ ਰਾਜ ਸਰਕਾਰਾਂ ਕਾਨੂੰਨ ਅਨੁਸਾਰ ਕਦਮ ਚੁੱਕ ਰਹੀਆਂ ਹਨ। ਤੁਸੀਂ ਕਿਸੇ ਵੀ ਤਰ੍ਹਾਂ ਗਊ ਰੱਖਿਅਕਾਂ ਦਾ ਬਚਾਅ ਨਹੀਂ ਕਰ ਰਹੇ।''

# ਖਹਿਰਾ ਹੱਥ ਆਈ ਵਿਰੋਧੀ ਧਿਰ ਦੇ ਆਗੂ ਦੀ ਕਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਖਹਿਰਾ ਨੂੰ ਸਰਬਸੰਮਤੀ ਨਾਲ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਚੁਣਿਆ ਗਿਆ ਹੈ। ਉਨ੍ਹਾਂ ਦੇ ਨਾਂ ਦਾ ਐਲਾਨ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕੀਤਾ। ਉਨ੍ਹਾਂ ਨੇ ਇਸ ਤੋਂ ਪਹਿਲਾਂ ਪੰਜਾਬ ਦੇ ਵਿਧਾਇਕਾਂ ਨਾਲ ਗੱਲਬਾਤ ਕਰ ਕੇ ਇਸ ਸਬੰਧੀ ਵਿਚਾਰ ਲਏ ਸਨ। ਇਹ ਅਹੁਦਾ ਵਿਧਾਇਕ ਐਚ.ਐਸ. ਫੂਲਕਾ ਦੇ ਅਸਤੀਫਾ ਦੇਣ ਤੋਂ ਬਾਅਦ ਖਾਲੀ ਹੋਇਆ ਸੀ।

ਸ੍ਰੀ ਕੇਜਰੀਵਾਲ ਨੇ ਸੁਖਪਾਲ ਖਹਿਰਾ ਦੇ ਨਾਂ ਦਾ ਐਲਾਨ ਵਿਧਾਇਕ ਦਲ ਦੀ ਮੀਟਿੰਗ ਵਿਚ ਕੀਤਾ। ਜ਼ਿਕਰਯੋਗ ਹੈ ਸ੍ਰੀ ਖਹਿਰਾ ਪਹਿਲਾਂ ਚੀਫ ਵ੍ਹਿਪ ਸਨ ਪਰ ਭਗਵੰਤ ਮਾਨ ਨੂੰ ਪਾਰਟੀ ਦਾ ਸੂਬਾਈ ਪ੍ਰਧਾਨ ਬਣਾਏ ਜਾਣ ਦੇ ਰੋਸ ਵਜੋਂ ਉਨ੍ਹਾਂ ਨੇ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਹਾਲ ਦੀ ਘੜੀ ਚੀਫ ਵ੍ਹਿਪ ਦਾ ਅਹੁਦਾ ਕਿਸੇ ਨੂੰ ਨਹੀਂ ਦਿੱਤਾ ਗਿਆ।



ਸ੍ਰੀ ਫੂਲਕਾ ਨੇ ਅਸਤੀਫਾ ਦੇਣ ਵੇਲੇ ਅਗਲੇ ਆਗੂ ਲਈ ਭਾਵੇਂ ਕੰਵਰ ਸੰਧੂ, ਅਮਨ ਅਰੋੜਾ ਅਤੇ ਸੁਖਪਾਲ ਖਹਿਰਾ ਦੇ ਨਾਂ ਦੀ ਸਿਫਾਰਸ਼ ਕਰ ਦਿੱਤੀ ਸੀ ਪਰ ਭਗਵੰਤ ਮਾਨ ਦੀ ਨਾਰਾਜ਼ਗੀ ਕਾਰਨ ਬਹੁਤਿਆਂ ਨੂੰ ਸ੍ਰੀ ਖਹਿਰਾ ਦੇ ਨਾਂ ਉਤੇ ਮੋਹਰ ਲੱਗਣ ਦੀ ਆਸ ਨਹੀਂ ਸੀ। ਇਸ ਅਹੁਦੇ ਦੀ ਦੌੜ ਵਿਚ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਤੇ ਪ੍ਰੋ. ਬਲਜਿੰਦਰ ਕੌਰ ਵੀ ਸਨ। ਵਿਰੋਧੀ ਧਿਰ ਦੇ ਆਗੂ ਦਾ ਅਹੁਦਾ ਕੈਬਨਿਟ ਮੰਤਰੀ ਦੇ ਬਰਾਬਰ ਦਾ ਹੁੰਦਾ ਹੈ।

ਵਿਰੋਧੀ ਧਿਰ ਦੇ ਆਗੂ ਦੀ ਚੋਣ ਲਈ 'ਆਪ' ਵਿਧਾਇਕ ਦਲ ਦੀ ਪਹਿਲਾਂ ਵੀ ਦੋ ਵਾਰ ਮੀਟਿੰਗ ਰੱਖੀ ਗਈ ਸੀ ਪਰ ਦੋਵੇਂ ਵਾਰ ਮੁਲਤਵੀ ਕਰਨੀ ਪਈ ਸੀ। ਦਿੱਲੀ ਵਿਚ ਹੋਈ ਤੀਜੀ ਮੀਟਿੰਗ 'ਚ ਸੁਖਪਾਲ ਖਹਿਰਾ ਦੇ ਨਾਂ ਉਤੇ ਮੋਹਰ ਲੱਗੀ। ਸੁਖਪਾਲ ਖਹਿਰਾ ਵਿਧਾਨ ਸਭਾ ਚੋਣਾਂ ਤੋਂ ਕਾਫੀ ਸਮਾਂ ਪਹਿਲਾਂ ਕਾਂਗਰਸ ਪਾਰਟੀ ਛੱਡ ਕੇ 'ਆਪ' ਵਿਚ ਸ਼ਾਮਲ ਹੋਏ ਸਨ। ਸ. ਖਹਿਰਾ ਦੇ ਪਿਤਾ ਸੁਖਜਿੰਦਰ ਸਿੰਘ ਕਈ ਦਹਾਕੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿਚ ਸਿੱਖਿਆ ਮੰਤਰੀ ਰਹੇ ਸਨ। ਸ੍ਰੀ ਖਹਿਰਾ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਉਮੀਦਵਾਰ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਮਹਿਲਾ ਵਿੰਗ ਦੀ ਪ੍ਰਧਾਨ ਜਗੀਰ ਕੌਰ ਦੇ ਜਵਾਈ ਯੁਵਰਾਜ ਭੁਪਿੰਦਰ ਸਿੰਘ ਨੂੰ ਹਰਾਇਆ ਸੀ।

ਇਸੇ ਦੌਰਾਨ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਸੁਖਪਾਲ ਖਹਿਰਾ ਨੂੰ 20 ਵਿਧਾਇਕਾਂ ਅਤੇ ਦੋ ਸੰਸਦ ਮੈਂਬਰਾਂ ਦੀ ਸਹਿਮਤੀ ਨਾਲ ਵਿਰੋਧੀ ਧਿਰ ਦਾ ਆਗੂ ਚੁਣਿਆ ਗਿਆ ਹੈ ਤੇ ਸਾਰੇ ਵਿਧਾਇਕਾਂ ਨੇ ਰਲ-ਮਿਲ ਕੇ ਕੰਮ ਕਰਨ ਦਾ ਅਹਿਦ ਲਿਆ ਹੈ। ਪਾਰਟੀ ਲੋਕ ਸਭਾ ਹਲਕਾ ਗੁਰਦਾਸਪੁਰ ਅਤੇ ਨਗਰ ਨਿਗਮ ਦੀਆਂ ਚੋਣਾਂ ਸਮੇਤ 2019 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਦਿਨ ਰਾਤ ਇਕ ਕਰ ਦੇਵੇਗੀ।

## ਨਵੇਂ ਲਾਏ ਜਾ ਰਹੇ ਟੈਕਸਾਂ ਖਿਲਾਫ ਨਿੱਤਰੀ 'ਆਪ'

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਲਗਾਏ ਜਾ ਰਹੇ ਨਵੇਂ ਟੈਕਸਾਂ ਉਤੇ ਸਖਤ ਪ੍ਰਤੀਕਿਰਿਆ ਦਿੰਦੇ ਹੋਏ ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਹੁਣ ਕਾਂਗਰਸ ਪਹਿਲਾਂ ਤੋਂ ਹੀ ਆਰਥਿਕ ਤੰਗੀ ਦਾ ਸ਼ਿਕਾਰ ਲੋਕਾਂ ਦੀ ਜੇਬ ਕੱਟਣ ਉਤੇ ਆਈ ਗਈ ਹੈ, ਪਰ ਇਹ ਕਿਸੇ ਵੀ ਕੀਮਤ ਉਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਲਈ ਕੈਪਟਨ ਸਰਕਾਰ ਆਪਣਾ ਇਹ ਸਿਧਾਂਤਕ ਫੈਸਲਾ ਤੁਰਤ ਵਾਪਸ ਲਵੇ। ਪਾਰਟੀ ਦੇ ਪ੍ਰਦੇਸ਼ ਸਹਿ-ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਿਚ ਹੋਈ ਬੈਠਕ ਦੌਰਾਨ ਪੰਜਾਬ ਦੀ ਜਨਤਾ ਖਾਸ ਤੌਰ 'ਤੇ ਵਪਾਰੀ-ਕਾਰੋਬਾਰੀ ਵਰਗ ਉਤੇ 1000 ਕਰੋੜ ਰੁਪਏ ਤੋਂ ਇਲਾਵਾ ਹੋਰ ਟੈਕਸ ਥੋਪਣ ਦਾ ਤੁਗਲਕੀ ਫੈਸਲਾ ਲੈ ਲਿਆ ਗਿਆ ਹੈ। ਅਮਨ ਅਰੋੜਾ ਨੇ ਕਿਹਾ ਕਿ ਇਹ ਬੇਹੱਦ ਬਦਕਿਸਮਤੀ ਭਰਿਆ ਕਦਮ ਸਾਬਤ ਹੋਵੇਗਾ, ਕਿਉਂਕਿ ਪਹਿਲਾਂ ਹੀ ਜੀ.ਐਸ.ਟੀ. ਦੇ ਭੰਬਲਭੂਸੇ ਵਿਚ ਫਸੇ ਕਾਰੋਬਾਰੀ ਹੁਣ ਰਾਜ ਸਰਕਾਰ ਦੇ ਨਵੇਂ ਟੈਕਸਾਂ ਦੀ ਮਾਰ ਵਿਚ ਆ ਜਾਣਗੇ।

## ਚਾਰ ਖਜ਼ਾਨਾ ਅਫਸਰਾਂ ਨੂੰ ਕੈਦ ਤੇ ਜੁਰਮਾਨਾ

**ਗੁਰਦਾਸਪੁਰ:** ਅਦਾਲਤ ਵੱਲੋਂ ਤਕਰੀਬਨ ਚਾਰ ਕਰੋੜ ਦਾ ਘਪਲਾ ਕਰਨ ਵਾਲੇ ਬਟਾਲਾ ਖਜ਼ਾਨਾ ਦਫਤਰ ਦੇ ਸੇਵਾ ਮੁਕਤ ਚਾਰ ਖਜ਼ਾਨਾ ਅਫਸਰਾਂ, 5 ਕਲਰਕਾਂ ਤੇ ਇਕ ਮੁੱਖ ਅਧਿਆਪਕ ਸਣੇ 11 ਨੂੰ 5-5 ਸਾਲ ਕੈਦ ਤੇ ਪ੍ਰਤੀ ਵਿਅਕਤੀ 2 ਲੱਖ 20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਬਟਾਲਾ ਦੇ ਖਜ਼ਾਨਾ ਦਫਤਰ ਵਿਚ 2010 ਨੂੰ ਨਵੇਂ ਆਏ ਖਜ਼ਾਨਾ ਅਫਸਰ ਹਰਜਵੰਤ ਸਿੰਘ ਨੇ ਜਦ ਦਫਤਰ ਨਾਲ ਸਬੰਧਤ ਰਿਕਾਰਡ ਦੀ ਘੋਖ ਕੀਤੀ ਤਾਂ ਉਨ੍ਹਾਂ ਦੇਖਿਆ ਕਿ ਦਫਤਰ 'ਚ ਕੁਝ ਮੌਜੂਦਾ ਤੇ ਪਹਿਲਾਂ ਰਹਿ ਚੁੱਕੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਵੱਖ-ਵੱਖ ਬਿੱਲਾਂ 'ਚ ਹੇਰਾ-ਫੇਰੀ ਕਰ ਕੇ 3 ਕਰੋੜ 92 ਲੱਖ 85 ਹਜ਼ਾਰ 589 ਰੁਪਏ ਦੀ ਘਪਲੇਬਾਜ਼ੀ ਕੀਤੀ ਗਈ ਹੈ।

ਇਸ ਸਬੰਧੀ ਉਨ੍ਹਾਂ ਡੂੰਘੀ ਪੜਤਾਲ ਕੀਤੀ ਤੇ ਵਿਭਾਗ ਨੂੰ ਪੱਤਰ ਲਿਖਿਆ। ਵਿਭਾਗੀ ਕਾਰਵਾਈ ਅਮਲ 'ਚ ਆਉਂਦਿਆਂ ਹੀ ਇਹ ਸਾਰੇ ਵਿਅਕਤੀ ਮੁਅੱਤਲ ਕਰ ਦਿੱਤੇ ਗਏ ਤੇ ਹਰਜਵੰਤ ਸਿੰਘ ਦੀ ਸ਼ਿਕਾਇਤ 'ਤੇ ਸੇਵਾ ਮੁਕਤ ਖਜ਼ਾਨਾ ਅਫਸਰ ਨਸੀਬ ਚੰਦ, ਰੂਪ ਲਾਲ, ਪ੍ਰੇਮ ਲਾਲ ਤੇ ਦਰਸ਼ਨ ਲਾਲ, ਬੋਲੇਵਾਲ ਹਾਈ ਸਕੂਲ ਦੇ ਮੁੱਖ ਅਧਿਆਪਕ ਦਲਬੀਰ ਸਿੰਘ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਸੀ।

# ਸੁਖਬੀਰ ਬਾਦਲ ਦੀ ਮੈਟਰੋ ਬੱਸ ਨੂੰ ਵੀ ਲੱਗੀਆਂ ਬਰੇਕਾਂ

**ਅੰਮ੍ਰਿਤਸਰ:** ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦਾ 'ਡਰੀਮ ਪ੍ਰੋਜੈਕਟ' ਬੱਸ ਰੈਪਿਡ ਟਰਾਂਜ਼ਿਟ ਸਿਸਟਮ ਪਿਛਲੇ ਤਿੰਨ ਮਹੀਨਿਆਂ ਤੋਂ ਠੱਪ ਹੈ। ਬੀ.ਆਰ.ਟੀ.ਐਸ. ਕਰਮਚਾਰੀਆਂ ਨੂੰ ਕੰਪਨੀ ਵੱਲੋਂ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਰ ਕੇ ਬੱਸ ਨੂੰ ਬਰੇਕਾਂ ਲਾ ਦਿੱਤੀਆਂ ਗਈਆਂ ਹਨ। ਉਨ੍ਹਾਂ ਵੱਲੋਂ ਲਗਾਤਾਰ ਧਰਨੇ 'ਤੇ ਬੈਠ ਕੇ ਕੰਪਨੀ ਤੇ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਤਕਰੀਬਨ 500 ਕਰੋੜ ਦੀ ਲਾਗਤ ਨਾਲ ਮੁਕੰਮਲ ਕੀਤੇ ਜਾਣ ਵਾਲੇ ਇਸ ਪ੍ਰੋਜੈਕਟ ਦੇ ਫਿਲਹਾਲ ਦੋ ਪੜਾਅ ਪੂਰੇ ਕੀਤੇ ਜਾ ਸਕੇ ਹਨ।

ਇਸ ਅੱਧੇ-ਅਧੂਰੇ ਪ੍ਰੋਜੈਕਟ ਨੂੰ ਚੋਣਾਂ ਤੋਂ ਠੀਕ ਪਹਿਲਾਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਹਰੀ ਝੰਡੀ ਦਿਖਾ ਕੇ ਸ਼ੁਰੂ ਕਰ ਦਿੱਤਾ ਗਿਆ ਸੀ। ਪਹਿਲਾਂ ਵੀ ਕਈ ਵਾਰ ਡੀਜ਼ਲ ਨਾ ਮਿਲਣ ਕਰ ਕੇ ਇਹ ਬੱਸਾਂ ਰੁਕ ਚੁੱਕੀਆਂ ਹਨ। ਹੁਣ ਕਰਮਚਾਰੀਆਂ ਨੂੰ ਤਨਖਾਹ ਨਾਲ ਮਿਲਣ ਕਰ ਕੇ ਬੱਸਾਂ ਦਾ ਚੱਕਾ ਜਾਮ ਕਰਨ ਦੇ ਨਾਲ-ਨਾਲ ਮੈਟਰੋ ਬੱਸ ਸਟੇਸ਼ਨਾਂ ਨੂੰ ਤਾਲੇ ਲਾ ਦਿੱਤੇ ਗਏ ਹਨ। ਪ੍ਰਦਰਸ਼ਨ ਕਰ ਰਹੇ ਕਰਮਚਾਰੀਆਂ ਨੇ ਦੱਸਿਆ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਘਰ ਦਾ ਗੁਜ਼ਾਰਾ ਚਲਾਉਣਾ ਮੁਸ਼ਕਲ ਹੋ ਗਿਆ ਹੈ।

ਇਸ ਸਬੰਧੀ ਕਈ ਵਾਰ ਓਰੀਅਨ ਫੈਸਲਿਟੀ ਮੈਨੇਜਮੈਂਟ ਕੰਪਨੀ ਦੇ ਅਧਿਕਾਰੀਆਂ ਨੂੰ ਜਾਣੂ ਵੀ ਕਰਾਇਆ ਗਿਆ ਹੈ ਪਰ ਕੋਈ ਕਾਰਵਾਈ ਨਹੀਂ ਹੋਈ। ਇਸ ਕਾਰਨ ਉਨ੍ਹਾਂ ਨੂੰ ਮਜਬੂਰਨ ਸੰਘਰਸ਼ ਵਿੱਢਣਾ ਪਿਆ। ਉਨ੍ਹਾਂ ਦੱਸਿਆ ਕਿ ਕੰਮ ਬੰਦ ਹੋਣ ਕਾਰਨ, ਜਿਹੜਾ ਨੁਕਸਾਨ ਹੋਵੇਗੀ, ਉਸ ਦੀ ਜ਼ਿੰਮੇਵਾਰ ਕੰਪਨੀ ਹੋਵੇਗੀ। ਦੱਸਣਯੋਗ ਹੈ ਕਿ ਬੀ.ਆਰ.ਟੀ.ਐਸ. ਹੇਠ ਛੇ ਕਾਰੀਡੋਰ ਬਣਾਉਣ ਦੀ ਯੋਜਨਾ ਹੈ, ਜਿਨ੍ਹਾਂ ਵਿਚੋਂ ਫਿਲਹਾਲ ਦੋ ਕਾਰੀਡੋਰ ਵਿਚ ਹੀ ਕੁਝ ਬੱਸਾਂ ਚੱਲੀਆਂ ਹਨ। ਇਹ ਯੋਜਨਾ ਫਰਵਰੀ 'ਚ ਮੁਕੰਮਲ ਕਰ ਕੇ ਸਾਰੇ ਕੋਰੀਡੋਰ ਸ਼ੁਰੂ ਕਰਨ ਦਾ ਫੈਸਲਾ ਹੋਇਆ ਸੀ ਪਰ ਹੁਣ ਤੱਕ ਯੋਜਨਾ ਮੁਕੰਮਲ ਨਹੀਂ ਹੋ ਸਕੀ।

## ਨਿਠਾਰੀ ਕਾਂਡ: ਪੰਧੇਰ ਤੇ ਕੋਲੀ ਨੂੰ ਮੌਤ ਦੀ ਸਜ਼ਾ

**ਗਾਜ਼ੀਆਬਾਦ:** ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਸਨਸਨੀਖੇਜ ਨਿਠਾਰੀ ਕਤਲ ਕਾਂਡ 'ਚ ਕਾਰੋਬਾਰੀ ਮਨਿੰਦਰ ਸਿੰਘ ਪੰਧੇਰ ਤੇ ਉਸ ਦੇ ਨੌਕਰ ਸੁਰਿੰਦਰ ਕੋਲੀ ਨੂੰ 22 ਸਾਲਾ ਨੌਕਰਾਣੀ ਪਿੰਕੀ ਸਰਕਾਰ ਦੇ ਕਤਲ ਨਾਲ ਸਬੰਧਤ ਕੇਸ 'ਚ ਵਿਸ਼ੇਸ਼ ਜੱਜ ਪਵਨ ਕੁਮਾਰ ਤਿਵਾੜੀ ਨੇ ਮੌਤ ਦੀ ਸਜ਼ਾ ਸੁਣਾਈ ਹੈ। ਇਸ ਕੇਸ ਵਿੱਚ ਪੰਧੇਰ ਤੇ ਕੋਲੀ ਨੂੰ ਅਗਵਾ, ਜਬਰ ਜਨਾਹ ਅਤੇ ਕਤਲ ਦਾ ਦੋਸ਼ੀ ਠਹਿਰਾਇਆ ਗਿਆ। ਪੁਲਿਸ ਨੇ 29 ਦਸੰਬਰ 2006 ਨੂੰ ਨੋਇਡਾ ਦੇ ਨਿਠਾਰੀ ਵਿਚਲੇ ਪੰਧੇਰ ਦੇ ਘਰੋਂ 19 ਕੰਕਾਲ ਬਰਾਮਦ ਕੀਤੇ ਸਨ। ਪਿੰਕੀ ਸਰਕਾਰ ਕੇਸ ਤੋਂ ਪਹਿਲਾਂ ਦੋਵਾਂ ਨੂੰ ਨੌਂ ਕੇਸਾਂ ਵਿਚ ਸਜ਼ਾ ਹੋ ਚੁੱਕੀ ਹੈ।

# ਮੁਆਵਜ਼ੇ ਲਈ ਦਰ-ਦਰ ਭਟਕ ਰਹੇ ਨੇ ਸੈਂਕੜੇ ਕਿਸਾਨ

**ਜਲੰਧਰ:** ਜਲੰਧਰ ਤੋਂ ਜੰਮੂ ਰਾਸ਼ਟਰੀ ਮਾਰਗ ਦੇ ਨਿਰਮਾਣ ਦੌਰਾਨ ਭੋਗਪੁਰ ਤੋਂ ਪਠਾਨਕੋਟ ਤੱਕ 6 ਮਾਰਗੀ ਸੜਕ ਬਣੀ ਨੂੰ ਤਕਰੀਬਨ ਇਕ ਦਹਾਕੇ ਤੋਂ ਉਪਰ ਦਾ ਸਮਾਂ ਹੋ ਗਿਆ ਹੈ ਪਰ ਇਸ ਸੜਕ ਨੂੰ ਬਣਾਉਣ ਲਈ ਐਕੁਆਇਰ ਕੀਤੀ ਗਈ ਜ਼ਮੀਨ ਦੇ ਮਾਲਕਾਂ (ਸੈਂਕੜੇ ਕਿਸਾਨਾਂ) ਨੂੰ ਅਜੇ ਤੱਕ ਉਨ੍ਹਾਂ ਦਾ ਬਣਦਾ ਮੁਆਵਜ਼ਾ ਨਹੀਂ ਮਿਲ ਸਕਿਆ।



ਨੈਸ਼ਨਲ ਹਾਈਵੇਅ ਅਥਾਰਟੀ ਦੀ ਟਾਲ-ਮਟੋਲ ਦੀ ਨੀਤੀ ਕਾਰਨ ਸਾਲਾਂ ਤੋਂ ਜ਼ਮੀਨਾਂ ਦੇ ਮਾਲਕ ਮੁਆਵਜ਼ੇ ਲਈ ਦਰ-ਦਰ ਭਟਕ ਰਹੇ ਹਨ। ਕਈ ਮਾਮਲਿਆਂ 'ਚ ਹਾਈ ਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਵੀ ਹਾਈਵੇਅ ਅਥਾਰਟੀ ਕਿਸਾਨਾਂ ਨੂੰ ਮੁਆਵਜ਼ਾ ਦੇਣ ਤੋਂ ਭੱਜ ਰਹੀ ਹੈ ਅਤੇ ਕਿਸਾਨ ਮੁਆਵਜ਼ੇ ਲਈ ਅਦਾਲਤਾਂ ਦੇ ਚੱਕਰ ਕੱਟਣ ਲਈ ਮਜਬੂਰ ਹੋ ਰਹੇ ਹਨ। ਕਈ ਜ਼ਮੀਨ ਮਾਲਕ ਤਾਂ ਅਦਾਲਤਾਂ ਅਤੇ ਸਰਕਾਰੀ ਦਫਤਰਾਂ ਦੇ ਚੱਕਰ ਕੱਟ-ਕੱਟ ਕੇ ਜ਼ਿੰਦਗੀ ਦੀ ਜੰਗ ਵੀ ਹਾਰ ਚੁੱਕੇ ਹਨ ਅਤੇ ਬਹੁਤੇ ਮੌਤ ਦੀ ਦਹਿਲੀਜ਼ 'ਤੇ ਪਹੁੰਚ ਚੁੱਕੇ ਹਨ। ਭੋਗਪੁਰ ਨਿਵਾਸੀ ਸੁੱਚਾ ਸਿੰਘ ਤੇ ਪ੍ਰੀਤਮ ਸਿੰਘ, ਕੁਰੇਸ਼ੀਆ ਨਿਵਾਸੀ ਸਵਰਨ ਸਿੰਘ ਤੇ ਬਲਬੀਰ ਸਿੰਘ ਅਤੇ ਬਖਸ਼ੀ ਰਾਮ, ਮੋਹਨ ਸਿੰਘ, ਨਿਰਮਲ ਸਿੰਘ ਅਤੇ ਮਹਿੰਦਰ ਸਿੰਘ ਚਾਰੇ ਨਿਵਾਸੀ ਲਟੋਆ ਮੁਆਵਜ਼ੇ ਦੀ ਉਡੀਕ 'ਚ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਦੱਸਣਯੋਗ ਹੈ ਕਿ ਸਰਕਾਰ ਨੇ 2004-05 ਵਿਚ ਭੋਗਪੁਰ ਤੋਂ ਪਠਾਨਕੋਟ ਤੱਕ ਸੜਕ ਨੂੰ ਚੌੜੀ ਕਰਨ ਲਈ ਜ਼ਮੀਨ ਐਕੁਆਇਰ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਅਤੇ 2006-07 ਵਿਚ ਸੜਕ ਬਣ ਕੇ ਚਾਲੂ ਹੋ ਗਈ ਪਰ ਹਾਈਵੇਅ ਅਥਾਰਟੀ ਵੱਲੋਂ ਅਜੇ ਤੱਕ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ ਹੈ।

ਸਰਕਾਰ ਵੱਲੋਂ ਉਸ ਸਮੇਂ ਖੇਤੀਬਾੜੀ ਜ਼ਮੀਨ ਦਾ ਰੇਟ ਬਹੁਤ ਹੀ ਘੱਟ 7 ਹਜ਼ਾਰ ਤੋਂ 10 ਹਜ਼ਾਰ ਰੁਪਏ ਪ੍ਰਤੀ ਮਰਲਾ ਤੈਅ ਕੀਤਾ ਗਿਆ, ਜਦਕਿ ਵਪਾਰਕ ਥਾਂ ਦੀ ਕੀਮਤ 44 ਹਜ਼ਾਰ ਪ੍ਰਤੀ ਮਰਲਾ ਰੱਖੀ ਗਈ ਪਰ ਕਿਸਾਨਾਂ ਵੱਲੋਂ ਇਸ ਮਾਮਲੇ 'ਚ ਡਵੀਜ਼ਨਲ ਕਮਿਸ਼ਨਰ ਕੋਲ ਪਹੁੰਚ ਕਰਨ ਉਤੇ ਸਰਕਾਰ ਵੱਲੋਂ ਵਪਾਰਕ ਥਾਂ ਦੀ ਕੀਮਤ 70 ਹਜ਼ਾਰ ਰੁਪਏ ਤੋਂ ਲੈ ਕੇ ਢਾਈ ਲੱਖ ਰੁਪਏ ਦੇ ਹਿਸਾਬ ਨਾਲ ਤੈਅ ਕਰ ਦਿੱਤੀ ਗਈ ਪਰ ਇਸ ਮਾਮਲੇ 'ਚ ਹਾਈਵੇਅ ਅਥਾਰਟੀ ਵੱਲੋਂ ਕਦੇ ਸੈਸ਼ਨ ਕੋਰਟ ਤੇ ਫਿਰ ਹਾਈ ਕੋਰਟ ਤੱਕ ਅਪੀਲਾਂ ਪਾ ਕੇ ਮੁਆਵਜ਼ਾ ਦੇਣ ਵਿਚ ਦੇਰੀ ਕੀਤੀ ਜਾ ਰਹੀ ਹੈ ਜਿਨ੍ਹਾਂ ਮਾਮਲਿਆਂ ਦਾ ਹਾਈ ਕੋਰਟ ਵੱਲੋਂ ਨਿਪਟਾਰਾ ਕਰ ਵੀ ਦਿੱਤਾ ਗਿਆ ਹੈ, ਉਨ੍ਹਾਂ ਮਾਮਲਿਆਂ 'ਚ ਵੀ ਮੁਆਵਜ਼ਾ ਲੈਣ ਲਈ ਕਿਸਾਨਾਂ ਨੂੰ ਮੁੜ ਪਟੀਸ਼ਨਾਂ ਪਾਉਣੀਆਂ ਪੈ ਰਹੀਆਂ ਹਨ।

# ਟਿਊਬਵੈੱਲਾਂ ਲਈ ਮੁਫਤ ਬਿਜਲੀ ਦੀ ਸਹੂਲਤ ਛੱਡਣ ਬਾਰੇ ਅਪੀਲ ਬੇਅਸਰ

**ਚੰਡੀਗੜ੍ਹ:** ਪੰਜਾਬ ਵਿਚ ਖਤਰੇ ਦੀ ਹੱਦ ਤੱਕ ਹੇਠਾਂ ਜਾ ਚੁੱਕੇ ਧਰਤੀ ਹੇਠਲੇ ਪਾਣੀ ਦੀ ਬੱਚਤ ਤੋਂ ਇਲਾਵਾ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਸਹਾਇਤਾ ਦੇਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੱਡੇ ਕਿਸਾਨਾਂ ਨੂੰ ਸਵੈਇੱਛਕ ਤੌਰ 'ਤੇ ਮੁਫਤ ਬਿਜਲੀ ਦੀ ਸਹੂਲਤ ਛੱਡਣ ਦੀ ਕੀਤੀ ਅਪੀਲ ਹਵਾ-ਹਵਾਈ ਹੋ ਗਈ ਹੈ। ਕੈਪਟਨ ਅਮਰਿੰਦਰ, ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਕੁਲਜੀਤ ਸਿੰਘ ਨਾਗਰਾ, ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਇਕ ਹੋਰ ਕਿਸਾਨ ਹੀ ਮੈਦਾਨ ਵਿਚ ਨਿੱਤਰੇ ਹਨ ਜਦੋਂ ਕਿ ਜ਼ਿਆਦਾਤਰ ਸਿਆਸੀ ਆਗੂਆਂ ਨੇ ਚੁੱਪ ਵੱਟੀ ਬੈਠੇ ਹਨ।



19 ਜੂਨ, 2017 ਨੂੰ ਵਿਧਾਨ ਸਭਾ ਅੰਦਰ ਕੈਪਟਨ ਅਮਰਿੰਦਰ ਨੇ ਕਿਸਾਨਾਂ ਲਈ ਮੁਫਤ ਬਿਜਲੀ ਦੀ ਸੁਵਿਧਾ ਜਾਰੀ ਰੱਖਣ ਦਾ ਐਲਾਨ ਕਰਦਿਆਂ ਵੱਡੇ ਕਿਸਾਨਾਂ ਨੂੰ ਖੇਤੀ ਟਿਊਬਵੈੱਲਾਂ ਲਈ ਮੁਫਤ ਬਿਜਲੀ ਦੀ ਸਹੂਲਤ ਛੱਡਣ ਦੀ ਅਪੀਲ ਕੀਤੀ ਸੀ। ਉਸ ਸਮੇਂ ਕਾਂਗਰਸ ਵਿਧਾਇਕਾਂ ਨੇ ਇਸ ਦਾ ਹੱਥ ਖੜ੍ਹੇ ਕਰ ਕੇ ਸਮਰਥਨ ਕੀਤਾ ਸੀ। ਪੰਜਾਬ 'ਚ 14 ਲੱਖ ਤੋਂ ਵੱਧ ਟਿਊਬਵੈੱਲ ਕੁਨੈਕਸ਼ਨ ਹਨ। ਸਰਕਾਰ ਵੱਲੋਂ ਮੁਫਤ ਬਿਜਲੀ ਦੇ ਸਾਲ 2016-17 ਵਿਚ 6364.49 ਕਰੋੜ ਰੁਪਏ ਅਦਾ ਕੀਤੇ ਜਾਣੇ ਸਨ। ਪਿਛਲੇ ਦੋ ਸਾਲਾਂ ਦੀ ਲਗਭਗ 2300 ਕਰੋੜ ਰੁਪਏ ਸਬਸਿਡੀ ਸਰਕਾਰ ਵੱਲ ਬਕਾਇਆ ਖੜ੍ਹੀ ਹੋਣ ਕਰ ਕੇ ਇਸ ਵਾਰ ਦੇ ਬਜਟ 'ਚ ਬਿਜਲੀ ਸਬਸਿਡੀ ਉਤੇ 10 ਹਜ਼ਾਰ ਕਰੋੜ ਰੁਪਏ ਖਰਚ ਹੋਣੇ ਹਨ।

ਬਜਟ ਵਾਲੇ ਦਿਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੋਂ ਮੁਫਤ ਬਿਜਲੀ ਦੀ ਸਹੂਲਤ ਛੱਡਣ ਬਾਰੇ ਪੁੱਛਣ ਉਤੇ ਉਨ੍ਹਾਂ ਕਿਹਾ ਸੀ ਕਿ ਉਹ ਸਭ ਤੋਂ ਪਹਿਲਾਂ ਤਿਆਰ ਹਨ ਪਰ ਉਨ੍ਹਾਂ ਕੋਲ ਕੋਈ ਟਿਊਬਵੈੱਲ ਕੁਨੈਕਸ਼ਨ ਹੀ ਨਹੀਂ ਹੈ।

ਸ੍ਰੀ ਨਾਗਰਾ ਨੇ ਕਿਹਾ ਕਿ ਉਨ੍ਹਾਂ ਵਿਧਾਨ ਸਭਾ ਦੇ ਅੰਦਰ ਹੀ ਮੁਫਤ ਬਿਜਲੀ ਦੀ ਸੁਵਿਧਾ ਛੱਡਣ ਤੋਂ ਇਲਾਵਾ ਬਤੌਰ ਵਿਧਾਇਕ ਇਕ ਮਹੀਨੇ ਦੀ ਤਨਖਾਹ ਵੀ ਕਿਸਾਨਾਂ-ਮਜ਼ਦੂਰਾਂ ਦੇ ਹਿੱਤ ਵਿਚ ਦੇਣ ਦਾ ਐਲਾਨ ਕੀਤਾ ਸੀ। ਛੇਤੀ ਉਹ ਆਪਣੀ ਤਨਖਾਹ ਮੁੱਖ ਮੰਤਰੀ ਦਫਤਰ ਨੂੰ ਦੇਣਗੇ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਮੁੱਖ ਮੰਤਰੀ ਦੀ ਅਪੀਲ 'ਤੇ ਅਮਲ ਕਰਾਉਣ ਲਈ ਆਗੂਆਂ ਤੇ ਵੱਡੇ ਕਿਸਾਨਾਂ ਨੂੰ ਪ੍ਰੇਰਿਤ ਕਰਨ ਦਾ ਤਰੀਕਾ ਵੀ ਲੱਭ ਰਹੀ ਹੈ। ਸੂਤਰਾਂ ਅਨੁਸਾਰ ਪਟਿਆਲਾ ਦੀ ਕੈਂਟ ਡਿਵੀਜ਼ਨ ਪੂਰਬੀ ਦੇ ਅਧੀਨ ਆਉਂਦੇ ਪਿੰਡ ਭਾਨਰੀ ਦੇ ਕਿਸਾਨ ਸੁਖਵਿੰਦਰ ਸਿੰਘ ਨੇ ਵੀ ਆਪਣੇ 20 ਹਾਰਸ ਪਾਵਰ ਦੇ ਟਿਊਬਵੈੱਲ ਕੁਨੈਕਸ਼ਨ ਦੀ ਮੁਫਤ ਬਿਜਲੀ ਛੱਡਣ ਦੀ ਪੇਸ਼ਕਸ਼ ਕੀਤੀ ਹੈ। ਸੂਤਰਾਂ ਅਨੁਸਾਰ ਪੰਜਾਬ 'ਚ ਵਾਹੀ ਵਾਲੀ 30 ਫੀਸਦੀ ਜ਼ਮੀਨ ਵੱਡੇ ਕਿਸਾਨਾਂ ਕੋਲ ਹੈ। ਸੂਬੇ ਵਿਚ 17 ਸਟੈਂਡਰਡ ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਨੂੰ ਕਾਨੂੰਨੀ ਦਾਇਰੇ ਤੋਂ ਬਾਹਰ ਮੰਨਿਆ ਜਾਂਦਾ ਹੈ।

ਜੇਕਰ 17 ਏਕੜ ਤੋਂ ਉਪਰ ਦੀ ਖੇਤੀ ਕਰਨ ਵਾਲਿਆਂ ਦੀ ਮੁਫਤ ਬਿਜਲੀ ਵਾਪਸ ਲੈ ਲਈ ਜਾਵੇ ਤਾਂ ਸਰਕਾਰ ਨੂੰ ਤਕਰੀਬਨ ਸਾਢੇ ਤਿੰਨ ਲੱਖ ਟਿਊਬਵੈੱਲਾਂ ਤੋਂ ਤਕਰੀਬਨ ਦੋ ਹਜ਼ਾਰ ਕਰੋੜ ਰੁਪਏ ਦੀ ਬੱਚਤ ਹੋ ਸਕਦੀ ਹੈ।

## ਬਾਦਲ ਸਰਕਾਰ ਵੇਲੇ ਵੀ ਉਠੀ ਸੀ ਮੰਗ

**ਚੰਡੀਗੜ੍ਹ:** ਸੁਖਪਾਲ ਸਿੰਘ ਖਹਿਰਾ ਨੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 2015 ਵਿਚ ਇਕ ਚਿੱਠੀ ਲਿਖ ਕੇ ਗਰੀਬ ਕਿਸਾਨਾਂ ਦੀ ਬਾਂਹ ਫੜਨ ਲਈ ਵੱਡੇ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਛੱਡਣ ਦੀ ਅਪੀਲ ਕਰਦਿਆਂ ਆਪਣੇ 9 ਟਿਊਬਵੈੱਲਾਂ ਦੀ ਮੁਫਤ ਬਿਜਲੀ ਛੱਡਣ ਦੀ ਪੇਸ਼ਕਸ਼ ਕੀਤੀ ਸੀ। ਇਸ 'ਚ ਕਿਹਾ ਸੀ ਕਿ ਲਗਭਗ 50 ਦੇ ਕਰੀਬ ਬਾਦਲ ਪਰਿਵਾਰ ਦੇ ਟਿਊਬਵੈੱਲਾਂ ਦੀ ਮੁਫਤ ਬਿਜਲੀ ਦੀ ਸਹੂਲਤ ਵਾਪਸ ਕਰ ਦਿੱਤੀ ਜਾਵੇ। ਬਾਦਲ ਤਾਂ ਖਾਮੋਸ਼ ਰਹੇ ਪਰ ਪਾਵਰਕੌਮ ਦੇ ਅਧਿਕਾਰੀਆਂ ਨੇ ਖਹਿਰਾ ਦੀ ਚਿੱਠੀ ਨੂੰ ਪੰਜਾਬ ਸਰਕਾਰ ਕੋਲ ਭੇਜ ਦਿੱਤਾ ਸੀ ਕਿਉਂਕਿ ਇਹ ਨੀਤੀਗਤ ਮਾਮਲੇ ਨਾਲ ਸਬੰਧਤ ਹੈ।

ਬਿਜਲੀ ਸੁਧਾਰ ਵਿੰਗ ਦੇ ਓ.ਐਸ.ਡੀ. ਨੇ ਪਾਵਰਕੌਮ ਦੇ ਚੇਅਰਮੈਨ-ਕਮ-ਪ੍ਰਬੰਧਕੀ ਨਿਰਦੇਸ਼ਕ ਦੇ ਨਾਂ ਫਰਵਰੀ 2017 ਵਿਚ ਲਿਖੀ ਚਿੱਠੀ ਵਿਚ ਕਿਹਾ ਸੀ ਕਿ ਜੇਕਰ ਕੋਈ ਮੁਫਤ ਬਿਜਲੀ ਦੀ ਸਹੂਲਤ ਛੱਡਣਾ ਚਾਹੁੰਦਾ ਹੈ ਤਾਂ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੈ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਆਰ.ਐਸ.ਐਸ. ਦੀਆਂ ਅੱਖਾਂ ਵਿਚ ਰੜਕਿਆ ਸ਼ਾਇਰ ਪਾਸ਼

**ਚੰਡੀਗੜ੍ਹ:** ਸਿਰਫ 19 ਵਰ੍ਹਿਆਂ ਦੀ ਉਮਰ ਵਿਚ ਜਦੋਂ ਪਾਸ਼ ਨੇ ਪੰਜਾਬੀ ਕਵਿਤਾ ਦੇ ਸੁਹਜਵਾਦੀ ਸਰੂਪ ਉਤੇ ਉਂਗਲ ਚੁੱਕੀ ਤਾਂ ਪੰਜਾਬੀ ਦੇ ਇਕ ਸਥਾਪਤ ਕਵੀ ਨੇ ਉਸ ਦੀ ਕਵਿਤਾ ਨੂੰ 'ਸਿਰਫ ਲਾਲ ਟਾਕੀ' ਆਖ ਕੇ ਰੱਦ ਕੀਤਾ, ਪਰ ਇਸ ਨੌਜਵਾਨ ਕਵੀ ਦਾ ਹੁੰਗਾਰਾ ਕਾਵਿਕ ਸੀ: 'ਮੈਥੋਂ ਇਹ ਆਸ ਨਾ ਰੱਖਿਓ ਕਿ ਮੈਂ ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।' ਹੁਣ ਜਦੋਂ ਆਰ.ਐਸ.ਐਸ. ਵਿਚਾਰਧਾਰਕ ਦੀਨਾਨਾਥ ਬੱਤਰਾ ਨੇ ਉਸ ਦੀ ਕਵਿਤਾ 'ਸਭ ਤੋਂ ਖਤਰਨਾਕ' ਐਨ.ਸੀ.ਈ.ਆਰ.ਟੀ. ਦੀ ਪਾਠ ਪੁਸਤਕ ਵਿਚੋਂ ਹਟਾਉਣ ਲਈ ਸੁਝਾਅ ਦਿੱਤਾ ਹੈ, ਤਾਂ ਉਸ ਦਾ ਪ੍ਰਤੀਕਰਮ ਭਲਾ ਕੀ ਹੁੰਦਾ?

ਯਾਦ ਰਹੇ ਕਿ ਸਾਲ 2006 ਵਿਚ ਪਾਸ਼ ਦੀ ਮਸ਼ਹੂਰ ਕਵਿਤਾ 'ਸਭ ਤੋਂ ਖਤਰਨਾਕ' ਦੇ ਹਿੰਦੀ ਅਨੁਵਾਦ ਨੂੰ ਗਿਆਰਵੀਂ ਹਿੰਦੀ ਦੇ ਪਾਠਕ੍ਰਮ ਦਾ ਭਾਗ ਬਣਾਇਆ ਗਿਆ। ਉਹ ਇਕੋ ਇਕ ਪੰਜਾਬੀ ਕਵੀ ਹੈ ਜਿਸ ਦੀ ਕਵਿਤਾ ਨੂੰ ਐਨ.ਸੀ.ਈ.ਆਰ.ਟੀ. ਦੀ ਪਾਠ ਪੁਸਤਕ ਵਿਚ ਥਾਂ ਮਿਲੀ। ਬੱਤਰਾ ਨੇ ਪਾਸ਼ ਤੋਂ ਇਲਾਵਾ ਰਾਬਿੰਦਰਨਾਥ ਟੈਗੋਰ ਦੇ ਵਿਚਾਰਾਂ, ਮਿਰਜ਼ਾ ਗਾਲਿਬ ਦੀ ਇਕ ਕਵਿਤਾ ਅਤੇ ਐਮ.ਐਫ. ਹੁਸੈਨ ਦੀ ਸਵੈ ਜੀਵਨੀ ਦੀਆਂ ਟੂਕਾਂ ਨੂੰ ਹਟਾਉਣ ਲਈ ਐਨ.ਸੀ.ਈ.ਆਰ.ਟੀ. ਨੂੰ ਆਖਿਆ ਹੈ। ਬੱਤਰਾ ਦੇ ਇਸ ਕਦਮ ਨੂੰ ਐਨ.ਸੀ.ਈ.ਆਰ. ਦੀਆਂ ਕਿਤਾਬਾਂ ਦੇ ਪ੍ਰਕਾਸ਼ਨ ਤੇ ਖੋਜ ਨਾਲ ਸਬੰਧਤ ਰਹੇ ਸਿੱਖਿਆ ਸ਼ਾਸਤਰੀਆਂ ਨੇ ਗੈਰ ਅਕਾਦਮਿਕ ਦੱਸਿਆ ਹੈ।

**ਆਰ.ਐਸ.ਐਸ. ਵਿਦਵਾਨ ਵੱਲੋਂ ਪਾਠ ਪੁਸਤਕ 'ਚੋਂ ਕਵਿਤਾ 'ਸਭ ਤੋਂ ਖਤਰਨਾਕ' ਹਟਾਉਣ ਦਾ ਸੁਝਾਅ**


ਪਾਸ਼


ਦੀਨਾਨਾਥ ਬੱਤਰਾ

## ਅਣਖ ਖਾਤਰ ਭਾਰਤੀ ਮੂਲ ਦੀ ਮੁਸਲਿਮ ਲੜਕੀ ਦਾ ਕਤਲ

**ਲੰਡਨ:** ਬਰਤਾਨੀਆ ਵਿਚ ਭਾਰਤੀ ਮੂਲ ਦੀ 19 ਸਾਲਾ ਮੁਸਲਿਮ ਲੜਕੀ ਨੂੰ ਅਗਵਾ ਕਰ ਕੇ ਜਬਰ ਜਨਾਹ ਮਗਰੋਂ ਕਤਲ ਕਰ ਦਿੱਤਾ ਗਿਆ। ਮੀਡੀਆ ਰਿਪੋਰਟਾਂ ਅਨੁਸਾਰ ਉਸ ਨੂੰ ਇਕ ਅਰਬੀ ਮੁਸਲਿਮ ਲੜਕੇ ਨੂੰ ਮਿਲਣ ਦੀ ਸਜ਼ਾ ਵਜੋਂ ਅਣਖ ਖਾਤਰ ਕਤਲ ਕੀਤਾ ਗਿਆ ਹੈ। ਬਰਤਾਨੀਆ ਦੀ ਅਦਾਲਤ ਨੂੰ ਦੱਸਿਆ ਕਿ ਮ੍ਰਿਤਕ ਲੜਕੀ ਨੂੰ ਇਕ ਹੋਰ ਔਰਤ ਸਮੇਤ ਅਗਵਾ ਕਰ ਕੇ ਦੱਖਣ-ਪੱਛਮ ਲੰਡਨ ਥੇਮਜ਼ ਵਾਲੇ ਪਾਸੇ ਲਿਜਾਇਆ ਗਿਆ, ਜਿਥੇ ਦੋਵਾਂ ਨਾਲ ਜਬਰ ਜਨਾਹ ਕਰਨ ਮਗਰੋਂ ਲੜਕੀ ਦਾ ਕਤਲ ਕਰ ਦਿੱਤਾ ਗਿਆ। ਦੂਜੀ ਔਰਤ ਜਿਸ ਦੀ ਉਮਰ 20 ਸਾਲ ਦੇ ਕਰੀਬ ਦੱਸੀ ਗਈ ਹੈ, ਵੱਲੋਂ ਪੁਲਿਸ ਨੂੰ ਸੂਚਨਾ ਦੇਣ ਮਗਰੋਂ ਲੜਕੀ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਉਸ ਦਾ ਵੀ ਗਲਾ ਵੱਢਣ ਦੀ ਕੋਸ਼ਿਸ਼ ਕੀਤੀ ਗਈ ਜਿਸ 'ਚ ਉਹ ਜ਼ਖ਼ਮੀ ਹੋ ਗਈ।

## ਪ੍ਰੋਫੈਸਰ ਯਸ਼ ਪਾਲ ਦਾ ਦੇਹਾਂਤ

**ਨਵੀਂ ਦਿੱਲੀ:** ਕੌਸਮਿਕ ਕਿਰਨਾਂ ਦੇ ਅਧਿਐਨ ਵਿਚ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੇ ਭਾਰਤੀ ਵਿਗਿਆਨੀ ਪ੍ਰੋਫੈਸਰ ਯਸ਼ ਪਾਲ (90) ਦਾ ਮੰਗਲਵਾਰ ਨੂੰ ਦੇਹਾਂਤ ਹੋ ਗਿਆ। ਉਹ ਨੋਇਡਾ ਦੇ ਮੈਕਸ ਹਸਪਤਾਲ ਦਾਖ਼ਲ ਸਨ। ਉਨ੍ਹਾਂ ਦਾ ਜਨਮ 26 ਨਵੰਬਰ 1926 ਨੂੰ ਝੰਗ (ਹੁਣ ਪਾਕਿਸਤਾਨ 'ਚ) ਵਿਚ ਹੋਇਆ ਤੇ ਉਹ ਵੱਡੇ ਕੈਥਲ (ਹਰਿਆਣਾ) ਵਿਚ ਹੋਏ। ਪ੍ਰੋਫੈਸਰ ਯਸ਼ ਪਾਲ ਨਾਸਤਿਕ ਸਨ ਤੇ ਹਰ ਤਰ੍ਹਾਂ ਦੇ ਪਾਖੰਡ ਦੇ ਖਿਲਾਫ਼ ਰਹੇ। ਉਹ ਦੇਵੀ ਦੇਵਤਿਆਂ, ਜੋਤਿਸ਼, ਧਰਮ ਤੇ ਰਸਮ ਰਿਵਾਜ਼ ਨੂੰ ਗ਼ੈਰ-ਵਿਗਿਆਨਿਕ ਮੰਨਦੇ ਸਨ। ਉਨ੍ਹਾਂ ਭੌਤਿਕ ਵਿਗਿਆਨ ਦੀ ਪੋਸਟ-ਗਰੈਜੂਏਸ਼ਨ 1949 ਵਿਚ ਪੰਜਾਬ ਯੂਨੀਵਰਸਿਟੀ ਤੋਂ ਕੀਤੀ ਤੇ ਪੀਐਚ.ਡੀ. ਮੈਸਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ (ਅਮਰੀਕਾ) ਤੋਂ 1958 ਵਿਚ ਕੀਤੀ। ਉਨ੍ਹਾਂ ਆਪਣੇ ਕਿੱਤੇ ਦੀ ਸ਼ੁਰੂਆਤ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰੀਸਰਚ, ਬੌਂਬੇ ਤੋਂ ਕੌਸਮਿਕ ਕਿਰਨਾਂ ਗਰੁੱਪ ਦੇ ਮੈਂਬਰ ਵਜੋਂ ਕੀਤੀ। ਉਹ 1973 ਵਿਚ ਅਹਿਮਦਾਬਾਦ ਸਥਿਤ ਪੁਲਾੜ ਕੇਂਦਰ ਦੇ ਪਹਿਲੇ ਨਿਰਦੇਸ਼ਕ ਲਾਏ ਗਏ। ਯਸ਼ ਪਾਲ ਦੂਰਦਰਸ਼ਨ ਦੇ ਵਿਗਿਆਨ ਪ੍ਰੋਗਰਾਮ 'ਟਰਨਿੰਗ ਪੁਆਇੰਟ' ਨਾਲ ਵੀ ਜਾਣੇ ਜਾਂਦੇ ਸਨ ਜਿਸ ਵਿਚ ਉਹ ਸਾਧਾਰਨ ਭਾਸ਼ਾ ਵਿਚ ਵਿਗਿਆਨ ਦੇ ਨੁਕਤੇ ਸਮਝਾਉਂਦੇ ਸਨ। ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਨ (1976), ਪਦਮ ਵਿਭੂਸ਼ਨ (2013), ਵਿਗਿਆਨ ਦੇ ਪ੍ਰਚਾਰ ਲਈ ਇੰਦਰਾ ਗਾਂਧੀ ਪੁਰਸਕਾਰ (2000) ਅਤੇ ਮੇਘਨਾਦ ਸਾਹਾ ਮੈਡਲ (2006) ਵਿਚ ਦਿੱਤਾ ਗਿਆ।



## ਕਤਲੇਆਮ 84: ਇਕ ਹੋਰ ਕੇਸ ਬੰਦ ਹੋਣ ਲੱਗਾ

*(ਸਫਾ ਇਕ ਦੀ ਬਾਕੀ)*

ਨੇ 2015 ਵਿਚ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਕੇ ਦਾਅਵਾ ਕੀਤਾ ਸੀ ਕਿ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਛੇ ਮਹੀਨਿਆਂ ਵਿਚ ਜਾਂਚ ਪੂਰੀ ਕਰ ਕੇ ਸਜ਼ਾ ਦਿਵਾਈ ਜਾਵੇਗੀ, ਪਰ ਇਸ ਜਾਂਚ ਟੀਮ ਦੀ ਮਿਆਦ ਵਿਚ ਹੁਣ ਤੱਕ ਤਿੰਨ ਵਾਰ ਵਾਧਾ ਕੀਤਾ ਜਾ ਚੁੱਕਾ ਹੈ। ਇਸ ਕਤਲੇਆਮ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਖਿਲਾਫ ਠੋਸ ਸਬੂਤ ਹੋਣ ਦੇ ਬਾਵਜੂਦ ਉਹ ਅਦਾਲਤ ਨੂੰ ਕੋਈ ਰਾਹ ਨਹੀਂ ਦੇ ਰਹੇ। ਅਦਾਲਤ ਵੱਲੋਂ ਸੱਜਣ ਕੁਮਾਰ ਦਾ ਝੂਠ ਫੜਨ ਵਾਲਾ ਟੈਸਟ ਕਰਵਾਉਣ ਲਈ ਕਈ ਵਾਰ ਨੋਟਿਸ ਜਾਰੀ ਕੀਤਾ ਗਿਆ ਹੈ, ਪਰ ਉਸ ਵੱਲੋਂ ਸਾਫ ਨਾਂਹ ਕਰ ਦਿੱਤੀ ਗਈ। ਸੱਜਣ ਕੁਮਾਰ ਉਤੇ ਗਵਾਹਾਂ ਨੂੰ ਧਮਕਾਉਣ ਦੇ ਦੋਸ਼ ਵੀ ਲੱਗੇ ਹਨ। ਪਿਛਲੇ ਮਹੀਨੇ ਦੋ ਜੱਜਾਂ ਨੇ ਇਸ ਕੇਸ ਨਾਲੋਂ ਆਪਣੇ ਆਪ ਨੂੰ ਵੱਖ ਕਰ ਲਿਆ। ਇਹੀ ਕਾਰਨ ਹੈ ਕਿ ਵਿਸ਼ੇਸ਼ ਜਾਂਚ ਟੀਮ ਦੇ ਸੱਦੇ ਉਤੇ ਕੋਈ ਵੀ ਗਵਾਹ ਸਾਹਮਣੇ ਨਹੀਂ ਆਇਆ ਤੇ ਮੁੜ ਕੇਸ ਬੰਦ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

ਦੱਸਣਯੋਗ ਹੈ ਕਿ ਮੋਦੀ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਸਿੱਖ ਕਤਲੇਆਮ ਨਾਲ ਸਬੰਧਤ 650 ਕੇਸਾਂ ਵਿਚੋਂ 293 ਨੂੰ ਜਾਂਚ ਲਈ ਚੁਣਿਆ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਕੇਸਾਂ ਨੂੰ 'ਅਨਟਰੇਸ' ਦੱਸ ਕੇ ਬੰਦ ਕਰ ਦਿੱਤਾ ਗਿਆ ਸੀ। 'ਸਿੱਟ' ਨੇ 199 ਕੇਸਾਂ ਨੂੰ ਮੁਢਲੀ ਜਾਂਚ ਤੋਂ ਬਾਅਦ ਰੱਦ ਕਰ ਦਿੱਤਾ ਸੀ ਅਤੇ 59 ਕੇਸਾਂ ਨੂੰ ਅੱਗੇ ਜਾਂਚ ਲਈ ਸਹੀ ਪਾਇਆ। ਇਨ੍ਹਾਂ ਵਿਚੋਂ 38 ਕੇਸਾਂ ਨੂੰ ਬੰਦ ਕਰ ਦਿੱਤਾ ਗਿਆ ਅਤੇ 4 ਕੇਸਾਂ ਸਬੰਧੀ ਚਾਰਜਸ਼ੀਟ ਵੱਖਰੀ ਦਾਇਰ ਕੀਤੀ ਗਈ ਜੋ ਪੜਤਾਲ ਲਈ ਢੁਕਵੇਂ ਪਾਏ ਗਏ। ਦੋ ਕੇਸਾਂ ਨੂੰ ਦੋਸ਼ੀਆਂ ਦੀ ਮੌਤ ਕਾਰਨ ਬੰਦ ਕਰ ਦਿੱਤਾ ਗਿਆ। 'ਸਿੱਟ' ਕੋਲ 17 ਕੇਸ ਅਜੇ ਪੜਤਾਲ ਲਈ ਬਕਾਇਆ ਸਨ। ਹੋਰ 35 ਕੇਸਾਂ ਵਿਚ ਮੁਢਲੀ ਜਾਂਚ ਤੋਂ ਬਾਅਦ 28 ਕੇਸਾਂ ਦੀ ਅੱਗੇ ਪੜਤਾਲ ਹੋਈ, ਪਰ ਇਨ੍ਹਾਂ ਕੇਸਾਂ ਦੀ ਸਥਿਤੀ ਸਪਸ਼ਟ ਨਹੀਂ ਹੈ ਅਤੇ ਨਾ ਹੀ ਚਾਰਜਸ਼ੀਟ ਦਾਇਰ ਕਰਨ ਬਾਰੇ ਸਪਸ਼ਟ ਕੀਤਾ ਗਿਆ ਹੈ।

ਨਵੰਬਰ 1984 ਦੇ ਕਤਲੇਆਮ ਵਿਚ 3325 ਸਿੱਖਾਂ ਦੀ ਹੱਤਿਆ ਕਰ ਦਿੱਤੀ ਗਈ ਸੀ ਜਿਨ੍ਹਾਂ ਵਿਚੋਂ 2733 ਸਿੱਖਾਂ ਨੂੰ ਇਕੱਲੀ ਦਿੱਲੀ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ; ਬਾਕੀ ਮੌਤਾਂ ਉਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਦੂਸਰੇ ਰਾਜਾਂ ਵਿਚ ਹੋਈਆਂ ਸਨ।

ਦਿੱਲੀ ਪੁਲਿਸ ਨੇ ਸਬੂਤਾਂ ਦੀ ਘਾਟ ਕਾਰਨ 241 ਮਾਮਲਿਆਂ ਨੂੰ ਬੰਦ ਕਰ ਦਿੱਤਾ ਸੀ, ਜਦਕਿ ਨਾਨਾਵਤੀ ਕਮਿਸ਼ਨ ਨੇ ਉਨ੍ਹਾਂ ਵਿਚੋਂ ਸਿਰਫ ਚਾਰ ਮਾਮਲੇ ਖੋਲ੍ਹਣ ਦੀ ਸਿਫਾਰਸ਼ ਕੀਤੀ ਸੀ। ਤਕਰੀਬਨ ਇਕ ਦਰਜਨ ਜਾਂਚ ਕਮਿਸ਼ਨ/ਕਮੇਟੀਆਂ, 3600 ਤੋਂ ਵਧੇਰੇ ਗਵਾਹ, 33 ਸਾਲ ਦਾ ਵਕਫ਼ਾ ਤੇ ਅਦਾਲਤਾਂ ਵਿਚ ਇਨਸਾਫ ਲਈ ਪੀੜਤਾਂ ਦੀਆਂ ਪੁਕਾਰਾਂ ਵੀ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕਰ ਸਕੀਆਂ।

## ਭਾਰਤ ਨੂੰ ਹਿੰਦੁਸਤਾਨ ਪ੍ਰਚਾਰੇ ਜਾਣ ਖਿਲਾਫ ਰਾਸ਼ਟਰਪਤੀ ਨੂੰ ਪੱਤਰ

**ਪਟਿਆਲਾ:** ਸਾਬਕਾ ਸੰਸਦ ਮੈਂਬਰ ਅਤਿੰਦਰਪਾਲ ਸਿੰਘ ਨੇ ਮੁਲਕ ਦਾ ਸੰਵਿਧਾਨਕ ਨਾਂ ਹਿੰਦੁਸਤਾਨ ਪ੍ਰਚੱਲਿਤ ਕਰਨ ਉਤੇ ਸ਼ਿਕਵਾ ਜ਼ਾਹਿਰ ਕਰਦਿਆਂ ਦੇਸ਼ ਦੇ ਰਾਸ਼ਟਰਪਤੀ ਤੇ ਲੋਕ ਸਭਾ ਸਪੀਕਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਸ ਵਰਤਾਰੇ ਨੂੰ ਬੰਦ ਕਰਾਇਆ ਜਾਵੇ।

ਭਾਰਤੀ ਸੰਵਿਧਾਨ ਵਿਚ ਹਿੰਦੁਸਤਾਨ ਨਾਂ ਦਾ ਕਿਤੇ ਵੀ ਜ਼ਿਕਰ ਨਹੀਂ ਹੈ ਪਰ ਅੱਜ-ਕੱਲ੍ਹ ਮੁਲਕ ਦਾ ਨਾਮ ਹਿੰਦੁਸਤਾਨ ਪ੍ਰਚੱਲਿਤ ਕੀਤਾ ਜਾ ਰਿਹਾ ਹੈ, ਜਿਸ 'ਤੇ ਚਿੰਤਕ ਵੀ ਹੈਰਾਨ ਹਨ। ਚਿੰਤਕਾਂ ਵੱਲੋਂ ਸੋਸ਼ਲ ਮੀਡੀਆ ਉਤੇ ਸਵਾਲ ਕੀਤਾ ਜਾ ਰਿਹਾ ਹੈ ਕਿ ਜੇਕਰ ਭਾਰਤ ਦਾ ਨਾਂ ਮੱਲੋ-ਮੱਲੀ ਹਿੰਦੁਸਤਾਨ ਪ੍ਰਚਾਰਿਆ ਜਾ ਰਿਹਾ ਹੈ ਤਾਂ ਇਹ ਰੁਝਾਨ ਗੈਰਕਾਨੂੰਨੀ ਤੇ ਗੈਰ-ਸੰਵਿਧਾਨਕ ਹੈ। ਸੰਸਦ ਮੈਂਬਰ ਅਤਿੰਦਰਪਾਲ ਸਿੰਘ ਨੇ ਕਿਹਾ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਕੁਝ ਤਾਕਤਾਂ ਵੱਲੋਂ ਮੁਲਕ ਦਾ ਨਾਂ ਵਿਗਾੜ ਕੇ ਪੇਸ਼ ਕੀਤਾ ਜਾ ਰਿਹਾ ਹੈ।

## ਹੋਂਦ ਚਿੱਲੜ ਮਾਮਲੇ ਦੀ ਸੁਣਵਾਈ ਅੱਗੇ ਪਈ

**ਚੰਡੀਗੜ੍ਹ:** 1984 ਵਿਚ ਹਰਿਆਣਾ ਦੇ ਤਤਕਾਲੀ ਮਹਿੰਦਰਗੜ੍ਹ ਜ਼ਿਲ੍ਹੇ ਦੇ ਪਿੰਡ ਹੋਂਦ ਚਿੱਲੜ ਵਿਚ ਤਿੰਨ ਤੋਂ 70 ਸਾਲ ਤੱਕ ਦੇ 32 ਸਿੱਖਾਂ ਨੂੰ ਅੱਗ ਲਾ ਕੇ ਜ਼ਿੰਦਾ ਸਾੜਨ ਦੀਆਂ ਘਟਨਾਵਾਂ ਦੌਰਾਨ ਪੁਲਿਸ ਅਫਸਰਾਂ ਉਤੇ ਦੰਗਾਕਾਰੀਆਂ ਨਾਲ ਮਿਲੇ ਹੋਣ ਦਾ ਦੋਸ਼ ਲਾਉਣ ਵਾਲੀ ਹੋਂਦ ਚਿੱਲੜ ਤਾਲਮੇਲ ਕਮੇਟੀ ਦੀ ਪਟੀਸ਼ਨ ਉਤੇ ਸੁਣਵਾਈ ਅੱਗੇ ਪਾ ਦਿੱਤੀ ਹੈ। ਜਸਟਿਸ ਹਰੀਪਾਲ ਵਰਮਾ ਨੇ ਪਟੀਸ਼ਨਰ ਦੇ ਵਕੀਲ ਨੂੰ ਕਿਹਾ ਹੈ ਕਿ ਇਸ ਮਾਮਲੇ ਵਿਚ ਹੋਰ ਵਿਸਥਾਰ ਨਾਲ ਚਾਨਣਾ ਪਾਉਣ। ਪਿਛਲੀ ਸੁਣਵਾਈ 'ਤੇ ਇਕ ਹੋਰ ਬੈਂਚ ਨੇ ਪਟੀਸ਼ਨਰ ਦੇ ਵਕੀਲ ਕੋਲੋਂ ਦੋਸ਼ੀ ਪੁਲਿਸ ਅਫਸਰਾਂ ਦੀ ਭੂਮਿਕਾ ਬਾਰੇ ਸਥਿਤੀ ਸਪੱਸ਼ਟ ਕਰਨ ਦੀ ਹਦਾਇਤ ਕੀਤੀ ਸੀ।

## ਇਰਾਕ ਵਿਚ ਬੰਦੀਆਂ ਬਾਰੇ ਝੂਠ ਬੋਲਦੀ ਰਹੀ ਮੋਦੀ ਸਰਕਾਰ

*(ਸਫਾ ਇਕ ਦੀ ਬਾਕੀ)*

ਸਟੇਟ ਵੱਲੋਂ ਮਾਰੇ ਜਾ ਚੁੱਕੇ ਹਨ, ਪਰ ਭਾਰਤ ਸਰਕਾਰ ਨੇ ਇਸ ਦਾਅਵੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਸ੍ਰੀਮਤੀ ਸਵਰਾਜ ਨੇ ਹੀ ਪਾਰਲੀਮੈਂਟ ਨੂੰ ਦੱਸਿਆ ਸੀ ਕਿ ਭਾਰਤੀ ਏਜੰਸੀਆਂ ਨੇ ਭਾਰਤ ਦੇ ਕੁਝ ਖੈਰਖਾਹਾਂ ਦੀ ਮਦਦ ਨਾਲ ਇਹ ਜਾਣਕਾਰੀ ਹਾਸਲ ਕੀਤੀ ਕਿ ਸਾਰੇ ਭਾਰਤੀ ਬੰਦੀ ਮੋਸੂਲ ਵਿਚ ਹਨ ਅਤੇ ਸੁਰੱਖਿਅਤ ਹਨ। ਉਸ ਸਮੇਂ ਦੀਆਂ ਕੁਝ ਮੀਡੀਆ ਰਿਪੋਰਟਾਂ ਅਨੁਸਾਰ, ਭਾਰਤ ਸਰਕਾਰ ਨੇ ਇਸਲਾਮਿਕ ਸਟੇਟ ਤਕ ਵੀ ਪਹੁੰਚ ਕਰ ਕੇ ਉਸ ਨੂੰ ਬੰਦੀਆਂ ਦੀ ਰਿਹਾਈ ਬਦਲੇ ਵੱਡੀ ਰਕਮ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਇਹ ਪੇਸ਼ਕਸ਼ ਬਹੁਤੀ ਕਾਰਗਰ ਸਾਬਤ ਨਹੀਂ ਸੀ ਹੋਈ।

### ਮੇਰੀਆਂ ਅੱਖਾਂ ਸਾਹਮਣੇ ਹੋਏ ਕਤਲ: ਮਸੀਹ

**ਬਟਾਲਾ:** ਇਰਾਕ ਵਿਚੋਂ ਬਚ ਕੇ ਆਏ ਹਰਜੀਤ ਮਸੀਹ ਨੇ ਮੁੜ ਦਾਅਵਾ ਕੀਤਾ ਹੈ ਕਿ ਇਸਲਾਮਿਕ ਸਟੇਟ ਨੇ 39 ਬੰਦੀਆਂ ਨੂੰ ਉਸ ਦੀਆਂ ਅੱਖਾਂ ਸਾਹਮਣੇ ਖਤਮ ਕਰ ਦਿੱਤਾ ਸੀ। ਉਸ ਨੇ ਸਰਕਾਰ 'ਤੇ ਦੋਸ਼ ਲਾਇਆ ਕਿ ਉਸ ਨੂੰ ਸੱਚ ਬੋਲਣ ਦੀ ਸਜ਼ਾ ਦਿੱਤੀ ਗਈ। ਉਸ 'ਤੇ ਝੂਠਾ ਕੇਸ ਦਰਜ ਕਰ ਕੇ 5 ਮਹੀਨੇ ਜੇਲ੍ਹ 'ਚ ਰੱਖਿਆ ਅਤੇ ਤਸ਼ੱਦਦ ਵੀ ਕੀਤਾ। ਹਰਜੀਤ ਮਸੀਹ ਅੱਜ ਕੱਲ੍ਹ ਜ਼ਮਾਨਤ 'ਤੇ ਆਇਆ ਹੋਇਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## Matrimonial

### ਲੜਕੇ ਦੀ ਲੋੜ ਹੈ

Wanted well educated, settled, US citizen/Green card holder match for Sikh/Arora girl 35 yrs, 5'-2" (divorcee, issueless) beautiful, family oriented, educated visiting USA. Boy can be Sikh/Hindu Punjabi (clean shaven). Please send photograph and bio data at juneja0414@gmail.com or contact at 630-917-6299 28-31

### ਲੜਕੀ ਦੀ ਲੋੜ ਹੈ

Wanted beautiful girl for US Citizen Jatt Sikh handsome boy 32, 5'-6", B.Sc. electrical, software engineer. Family settled in the USA. Girl should be not more 30 and should be employed. Contact, Ph: 313-327-4107 or 586-435-6228 29-32

Ramgariah family looking for a suitable Ramgariah match for their U. S. born son, Sr. Financial Analyst 33 years of age. Please contact: jsnov1973@aol.com 28/4

ਪੰਜਾਬ ਟਾਈਮਜ਼


# ਪਾਠੀ ਸਿੰਘਾਂ ਨੇ ਸ਼੍ਰੋਮਣੀ ਕਮੇਟੀ ਖਿਲਾਫ ਖੋਲ੍ਹਿਆ ਮੋਰਚਾ

**ਅੰਮ੍ਰਿਤਸਰ:** ਅਖੰਡ ਪਾਠੀ ਸਿੰਘਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਭੇਦਭਾਵ ਕਰਨ ਦਾ ਇਲਜ਼ਾਮ ਲਾਉਂਦੀਆਂ ਕਮੇਟੀ ਖਿਲਾਫ ਛੇਤੀ ਹੀ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਪਾਠੀ ਸਿੰਘਾਂ ਨੇ ਐਲਾਨ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਖਿਲਾਫ ਭੁੱਖ ਹੜਤਾਲ 'ਤੇ ਬੈਠਣਗੇ। ਸ਼੍ਰੋਮਣੀ ਅਖੰਡ ਪਾਠੀ ਵੈਲਫੇਅਰ ਸੁਸਾਇਟੀ ਨੇ ਪਾਠੀ ਸਿੰਘਾਂ ਨਾਲ ਬੈਠਕ ਕੀਤੀ।

S.G.P.C.

ਪਾਠੀ ਸਿੰਘਾਂ ਦੀ ਅਗਵਾਈ ਕਰ ਰਹੇ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਅਧੀਨ ਜੋ ਪਾਠੀ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ, ਨੂੰ ਕਮੇਟੀ ਵੱਲੋਂ ਕੋਈ ਵੀ ਸਹੂਲਤ ਨਹੀਂ ਦਿੱਤੀ ਜਾ ਰਹੀ। ਕਮੇਟੀ ਦੀਆਂ ਪਾਠੀਆਂ ਵਿਰੋਧੀ ਨੀਤੀਆਂ ਕਰ ਕੇ ਪਾਠੀਆਂ ਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਬੱਚਿਆਂ ਦਾ ਭਵਿੱਖ ਹਨੇਰੇ ਵਿਚ ਜਾਂਦਾ ਵਿਖਾਈ ਦੇ ਰਿਹਾ ਹੈ।

ਪਾਠੀਆਂ ਦੀ ਮੰਗ ਹੈ ਕੇ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਭੇਟਾ ਵਿਚ ਵਾਧਾ ਕੀਤਾ ਜਾਵੇ ਅਤੇ ਬਾਕੀ ਮੁਲਾਜ਼ਮਾਂ ਵਾਂਗ ਮੈਡੀਕਲ ਸਹੂਲਤਾਂ ਵੀ ਦਿੱਤੀਆਂ ਜਾਣ। ਉਹ ਇਸ ਮਾਮਲੇ ਸਬੰਧੀ ਕਈ ਵਾਰ ਮੁੱਖ ਸਕੱਤਰ ਨੂੰ ਵੀ ਮਿਲ ਚੁੱਕੇ ਹਨ ਪਰ ਉਨ੍ਹਾਂ ਵੱਲੋਂ ਕੋਈ ਹੱਲ ਨਹੀਂ ਕੀਤਾ ਗਿਆ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪਾਠੀਆਂ ਦੀ ਭੇਟਾ ਵਿਚ ਵਾਧਾ ਨਾ ਕੀਤਾ ਗਿਆ ਤਾਂ ਉਹ ਜਲਦ ਹੀ ਭੁੱਖ ਹੜਤਾਲ ਉਤੇ ਬੈਠਣਗੇ।

# ਜਹਾਜ਼ ਅਗਵਾ ਕਾਂਡ: ਦਲ ਖਾਲਸਾ ਦੇ ਕਾਰਕੁਨਾਂ ਦੀ ਪੱਕੀ ਜ਼ਮਾਨਤ



**ਅੰਮ੍ਰਿਤਸਰ:** ਤਕਰੀਬਨ 36 ਸਾਲ ਪੁਰਾਣੇ ਜਹਾਜ਼ ਅਗਵਾ ਮਾਮਲੇ ਦੀ ਮੁੜ ਸੁਣਵਾਈ ਕਰਦਿਆਂ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਇਸ ਮਾਮਲੇ ਵਿਚ ਪੇਸ਼ ਹੋਏ ਦਲ ਖਾਲਸਾ ਦੇ ਦੋ ਸਿੱਖ ਆਗੂਆਂ ਸਤਨਾਮ ਸਿੰਘ ਪਾਉਂਟਾ ਸਾਹਿਬ ਅਤੇ ਤੇਜਿੰਦਰਪਾਲ ਸਿੰਘ ਦੀ ਪੱਕੀ ਜ਼ਮਾਨਤ ਦੀ ਅਰਜ਼ੀ ਪ੍ਰਵਾਨ ਕਰ ਲਈ ਹੈ। ਮਾਮਲੇ ਦੀ ਅਗਲੀ ਸੁਣਵਾਈ 31 ਜੁਲਾਈ ਤੈਅ ਕੀਤੀ ਗਈ ਹੈ।

ਇਸ ਮਾਮਲੇ ਵਿਚ ਦੋਵਾਂ ਸਿੱਖ ਆਗੂਆਂ ਵੱਲੋਂ ਸੀਨੀਅਰ ਵਕੀਲ ਮੋਹਿਤ ਮਾਥੁਰ ਅਤੇ ਮਨੀਸ਼ਾ ਭੰਡਾਰੀ ਅਦਾਲਤ ਵਿਚ ਪੇਸ਼ ਹੋਏ, ਜਿਨ੍ਹਾਂ ਅਦਾਲਤ ਅੱਗੇ ਸਾਰੇ ਪੱਖ ਰੱਖੇ। ਉਨ੍ਹਾਂ ਕਿਹਾ ਕਿ ਦੋਵੇਂ ਪਹਿਲਾਂ ਹੀ ਇਸ ਮਾਮਲੇ ਵਿਚ ਸਜ਼ਾ ਭੁਗਤ ਚੁੱਕੇ ਹਨ। ਇਸੇ ਮਾਮਲੇ ਵਿਚ ਦਿੱਲੀ ਅਦਾਲਤ ਵੱਲੋਂ ਸਤਨਾਮ ਸਿੰਘ ਨੂੰ ਬਰੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਇਸ ਪੱਖ ਨੂੰ ਵਿਚਾਰਨ ਮਗਰੋਂ ਦੋਵਾਂ ਸਿੱਖ ਆਗੂਆਂ ਨੂੰ ਪੱਕੀ ਜ਼ਮਾਨਤ ਦੇ ਦਿੱਤੀ ਹੈ। ਇਸ ਸਬੰਧੀ ਪਹਿਲਾਂ ਅਦਾਲਤ ਵੱਲੋਂ ਦੋਵਾਂ ਨੂੰ ਸਿਰਫ ਦੋ ਦਿਨ ਦੀ ਆਰਜ਼ੀ ਜ਼ਮਾਨਤ ਦਿੱਤੀ ਗਈ ਸੀ।

ਇਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ 36 ਸਾਲ ਪੁਰਾਣੇ ਹਵਾਈ ਜਹਾਜ਼ ਅਗਵਾ ਕੇਸ ਵਿਚ ਨਵੀਆਂ ਧਾਰਾਵਾਂ ਅਧੀਨ ਦਿੱਲੀ ਪੁਲਿਸ ਵੱਲੋਂ ਦੋ ਸਿੱਖਾਂ 'ਤੇ ਮੁਕੱਦਮਾ ਚਲਾਉਣ ਨੂੰ ਇਕ ਦੋਸ਼ ਵਿਚ ਦੋ ਵਾਰ ਸਜ਼ਾ ਨਾ ਦੇ ਸਕਣ ਦੇ ਸਿਧਾਂਤ ਦੀ ਉਲੰਘਣਾ ਕਰਾਰ ਦਿੱਤਾ। ਉਨ੍ਹਾਂ ਇਸ ਮਾਮਲੇ ਵਿਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਤੁਰਤ ਦਖਲ ਦੇਣ ਅਤੇ ਨਿਆਂ ਦੇਣ ਦੀ ਅਪੀਲ ਕੀਤੀ ਹੈ।

## ਕਾਨੂੰਨੀ ਸਹਾਇਤਾ ਲਈ ਕੈਪਟਨ ਸਰਕਾਰ ਆਈ ਅੱਗੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 36 ਸਾਲ ਪਹਿਲਾਂ ਜਹਾਜ਼ ਅਗਵਾ ਕਰ ਕੇ ਲਾਹੌਰ ਲਿਜਾਣ 'ਤੇ ਦੋਹਰੀ ਸਜ਼ਾ ਦੀਆਂ ਸੰਭਾਵਨਾਵਾਂ ਦਾ ਸਾਹਮਣਾ ਕਰਨ ਵਾਲੇ ਦੋ ਸਿੱਖਾਂ ਨੂੰ ਕਾਨੂੰਨੀ ਮਦਦ ਦੇਣ ਲਈ ਸੂਬੇ ਦੀ ਕਾਨੂੰਨੀ ਸਹਾਇਤਾ ਟੀਮ ਨੂੰ ਨਿਰਦੇਸ਼ ਜਾਰੀ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਅਗਵਾ ਦੀ ਘਟਨਾ ਨਿੰਦਣਯੋਗ ਹੈ ਪਰ ਉਸੇ ਅਪਰਾਧ ਲਈ ਪਾਕਿਸਤਾਨ ਵਿਚ ਉਮਰ ਕੈਦ ਭੁਗਤ ਚੁੱਕੇ ਦੋਵਾਂ ਸਿੱਖਾਂ ਖਿਲਾਫ਼ ਮੁੜ ਕਾਨੂੰਨੀ ਕਾਰਵਾਈ ਦੀ ਕੋਸ਼ਿਸ਼ ਨਿਆਂ ਨਾਲ ਗੰਭੀਰ ਖਿਲਵਾੜ ਹੋਵੇਗਾ।

# ਨੂੰਹ, ਪੁੱਤ ਤੇ ਪੋਤੀ ਨੂੰ ਅੱਗ ਲਾਉਣ ਪਿੱਛੋਂ ਖੁਦਕੁਸ਼ੀ



**ਪਠਾਨਕੋਟ:** ਸੁਜਾਨਪੁਰ ਨੇੜਲੇ ਪਿੰਡ ਸੌਲੀ-ਭੋਲੀ ਵਿਚ ਘਰੇਲੂ ਕਲੇਸ਼ ਕਾਰਨ ਪਿਉ ਨੇ ਆਪਣੀ ਨੂੰਹ, ਪੁੱਤ ਤੇ ਡੇਢ ਸਾਲ ਦੀ ਪੋਤੀ ਉਤੇ ਪੈਟਰੋਲ ਪਾ ਕੇ ਅੱਗ ਲਾ ਦਿੱਤੀ ਅਤੇ ਬਾਅਦ ਵਿਚ ਆਪ ਵੀ ਖੁਦਕੁਸ਼ੀ ਕਰ ਲਈ। ਉਸ ਦੇ ਪੁੱਤ ਅਤੇ ਪੋਤੀ ਦੀ ਮੌਤ ਹੋ ਗਈ ਜਦਕਿ ਨੂੰਹ ਜ਼ੇਰੇ ਇਲਾਜ ਹੈ। ਇਹ ਘਟਨਾ ਰਾਤ 12 ਵਜੇ ਦੇ ਕਰੀਬ ਵਾਪਰੀ। ਉਸ ਵੇਲੇ ਸੇਵਾ ਸਿੰਘ, ਉਸ ਦੀ ਪਤਨੀ ਬਲਜੀਤ ਕੌਰ ਅਤੇ ਬੱਚੀ ਮਨਕੀਤ ਕੌਰ ਸੁੱਤੇ ਪਏ ਸਨ ਤੇ ਸੇਵਾ ਸਿੰਘ ਦੇ ਪਿਤਾ ਮਨਜੀਤ ਸਿੰਘ ਨੇ ਉਨ੍ਹਾਂ 'ਤੇ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ।

ਅੱਗ ਲੱਗਦੇ ਸਾਰ ਮਨਜੀਤ ਫਰਾਰ ਹੋ ਗਿਆ। ਸੇਵਾ ਸਿੰਘ ਤੇ ਬਲਜੀਤ ਕੌਰ ਦੀਆਂ ਚੀਕਾਂ ਸੁਣ ਕੇ ਗੁਆਂਢੀਆਂ ਨੇ ਅੱਗ ਬੁਝਾ ਕੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ। ਉਧਰ, ਮਨਜੀਤ ਸਿੰਘ ਨੇ ਯੂ.ਬੀ.ਡੀ.ਸੀ. (ਨਹਿਰ) ਵਿਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਤਿੰਨੇ ਜ਼ਖ਼ਮੀਆਂ ਨੂੰ ਇਲਾਜ ਲਈ ਪਠਾਨਕੋਟ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿਥੇ ਬੱਚੀ ਦੀ ਮੌਤ ਹੋ ਗਈ।

ਨੂੰਹ ਤੇ ਪੁੱਤਰ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਅੰਮ੍ਰਿਤਸਰ ਰੈਫਰ ਕੀਤਾ ਗਿਆ, ਜਿਥੇ ਪੁੱਤਰ ਦੀ ਮੌਤ ਹੋ ਗਈ ਜਦਕਿ ਨੂੰਹ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੀ ਹੈ। ਪੁਲਿਸ ਮੁਤਾਬਕ ਸੇਵਾ ਸਿੰਘ ਨੇ ਕਿਸ਼ਤਾਂ 'ਤੇ ਟਰੈਕਟਰ ਲਿਆ ਸੀ ਪਰ ਉਸ ਦਾ ਪਿਉ ਟਰੈਕਟਰ ਮੰਗ ਰਿਹਾ ਸੀ। ਸੇਵਾ ਸਿੰਘ ਨੇ ਉਸ ਨੂੰ ਜਵਾਬ ਦੇ ਦਿੱਤਾ, ਜਿਸ ਤੋਂ ਬਾਅਦ ਇਸੇ ਪਿੰਡ ਦੇ ਵੱਸਣ ਸਿੰਘ ਨੇ ਮਨਜੀਤ ਸਿੰਘ ਨੂੰ ਭੜਕਾਇਆ ਤੇ ਮਨਜੀਤ ਨੇ ਇਹ ਕਾਰਾ ਕਰ ਦਿੱਤਾ।

## ਇਸ਼ਤਿਹਾਰਬਾਜ਼ੀ 'ਤੇ ਮੋਦੀ ਸਰਕਾਰ ਨੇ ਪਾਣੀ ਵਾਂਗੂ ਵਹਾਇਆ ਪੈਸਾ

**ਨਵੀਂ ਦਿੱਲੀ:** ਡਾਇਰੈਕਟੋਰੇਟ ਆਫ ਵਿਜ਼ੁਅਲ ਪਬਲੀਸਿਟੀ (ਡੀ.ਏ.ਵੀ.ਪੀ.) ਨੇ ਸਾਲ 2016-17 ਦੌਰਾਨ ਸਰਕਾਰ ਦੀਆਂ ਨੀਤੀਆਂ, ਯੋਜਨਾਵਾਂ, ਪ੍ਰਾਜੈਕਟਾਂ ਬਾਰੇ ਪ੍ਰਚਾਰ ਲਈ 1,286 ਕਰੋੜ ਰੁਪਏ ਇਸ਼ਤਿਹਾਰਬਾਜ਼ੀ 'ਤੇ ਖਰਚੇ ਹਨ।

ਸੂਚਨਾ ਤੇ ਪ੍ਰਸਾਰ ਰਾਜ ਮੰਤਰੀ ਰਾਜ ਵਰਧਨ ਰਾਠੌਰ ਨੇ ਰਾਜ ਸਭਾ ਨੂੰ ਦੱਸਿਆ ਕਿ ਇਸ ਸਾਲ ਡੀ.ਏ.ਵੀ.ਪੀ. ਵੱਲੋਂ ਇਸ਼ਤਿਹਾਰਾਂ 'ਤੇ ਖਰਚ ਕੀਤੀ ਗਈ ਰਕਮ ਪਿਛਲੇ ਸਾਲ ਦੇ 1,188.55 ਕਰੋੜ ਨਾਲੋਂ 8.15 ਫੀਸਦੀ ਵੱਧ ਹੈ। ਡੀ.ਏ.ਵੀ.ਪੀ. ਨੇ ਸਾਲ 2014-15 ਦੌਰਾਨ ਇਸ਼ਤਿਹਾਰਾਂ ਉਤੇ 998.34 ਕਰੋੜ ਰੁਪਏ ਖਰਚ ਕੀਤੇ ਸਨ।

ਡੀ.ਏ.ਵੀ.ਪੀ. ਕੇਂਦਰੀ ਮੰਤਰਾਲਿਆਂ ਤੇ ਵਿਭਾਗਾਂ ਦੇ ਆਧਾਰ ਉਤੇ ਸਰਕਾਰ ਦੀਆਂ ਨੀਤੀਆਂ, ਯੋਜਨਾਵਾਂ, ਪ੍ਰੋਜੈਕਟਾਂ ਤੇ ਸਮਾਗਮਾਂ ਬਾਰੇ ਪ੍ਰਚਾਰ ਕਰਨ ਲਈ ਇਸ਼ਤਿਹਾਰ ਦਿੰਦਾ ਹੈ। ਇਹ ਇਸ਼ਤਿਹਾਰ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਸਮੇਤ ਵੱਖ-ਵੱਖ ਮਾਧਿਅਮਾਂ ਰਾਹੀਂ ਦਿੱਤੇ ਜਾਂਦੇ ਹਨ। ਇਸ ਸਾਲ ਡੀ.ਏ.ਵੀ.ਪੀ. ਵੱਲੋਂ 468.53 ਕਰੋੜ ਰੁਪਏ ਪ੍ਰਿੰਟ ਮੀਡੀਆ, 609.14 ਕਰੋੜ ਰੁਪਏ ਆਡੀਓ-ਵਿਜ਼ੁਅਲ, 15.81 ਕਰੋੜ ਰੁਪਏ ਪ੍ਰਿੰਟਡ ਪ੍ਰਚਾਰ, 186.59 ਕਰੋੜ ਬਾਹਰੀ ਪ੍ਰਚਾਰ ਤੇ 5.70 ਕਰੋੜ ਰੁਪਏ ਨੁਮਾਇਸ਼ਾਂ 'ਤੇ ਖਰਚ ਕੀਤੇ ਗਏ ਹਨ।

## ਸਰੋਵਰ 'ਚ ਡੁੱਬਣ ਨਾਲ ਦੋ ਬੱਚਿਆਂ ਦੀ ਮੌਤ

**ਪਾਤੜਾਂ:** ਪੰਜਾਬ ਤੇ ਹਰਿਆਣਾ ਦੀ ਹੱਦ ਉਤੇ ਸਾਂਝੀ ਜ਼ਮੀਨ ਵਿਚ ਬਣੇ ਇਤਿਹਾਸਕ ਨਗਰ ਬਹਿਰ ਸਾਹਿਬ ਦੇ ਦੋ ਬੱਚਿਆਂ ਦੀ ਸ਼ਿਵਮਤੀ ਮਾਤਾ ਮੰਦਿਰ ਦੇ ਸਰੋਵਰ ਵਿਚ ਡੁੱਬਣ ਕਾਰਨ ਮੌਤ ਹੋ ਗਈ। ਦੋਵੇਂ ਰਿਸ਼ਤੇਦਾਰ ਸਨ। ਮ੍ਰਿਤਕਾਂ ਦੀ ਪਛਾਣ ਐਮ.ਪੀ. ਰਾਮ (16) ਤੇ ਕਰਨ ਰਾਮ (14) ਵਜੋਂ ਹੋਈ ਹੈ।


# ਡਿਸ਼ ਵਾਸ਼ਰ, ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਡਿਸ਼ ਵਾਸ਼ਰ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348

30-32

# ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁੱਕ, ਤੰਦੂਰੀਏ, ਹੈਲਪਰ, ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਤੇ ਮੁਫਤ ਰਿਹਾਇਸ਼।

ਸੰਪਰਕ ਕਰੋ

ਫੋਨ: 515-291-1961

26-29

WEBSITE - DHOLRADIO.CO

DHOL RADIO

# DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ



REQUEST SONG
MUSIC 24/7
LISTEN ON PHONE

ਹੁਣ ਸ਼ਿਕਾਗੋ ਤੋਂ

Application For Android and iPhone - Dhol Radio

LIVE CALLS → USA 951-824-6365

skype - DHOLRADIO.ORG

LISTEN BY CALL → USA 702-489-0211

Sukhpal Gill
10 pm to 12 am (IST)

Puran singh waraich
2:30 pm to 4 pm (IST)

# INDIAN BAZAAR

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੋਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੋਸਰੀ ਸਟੋਰ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।



ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ

ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ

Ph: 317-534-5151, 916-524-0045

# ਮੋਦੀ ਸਰਕਾਰ ਨੇ ਜੀ.ਐਸ.ਟੀ. ਬਾਰੇ ਸ਼੍ਰੋਮਣੀ ਕਮੇਟੀ ਨੂੰ ਨਾ ਦਿੱਤਾ ਰਾਹ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਗੁਰਦੁਆਰਿਆਂ ਵਿਚ ਲੰਗਰ ਵਾਸਤੇ ਲੋੜੀਂਦੀ ਰਸਦ ਅਤੇ ਭਲਾਈ ਕਾਰਜਾਂ ਉਤੇ ਜੀ.ਐਸ.ਟੀ. ਤੋਂ ਛੋਟ ਦੇਣ ਦੀ ਅਪੀਲ ਬਾਰੇ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਕੋਈ ਹਾਂ-ਪੱਖੀ ਹੁੰਗਾਰਾ ਨਾ ਮਿਲਣ ਕਾਰਨ ਕਮੇਟੀ ਨੂੰ ਨਿਰਾਸ਼ਾ ਹੋਈ ਹੈ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨੂੰ ਪੱਤਰ ਭੇਜੇ ਗਏ ਹਨ ਅਤੇ ਛੇਤੀ ਹੀ ਸਾਰੇ ਰਾਜਾਂ ਦੇ ਵਿੱਤ ਮੰਤਰੀਆਂ ਨੂੰ ਇਸ ਸਬੰਧੀ ਪੱਤਰ ਭੇਜਣ ਦੀ ਯੋਜਨਾ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਜੀ.ਐਸ.ਟੀ. ਨੰਬਰ ਲੈਣ ਦੇ ਮਾਮਲੇ ਵਿਚ ਵੀ ਪੈਰ ਪਿੱਛੇ ਖਿੱਚ ਲਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਜੀ.ਐਸ.ਟੀ. ਤੋਂ ਛੋਟ ਲਈ ਕੇਂਦਰੀ ਵਿੱਤ ਮੰਤਰੀ, ਜੀ.ਐਸ.ਟੀ. ਕੌਂਸਲ ਤੇ ਸੂਬਾ ਪੱਧਰ 'ਤੇ ਮੁੱਖ ਮੰਤਰੀ ਨੂੰ ਪੱਤਰ ਭੇਜੇ ਗਏ ਸਨ ਪਰ ਕੋਈ ਹੁੰਗਾਰਾ ਨਹੀਂ ਮਿਲਿਆ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਜੀ.ਐਸ.ਟੀ. ਨੰਬਰ ਲੈਣ ਦੇ ਮਾਮਲੇ ਵਿਚ ਪੈਰ ਪਿੱਛੇ ਖਿੱਚ ਲਏ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਵੱਲੋਂ ਜਾਰੀ ਬਿਆਨ ਵਿਚ ਆਖਿਆ ਗਿਆ ਹੈ ਕਿ ਇਹ ਨੰਬਰ ਲੈਣ ਲਈ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਇਸ ਸਬੰਧੀ ਛਪ ਰਹੀਆਂ ਖ਼ਬਰਾਂ ਨੂੰ ਬੇਬੁਨਿਆਦ ਆਖਿਆ ਹੈ, ਜਦੋਂਕਿ ਕੁਝ ਦਿਨ ਪਹਿਲਾਂ ਗੱਲਬਾਤ ਦੌਰਾਨ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਸਿੱਖ ਸੰਸਥਾ ਨੂੰ ਖਰੀਦੋ-ਫਰੋਖ਼ਤ ਲਈ ਇਸ ਨੰਬਰ ਦੀ ਲੋੜ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਲੰਗਰ ਦਾ ਸਮਾਂ ਘਟਾਉਣ ਸਬੰਧੀ ਛਪੀ ਖ਼ਬਰ ਦਾ ਖੰਡਨ ਕਰਦਿਆਂ ਕਿਹਾ ਕਿ ਪ੍ਰੋ. ਬਡੂੰਗਰ ਵੱਲੋਂ ਲੰਗਰ ਦਾ ਸਮਾਂ ਘੱਟ ਕਰਨ ਬਾਰੇ ਕੋਈ ਬਿਆਨ ਨਹੀਂ ਦਿੱਤਾ ਗਿਆ।



### ਹੁਣ ਜੀ.ਐਸ.ਟੀ. ਕੌਂਸਲ ਦੀ ਰੀਵਿਊ ਮੀਟਿੰਗ ਤੋਂ ਆਸਾਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੂੰ ਉਮੀਦ ਹੈ ਕਿ ਪੰਜ ਅਗਸਤ ਨੂੰ ਜੀ.ਐਸ.ਟੀ. ਕੌਂਸਲ ਦੀ ਹੋਣ ਵਾਲੀ ਰੀਵਿਊ ਮੀਟਿੰਗ ਵਿਚ ਗੁਰਦੁਆਰਿਆਂ ਸਮੇਤ ਸਮੂਹ ਧਰਮ ਅਸਥਾਨਾਂ ਨੂੰ ਨਵੇਂ ਟੈਕਸ ਤੋਂ ਛੋਟ ਦੇਣ ਦਾ ਮਾਮਲਾ ਵਿਚਾਰਦਿਆਂ ਉਨ੍ਹਾਂ ਨੂੰ ਰਾਹਤ ਮਿਲ ਸਕਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰਦੁਆਰਿਆਂ, ਜੋ ਸੇਵਾ ਦਾ ਕੇਂਦਰ ਹਨ, ਨੂੰ ਇਸ ਟੈਕਸ ਤੋਂ ਛੋਟ ਦੇਣ ਦੀ ਅਪੀਲ ਕੀਤੀ ਹੈ। ਇਸ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ ਆਗੂਆਂ ਦਾ ਵਫਦ ਵੀ ਕੇਂਦਰ ਸਰਕਾਰ ਨੂੰ ਮਿਲ ਕੇ ਆਇਆ ਹੈ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਖੁਦ ਧਰਮ ਨੂੰ ਮੰਨਣ ਵਾਲੇ ਹਨ ਅਤੇ ਕੇਂਦਰੀ ਵਿੱਤ ਮੰਤਰੀ ਤਾਂ ਅੰਮ੍ਰਿਤਸਰ ਨਾਲ ਸਬੰਧਤ ਹਨ। ਇਸ ਲਈ ਉਮੀਦ ਹੈ ਕਿ ਨਵੇਂ ਟੈਕਸ ਤੋਂ ਧਰਮ ਅਸਥਾਨਾਂ ਨੂੰ ਛੋਟ ਦੇ ਦਿੱਤੀ ਜਾਵੇਗੀ।

# ਬਾਦਲ ਵੱਲੋਂ ਤਾਰੋਂ ਪਾਰਲੇ ਕਿਸਾਨਾਂ ਨੂੰ ਦਿੱਤੇ ਚੈੱਕ ਹੋਏ ਬਾਊਂਸ

**ਤਰਨ ਤਾਰਨ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਵੰਬਰ 2016 ਵਿਚ ਕੰਡਿਆਲੀ ਤਾਰ ਪਾਰ ਕਿਸਾਨਾਂ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਖੁਦ ਸਰਹੱਦੀ ਪਿੰਡਾਂ ਵਿਚ ਜਾ ਕੇ ਜਾਰੀ ਕੀਤੇ ਮੁਆਵਜ਼ੇ ਦੇ ਹਜ਼ਾਰਾਂ ਚੈੱਕ ਬਾਊਂਸ ਹੋ ਗਏ ਹਨ ਜਿਸ ਨਾਲ ਸਰਹੱਦੀ ਕਿਸਾਨ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਸਾਲ 2015 ਦੇ ਜਾਰੀ ਹੋਏ ਮੁਆਵਜ਼ੇ ਦੀ ਬਕਾਇਆ ਰਾਸ਼ੀ ਲੈਣ ਲਈ ਪੰਜਾਬ ਬਾਰਡਰ ਏਰੀਆ ਕਿਸਾਨ ਵੈੱਲਫੇਅਰ ਸੁਸਾਇਟੀ ਨੇ ਐਲਾਨ ਕੀਤਾ ਹੈ ਕਿ ਜੇਕਰ ਉਨ੍ਹਾਂ ਨੂੰ ਬਣਦੀ ਮੁਆਵਜ਼ੇ ਦੀ ਰਾਸ਼ੀ ਨਾ ਮਿਲੀ ਤਾਂ ਸਰਹੱਦੀ ਕਿਸਾਨ ਨੰਗੇ ਧੜ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਫਤਰ ਅੱਗੇ ਧਰਨੇ 'ਤੇ ਬੈਠ ਜਾਣਗੇ।


ਵਰਨਣਯੋਗ ਹੈ ਕਿ ਭਾਰਤ-ਪਾਕਿ ਸਰਹੱਦ 'ਤੇ ਪੰਜਾਬ ਨਾਲ ਸਬੰਧਤ ਪੈਂਦੇ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ, ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ ਕਿਸਾਨਾਂ ਦੀ 21600 ਏਕੜ ਜ਼ਮੀਨ ਪੈਂਦੀ ਹੈ। ਤਾਰ ਪਾਰ ਦਾ ਸਾਰਾ ਕੰਟਰੋਲ ਭਾਰਤੀ ਫੌਜ ਕੋਲ ਹੋਣ ਕਾਰਨ ਇਨ੍ਹਾਂ ਕਿਸਾਨਾਂ ਨੂੰ ਆਪਣੀ ਜ਼ਮੀਨ 'ਚ ਕਾਸ਼ਤ ਕਰਨ ਸਮੇਂ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਆ ਰਿਹਾ ਹੈ।

ਇਥੋਂ ਤੱਕ ਕਿ ਇਨ੍ਹਾਂ ਕਿਸਾਨਾਂ ਨੂੰ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਮੁਆਵਜ਼ੇ ਦੀ ਰਾਸ਼ੀ ਸਹੀ ਢੰਗ ਨਾਲ ਨਹੀਂ ਮਿਲ ਰਹੀ। ਪੰਜਾਬ ਬਾਰਡਰ ਕਿਸਾਨ ਵੈੱਲਫੇਅਰ ਸੁਸਾਇਟੀ ਦੇ ਸੂਬਾ ਪ੍ਰਧਾਨ ਰਘਬੀਰ ਸਿੰਘ ਭੰਗਾਲਾ ਨੇ ਦੱਸਿਆ ਕਿ 1947 ਤੋਂ ਲੈ ਕੇ ਹੁਣ ਤੱਕ ਗੁਆਂਢੀ ਮੁਲਕ ਪਾਕਿਸਤਾਨ 1965, 1971 ਤੇ ਕਾਰਗਿਲ ਆਦਿ ਦੀਆਂ ਲੜਾਈਆਂ ਦੌਰਾਨ ਸਰਹੱਦੀ ਕਿਸਾਨ ਉਜੜਦਾ ਆ ਰਿਹਾ ਹੈ। ਬੱਚੇ ਵੀ ਜ਼ਿਆਦਾਤਰ ਅਨਪੜ੍ਹ ਹਨ ਅਤੇ ਰੁਜ਼ਗਾਰ ਦੇ ਸਾਧਨਾਂ ਤੋਂ ਵੀ ਇਹ ਕਿਸਾਨ ਵਾਂਝੇ ਹਨ ਪਰ ਫਿਰ ਵੀ ਦੇਸ਼ ਦੀ ਰੱਖਿਆ ਲਈ ਇਹ ਸਰਹੱਦੀ ਕਿਸਾਨ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ।

ਕਿਸਾਨਾਂ ਨੂੰ ਸਮੇਂ-ਸਮੇਂ ਦੀਆਂ ਕੇਂਦਰ ਤੇ ਪੰਜਾਬ ਸਰਕਾਰਾਂ ਨੇ ਉਨ੍ਹਾਂ ਦਾ ਹੱਕ ਨਹੀਂ ਦਿੱਤਾ। ਸਿਰਫ ਹਾਈ ਕੋਰਟ ਤੇ ਸੁਪਰੀਮ ਕੋਰਟ ਨੇ ਉਨ੍ਹਾਂ ਦੇ ਉਜੜੇ ਹੱਕਾਂ ਨੂੰ ਦੇਖਿਆ ਤੇ ਤਾਰ ਪਾਰ ਕਿਸਾਨਾਂ ਨੂੰ ਇਨਸਾਫ ਦੇਣ ਲਈ ਵਿਸ਼ੇਸ਼ ਟ੍ਰਿਬਿਊਨਲ ਵੀ ਸਥਾਪਤ ਕੀਤਾ ਹੈ, ਜਿਸ ਦਾ ਫੈਸਲਾ ਆਉਂਦੀਆਂ ਤਰੀਕਾਂ 'ਤੇ ਹੋਣ ਦੀ ਉਮੀਦ ਹੈ।

## ਮੁਫਤ ਫੋਨ ਲੈਣ ਲਈ ਹੋ ਜਾਓ ਤਿਆਰ !

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਨੌਜਵਾਨ ਵਰਗ ਨੂੰ 50 ਲੱਖ 4ਜੀ ਸਮਾਰਟ ਫੋਨ ਦੇਣ ਦਾ ਐਲਾਨ ਕੀਤਾ ਸੀ ਤਾਂ ਕਈਆਂ ਵੱਲੋਂ ਇਸ ਚੋਣ ਵਾਅਦੇ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਗਿਆ ਸੀ ਪਰ ਕੈਪਟਨ ਨੇ ਆਪਣੇ ਇਸ ਚੋਣ ਵਾਅਦੇ ਨੂੰ ਰਿਲਾਇੰਸ ਜੀਓ ਦੀ ਨਵੀਂ ਬਿਜ਼ਨਸ ਯੋਜਨਾ ਨਾਲ ਜੋੜ ਦਿੱਤਾ ਹੈ ਅਤੇ ਕਾਂਗਰਸ ਸਰਕਾਰ ਵੱਲੋਂ ਨਾਂ ਦਰਜ ਕਰਾਉਣ ਵਾਲੇ ਨੌਜਵਾਨਾਂ ਨੂੰ ਦੀਵਾਲੀ ਤੋਂ ਸਮਾਰਟਫੋਨ ਵੰਡੇ ਜਾਣਗੇ। ਅਧਿਕਾਰਤ ਸੂਤਰਾਂ ਮੁਤਾਬਕ ਸੂਬੇ ਭਰ ਵਿਚ ਸ਼ੁਰੂ ਵਿਚ ਪੰਜ ਲੱਖ ਫੋਨ ਵੰਡੇ ਜਾਣਗੇ।



ਰਿਲਾਇੰਸ ਜੀਓ ਨੇ 1500 ਰੁਪਏ ਵਿਚ ਨਵਾਂ 4ਜੀ ਸਮਾਰਟਫੋਨ ਲਾਂਚ ਕਰਨ ਦਾ ਐਲਾਨ ਕੀਤਾ ਸੀ। ਇਹ ਰਾਸ਼ੀ ਵੀ ਤਿੰਨ ਸਾਲਾਂ ਬਾਅਦ ਮੋੜੀ ਜਾਣੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੂਬਾਈ ਸਰਕਾਰ ਵੱਲੋਂ ਇਕ ਸਮਝੌਤੇ 'ਤੇ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਤਹਿਤ ਕੰਪਨੀ ਨੂੰ ਪ੍ਰਤੀ ਫੋਨ 1500 ਰੁਪਏ ਵੀ ਨਹੀਂ ਦੇਣੇ ਪੈਣੇ।

# ਤਣਾਅ ਨਾਲ ਲੀਹੋਂ ਲਹਿ ਗਿਆ ਸਰਹੱਦੀ ਵਪਾਰ

**ਅਟਾਰੀ:** ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਕਾਰਨ ਆਈ.ਸੀ.ਪੀ. ਅਟਾਰੀ ਵਿਚ ਵਪਾਰ ਬੰਦ ਹੋਣ ਕੰਢੇ ਹੈ। ਅਟਾਰੀ ਵਿਚ ਬਣਾਈ ਭਾਰਤ ਦੀ ਪਹਿਲੀ ਸੰਗਠਿਤ ਜਾਂਚ ਚੌਕੀ (ਆਈ.ਸੀ.ਪੀ.) 'ਤੇ ਕਦੇ ਦੋਵਾਂ ਦੇਸ਼ਾਂ ਦਰਮਿਆਨ ਅਰਬਾਂ ਦਾ ਕਾਰੋਬਾਰ ਹੁੰਦਾ ਸੀ ਪਰ ਬੀਤੇ ਸਮੇਂ ਤੋਂ ਦੋਵਾਂ ਮੁਲਕਾਂ ਵਿਚਾਲੇ ਕੜਵਾਹਟ ਭਰੇ ਸਬੰਧਾਂ ਕਾਰਨ ਭਾਰਤ ਤੋਂ ਪਾਕਿਸਤਾਨ ਜਾਣ ਵਾਲਾ ਮਾਲ ਨਾ ਦੇ ਬਰਾਬਰ ਹੈ। ਕਦੀ-ਕਦੀ ਇਕ-ਦੋ ਟਰੱਕ ਹੀ ਪਾਕਿਸਤਾਨ ਜਾਂਦੇ ਹਨ, ਜਦਕਿ ਪਹਿਲਾਂ ਇਹ ਗਿਣਤੀ ਸੈਂਕੜਿਆਂ 'ਚ ਸੀ। ਤਕਰੀਬਨ 131 ਏਕੜ ਵਿਚ ਬਣੀ ਇਹ ਸੰਗਠਿਤ ਜਾਂਚ ਚੌਕੀ ਵਿਚ ਖੁੱਲ੍ਹੇ ਗੋਦਾਮ (ਲੂਜ਼ ਕਾਰਗੋ) ਬਾਰਿਸ਼ ਦੇ ਦਿਨਾਂ ਵਿਚ ਤਲਾਬ ਦਾ ਰੂਪ ਧਾਰਨ ਕਰ ਜਾਂਦੇ ਹਨ।



ਪਾਣੀ ਵਿਚ ਮਾਲ ਉਤਰਨ ਨਾਲ ਜਿਥੇ ਵਪਾਰੀਆਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ, ਉਥੇ ਸਰਕਾਰ ਦਾ ਵੱਡਾ ਮਾਲੀ ਨੁਕਸਾਨ ਹੋ ਰਿਹਾ ਹੈ। ਵਪਾਰੀ ਭਾਈਚਾਰੇ ਨੇ ਖੁੱਲ੍ਹੇ ਗੋਦਾਮਾਂ 'ਤੇ ਜਲਦ ਸ਼ੈੱਡ ਬਣਾਉਣ ਅਤੇ ਇਹ ਥਾਂ ਪੱਕੀ ਕਰਨ ਦੀ ਮੰਗ ਕੀਤੀ।

ਅਪਰੈਲ 2012 ਵਿਚ ਦੇਸ਼ ਦੇ ਗ੍ਰਿਹ ਮੰਤਰੀ ਪੀ. ਚਿਦੰਬਰਮ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਂਝੇ ਤੌਰ 'ਤੇ ਇਸ ਚੌਕੀ ਦਾ ਉਦਘਾਟਨ ਕੀਤਾ ਸੀ। ਇਸ ਚੌਕੀ ਰਾਹੀਂ ਜਿਥੇ ਭਾਰਤ ਤੋਂ ਸੋਇਆਬੀਨ, ਮੁਰਗੀ ਦਾਣਾ, ਸਬਜ਼ੀਆਂ, ਲਾਲ ਮਿਰਚ, ਕਪਾਹ, ਮਸ਼ੀਨੀ ਪੁਰਜ਼ੇ, ਬਿਸਕੁਟ ਤੇ ਸਣੇ ਹੋਰ ਸਾਮਾਨ ਪਾਕਿਸਤਾਨ ਭੇਜਿਆ ਜਾਂਦਾ ਸੀ, ਉਥੇ ਹੀ ਪਾਕਿਸਤਾਨ ਤੋਂ ਜਿਪਸਮ, ਸੀਮੈਂਟ, ਪੀ.ਓ.ਪੀ., ਕਾਸਟਿਕ ਸੋਡਾ, ਸ਼ੀਸ਼ਾ, ਸੋਡਾ ਐਸਿਡ, ਡਰਾਈ ਫਰੂਟ ਆਦਿ ਸਮਾਨ ਭਾਰਤ ਆਉਂਦਾ ਸੀ। ਗਲਤ ਨੀਤੀਆਂ ਤੇ ਵਪਾਰੀ ਲਾਬੀ ਕਾਰਨ ਅੱਜ ਸਥਿਤੀ ਇਹ ਹੈ ਕਿ ਪਾਕਿਸਤਾਨ ਤੋਂ ਤਾਂ ਮਾਲ ਭਾਰਤ ਆ ਰਿਹਾ ਹੈ ਪਰ ਭਾਰਤ ਤੋਂ ਮਸਾਂ ਇਕ-ਦੋ ਟਰੱਕ ਹੀ ਪਾਕਿਸਤਾਨ ਜਾ ਰਹੇ ਹਨ। ਪਾਕਿਸਤਾਨ ਦੀ ਵਪਾਰੀ ਲਾਬੀ ਇਸ ਰਸਤਿਉਂ ਮਾਲ ਭੇਜਣ ਜਾਂ ਲੈਣ ਨਾਲੋਂ ਜ਼ਿਆਦਾ ਕਸ਼ਮੀਰ ਰਸਤੇ ਵਪਾਰ ਕਰ ਰਹੀ ਹੈ। ਭਾਰਤ ਦੇ ਕਈ ਕੇਂਦਰੀ ਮੰਤਰੀਆਂ ਦੇ ਦੌਰਿਆਂ ਦੇ ਬਾਵਜੂਦ ਆਈ.ਸੀ.ਪੀ. ਦੀ ਹਾਲਤ ਸੁਧਾਰਨ ਵੱਲ ਕਿਸੇ ਨੇ ਵੀ ਪਹਿਲਕਦਮੀ ਨਹੀਂ ਦਿਖਾਈ।

# ਭਾਰਤੀ ਇੰਜੀਨੀਅਰ 'ਤੇ ਭ੍ਰਿਸ਼ਟਾਚਾਰ ਦੇ 250 ਦੋਸ਼

**ਸਿੰਗਾਪੁਰ:** ਸਿੰਗਾਪੁਰ ਦੀ ਹਵਾਈ ਫੌਜ ਦੇ ਭਾਰਤੀ ਮੂਲ ਦੇ ਸਾਬਕਾ ਇੰਜੀਨੀਅਰ ਉਤੇ ਭ੍ਰਿਸ਼ਟਾਚਾਰ ਨਾਲ ਸਬੰਧਤ 250 ਦੋਸ਼ ਲਾਏ ਗਏ ਹਨ। 'ਕੁਰਪਟ ਪ੍ਰੈਕਟਿਸਜ਼ ਇਨਵੈਸਟੀਗੇਸ਼ਨ ਬਿਊਰੋ' (ਸੀ.ਪੀ.ਆਈ.ਬੀ.) ਨੇ ਕਿਹਾ ਕਿ ਰਾਜ ਕੁਮਾਰ ਪਦਮਨਾਥਨ ਉਤੇ 251 ਦੋਸ਼ ਲਾਏ ਗਏ ਹਨ, ਜਿਨ੍ਹਾਂ ਵਿਚ 'ਗੁੱਡਵਿਲ ਐਵੀਏਸ਼ਨ ਸਿਸਟਮਜ਼' ਦੀ ਮਾਲਕੀ ਦਾ ਤੱਥ ਲੁਕਾ ਕੇ ਸਰਕਾਰ ਨਾਲ ਧੋਖਾਧੜੀ ਕਰਨਾ ਸ਼ਾਮਲ ਹੈ।

ਉਸ ਨੇ ਹਵਾਈ ਜਹਾਜ਼ਾਂ ਦੀ ਮੁਰੰਮਤ ਲਈ ਸਿੰਗਾਪੁਰ ਦੀ ਹਵਾਈ ਫੌਜ ਨੂੰ ਇਸ ਕੰਪਨੀ ਦੇ ਨਾਂ ਦੀ ਸਿਫਾਰਸ਼ ਕੀਤੀ ਸੀ। ਇਸ ਕਾਰਨ ਹਵਾਈ ਫੌਜ ਨੇ ਕੰਪਨੀ ਨੂੰ ਕੰਮ ਦਿੱਤਾ ਅਤੇ 8.69 ਲੱਖ ਸਿੰਗਾਪੁਰੀ ਡਾਲਰਾਂ ਦਾ ਭੁਗਤਾਨ ਕੀਤਾ।

### ਭਾਰਤੀ ਮੂਲ ਦੇ ਅਮਰੀਕੀ ਡਾਕਟਰ ਨੂੰ ਕੈਦ

**ਵਾਸ਼ਿੰਗਟਨ:** ਡੈਮੋਕਰੈਟਿਕ ਆਗੂਆਂ ਲਈ ਫੰਡ ਇਕੱਠਾ ਕਰਨ ਵਾਲੇ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਨੂੰ ਆਪਣੀ ਕੰਪਨੀ ਦੇ ਸਾਬਕਾ ਹਿੱਸੇਦਾਰਾਂ ਨਾਲ 49 ਲੱਖ ਅਮਰੀਕੀ ਡਾਲਰਾਂ ਦੀ ਠੱਗੀ ਮਾਰਨ ਦੇ ਦੋਸ਼ ਹੇਠ ਦਸ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੈਰੀਲੈਂਡ ਅਤੇ ਵਰਜੀਨੀਆ ਵਿਚ ਅੱਖਾਂ ਦੇ ਮਾਹਿਰ ਵਜੋਂ ਕੰਮ ਕਰਨ ਵਾਲੇ ਸ੍ਰੀਧਰ ਪੋਤਾਰਾਜੂ (51) ਨੇ ਵਾਈਟਲ ਸਪਰਿੰਗ ਨਾਮ ਦੀ ਕੰਪਨੀ ਦੇ ਹਿੱਸੇਦਾਰਾਂ ਨੂੰ ਕੰਪਨੀ ਵਿਚ ਨਿਵੇਸ਼ ਸਬੰਧੀ ਗਲਤ ਜਾਣਕਾਰੀ ਦੇ ਕੇ 49 ਲੱਖ ਅਮਰੀਕੀ ਡਾਲਰਾਂ ਦੀ ਠੱਗੀ ਮਾਰੀ।

# ਸਿੱਖ ਅਜਾਇਬ ਘਰ ਨੂੰ ਸਮੇਂ ਦਾ ਹਾਣੀ ਬਣਾਉਣ 'ਚ ਸ਼੍ਰੋਮਣੀ ਕਮੇਟੀ ਨਾਕਾਮ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਲਈ ਦੇਸ਼-ਵਿਦੇਸ਼ ਤੋਂ ਗੁਰੂ ਨਗਰੀ ਆਉਂਦੇ ਸਿੱਖ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ 60 ਵਰ੍ਹਿਆਂ ਤੋਂ ਸਿੱਖੀ ਵਿਰਸੇ, ਵਿਰਾਸਤ, ਸਿੱਖ ਇਤਿਹਾਸ ਤੇ ਸਭਿਆਚਾਰ ਦੇ ਰੂਬਰੂ ਕਰਵਾ ਰਿਹਾ ਕੇਂਦਰੀ ਸਿੱਖ ਅਜਾਇਬ ਘਰ ਲੋੜੀਂਦੀਆਂ ਆਧੁਨਿਕ ਤਕਨੀਕਾਂ ਨਾਲ ਲੈਸ ਹੋ ਕੇ ਸਮੇਂ ਦਾ ਹਾਣੀ ਬਣਨ ਲਈ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦੀ ਸਵੱਲੀ ਨਜ਼ਰ ਦੀ ਉਡੀਕ ਵਿਚ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਘੰਟਾ ਘਰ ਵਾਲੀ ਡਿਓੜੀ ਉਪਰ ਖੱਬੇ ਪਾਸੇ ਪਹਿਲੀ ਮੰਜ਼ਿਲ 'ਤੇ ਬਣੇ ਇਸ ਅਜਾਇਬ ਨੂੰ ਛੋਟਾ ਜਿਹਾ ਰਸਤਾ ਡਿਓੜੀ ਦੀਆਂ ਪੌੜੀਆਂ ਰਾਹੀਂ ਜਾਂਦਾ ਹੈ।

ਇਸ ਦੀ ਸ਼ੁਰੂਆਤ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਆਗੂਆਂ ਵੱਲੋਂ 5 ਜੁਲਾਈ 1958 ਨੂੰ ਕੀਤੀ ਗਈ ਸੀ। ਕੇਂਦਰੀ ਸਿੱਖ ਅਜਾਇਬ ਘਰ ਦੇ 6 ਦੇ ਕਰੀਬ ਵੱਡੇ ਛੋਟੇ ਹਾਲਾਂ ਵਿਚ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਜ਼ੁਲਮ ਵਿਰੁੱਧ ਲੜੀਆਂ ਗਈਆਂ ਜੰਗਾਂ, ਛੋਟੇ ਵੱਡੇ ਘੱਲੂਘਾਰਿਆਂ, ਸਿੱਖੀ ਦੀ ਖਾਤਰ ਮੁਗਲਾਂ ਦੇ ਜ਼ੁਲਮ ਸਹਿਣ ਵਾਲੇ ਸਿੰਘਾਂ, ਸਿੰਘਣੀਆਂ ਤੇ ਭੁਝੰਗੀਆਂ ਤੇ ਸਿੱਖ ਯੋਧਿਆਂ ਦੀਆਂ ਪ੍ਰਸਿੱਧ ਚਿੱਤਰਕਾਰਾਂ ਵੱਲੋਂ ਬਣਾਈਆਂ ਕਲਾਤਮਕ ਤਸਵੀਰਾਂ, 18ਵੀਂ ਤੋਂ 20ਵੀਂ ਸਦੀ ਤੱਕ ਦੇ ਹੱਥ ਲਿਖਤ ਦੁਰਲੱਭ ਖਰੜਿਆਂ, ਗੁਰੂ ਸਾਹਿਬਾਨ ਤੇ ਮਹਾਨ ਸਿੱਖ ਜਰਨੈਲਾਂ ਦੇ ਇਤਿਹਾਸਕ ਸ਼ਸਤਰਾਂ, ਬਸਤਰਾਂ ਤੇ ਸਿੱਖ ਕਾਲ ਦੇ ਸਿੱਕਿਆਂ ਆਦਿ ਨੂੰ ਪ੍ਰਦਰਸ਼ਨੀ ਲਈ ਰੱਖਿਆ ਗਿਆ ਹੈ।



ਅਜਾਇਬ ਘਰ ਦੇ ਪ੍ਰਬੰਧਕਾਂ ਨੇ ਇਸ ਦੇ ਹਾਲਾਂ ਦੀ ਕੀਤੀ ਗਈ ਵੰਡ ਅਨੁਸਾਰ ਪਹਿਲੇ ਹਾਲ 'ਚ ਦਸ ਸਿੱਖ ਗੁਰੂ ਸਾਹਿਬਾਨ ਅਤੇ ਸਬੰਧਿਤ ਸਮਕਾਲੀਆਂ ਦੇ ਚਿੱਤਰ ਆਦਿ ਪ੍ਰਦਰਸ਼ਿਤ ਕੀਤੇ ਗਏ ਹਨ। ਦੂਜੇ ਹਾਲ ਵਿਚ 17ਵੀਂ ਤੇ 18ਵੀਂ ਸਦੀ ਦੇ ਮਹਾਨ ਸਿੱਖ ਜਰਨੈਲਾਂ ਬਾਬਾ ਬੰਦਾ ਸਿੰਘ ਬਹਾਦਰ, ਭਾਈ ਬਾਜ ਸਿੰਘ, ਸ਼ਹੀਦ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਆਦਿ ਦੇ ਚਿੱਤਰ ਲਗਾਏ ਗਏ ਹਨ।


ਇਹ ਅਜਾਇਬ ਘਰ ਨੌਜਵਾਨ ਸਿੱਖ ਪਨੀਰੀ ਨੂੰ ਸ਼ਾਨਾਮੱਤੇ ਸਿੱਖ ਇਤਿਹਾਸ ਦੇ ਰੂਬਰੂ ਕਰਾਉਣ ਲਈ ਅਹਿਮ ਯੋਗਦਾਨ ਪਾਉਂਦਾ ਆ ਰਿਹਾ ਹੈ ਪਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਸਿਵਾਏ ਸਬ-ਕਮੇਟੀਆਂ ਬਣਾਉਣ ਦੇ ਹੋਰ ਠੋਸ ਯਤਨ ਨਹੀਂ ਕੀਤੇ ਗਏ।

### ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਸਾਹਿਤ ਵਾਪਸ ਕਰੇ ਕੇਂਦਰ: ਬਡੂੰਗਰ

**ਅੰਮ੍ਰਿਤਸਰ:** ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਹਮਲੇ ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਜ਼ਬਤ ਕੀਤਾ ਗਿਆ ਕੀਮਤੀ ਸਾਹਿਤਕ ਖਜ਼ਾਨਾ ਵਾਪਸ ਕਰ ਕੇ ਕੇਂਦਰ ਸਰਕਾਰ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਤਾਂ ਜੋ ਇਸ ਇਤਿਹਾਸਕ ਲਾਇਬ੍ਰੇਰੀ ਦੀ ਸ਼ਾਨ ਮੁੜ ਤੋਂ ਬਹਾਲ ਹੋ ਸਕੇ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕੀਤਾ। ਉਨ੍ਹਾਂ ਕਿਹਾ ਕਿ ਇਹ ਗੱਲ ਕਿਸੇ ਤੋਂ ਲੁਕੀ ਨਹੀਂ ਕਿ ਜੂਨ 1984 ਦੇ ਫੌਜੀ ਹਮਲੇ ਦੌਰਾਨ ਕਿਵੇਂ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਤਬਾਹ ਕਰਨ ਦੀ ਕਾਰਵਾਈ ਕੀਤੀ ਗਈ। ਪਹਿਲੀ ਕੇਂਦਰ ਸਰਕਾਰ ਦਾ ਕਹਿਣਾ ਸੀ ਕਿ ਲਾਇਬ੍ਰੇਰੀ ਦਾ ਸਾਮਾਨ ਕੇਂਦਰੀ ਸੂਹੀਆ ਏਜੰਸੀਆਂ ਕੋਲ ਹੈ ਪਰ ਮੌਜੂਦਾ ਸਰਕਾਰ ਦਾ ਕਹਿਣਾ ਹੈ ਕਿ ਅਜਿਹਾ ਕੋਈ ਸਾਮਾਨ ਹੈ ਹੀ ਨਹੀਂ।

# ਵਿਰੋਧੀ ਧਿਰ ਲਈ ਨਵੇਂ ਸਿਰਿਓਂ ਨਵੇਂ ਪੱਖ ਸੋਚਣ ਦਾ ਵੇਲਾ

**ਸਿਆਸਤ ਦਾ ਪਿੜ**




ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਰਾਸ਼ਟਰਪਤੀ ਦੀ ਚੋਣ ਵਿਚ ਇਸ ਵਾਰੀ ਇਕ ਸਵਾਲ ਬੜੀ ਸ਼ਿੱਦਤ ਨਾਲ ਉਭਰਿਆ ਸੀ ਕਿ ਜਦੋਂ ਪਤਾ ਸੀ, ਵਿਰੋਧੀ ਧਿਰ ਕੋਲ ਹਾਕਮ ਗੱਠਜੋੜ ਦੇ ਮੁਕਾਬਲੇ ਮਸਾਂ ਅੱਧੀਆਂ ਵੋਟਾਂ ਹਨ ਤਾਂ ਚੋਣ ਕਰਾਉਣ ਦੀ ਲੋੜ ਕੀ ਸੀ? ਇਸ ਤੋਂ ਚੰਗਾ ਕੀ ਇਹ ਨਹੀਂ ਸੀ ਹੋਣਾ ਕਿ ਹਾਕਮ ਧਿਰ ਨੂੰ ਇਹ ਨਹੋਰਾ ਮਾਰ ਕੇ ਪਾਸੇ ਹੋ ਜਾਂਦੇ, ਅਸੀਂ ਸਰਬ-ਸੰਮਤੀ ਦੀ ਇੱਛਾ ਰੱਖਦੇ ਸਾਂ, ਭਾਜਪਾ ਵਾਲਿਆਂ ਨੂੰ ਇਹ ਵੀ ਗੱਲ ਪਸੰਦ ਨਹੀਂ, ਇਸ ਲਈ ਅਸੀਂ ਇਸ ਚੋਣ ਦਾ ਬਾਈਕਾਟ ਕਰ ਰਹੇ ਹਾਂ? ਕਾਂਗਰਸ ਪਾਰਟੀ ਨਾਲ ਜੁੜੇ ਇਹ ਲੋਕ ਕਹਿੰਦੇ ਹਨ ਕਿ ਹਾਰ ਜਾਂ ਜਿੱਤ ਤੋਂ ਵੱਡਾ ਸਵਾਲ ਇਕ ਵਿਚਾਰਧਾਰਾ ਉਤੇ ਪਹਿਰਾ ਦੇਣ ਦਾ ਹੈ, ਜਿਸ ਲਈ ਇਸ ਚੋਣ ਵਿਚ ਕੁੱਦਣਾ ਜ਼ਰੂਰੀ ਸੀ। ਉਹ ਇਹ ਵੀ ਕਹਿੰਦੇ ਹਨ ਕਿ ਇਹ ਦੇਸ਼ ਦੀ ਬਦਕਿਸਮਤੀ ਹੈ ਕਿ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਇਸੇ ਤਰ੍ਹਾਂ ਬਾਕੀ ਸਾਰੇ ਖਾਸ ਅਹੁਦੇ ਇੱਕ ਖਾਸ ਵਿਚਾਰਧਾਰਾ ਦੇ ਲੋਕਾਂ ਨਾਲ ਭਰੀ ਜਾਂਦੇ ਹਨ। ਸਥਿਤੀ ਦਾ ਵਰਣਨ ਉਹ ਠੀਕ ਕਰਦੇ ਹਨ, ਪਰ ਅਹੁਦੇ ਜਦੋਂ ਸੰਵਿਧਾਨ ਵਿਚ ਦਿੱਤੀ ਪ੍ਰਕ੍ਰਿਆ ਨਾਲ ਭਰ ਰਹੇ ਹੋਣ ਤਾਂ ਇਸ ਨੂੰ ਗਲਤ ਨਹੀਂ ਕਿਹਾ ਜਾ ਸਕਦਾ।

ਦੇਸ਼ ਦੇ ਲੋਕ ਜਿਨ੍ਹਾਂ ਲੀਡਰਾਂ ਦਾ ਕਿਹਾ ਮੰਨ ਰਹੇ ਹਨ, ਉਹ ਚੌਕੇ-ਛਿੱਕੇ ਮਾਰ ਰਹੇ ਹਨ। ਨਰਿੰਦਰ ਮੋਦੀ ਬਾਰੇ ਬਹੁਤ ਪ੍ਰਸਿੱਧ ਪੰਜਾਬੀ ਅਖਾਣ ਫਿੱਟ ਬੈਠਦਾ ਹੈ, 'ਲੋਕਾਂ ਦਾ ਨਹੀਂ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੁਰੇ ਪਾਣੀ।' ਇਸ ਵੇਲੇ ਉਹ ਪਾਣੀ ਵੀ ਵੇਚਦਾ ਹੈ ਤਾਂ ਆਰਾਮ ਨਾਲ ਵਿਕਦਾ ਜਾ ਰਿਹਾ ਹੈ। ਜਦੋਂ ਤੱਕ ਨਰਿੰਦਰ ਮੋਦੀ ਦਾ ਇਹ ਦਬਦਬਾ ਕਾਇਮ ਹੈ, ਉਦੋਂ ਤੱਕ 'ਵਿਚਾਰਧਾਰਾ ਦੀ ਲੜਾਈ' ਲੜਨ ਦਾ ਦਾਅਵਾ ਕਰਨ ਵਾਲੀ ਕਾਂਗਰਸ ਪਾਰਟੀ ਕੋਲ ਆਪਣੇ ਘਰ ਬੈਠ ਕੇ ਇਹ ਸੋਚਣ ਦਾ ਮੌਕਾ ਹੈ ਕਿ ਅੱਜ ਵਾਲੇ ਹਾਲਾਤ ਪੈਦਾ ਕਿਸ ਨੇ ਕੀਤੇ ਹਨ?

ਅਜੇ ਤੱਕ ਵਿਰੋਧ ਦੀ ਮੁੱਖ ਧਿਰ ਮੰਨੀ ਜਾਂਦੀ ਕਾਂਗਰਸ ਉਹੋ ਪਾਰਟੀ ਹੈ, ਜਿਸ ਕੋਲ ਆਜ਼ਾਦੀ ਤੋਂ ਪਿੱਛੋਂ ਕਈ ਸਾਲਾਂ ਤੱਕ ਇਸ ਦੇਸ਼ ਵਿਚ ਏਨੀ ਤਾਕਤ ਸੀ, ਜਿਸ ਦੇ ਸਾਹਮਣੇ ਕੋਈ ਟਿਕਦਾ ਨਹੀਂ ਸੀ। ਉਸ ਦੇ ਆਗੂ ਵੀ ਪੰਡਿਤ ਜਵਾਹਰ ਲਾਲ ਨਹਿਰੂ ਵਰਗੇ ਲੀਡਰ ਹੋਇਆ ਕਰਦੇ ਸਨ।

ਅੱਜ ਦੀ ਕਾਂਗਰਸ ਉਦੋਂ ਵਾਲੀ ਕਾਂਗਰਸ ਨਹੀਂ ਤੇ ਇਸ ਦੀ ਅਗਵਾਈ ਦੀ ਰਸਮ-ਪੂਰਤੀ ਕਰ ਰਹੀ ਸੋਨੀਆ ਗਾਂਧੀ ਵੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਪਰ੍ਹਾਂਵੇ ਵਿਚ ਕਿਸੇ ਨੁੱਕਰ-ਖੂੰਜੇ ਵਿਚ ਖੜੀ ਨਹੀਂ ਲੱਭ ਸਕਦੀ। ਨਹਿਰੂ ਇਸ ਪਾਰਟੀ ਦਾ ਆਗੂ ਨਹੀਂ, ਆਗੂਆਂ ਦਾ ਮੋਹਰੀ ਹੁੰਦਾ ਸੀ ਤੇ ਸੋਨੀਆ ਗਾਂਧੀ ਅੱਜ ਦੇ ਪਾਰਟੀ ਆਗੂਆਂ ਨੂੰ ਆਪਣੇ ਕੱਚ-ਘਰੜ ਜਵਾਕ ਦੇ ਪਿੱਛੇ ਘੁੰਮਦੇ ਛੋਟੀ ਉਮਰ ਦੇ ਜਵਾਕਾਂ ਦੀ 'ਰੇਲ ਗੱਡੀ ਆਈ' ਵਾਲੀ ਖੇਡ ਦੇ ਡੱਬੇ ਬਣੇ ਵੇਖਣਾ ਚਾਹੁੰਦੀ ਹੈ। ਕੈਪਟਨ ਅਮਰਿੰਦਰ ਸਿੰਘ ਵਰਗਾ ਉਮਰ ਦੇ ਤਜਰਬੇ ਤੇ ਪੰਜਾਬ ਵਰਗੇ ਪਰਪੱਕ ਰਾਜਸੀ ਮੈਦਾਨ ਦਾ ਖਿਡਾਰੀ ਵੀ ਆਪਣੀ ਸਰਕਾਰ ਵਿਚ ਚਾਰ ਵਜ਼ੀਰ ਹੋਰ ਮਿਲਾਉਣ ਦੀ ਪ੍ਰਵਾਨਗੀ ਲੈਣ ਲਈ ਜਦੋਂ ਦਿੱਲੀ ਵਿਚ 'ਰਾਹੁਲ ਜੀ' ਨੂੰ ਮਿਲਣ ਜਾਂਦਾ



ਜਵਾਹਰ ਲਾਲ ਨਹਿਰੂ

ਹੈ ਤਾਂ ਲੋਕ ਹੱਸ ਪੈਂਦੇ ਹਨ। ਸੋਨੀਆ ਗਾਂਧੀ ਦੇ ਘੇਰੇ-ਘੇਰੇ ਜੁੜੀ ਹੋਈ ਜੁੰਡੀ ਇਸ ਪਾਰਟੀ ਨੂੰ ਇਸੇ ਤਰ੍ਹਾਂ 'ਚਲਾਉਣਾ' ਚਾਹੁੰਦੀ ਹੈ।

ਹਾਲਾਤ ਕਿਸ ਤਰ੍ਹਾਂ ਵਿਗੜੇ ਸਨ, ਇਸ ਦੀ ਕਹਾਣੀ ਬਹੁਤ ਲੰਮੀ ਹੈ। ਜਵਾਹਰ ਲਾਲ ਨਹਿਰੂ ਸਿਰਫ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਣ ਕਰ ਕੇ ਉਸ ਦੇ ਨਾਂ ਨਾਲ ਰਵਾਇਤ ਵਜੋਂ 'ਪੰਡਿਤ' ਲੱਗਦਾ ਸੀ, ਜੀਵਨ ਵਿਚ ਧਰਮ-ਕਰਮ ਅਤੇ ਜਾਤ-ਪਾਤ ਵਿਚ ਉਹ ਰਚਦਾ-ਮਿਚਦਾ ਨਹੀਂ ਸੀ। ਉਸ ਦੀ ਪੰਡਿਤਾਈ ਅਕਲ ਦੇ ਉਸ ਪੱਖ ਵਿਚੋਂ ਦਿੱਸ ਸਕਦੀ ਸੀ, ਜੋ ਉਸ ਦੀਆਂ ਲਿਖੀਆਂ ਉਚ ਪਾਏ ਵਾਲੀਆਂ ਕਿਤਾਬਾਂ ਵਿਚ ਲਿਖਿਆ ਹੈ। ਰਾਜਨੀਤਕ ਲੋੜਾਂ ਲਈ ਆਪ ਉਸ ਨੇ ਕਦੀ ਧਰਮ ਦੀ ਵਰਤੋਂ ਨਹੀਂ ਸੀ ਕੀਤੀ, ਸਗੋਂ ਪਹਿਲੀ ਚੋਣ ਵਿਚ ਜਦੋਂ ਹਿੰਦੂ ਮਹਾਂ ਸਭਾ ਵਾਲਿਆਂ ਦਾ ਖੜਾ ਕੀਤਾ ਗਿਆ ਸੰਤ ਉਸ ਦੇ ਸੈਕੂਲਰਿਜ਼ਮ ਨੂੰ ਢਾਹ ਲਾਉਣ ਲਈ ਮੈਦਾਨ ਵਿਚ ਸੀ, ਉਸ ਨੇ ਐਲਾਨ ਕਰ ਦਿੱਤਾ ਸੀ ਕਿ ਮੈਂ ਹਲਕੇ ਵਿਚ ਹੀ ਨਹੀਂ ਜਾਵਾਂਗਾ ਤੇ ਲੋਕਾਂ ਨੂੰ ਸਾਡੇ ਦੋਵਾਂ ਵਿਚੋਂ ਇੱਕ ਦੀ ਚੋਣ ਕਰਨ ਦੇਵਾਂਗਾ। ਨਹਿਰੂ ਦੀ ਜਿੱਤ ਹੋਈ ਤੇ ਹਿੰਦੂ ਸੰਤ ਦੀ ਜਦੋਂ ਜ਼ਮਾਨਤ ਜ਼ਬਤ ਹੋ ਗਈ, ਉਸ ਨੇ ਨਹਿਰੂ ਨੂੰ ਟੈਲੀਗਰਾਮ ਭੇਜ ਕੇ ਕਿਹਾ ਸੀ, 'ਤੁਹਾਡਾ ਸੈਕੂਲਰਿਜ਼ਮ ਜਿੱਤ ਗਿਆ, ਮੇਰੇ ਵੱਲੋਂ ਵਧਾਈ ਪ੍ਰਵਾਨ ਕਰੋ।' ਉਸੇ ਪਾਰਟੀ ਦੀ ਅਗਲੀ ਪੀੜ੍ਹੀ ਨੇ ਧਰਮ ਦੀ ਦੁਰਵਰਤੋਂ ਕਰਨ ਲਈ ਹਰ ਪਾਪੜ ਵੇਲਿਆ ਤੇ ਸਾਰੀ ਸਾਖ ਗੁਆ ਬੈਠੀ। ਸ਼ੰਕਰਾਚਾਰੀਆ ਦੇ ਇੱਕ ਗਰੁਪ ਨੂੰ ਨਾਲ ਗੰਢਣ ਤੋਂ ਲੈ ਕੇ ਹਰ ਚੋਣ 'ਚ ਪਾਸਾ ਬਦਲਣ ਵਾਲੇ ਜਾਮਾ ਮਸਜਿਦ ਦੇ ਇਮਾਮ ਬੁਖਾਰੀ ਤੱਕ ਤੋਂ ਵੋਟਾਂ ਲਈ ਅਪੀਲਾਂ ਕਰਵਾਉਂਦੀ ਰਹੀ ਕਾਂਗਰਸ ਅੱਜ ਕਿਸ 'ਵਿਚਾਰਧਾਰਾ' ਦੀ ਲੜਾਈ ਲੜ ਰਹੀ ਹੈ!

ਪੰਡਿਤ ਨਹਿਰੂ ਨੇ ਰਾਜਨੀਤੀ ਲਈ ਧਰਮ ਦੀ ਵਰਤੋਂ ਨਾ ਆਪ ਕੀਤੀ ਤੇ ਨਾ ਦੂਜਿਆਂ ਨੂੰ ਕਦੇ ਕਰਨ ਦਿਤੀ। ਉਹਦੇ ਵੇਲੇ ਕਦੇ ਪੰਜਾਬ ਦੇ ਸਿੱਖ ਮੁੱਦਿਆਂ ਨੂੰ ਵਰਤਣ ਲਈ 'ਦਿੱਲੀ' ਦੀ ਤਾਕਤ ਦੀ ਵਰਤੋਂ ਨਹੀਂ ਸੀ ਕਰਨ ਦਿੱਤੀ ਜਾਂਦੀ, ਪਰ ਉਸ ਦੀ ਧੀ ਨੇ ਗਿਆਨੀ ਜ਼ੈਲ ਸਿੰਘ ਨੂੰ ਇੰਜ ਕਰਨ ਦੀ ਉਹ ਪੂਰੀ ਖੁੱਲ੍ਹ ਦਿੱਤੀ, ਜਿਸ ਦਾ ਖਮਿਆਜ਼ਾ ਦੇਸ਼ ਨੂੰ ਭੁਗਤਣਾ ਪਿਆ, ਪੰਜਾਬ ਨੂੰ ਵੀ ਅਤੇ ਕਾਂਗਰਸ ਨੂੰ ਵੀ। ਗਿਆਨੀ ਜ਼ੈਲ ਸਿੰਘ ਖੁਦ ਏਡਾ 'ਠੋਸ' ਪੈਂਤੜੇ ਦਾ ਆਗੂ ਸੀ ਕਿ ਉਸ ਨੇ ਇਹ ਕਹਿਣ ਤੋਂ ਝਿਜਕ ਨਹੀਂ ਸੀ ਵਿਖਾਈ ਕਿ ਇੰਦਰਾ ਗਾਂਧੀ ਕਹੇਗੀ ਤਾਂ ਝਾੜੂ ਲਾਉਣ ਨੂੰ ਵੀ ਤਿਆਰ ਹਾਂ ਤੇ ਜਦੋਂ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਤਾਂ ਸੰਵਿਧਾਨ ਦੀ ਕਿਤਾਬ ਨੁੱਕਰੇ ਸੁੱਟ ਕੇ ਇੰਦਰਾ ਗਾਂਧੀ ਦੇ ਪੁੱਤਰ ਨੂੰ ਪਾਰਟੀ ਆਗੂ ਚੁਣੇ ਜਾਣ ਤੋਂ ਬਿਨਾ ਪ੍ਰਧਾਨ ਮੰਤਰੀ ਬਣਾ ਦਿੱਤਾ ਸੀ।

ਇਨ੍ਹਾਂ ਹਾਲਾਤ ਵਿਚ ਪ੍ਰਧਾਨ ਮੰਤਰੀ ਬਣੇ ਇੰਦਰਾ ਗਾਂਧੀ ਦੇ ਪੁੱਤਰ ਤੇ ਸੋਨੀਆ ਗਾਂਧੀ ਦੇ ਮਰਹੂਮ ਪਤੀ ਨੇ ਪਾਰਲੀਮੈਂਟ ਚੋਣਾਂ ਵਿਚ ਅਜਿਹੇ ਪੋਸਟਰ ਛਾਪੇ, ਜਿਨ੍ਹਾਂ ਵਿਚ ਫਿਰਕੂ ਮੁੱਦੇ ਉਛਾਲ ਕੇ ਵੋਟਾਂ ਮੰਗੀਆਂ ਗਈਆਂ ਸਨ। 'ਵਿਚਾਰਧਾਰਾ' ਦੇ ਜਿਹੜੇ ਰਾਹ ਉਤੇ ਭਾਰਤ ਨੂੰ ਰਾਜੀਵ ਤੇ ਇੰਦਰਾ ਗਾਂਧੀ ਪਾ ਗਏ ਸਨ, ਹੁਣ ਉਹੀ ਅੱਗੇ ਵਧ ਰਹੀ ਹੈ। ਕੁਝ ਹੋਰ ਮਿਸਾਲਾਂ ਚਾਹੀਦੀਆਂ ਹੋਣ ਤਾਂ ਬਾਬਰੀ ਮਸਜਿਦ ਦਾ 39 ਸਾਲਾਂ ਤੋਂ ਬੰਦ ਤਾਲਾ ਰਾਜੀਵ ਗਾਂਧੀ ਵੱਲੋਂ ਖੋਲ੍ਹਣ ਦਾ ਚੇਤਾ ਕੀਤਾ ਜਾ ਸਕਦਾ ਹੈ ਤੇ ਨਾਲ ਇਹ ਵੀ ਕਿ ਲੀਡਰਾਂ ਦੀ ਜਿਸ ਜੁੰਡੀ ਪਿੱਛੇ ਲੱਗ ਕੇ ਅਜਿਹੇ ਪੈਂਤੜੇ ਰਾਜੀਵ ਗਾਂਧੀ ਨੇ ਵਰਤੇ ਸਨ, ਸਮਾਂ ਪਾ ਕੇ ਉਹ ਸਾਰੇ ਜਣੇ ਉਸ ਪਾਰਟੀ ਵਿਚੋਂ ਨਿਕਲ ਗਏ। ਜਿਹੜੇ ਬਾਕੀ ਰਹਿ ਗਏ, ਇਨ੍ਹਾਂ ਵਿਚੋਂ ਕਿੰਨਿਆਂ ਦੀ ਤਾਰ ਇਸ ਵਕਤ ਵੀ ਦੂਸਰੇ ਪਾਸੇ ਜੁੜੀ ਹੈ, ਪਤਾ ਨਹੀਂ।

ਆਪਣੀ ਅਸਲੀ ਵਿਚਾਰਧਾਰਾ ਵਾਲੇ ਸੈਕੂਲਰਿਜ਼ਮ ਨੂੰ ਛੱਡ ਦਿੱਤਾ ਤਾਂ ਕਾਂਗਰਸ ਪਾਰਟੀ ਈਮਾਨ ਦੇ ਪੱਲੇ ਨੂੰ ਹੀ ਦਾਗੀ ਹੋਣ ਤੋਂ ਬਚਾ ਲੈਂਦੀ। ਉਹ ਇਹ ਵੀ ਨਾ ਕਰ ਸਕੀ। ਭ੍ਰਿਸ਼ਟਾਚਾਰ ਤਾਂ ਆਜ਼ਾਦੀ ਮਿਲਦੇ ਸਾਰ ਪਹਿਲੇ ਪੰਜ ਸਾਲਾਂ ਅੰਦਰ ਹੀ ਸਿਰ ਚੁੱਕ ਖੜੋਤਾ ਸੀ, ਪਰ ਇਸ ਦੀ ਜਿਹਤੀ ਸਰ੍ਹਿਆਂਦ ਸੋਨੀਆ ਗਾਂਧੀ ਦੇ ਪਤੀ ਅਤੇ ਫਿਰ ਖੁਦ ਸੋਨੀਆ ਗਾਂਧੀ ਦੇ 'ਰਿਮੋਟ ਰਾਜ' ਦੌਰਾਨ ਦੇਸ਼ ਦੇ ਲੋਕਾਂ ਨੇ ਹੰਢਾਈ, ਉਸ ਦੀ ਤੁਲਨਾ ਕਰਨ ਲਈ ਲੋਕਾਂ ਨੂੰ ਦੁਨੀਆਂ ਦੇ 'ਮੋਸਟ ਕੁਰੱਪਟ' ਗਿਣੇ ਜਾਂਦੇ ਦੇਸ਼ਾਂ ਵਾਲੀ ਸੂਚੀ ਫੋਲਣੀ ਪਵੇਗੀ। ਇਹ ਸਭ ਕੁਝ ਉਸ ਸੋਨੀਆ ਗਾਂਧੀ ਦੀ ਕਮਾਂਡ ਹੇਠ ਹੋਇਆ, ਜੋ ਇੱਕ ਵੇਲੇ ਤਿਆਗ ਦੀ ਮੂਰਤੀ ਗਿਣੀ ਜਾਂਦੀ ਸੀ। ਵਾਜਪਾਈ ਰਾਜ ਮਗਰੋਂ ਜਦੋਂ ਵਿਰੋਧ ਦੀਆਂ ਸਾਰੀਆਂ ਧਿਰਾਂ ਨੇ ਸੋਨੀਆ ਗਾਂਧੀ ਨੂੰ ਆਗੂ ਚੁਣਿਆ ਸੀ ਤਾਂ ਸੁਸ਼ਮਾ ਸਵਰਾਜ ਨੇ ਕਿਹਾ ਸੀ ਕਿ ਜਦੋਂ ਤੱਕ ਦੇਸ਼ ਵਿਚ ਸੋਨੀਆ ਗਾਂਧੀ ਦਾ ਰਾਜ ਰਹੇਗਾ, ਮੈਂ ਚਿੱਟੇ ਕੱਪੜੇ ਪਾਵਾਂਗੀ, ਫਰਸ਼ ਉਤੇ ਸੌਂਵਾਂਗੀ ਅਤੇ ਸਿਰਫ ਭੁੱਜੇ ਛੋਲੇ ਖਾ ਕੇ ਗੁਜ਼ਾਰਾ ਕਰਾਂਗੀ। ਉਮਾ ਭਾਰਤੀ ਕਹਿੰਦੀ ਸੀ ਕਿ ਸਿਰ ਮੁੰਨਾ ਕੇ ਪਰਬਤਾਂ ਉਤੇ ਤਪ ਕਰਨ ਚਲੀ ਜਾਵਾਂਗੀ। ਉਸ ਤੋਂ ਅਗਲੇ ਦਿਨ ਜਦੋਂ ਸੋਨੀਆ ਗਾਂਧੀ ਨੇ ਕਹਿ ਦਿੱਤਾ ਕਿ ਮੈਂ ਪ੍ਰਧਾਨ ਮੰਤਰੀ ਨਹੀਂ ਬਣਨਾ, ਕਾਰਨ ਭਾਵੇਂ ਕੋਈ ਵੀ ਹੋਵੇ, ਦੇਸ਼ ਵਿਚ ਇਹ ਗੱਲਾਂ ਹੁੰਦੀਆਂ ਸਨ ਕਿ ਸੋਨੀਆ ਗਾਂਧੀ ਨੇ ਸੁਸ਼ਮਾ ਤੇ ਉਮਾ ਦੋਵਾਂ ਨੂੰ ਦੱਸ ਦਿੱਤਾ ਹੈ ਕਿ ਤਿਆਗੀ ਵੀ ਬਣਨਾ ਹੋਵੇ ਤਾਂ ਚਿੱਟੇ ਕੱਪੜੇ ਪਾਉਣ ਤੇ ਸਿਰ ਮੁੰਨਾਉਣ ਦੀ ਲੋੜ ਨਹੀਂ, ਇਸ ਤਰ੍ਹਾਂ ਵੀ ਬਣ ਜਾਈਦਾ ਹੈ।

ਤਿਆਗ ਦੀ ਉਸ ਦਿਨ ਵਾਲੀ ਉਹ ਮੂਰਤੀ ਬਾਅਦ ਵਿਚ ਉਸ ਸਰਕਾਰ ਦੀ ਅਗਵਾਈ ਕਰਦੀ ਰਹੀ, ਜੋ ਇਸ ਦੇਸ਼ ਦੀ ਸਭ ਤੋਂ ਭ੍ਰਿਸ਼ਟ ਟੀਮ ਵਜੋਂ ਜਾਣੀ ਜਾਂਦੀ ਸੀ। ਕਹਿੰਦੇ ਸਨ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਖੁਦ ਕੋਈ ਬੁਰਾ ਕੰਮ ਨਹੀਂ ਕੀਤਾ, ਅਸੀਂ ਬਹਿਸ ਵਿਚ ਪੈਣੋਂ ਬਚਣ ਲਈ ਇਹ ਮੰਨ ਲੈਂਦੇ ਹਾਂ, ਪਰ ਭ੍ਰਿਸ਼ਟਾਚਾਰ ਦੇ ਅੱਗੇ ਕਦੀ ਅੜਿੱਕਾ ਵੀ ਬਣਨ ਦੀ ਲੋੜ ਨਹੀਂ ਸਮਝੀ। ਸਾਰੀ ਉਮਰ ਦੀ ਬਣੀ ਭੱਲ ਗਵਾ ਬੈਠਾ। ਉਸ ਦਾ ਸਿਰਫ ਏਨਾ ਕੰਮ ਸੀ ਕਿ ਜਿੱਥੇ ਵੀ ਬੋਲਣਾ ਹੈ, ਸੋਨੀਆ ਗਾਂਧੀ ਨੂੰ ਪਹਿਲਾਂ ਮੌਕਾ ਦੇਵੇ ਤੇ ਰਾਹੁਲ ਗਾਂਧੀ ਦਾ ਨਾਂ ਆਪਣੇ ਭਾਸ਼ਣ ਵਿਚ ਇੱਕ-ਅੱਧੀ ਵਾਰ ਜ਼ਰੂਰ ਬੋਲ ਛੱਡਿਆ ਕਰੇ। ਦਿੱਲੀ ਦੇ ਇੱਕ ਸਟੇਡੀਅਮ ਵਿਚ ਰਾਹੁਲ ਗਾਂਧੀ ਨੇ ਮਨਮੋਹਨ ਸਿੰਘ ਦੇ ਸਾਹਮਣੇ ਜਦੋਂ ਇਹ ਕਹਿ ਦਿੱਤਾ ਕਿ 'ਪ੍ਰਧਾਨ ਮੰਤਰੀ ਦੇ ਅਹੁਦੇ ਦਾ ਕੀ ਹੈ, ਇਹ ਮੈਂ ਅੱਜ ਸ਼ਾਮ ਨੂੰ ਸੰਭਾਲ ਸਕਦਾ ਹਾਂ', ਤਾਂ ਇਸ ਦਾ ਅਰਥ ਸਭ ਨੂੰ ਸਮਝ ਆ ਗਿਆ ਸੀ ਕਿ ਮਨਮੋਹਨ ਸਿੰਘ ਤਾਂ ਕੁਰਸੀ ਨਿੱਘੀ ਰੱਖਣ ਨੂੰ ਬਿਠਾਇਆ ਹੈ, ਜਦੋਂ ਮਨ ਬਣ ਗਿਆ, ਉਠਾ ਦਿਆਂਗੇ। ਸਤਿਕਾਰ ਤੋਂ ਸੱਖਣੀ ਇਹ ਕੁਰਸੀ ਛੱਡਣ ਦੀ ਹਿੰਮਤ ਮਨਮੋਹਨ ਸਿੰਘ ਨਹੀਂ ਸੀ ਕਰ ਸਕਿਆ ਤੇ ਵੋਟਾਂ ਪਾ ਕੇ ਲੋਕਾਂ ਵੱਲੋਂ ਉਠਾ ਦਿੱਤੇ ਜਾਣ ਤੱਕ ਬੈਠਾ ਰਿਹਾ ਸੀ।

ਇੱਕ ਨਹੀਂ, ਇਸ ਤਰ੍ਹਾਂ ਦੀਆਂ ਭੁੱਲਾਂ ਦੀ ਇੱਕ ਲੰਮੀ ਲੜੀ ਹੈ, ਜਿਸ ਨੇ ਦੇਸ਼ ਨੂੰ ਇਥੋਂ ਤੱਕ ਲਿਆਂਦਾ ਹੈ। ਹੁਣ ਕਾਂਗਰਸ ਉਸ 'ਵਿਚਾਰਧਾਰਾ' ਦੀ ਲੜਾਈ ਲੜਨ ਦਾ ਦਾਅਵਾ ਕਰਦੀ ਹੈ, ਜਿਸ ਦੀਆਂ ਜੜ੍ਹਾਂ ਖੁਦ ਟੁੱਕੀਆਂ ਸੀ, ਪਰ ਗਲਤੀਆਂ ਦਾ ਅਹਿਸਾਸ ਕਦੇ ਨਹੀਂ ਕੀਤਾ ਗਿਆ। ਬਹੁਤ ਪਾਣੀ ਪੁਲਾਂ ਹੇਠੋਂ ਲੰਘ ਚੁਕਾ ਹੈ। ਹੁਣ ਮੋੜਾ ਪਾਉਣਾ ਹੈ ਤਾਂ ਰਾਸ਼ਟਰਪਤੀ ਚੋਣ ਵਰਗੇ ਰਾਜਸੀ ਡਰਾਮੇ ਕਰਨ ਨਾਲ ਨਹੀਂ ਪੈ ਜਾਣਾ। ਜਵਾਹਰ ਲਾਲ ਨਹਿਰੂ ਵਾਂਗ ਆਗੂ ਦੀ ਬਜਾਏ 'ਆਗੂਆਂ ਵਿਚੋਂ ਇੱਕ' ਹੋਣ ਵਾਲੀ ਉਹ ਸੋਚ ਮੰਨਣੀ ਪਵੇਗੀ, ਜਿਸ ਬਾਰੇ ਸੋਨੀਆ ਗਾਂਧੀ ਤੇ ਉਸ ਦਾ ਪੁੱਤਰ ਅਜੇ ਮਾਨਸਿਕ ਪੱਖੋਂ ਤਿਆਰ ਨਹੀਂ ਹਨ। ਜਵਾਹਰ ਲਾਲ ਨਹਿਰੂ ਭਾਵੇਂ 'ਪੰਡਿਤ' ਸੀ, ਉਹ ਫਿਲਾਸਫੀ ਦਾ ਪੰਡਿਤ ਕਿਹਾ ਜਾਂਦਾ ਸੀ, ਅੱਕੀਂ-ਪਲਾਹੀਂ ਮੱਥੇ ਟੇਕਣ ਅਤੇ ਗੁੱਗਾ ਪੂਜਦੇ ਫਿਰਨ ਵਾਲੇ ਲੋਕਾਂ ਵਿਚ ਕਦੇ ਨਹੀਂ ਸੀ ਗਿਣਿਆ ਗਿਆ। ਵਿਰੋਧੀ ਧਿਰ ਦੀ ਅਜੋਕੀ ਮੋਹਰੀ ਧਿਰ ਕਾਂਗਰਸ ਪਾਰਟੀ ਉਸ ਰਾਹ ਮੁੜਨ ਜੋਗੀ ਰਹੀ ਹੀ ਨਹੀਂ।

ਹੁਣ ਤਾਂ ਬਾਕੀ ਵਿਰੋਧੀ ਪਾਰਟੀਆਂ ਲਈ ਇਹ ਸੋਚਣ ਦਾ ਵਕਤ ਹੈ ਕਿ ਸਿਆਸੀ ਸਮਾਧਾਂ ਪੂਜਣ ਵਰਗੀ ਖੇਡ ਜਾਰੀ ਰੱਖਣੀ ਹੈ ਜਾਂ ਮਿਲਦੀ ਸੋਚ ਵਾਲਿਆਂ ਦਾ ਨਵਾਂ ਪਿੜ ਬੰਨ੍ਹਣ ਦਾ ਯਤਨ ਕਰਨਾ ਹੈ। ਹਰ ਮਾਮਲੇ ਵਿਚ 'ਰਾਹੁਲ ਜੀ' ਤੋਂ ਪੁੱਛਣ ਦੀ ਮੁਹਾਰਨੀ ਦੌਰਾਨ ਵਿਚਾਰਧਾਰਾ ਦੀ ਲੜਾਈ ਲੜਨ ਦਾ ਡਰਾਮਾ ਜਿੰਨਾ ਮਰਜ਼ੀ ਹੁੰਦਾ ਰਹੇ, ਅਮਲ ਵਿਚ ਏਦਾਂ ਦੀ ਲੜਾਈ ਨਾ ਲੜੀ ਜਾ ਸਕਦੀ ਹੈ ਤੇ ਨਾ ਕਦੇ ਲੜੀ ਜਾ ਸਕਣੀ ਹੈ।

## ਟਰੰਪ ਪ੍ਰਸ਼ਾਸਨ ਵੱਲੋਂ 860 ਤਜਵੀਜ਼ਸ਼ੁਦਾ ਨਿਯਮ ਰੱਦ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਆਪਣੇ ਪਹਿਲੇ ਪੰਜ ਮਹੀਨਿਆਂ ਅੰਦਰ 860 ਤਜਵੀਜ਼ਸ਼ੁਦਾ ਨਿਯਮ ਜਾਂ ਤਾਂ ਰੱਦ ਕਰ ਦਿੱਤੇ ਹਨ ਜਾਂ ਉਨ੍ਹਾਂ ਨੂੰ ਠੰਢੇ ਬਸਤੇ ਪਾ ਦਿਤਾ ਹੈ। ਵ੍ਹਾਈਟ ਹਾਊਸ ਅਨੁਸਾਰ ਬਰਾਕ ਓਬਾਮਾ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਸਾਲ 2016 ਦੇ ਮੁਕਾਬਲੇ ਫੈਡਰਲ ਏਜੰਸੀਆਂ ਨੇ ਇਸ ਸਾਲ 469 ਤਜਵੀਜ਼ਸ਼ੁਦਾ ਨਿਯਮਾਂ ਨੂੰ ਵਾਪਸ ਲਿਆ ਹੈ। ਇਨ੍ਹਾਂ ਵਿਚ 19 ਨਿਯਮ ਉਹ ਵੀ ਹਨ ਜਿਸ ਨਾਲ 10 ਕਰੋੜ ਡਾਲਰ ਦਾ ਨੁਕਸਾਨ ਹੋਵੇਗਾ। 391 ਨਿਯਮ ਹੋਰ ਵਿਚਾਰ ਚਰਚਾ ਲਈ ਠੰਢੇ ਬਸਤੇ 'ਚ ਪਾਏ ਗਏ ਹਨ। ਵ੍ਹਾਈਟ ਹਾਊਸ ਦੇ ਸੂਚਨਾ ਤੇ ਰੈਗੂਲੇਟਰੀ ਮਾਮਲਿਆਂ ਦੇ ਦਫਤਰ ਦੇ ਮੁਖੀ ਨੇਓਮੀ ਰਾਓ ਨੇ ਦੱਸਿਆ ਕਿ ਇਹ ਹਰ ਤਰ੍ਹਾਂ ਦੇ ਮੁਢਲੇ ਰੈਗੂਲੇਟਰੀ ਸੁਧਾਰ ਦੀ ਸ਼ੁਰੂਆਤ ਹੈ।

ਰੈਗੂਲੇਟਰੀ ਕਾਰਵਾਈ ਬਾਰੇ ਰਿਪੋਰਟ ਅੱਜ ਹੀ ਜਾਰੀ ਕੀਤੀ ਹੈ। ਫੈਡਰਲ ਏਜੰਸੀਆਂ ਨੂੰ ਆਸ ਹੈ ਕਿ ਇਸ ਸਾਲ 1732 ਨਿਯਮ ਪੂਰੇ ਕੀਤੇ ਜਾਣਗੇ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਦੇਸ਼ ਦੇ ਨਿਰਮਾਣ ਖੇਤਰ ਵਿਚ ਗੁਆਚੇ ਰੁਜ਼ਗਾਰ ਵਾਪਸ ਲਿਆਉਣ ਲਈ ਲੜਾਈ ਲੜ ਰਿਹਾ ਹੈ ਅਤੇ ਅਮਰੀਕਾ ਨੂੰ ਧੋਖਾ ਦੇਣ ਵਾਲੇ ਦੇਸ਼ਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ।

ਵੇਟਰ ਅਤੇ ਤੰਦੂਰੀਏ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
28-35

ਰੈਸਟੋਰੈਂਟ ਲਈ ਲੋੜ ਹੈ
ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਢਾਬਾ' ਲਈ ਅਨੁਭਵੀ ਤੰਦੂਰੀਏ, ਕਿਚਨ ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ: ਸੀਤਲ ਸਿੰਘ
ਫੋਨ: 262-391-7666
29-30

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਪੰਜਾਬ ਟਾਈਮਜ਼

*ਸਨਿਚਰਵਾਰ, 29 ਜੁਲਾਈ 2017*

## ਪਰਵਾਸ ਅਤੇ ਪੰਜਾਬੀਆਂ ਦੀ ਹੋਣੀ

ਇਰਾਕ ਦੇ ਵਿਦੇਸ਼ ਮੰਤਰੀ ਇਬਰਾਹਿਮ ਅਲ-ਜਾਫਰੀ ਵੱਲੋਂ 39 ਬੰਦੀ ਭਾਰਤੀਆਂ, ਜਿਨ੍ਹਾਂ ਵਿਚੋਂ 37 ਪੰਜਾਬੀ ਹਨ, ਬਾਰੇ ਜਿਹੜਾ ਬਿਆਨ ਦਿੱਤਾ ਹੈ, ਉਸ ਨਾਲ ਇਨ੍ਹਾਂ ਨੌਜਵਾਨਾਂ ਦੇ ਪਰਿਵਾਰਾਂ ਦੇ ਜੀਆਂ ਦੇ ਸਾਹ ਹੀ ਸੂਤੇ ਗਏ ਹਨ। ਉਨ੍ਹਾਂ ਸਾਫ ਕਿਹਾ ਹੈ ਕਿ ਇਸਲਾਮਿਕ ਸਟੇਟ ਦੇ ਦਹਿਸ਼ਤਗਰਦਾਂ ਵੱਲੋਂ ਬੰਦੀ ਬਣਾਏ ਇਨ੍ਹਾਂ ਭਾਰਤੀਆਂ ਦੀ ਹੋਣੀ ਬਾਰੇ ਇਰਾਕੀ ਸਰਕਾਰ ਕੋਲ ਕੋਈ ਠੋਸ ਸਬੂਤ ਨਹੀਂ ਹਨ। ਭਾਰਤ ਵੱਲੋਂ ਹੁਣ ਤੱਕ ਇਹੀ ਦਾਅਵਾ ਕੀਤਾ ਜਾ ਰਿਹਾ ਸੀ ਕਿ ਇਹ ਸਾਰੇ ਲੋਕ ਸਹੀ-ਸਲਾਮਤ ਹਨ ਅਤੇ ਇਸ ਬਾਰੇ ਇਰਾਕ ਸਰਕਾਰ ਨਾਲ ਲਗਾਤਾਰ ਸੰਪਰਕ ਰੱਖਿਆ ਗਿਆ ਹੈ। ਇਨ੍ਹਾਂ ਨੌਜਵਾਨਾਂ ਦੇ ਪਰਿਵਾਰਾਂ ਨੇ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਰਾਬਤਾ ਬਣਾਇਆ ਹੋਇਆ ਸੀ ਅਤੇ ਇਹ ਦਿੱਲੀ ਜਾ ਕੇ ਕਈ ਵਾਰ ਮੰਤਰੀ ਨੂੰ ਮਿਲ ਵੀ ਚੁਕੇ ਹਨ। ਹਰ ਵਾਰ ਭਰੋਸਾ ਦਿੱਤਾ ਜਾਂਦਾ ਰਿਹਾ। ਪਿਛਲੇ ਦਿਨੀਂ ਜਦੋਂ ਇਰਾਕ ਨੇ ਮੌਸੂਲ ਸ਼ਹਿਰ, ਇਸਲਾਮਿਕ ਸਟੇਟ ਦੇ ਕਬਜ਼ੇ ਵਿਚੋਂ ਛੁਡਾ ਲਿਆ ਤਾਂ ਭਾਰਤੀ ਵਿਦੇਸ਼ ਮੰਤਰੀ ਦਾ ਸੰਦੇਸ਼ ਆ ਗਿਆ ਕਿ ਬੰਦੀ ਭਾਰਤੀ ਮੌਸੂਲ ਦੀ ਜੇਲ੍ਹ ਵਿਚ ਹੋ ਸਕਦੇ ਹਨ। ਇਸ ਬਿਆਨ ਨੇ ਪਰਿਵਾਰਾਂ ਲਈ ਇਕ ਵਾਰ ਫਿਰ ਆਸ ਦੀ ਕਿਰਨ ਜਗਾ ਦਿੱਤੀ, ਪਰ ਹੁਣ ਜਿਹੜੇ ਤੱਥ ਸਾਹਮਣੇ ਆ ਰਹੇ ਹਨ, ਉਹ ਬੜੇ ਭਿਅੰਕਰ ਹਨ। ਮੌਸੂਲ ਵਿਚ ਇਰਾਕੀ ਸੁਰੱਖਿਆ ਬਲਾਂ ਅਤੇ ਇਸਲਾਮਿਕ ਸਟੇਟ ਵਿਚਾਲੇ ਜ਼ਬਰਦਸਤ ਟੱਕਰ ਹੁੰਦੀ ਰਹੀ ਹੈ ਅਤੇ ਇਸ ਟੱਕਰ ਵਿਚ ਬਹੁਤ ਕੁਝ ਤਬਾਹ ਹੋ ਚੁਕਾ ਹੈ। ਬਦਕਿਸਮਤੀ ਨੂੰ ਇਸ ਤਬਾਹੀ ਵਿਚ ਉਹ ਜੇਲ੍ਹ ਵੀ ਸ਼ਾਮਲ ਹੈ ਜਿਸ ਵਿਚ ਭਾਰਤੀਆਂ ਦੇ ਬੰਦੀ ਹੋਣ ਬਾਰੇ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਸਨ। ਖਬਰਾਂ ਮੁਤਾਬਕ, ਇਹ ਜੇਲ੍ਹ ਬੁਰੀ ਤਰ੍ਹਾਂ ਤਬਾਹ ਹੋਈ ਪਈ ਹੈ।

ਇਸਲਾਮਿਕ ਸਟੇਟ ਨੇ ਤਿੰਨ ਸਾਲ ਪਹਿਲਾਂ 40 ਇਮਾਰਤ ਉਸਾਰੀ ਕਾਮੇ ਬੰਦੀ ਬਣਾ ਲਏ ਸਨ। ਇਨ੍ਹਾਂ ਵਿਚੋਂ ਇਕ, ਹਰਜੀਤ ਮਸੀਹ ਕਿਸੇ ਤਰ੍ਹਾਂ ਬਚ ਨਿਕਲਿਆ ਸੀ। ਉਂਜ ਉਸ ਦੇ ਬਚ ਨਿਕਲਣ ਬਾਰੇ ਵੀ ਕਈ ਕਹਾਣੀਆਂ ਸਾਹਮਣੇ ਆਈਆਂ ਹਨ ਜਿਨ੍ਹਾਂ ਤੋਂ ਕੁਝ ਸ਼ੱਕ ਵੀ ਪੈਂਦਾ ਹੈ। ਇਸ ਸ਼ਖਸ ਦਾ ਕਹਿਣਾ ਹੈ ਕਿ ਇਸਲਾਮਿਕ ਸਟੇਟ ਨੇ ਉਸ ਦੀਆਂ ਅੱਖਾਂ ਦੇ ਸਾਹਮਣੇ 39 ਭਾਰਤੀਆਂ ਨੂੰ ਕਤਲ ਕਰ ਦਿੱਤਾ ਸੀ। ਸਰਕਾਰ ਨੇ ਮੁੱਢ ਤੋਂ ਹੀ ਹਰਜੀਤ ਮਸੀਹ ਦੇ ਦਾਅਵਿਆਂ ਦਾ ਖੰਡਨ ਕੀਤਾ ਹੈ, ਪਰ ਤੱਥ ਇਹ ਵੀ ਹੈ ਕਿ ਸਰਕਾਰ ਹੁਣ ਤੱਕ ਕਿਸੇ ਸਿੱਟੇ ਉਤੇ ਅਪੜਨ ਵਿਚ ਅਸਫਲ ਰਹੀ ਹੈ। ਦੂਜੀ ਗੱਲ ਇਹ ਕਿ ਇਨ੍ਹਾਂ ਬੰਦੀਆਂ ਬਾਰੇ ਪਿਛਲੇ ਤਿੰਨ ਸਾਲ ਤੋਂ ਕੋਈ ਉਘ-ਸੁਘ ਵੀ ਨਹੀਂ ਹੈ। ਸਰਕਾਰ ਨੇ ਆਪਣੇ ਪੱਧਰ ਉਤੇ ਹਰਜੀਤ ਮਸੀਹ ਤੋਂ ਵੀ ਇਸ ਮਾਮਲੇ ਬਾਰੇ ਪੁਣ-ਛਾਣ ਕੀਤੀ ਹੈ। ਉਸ ਨੂੰ ਸਾਲ ਭਰ ਦਿੱਲੀ ਵੀ ਰੱਖਿਆ ਗਿਆ, ਫਿਰ ਉਸ ਨੂੰ ਜੇਲ੍ਹ ਅੰਦਰ ਵੀ ਡੱਕਿਆ ਗਿਆ ਜਿਥੇ ਉਸ ਨੇ ਆਪਣੇ ਉਤੇ ਤਸ਼ੱਦਦ ਹੋਣ ਦੇ ਦੋਸ਼ ਵੀ ਲਾਏ ਹਨ, ਪਰ ਬੰਦੀਆਂ ਬਾਰੇ ਫਿਰ ਵੀ ਕੋਈ ਨਵਾਂ ਤੱਥ ਸਾਹਮਣੇ ਨਹੀਂ ਆਇਆ। ਹਾਂ, ਸਰਕਾਰ ਸੰਸਦ ਦੇ ਅੰਦਰ ਵੀ ਅਤੇ ਬਾਹਰ ਵੀ, ਇਹੀ ਦਾਅਵੇ ਕਰ ਰਹੀ ਹੈ ਕਿ ਸਾਰੇ ਬੰਦੀ ਸਹੀ-ਸਲਾਮਤ ਹਨ। ਜ਼ਾਹਰ ਹੈ ਕਿ ਇਕ ਇਨ੍ਹਾਂ ਬੰਦੀਆਂ ਦੀ ਹੋਣੀ ਬਾਰੇ ਅਜੇ ਕੁਝ ਵੀ ਪ੍ਰਮਾਣਿਕ ਰੂਪ ਵਿਚ ਸਾਹਮਣੇ ਨਹੀਂ ਆ ਰਿਹਾ। ਸਰਕਾਰ ਦੀ ਦਲੀਲ ਹੈ ਕਿ ਜਦੋਂ ਤਕ ਇਨ੍ਹਾਂ ਬੰਦੀਆਂ ਦੀ ਅਣਹੋਈ ਮੌਤ ਬਾਰੇ ਕੋਈ ਠੋਸ ਸਬੂਤ ਨਹੀਂ ਮਿਲ ਜਾਂਦਾ, ਉਦੋਂ ਤੱਕ ਕਿਸ ਤਰ੍ਹਾਂ ਸਵੀਕਾਰ ਕਰ ਲਿਆ ਜਾਵੇ ਕਿ ਇਨ੍ਹਾਂ ਦੀ ਮੌਤ ਹੋ ਚੁਕੀ ਹੈ। ਹੁਣ ਤਾਂ ਇਸ ਮਸਲੇ ਉਤੇ ਸਿਆਸਤ ਵੀ ਕੀਤੀ ਜਾਣ ਲੱਗੀ ਹੈ। ਕਾਂਗਰਸੀ ਆਗੂਆਂ ਨੇ ਵਿਦੇਸ਼ ਮੰਤਰੀ ਉਤੇ ਸਿੱਧੇ ਦੋਸ਼ ਲਾਏ ਹਨ ਕਿ ਉਹ ਇਸ ਮਸਲੇ ਉਤੇ ਸਮੁੱਚੇ ਮੁਲਕ ਨੂੰ ਗੁਮਰਾਹ ਕਰ ਰਹੇ ਹਨ।

ਖਾੜੀ ਜੰਗ ਦੌਰਾਨ ਜਦੋਂ ਤਿੰਨ ਭਾਰਤੀ ਡਰਾਈਵਰ ਇਸੇ ਤਰ੍ਹਾਂ ਵਿਰੋਧੀ ਤਾਕਤਾਂ ਦੇ ਅੜਿੱਕੇ ਆ ਗਏ ਸਨ, ਤਾਂ ਰਿਹਾਈ ਤੋਂ ਬਾਅਦ ਵਾਪਸ ਆ ਕੇ ਉਨ੍ਹਾਂ ਐਲਾਨ ਕੀਤਾ ਸੀ ਕਿ ਉਹ ਰੁੱਖੀ-ਮਿੱਸੀ ਖਾ ਲੈਣਗੇ, ਪਰ ਜੀਵਨ ਜੋਖਮ ਵਿਚ ਪਾ ਕੇ ਵਿਦੇਸ਼ ਜਾਣ ਨੂੰ ਪਹਿਲ ਨਹੀਂ ਦੇਣਗੇ। ਉਂਜ ਅਜਿਹਾ ਹੋ ਨਹੀਂ ਸਕਿਆ। ਬਹੁਤ ਸਾਰੇ ਨੌਜਵਾਨ ਰੁਜ਼ਗਾਰ ਖਾਤਰ ਵਿਦੇਸ਼ ਜਾਣ ਲਈ ਮਜਬੂਰ ਹਨ। ਅਸਲ ਵਿਚ ਦੇਸ਼ ਦੇ ਮਾਹੌਲ ਨੇ ਉਨ੍ਹਾਂ ਦੇ ਗਲ ਇਸ ਮਜਬੂਰੀ ਦਾ ਢੋਲ ਪਾਇਆ ਹੈ ਜੋ ਉਨ੍ਹਾਂ ਨੂੰ ਵਜਾਉਣਾ ਪੈ ਰਿਹਾ ਹੈ। ਹਰ ਹੀਲੇ ਪਰਵਾਸ ਧਾਰਨ ਕਰਨ ਬਾਰੇ ਕਿੰਨੀਆਂ ਕਹਾਣੀਆਂ ਨਿੱਤ ਦਿਨ ਸਾਹਮਣੇ ਆਉਂਦੀਆਂ ਹਨ। ਇਸ ਦਾ ਇਕੋ ਇਕ ਕਾਰਨ ਇਹੀ ਹੈ ਕਿ ਦੇਸ਼ ਅੰਦਰ ਨੌਜਵਾਨਾਂ ਨੂੰ ਲੋੜੀਂਦਾ ਰੁਜ਼ਗਾਰ ਨਹੀਂ ਮਿਲ ਰਿਹਾ। ਇਹ ਸਿਤਮਜ਼ਰੀਫੀ ਹੀ ਗਿਣੀ ਜਾਣੀ ਚਾਹੀਦੀ ਹੈ ਕਿ ਜਿਸ ਮੁਲਕ ਦੇ ਡੰਕੇ ਸੰਸਾਰ ਭਰ ਵਿਚ ਵੱਜਣ ਦੇ ਦਾਅਵੇ ਕੀਤੇ ਜਾ ਰਹੇ ਹੋਣ, ਉਸ ਦੇ ਬਾਸ਼ਿੰਦੇ ਰੋਜ਼ੀ-ਰੋਟੀ ਖਾਤਰ ਪਰਦੇਸਾਂ ਵਿਚ ਜਾਣ ਲਈ ਹਰ ਜਾਇਜ਼-ਨਾਜਾਇਜ਼ ਤਰੀਕਾ ਅਪਨਾ ਰਹੇ ਹਨ। ਸਰਕਾਰਾਂ ਆਜ਼ਾਦੀ ਤੋਂ ਸੱਤ ਦਹਾਕੇ ਬਾਅਦ ਵੀ ਇੰਨਾ ਕੁ ਰੁਜ਼ਗਾਰ ਮੁਹੱਈਆ ਨਹੀਂ ਕਰਵਾ ਸਕੀਆਂ ਜੋ ਨੌਜਵਾਨਾਂ ਨੂੰ ਸੰਤੁਸ਼ਟ ਕਰ ਸਕੇ। ਜਿਉਂ ਜਿਉਂ ਵਕਤ ਬੀਤ ਰਿਹਾ ਹੈ, ਪਰਦੇਸ ਆਉਣ ਵਾਲਿਆਂ ਦੀਆਂ ਕਤਾਰਾਂ ਲੰਮੀਆਂ ਹੋ ਰਹੀਆਂ ਹਨ। ਅਸਲ ਵਿਚ ਭਾਰਤੀ ਸਿਆਸਤ ਦਾ ਖਾਸਾ ਕੁਝ ਇਸ ਤਰ੍ਹਾਂ ਦਾ ਬਣਾ ਦਿੱਤਾ ਗਿਆ ਹੈ ਕਿ ਕਹਾਣੀ ਸਿਆਸਤ ਤੋਂ ਸ਼ੁਰੂ ਹੋ ਕੇ ਸਿਆਸਤ ਉਤੇ ਹੀ ਮੁੱਕ ਜਾਂਦੀ ਹੈ। ਆਵਾਮ ਦੀ ਹਾਲਤ ਸੁਧਾਰਨ ਲਈ ਕਾਰਗਰ ਨੀਤੀਆਂ ਸਾਹਮਣੇ ਨਹੀਂ ਆ ਰਹੀਆਂ। ਜਿਹੜੀਆਂ ਕੁਝ ਕੁ ਨੀਤੀਆਂ ਬਣਾਈਆਂ ਵੀ ਗਈਆਂ ਹਨ, ਉਨ੍ਹਾਂ ਦਾ ਫਾਇਦਾ ਸਬੰਧਤ ਲੋਕਾਂ ਤੱਕ ਪੁੱਜ ਨਹੀਂ ਰਿਹਾ ਹੈ। ਨਤੀਜੇ ਵਜੋਂ ਹਾਲਾਤ ਜਿਉਂ ਦੇ ਤਿਉਂ ਹਨ ਅਤੇ ਇਨ੍ਹਾਂ ਵਿਚ ਕਿਸੇ ਵੱਡੀ ਤਬਦੀਲੀ ਦੀ ਸੰਭਾਵਨਾ ਫਿਲਹਾਲ ਨਜ਼ਰੀਂ ਨਹੀਂ ਪੈ ਰਹੀ। ਇਸੇ ਲਈ ਪਰਵਾਸ ਆਮ ਲੋਕਾਂ ਦੀ ਹੋਣੀ ਵਿਚ ਸ਼ੁਮਾਰ ਹੋ ਗਿਆ ਹੈ ਅਤੇ ਨਾਲ ਹੀ ਇਸ ਪਰਵਾਸ ਨਾਲ ਜੁੜੇ ਦੁੱਖ ਇਨ੍ਹਾਂ ਲੋਕਾਂ ਦੇ ਪੱਲੇ ਨਾਲ ਬੱਝ ਗਏ ਹਨ ਜਿਨ੍ਹਾਂ ਤੋਂ ਖਹਿੜਾ ਛੁਡਾਉਣ ਲਈ ਇਸ ਬੰਦੇ ਦੀ ਸਾਰੀ ਉਮਰ ਲੱਗ ਜਾਂਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮੱਛੀ ਬਨਾਮ ਮਨੁੱਖ!*

‘ਸੈਟ’ ਹੋਣ ਲਈ ਜਾਲਦੇ ਜਫਰ ਲੋਕੀਂ, ਕਰਿਆ ਲਾਲਚ ਪਰ ਸੁੱਟਦੈ ਪੱਟ ਕੇ ਜੀ।
ਆਖਰ ਸਬਰ ਸੰਤੋਖ ਹੀ ਤ੍ਰਿਪਤ ਕਰਦੇ, ਕੋਈ ਨਾ ਰੱਜਿਆ ਮਾਇਆ ਨੂੰ ਖੱਟ ਕੇ ਜੀ।
ਮਗਰੋਂ ਫੇਰ ਪਛਤਾਇਆਂ ਕੀ ਹੱਥ ਆਉਂਦੈ, ਨੀਤੀਵਾਨਾਂ ਦੇ ਕਥਨਾਂ ਨੂੰ ਕੱਟ ਕੇ ਜੀ।
ਦੁਨੀਆਂ ਵਿਚ ਉਹ ਲੋਕ ਮਿਸਾਲ ਬਣਦੇ, ਦੁਨੀਆਂਦਾਰੀ ਤੋਂ ਜਿਉਂਦੇ ਜੋ ਹੱਟ ਕੇ ਜੀ।
ਅਮਲ ਕਰੇ ਤੋਂ ਜ਼ਿੰਦਗੀ ਸੁਧਰ ਜਾਵੇ, ਨਾ ਕਿ ਸਿਰਫ ਅਸੂਲਾਂ ਨੂੰ ਰੱਟ ਕੇ ਜੀ।
ਮੱਛੀ ਫੇਰ ਵੀ ਚੰਗੀ ਇਨਸਾਨ ਨਾਲੋਂ, ਮੁੜ ਤਾਂ ਪੈਂਦੀ ਏ ਪੱਥਰ ਨੂੰ ਚੱਟ ਕੇ ਜੀ!

# ਪਿੰਗਲਵਾੜਾ, ਜੀ.ਐਸ.ਟੀ. ਅਤੇ ਭਾਰਤ ਮਾਤਾ

*ਜੀ.ਐਸ.ਟੀ. ਨੇ ਆਵਾਮ ਅਤੇ ਖੈਰਾਤੀ ਸੰਸਥਾਵਾਂ ਉਤੇ ਸਿੱਧਾ ਅਸਰ ਪਾਇਆ ਹੈ। ਇਸ ਤਬਾਹਕੁਨ ਹਮਲੇ ਤੋਂ ਪਿੰਗਲਵਾੜਾ ਵੀ ਨਹੀਂ ਬਚਿਆ ਜਿਥੇ ਕਰੀਬ ਪੌਣੇ ਦੋ ਹਜ਼ਾਰ ਲਾਵਾਰਸ, ਅਪਾਹਜ ਤੇ ਬੇਸਹਾਰਾ ਲੋਕਾਂ ਦੀ ਸਾਂਭ-ਸੰਭਾਲ ਉਤੇ ਇਕ ਦਿਨ ਵਿਚ ਲਗਭਗ ਸਾਢੇ ਛੇ ਲੱਖ ਰੁਪਏ ਖਰਚ ਹੋ ਜਾਂਦੇ ਹਨ। ਪਹਿਲਾਂ ਪਿੰਗਲਵਾੜੇ ਵਿਚ ਖਪਤ ਹੁੰਦੇ ਸਾਰੇ ਸਾਮਾਨ ‘ਤੇ ਪੰਜਾਬ ਸਰਕਾਰ ਨੇ ਵਿਸ਼ੇਸ਼ ਨੋਟੀਫਿਕੇਸ਼ਨ ਰਾਹੀਂ ਟੈਕਸ ਤੋਂ ਛੋਟ ਦਿੱਤੀ ਹੋਈ ਸੀ। ਇਸ ਬਾਰੇ ਚਰਚਾ ਦਵਿੰਦਰ ਪਾਲ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਨੋਟਬੰਦੀ ਜਾਂ ਜੀ.ਐਸ.ਟੀ. ਦੇ ਤਬਾਹਕੁਨ ਹਮਲੇ ਤੋਂ ਪਿੰਗਲਵਾੜਾ ਵੀ ਨਹੀਂ ਬਚਿਆ ਜਿਥੇ ਕਰੀਬ ਪੌਣੇ ਦੋ ਹਜ਼ਾਰ ਲਾਵਾਰਸ, ਅਪਾਹਜ ਤੇ ਬੇਸਹਾਰਾ ਲੋਕਾਂ ਦੀ ਸਾਂਭ-ਸੰਭਾਲ ਉਤੇ ਇਕ ਦਿਨ ਵਿਚ ਲਗਭਗ ਸਾਢੇ ਛੇ ਲੱਖ ਰੁਪਏ ਖਰਚ ਹੋ ਜਾਂਦੇ ਹਨ। ਇਸ ਤੋਂ ਪਹਿਲਾਂ ਪਿੰਗਲਵਾੜੇ ਵਿਚ ਖਪਤ ਹੁੰਦੇ ਸਾਰੇ ਸਾਮਾਨ ‘ਤੇ ਪੰਜਾਬ ਸਰਕਾਰ ਨੇ ਵਿਸ਼ੇਸ਼ ਨੋਟੀਫਿਕੇਸ਼ਨ ਰਾਹੀਂ ਟੈਕਸ ਤੋਂ ਛੋਟ ਦਿੱਤੀ ਹੋਈ ਸੀ ਜੋ ਹੁਣ ਨਹੀਂ ਮਿਲੇਗੀ। ਜੀ.ਐਸ.ਟੀ. ਲਾਗੂ ਹੋਣ ਕਾਰਨ ਲੋਕਾਂ ਵੱਲੋਂ ਬੇਸਹਾਰਾ ਲੋਕਾਂ ਲਈ ਦਾਨ ਵਿਚ ਦਿੱਤੀ ਰਕਮ ਵਿਚੋਂ ਸਾਲਾਨਾ ਦੋ ਕਰੋੜ ਰੁਪਏ ਸਰਕਾਰ ਦੇ ਖਾਤੇ ਵਿਚ ਚਲੇ ਜਾਣਗੇ; ਭਾਵ ਪਿੰਗਲਵਾੜਾ ਸੰਸਥਾ ‘ਤੇ ਸਾਲਾਨਾ ਦੋ ਕਰੋੜ ਰੁਪਏ ਦਾ ਬੋਝ ਪਵੇਗਾ।



ਦਵਿੰਦਰ ਪਾਲ

ਪਿੰਗਲਵਾੜੇ ਦੇ ਬੱਚੇ ਦਿਨ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਕਰਦੇ ਹਨ। ਪ੍ਰਾਰਥਨਾ ਤੋਂ ਬਾਅਦ ਇਕ ਬੱਚਾ ਉਸ ਦਿਨ ਦੀਆਂ ਮੁੱਖ ਖਬਰਾਂ ਪੜ੍ਹ ਕੇ ਸੁਣਾਉਂਦਾ ਹੈ ਤੇ ਬਾਕੀ ਬੱਚੇ ਖਾਮੋਸ਼ੀ ਨਾਲ ਖਬਰਾਂ ਸੁਣਦੇ ਹਨ, ਪਰ ਦੇਸ਼ ਦੇ ਬੱਚਿਆਂ ਲਈ ਇਹ ਫੈਸਲਾ ਕਰਨਾ ਮੁਸ਼ਕਿਲ ਹੋ ਗਿਆ ਹੈ ਕਿ ਛਪੀਆਂ ਖਬਰਾਂ ਵਿਚੋਂ ਕਿਹੜੀ ‘ਪੇਡ ਨਿਊਜ਼’ ਹੈ ਤੇ ਕਿਹੜੀ ‘ਫੇਕ ਨਿਊਜ਼’। ਕਿਸੇ ਵੀ ਫਿਲਮਸਾਜ਼ ਲਈ ਦਸਤਾਵੇਜ਼ੀ ਫਿਲਮ ਬਣਾਉਣ ਲਈ ਇਹ ਦਿਲਚਸਪ ਵਿਸ਼ਾ ਤੇ ਢੁਕਵਾਂ ਸਮਾਂ ਹੋ ਸਕਦਾ ਹੈ ਕਿ ਪਿੰਗਲਵਾੜੇ ਦੇ ਬੱਚਿਆਂ ਉਤੇ, ਛਪ ਰਹੀਆਂ ਖਬਰਾਂ ਦਾ ਕਿਹੋ ਜਿਹਾ ਮਨੋਵਿਗਿਆਨਿਕ ਅਸਰ ਪੈ ਰਿਹਾ ਹੈ? ਦੇਸ਼ ਵਿਚ ਫੈਲ ਰਹੀ ਹਿੰਸਾ ਦੇ ਮਾਹੌਲ ਦਾ ਪਿੰਗਲਵਾੜੇ ਦੇ ਬੱਚਿਆਂ ਅਤੇ ਪਿੰਗਲਵਾੜੇ ਦੇ ਬਾਹਰ ਦੇ ਬੱਚਿਆਂ ਦੇ ਮਾਨਸਿਕ ਵਿਕਾਸ ਵਿਚ ਹੋ ਰਹੀਆਂ ਤਬਦੀਲੀਆਂ ਉਤੇ ਵੀ ਚਾਨਣ ਪਾਇਆ ਜਾ ਸਕਦਾ ਹੈ।

ਪਿੰਗਲਵਾੜੇ ਨੂੰ ਜੀ.ਐਸ.ਟੀ. ਦੇ ਦਾਇਰੇ ਅੰਦਰ ਰੱਖਣ ਦੀ ਵਜ੍ਹਾ, ਸੰਵੇਦਨਹੀਣਤਾ ਦੇ ਨਾਲ-ਨਾਲ, ਕੀ ਇਸ ਬਾਰੇ ਅਣਭਿੱਜਤਾ ਵੀ ਹੋ ਸਕਦੀ ਹੈ? ਕੀ ਪਿੰਗਲਵਾੜੇ ਬਾਰੇ ਕਿਸੇ ਵੀ ਪੰਜਾਬੀ ਨੂੰ ਜਾਣਕਾਰੀ ਨਾ ਹੋਣਾ ਹੈਰਾਨੀ ਦੀ ਗੱਲ ਨਹੀਂ? ਕੀ ਵਿੱਤ ਮੰਤਰੀ ਅਰੁਣ ਜੇਟਲੀ (ਜੋ ਅੰਮ੍ਰਿਤਸਰ ਤੋਂ ਚੋਣਾਂ ਵਿਚ ਖੜ੍ਹੇ ਹੋਏ ਸੀ) ਨੇ ਕਦੇ ਪਿੰਗਲਵਾੜੇ ਦਾ ਨਾਂ ਨਹੀਂ ਸੁਣਿਆ? ਪਿੰਗਲਵਾੜੇ ਦੇ ਅੰਦਰ ਬਿਲਕੁਲ ਅਲੱਗ ਹੀ ਦੁਨੀਆ ਹੈ। ਉਥੇ ਬਹੁਤ ਸਾਰੇ ਅਜਿਹੇ ਮਨੋਰੋਗੀ ਹਨ ਜਿਨ੍ਹਾਂ ਦੀਆਂ ਘੜੀਆਂ ਵਿਚੋਂ ਸਮਾਂ ਅਤੇ ਨੀਂਦਾਂ ਵਿਚੋਂ ਸੁਪਨੇ ਗੁੰਮ ਹਨ। ਚੁੱਪ ਉਥੇ ਸੰਦੇਹ ਪੈਦਾ ਨਹੀਂ ਕਰਦੀ। ਉਥੇ ਜਿੱਤ ਦਾ ਹੰਕਾਰ ਜਾਂ ਹਾਰ ਦਾ ਖੌਫ਼ ਨਹੀਂ ਅਤੇ ਨਾ ਹੀ ਸਰਹੱਦਾਂ ਦੇ ਰੌਲੇ ਅਤੇ ਧਰਮਾਂ, ਜਾਤਾਂ ਦੇ ਝਗੜੇ ਹਨ। ਉਥੇ ਦੀਆਂ ਹਵਾਵਾਂ ਵਿਚ ਪਵਿੱਤਰਤਾ ਦਾ ਵਾਸ ਹੈ। ਭਗਤ ਪੂਰਨ ਸਿੰਘ ਇਸ ਨੂੰ ‘ਰੱਬ ਦਾ ਘਰ’ ਕਿਹਾ ਕਰਦੇ ਸਨ। ਪਿੰਗਲਵਾੜਾ ਲਫਜ਼ ਭਗਤ ਪੂਰਨ ਸਿੰਘ ਦਾ ਹੀ ਈਜਾਦ ਕੀਤਾ ਹੋਇਆ ਹੈ।

ਪਿੰਗਲਵਾੜੇ ਵਿਚ ਕਈ ਤਰ੍ਹਾਂ ਦੇ ਮਰੀਜ਼ ਹਨ। ਉਨ੍ਹਾਂ ਵਿਚੋਂ ਰਾਹੁਲ ਲਾਇਲਾਜ ਰੋਗ ਔਟਿਜ਼ਮ ਨਾਲ ਪੀੜਤ ਹੈ। ਸਰਕਾਰ ਦਾ ਸਿਹਤ ਬਜਟ ਘਟ ਰਿਹਾ ਹੈ ਤੇ ਦੇਸ਼ ਵਿਚ ਔਟਿਜ਼ਮ ਦੇ ਸ਼ਿਕਾਰ ਬੱਚਿਆਂ ਦੀ ਸੰਖਿਆ ਬੜੀ ਤੇਜ਼ੀ ਨਾਲ ਵਧ ਰਹੀ ਹੈ। ਅੱਜ ਦੇਸ਼ ਵਿਚ ਤਕਰੀਬਨ ਇਕ ਕਰੋੜ ਜੀਅ ਔਟਿਜ਼ਮ ਰੋਗ ਦੇ ਸ਼ਿਕਾਰ ਹਨ, ਪਰ ਚੰਨ-ਤਾਰਿਆਂ ਤਕ ਪਹੁੰਚ ਜਾਣ ਦੀ ਹੁਕਮਰਾਨਾਂ ਦੀ ਜਲਦੀ ਵਿਚ ਧਰਤੀ ‘ਤੇ ਰਹਿੰਦਾ ਮਨੁੱਖ ਬੇਰੁਖੀ ਦਾ ਸ਼ਿਕਾਰ ਹੋ ਰਿਹਾ ਹੈ। ਮਨੁੱਖ ਦੀ ਹੋਂਦ ਬਾਰੇ ਲਾਪ੍ਰਵਾਹੀ ਤੇ ਹਾਕਮਾਂ ਦੀਆਂ ਘੜੀਆਂ ਨੀਤੀਆਂ ਦਾ ਹੀ ਨਤੀਜਾ ਹੈ ਕਿ ਅੱਜ ਕਿਸਾਨ ਖੁਦਕੁਸ਼ੀਆਂ ਨੂੰ ਕੌਮੀ ਸੰਕਟ ਐਲਾਨੇ ਜਾਣ ਦੀ ਮੰਗ ਵੀ ਹੋਣ ਲੱਗ ਪਈ ਹੈ। ਫਿਰ ਪਿੰਗਲਵਾੜਾ ਕਿਵੇਂ ਪਿੱਛੇ ਰਹਿ ਸਕਦਾ ਹੈ?

2006 ਵਿਚ ਪਾਕਿਸਤਾਨ ਨੇ ਆਪਣੀਆਂ ਜੇਲ੍ਹਾਂ ਵਿਚੋਂ ਜਿਹੜੇ ਕੁਝ ਕੈਦੀ ਰਿਹਾ ਕੀਤੇ ਸਨ, ਉਨ੍ਹਾਂ ਵਿਚੋਂ ਰਿਸ਼ੀ ਤੇ ਗੁੰਗਾ ਮਰਨ ਕੰਢੇ ਪਏ ਮਨੋਰੋਗੀ ਸਨ। ਉਨ੍ਹਾਂ ਦਾ ਮਾਨਸਿਕ ਸੰਤੁਲਿਨ ਵਿਗੜਿਆ ਹੋਇਆ ਸੀ ਜਿਸ ਕਰ ਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਲੱਭਣਾ ਥੋੜ੍ਹਾ ਔਖਾ ਸੀ। ਸਰਕਾਰੀ ਮੁਲਾਜ਼ਮ ਇਹ ਪਤਾ ਨਹੀਂ ਕਰ ਸਕੇ ਕਿ ਉਹ ਲਾਪਤਾ ਫੌਜੀ, ਮਛੇਰੇ ਜਾਂ ਸ਼ਰਾਬ ਦੇ ਨਸ਼ੇ ਵਿਚ ਸਰਹੱਦ ਪਾਰ ਕਰਨ ਵਾਲੇ ਸਨ। ਸਰਕਾਰੀ ਮੁਲਾਜ਼ਮਾਂ ਨੇ ਔਖੇ ਕੰਮ ਦਾ ਸੌਖਾ ਹੱਲ ਇਹ ਲੱਭਿਆ ਕਿ ਦੋਵਾਂ ਨੂੰ ਪਿੰਗਲਵਾੜੇ ਦਾਖਲ ਕਰਾ ਗਏ। ਕਈ ਅਪਾਹਜ ਅਜਿਹੇ ਵੀ ਹਨ ਜਿਨ੍ਹਾਂ ਨੂੰ ਪਿੰਗਲਵਾੜੇ ਵਿਚ ਦਾਖਲਾ ਇਸ ਲਈ ਨਹੀਂ ਮਿਲਦਾ, ਕਿਉਂਕਿ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਉਨ੍ਹਾਂ ਦੇ ਪਰਿਵਾਰਕ ਜੀਅ ਜਿਉਂਦੇ ਹੁੰਦੇ ਹਨ। ਇਹੋ ਜਿਹੇ ਨੂੰ ਉਨ੍ਹਾਂ ਦੇ ਮਾਪੇ ਪਿੰਗਲਵਾੜੇ ਦੇ ਗੇਟ ਅੱਗੇ ਜਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਕਿਤੇ ਵੀ ਰੱਖ ਕੇ ਨਿਕਲ ਜਾਂਦੇ ਹਨ। ਜੋ ਕੁੱਖ ਦੇ ਜਾਏ ਨੂੰ ਇੰਜ ਸੁੱਟ ਕੇ ਚਲੇ ਜਾਂਦੇ, ਉਹ ਮੁੜ ਕੇ ਕਦੇ ਨਹੀਂ ਆਉਂਦੇ।

ਉਂਜ ਅਪਵਾਦ ਹਰ ਜਗ੍ਹਾ ਹੁੰਦੇ ਹਨ। ਸੰਗਰੂਰ ਸ਼ਾਖਾ ਵਾਲੀ ਸ਼ੀਰੋ ਦੀ ਕਹਾਣੀ ਨੂੰ ਇਸ ਮਾਮਲੇ ਵਿਚ ਅਪਵਾਦ ਕਿਹਾ ਜਾ ਸਕਦਾ ਹੈ। ਸ਼ੀਰੋ ਚਾਰ ਕੁ ਸਾਲਾਂ ਦੀ ਸੀ ਜਦੋਂ ਉਸ ਦੀਆਂ ਲੱਤਾਂ ਪੋਲੀਓ ਦਾ ਸ਼ਿਕਾਰ ਹੋ ਗਈਆਂ ਸਨ। ਉਸ



ਦਾ ਪਿਤਾ ਤੇ ਨਾਨੀ, ਮਾਂ ਤੋਂ ਚੋਰੀ ਮਿਆਦੀ ਬੁਖ਼ਾਰ ਨਾਲ ਤੜਫਦੀ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਛੱਡ ਗਏ ਸਨ। ਸ਼ੀਰੋ ਪਿੰਗਲਵਾੜੇ ਭਗਤ ਜੀ ਕੋਲ ਪਹੁੰਚ ਗਈ ਤੇ ਬਚ ਗਈ। ਅੱਜ ਕਲ੍ਹ ਉਹ ਸੰਗੀਤ ਅਧਿਆਪਕਾ ਹੈ। ਇਕ ਦਿਨ ਸ਼ੀਰੋ ਨੂੰ ਲੱਭਦੀ ਉਸ ਦੀ ਭੈਣ ਅੰਮ੍ਰਿਤਸਰ ਆ ਗਈ। ਉਸ ਨੂੰ ਸ਼ੀਰੋ ਬਾਰੇ ਉਸ ਦੀ ਮਾਂ ਨੇ ਦੱਸਿਆ ਸੀ ਜੋ ਪਛਤਾਵੇ ਜਾਂ ਅਪਰਾਧ-ਬੋਧ ਨਾਲ ਝੁਲਸ ਰਹੀ ਸੀ, ਪਰ ਸ਼ੀਰੋ ਨੇ ਉਨ੍ਹਾਂ ਨੂੰ ਇਹ ਕਹਿ ਕੇ ਪਛਾਣਨ ਤੇ ਮਿਲਣ ਤੋਂ ਇਨਕਾਰ ਕਰ ਦਿੱਤਾ- ‘ਮੈਂ ਪਿੰਗਲਵਾੜੇ ਦੀ ਧੀ ਹਾਂ।’

ਇਹੋ ਜਿਹੇ ਬਹੁਤ ਸਾਰੇ ਖੁਸ਼ਨਸੀਬ ਹਨ ਜੋ ਪਿੰਗਲਵਾੜੇ ਆ ਕੇ ਕਈ ਸਾਲ ਗੁਜ਼ਾਰਦੇ ਤੇ ਫਿਰ ਰਾਜ਼ੀ ਹੋ ਕੇ ਆਪਣੇ ਘਰਾਂ ਨੂੰ ਪਰਤ ਜਾਂਦੇ ਹਨ। ਉਨ੍ਹਾਂ ਵਿਚੋਂ ਕਈਆਂ ਨੂੰ ਉਨ੍ਹਾਂ ਦੇ ਪਰਿਵਾਰ ਵਾਲੇ ਮਰ-ਮੁੱਕ ਚੁੱਕੇ ਸਮਝੀ ਬੈਠੇ ਹੁੰਦੇ ਹਨ; ਤੇ ਕਈਆਂ ਨੇ ਆਸ ਦਾ ਦਾਮਨ ਨਹੀਂ ਛੱਡਿਆ ਹੁੰਦਾ। ਅਜਿਹੇ ਕਈ ਮਰਦ ਤੇ ਔਰਤਾਂ 23-24 ਸਾਲਾਂ ਬਾਅਦ ਆਪਣੇ ਬੱਚਿਆਂ ਨੂੰ ਮਿਲੇ ਹਨ। ਅੰਜਨਾ, ਵਿਮਲਾ, ਕਾਂਤਾ, ਪੁਸ਼ਪਾ, ਜੈ ਸਿੰਘ, ਲਾਭ ਸਿੰਘ ਕੋਈ ਵੀ ਨਾਂ ਲੈ ਲਉ, ਉਸ ਨਾਂ ਨਾਲ ਜੁੜੀ ਕੋਈ ਨਾ ਕੋਈ ਵਿਛੋੜੇ ਜਾਂ ਮਿਲਾਪ ਦੀ ਕਹਾਣੀ ਤੁਹਾਨੂੰ ਪਿੰਗਲਵਾੜੇ ਦੇ ਵਿਹੜੇ ਵਿਚ ਜ਼ਰੂਰ ਮਿਲ ਜਾਏਗੀ।

ਹਾਕਮਾਂ ਨੇ ਜੇ ਗੁਆਂਢੀ ਮੁਲਕਾਂ ਨਾਲ ਰਿਸ਼ਤੇ ਵਿਗਾੜ ਕੇ ਨਾ ਰੱਖੇ ਹੁੰਦੇ ਤਾਂ ਬੰਗਲਾਦੇਸ਼ ਤੋਂ ਖ਼ਰੀਦ-ਫਰੋਖਤ ਦਾ ਸ਼ਿਕਾਰ ਹੋ ਕੇ ਆਈਆਂ ਤੇ ਪਿੰਗਲਵਾੜੇ ਵਿਚ ਰੋ-ਰੋ ਕੇ ਬੇਹਾਲ ਹੋ ਰਹੀਆਂ ਹੁਸੀਨਾ ਤੇ ਮੁਖਤਾਰ ਆਪਣੇ ਘਰ ਪਰਤ ਸਕਦੀਆਂ ਸਨ। ਮੋਦੀ ਸਰਕਾਰ ਹਰ ਕੰਮ ਲਈ ਆਧਾਰ ਕਾਰਡ ਨੂੰ ਲਾਜ਼ਮੀ ਬਣਾ ਕੇ ਪੂਰੇ ਦੇਸ਼ ਨੂੰ ਜੋੜ ਦੇਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਉਸ ਦੇ ਸਭ ਦਾਅਵੇ ਖੋਖਲੇ ਸਾਬਤ ਹੋ ਜਾਣੇ ਹਨ ਜੇ ਪਿੰਗਲਵਾੜੇ ਵਿਚ ਪਿਛਲੇ 17 ਸਾਲਾਂ ਤੋਂ ਬੈਠੀ ਆਂਧਰਾ ਪ੍ਰਦੇਸ਼ ਦੀ ਤੈਲਗੂ ਭਾਸ਼ੀ ਨਾਗਲੇ ਲਛੰਮਾ ਆਪਣੇ ਪਤੀ ਸੁਬਰਾਊ ਤੇ ਪੰਜ ਬੱਚਿਆਂ ਤੱਕ ਨਹੀਂ ਪਹੁੰਚ ਸਕਦੀ। ਦੇਸ਼ ਦਾ ਭਵਿਖ ਬੱਚੇ ਹੁੰਦੇ ਹਨ। ਨੇਕ ਨੀਅਤ ਨਾਲ ਉਨ੍ਹਾਂ ਦੀ ਸਿੱਖਿਆ ਵੱਲ ਹਾਕਮਾਂ ਦਾ ਧਿਆਨ ਹੁੰਦਾ ਤਾਂ ਨਾ ਗੁਰਮਿਹਰ ਵਰਗੀਆਂ ਬੱਚੀਆਂ ਨਿਸ਼ਾਨੇ ਉਪਰ ਹੁੰਦੀਆਂ, ਤੇ ਨਾ ਹੀ ਪਿੰਗਲਵਾੜੇ ਦੇ ਬੱਚਿਆਂ ਨੂੰ ਮਿਲਣ ਵਾਲੀਆਂ ਮੁਫਤ ਕਿਤਾਬਾਂ ਜੀ.ਐਸ.ਟੀ. ਦੇ ਦਾਇਰੇ ਵਿਚ ਆਉਂਦੀਆਂ। ਨੇਕ ਨੀਅਤੀ ਨਾਲ ਹਾਕਮ ਜੇ ਪਿੰਗਲਵਾੜੇ ਦੇ ਕੁਦਰਤੀ ਖੇਤੀ ਫਾਰਮ ਨੂੰ ਹੀ ਰੋਲ ਮਾਡਲ ਮੰਨ ਲੈਣ ਤਾਂ ਕਿਸਾਨਾਂ ਨੂੰ ਤਬਾਹੀ ਦੀ ਘੁੰਮਣਘੇਰੀ ਵਿਚੋਂ ਬਾਹਰ ਕੱਢਿਆ ਜਾ ਸਕਦਾ ਸੀ, ਪਰ ਇਹ ਕੋਈ ਜੰਗੀ ਜਹਾਜ਼ ਤਾਂ ਨਹੀਂ ਜਿਨ੍ਹਾਂ ਵਿਚ ਹਾਕਮਾਂ ਦੀ ਦਿਲਚਸਪੀ ਹੋਵੇ। ਅੱਜ ਧਾਰਮਿਕ ਕੱਟੜਤਾ ਤੇ ਰਾਸ਼ਟਰਵਾਦ ਦੀਆਂ ਹਵਾਵਾਂ ਨਾਲ ਦੇਸ਼ ਦਾ ਮਾਹੌਲ ਪ੍ਰਦੂਸ਼ਿਤ ਕਰਨ ਦੀ ਜੋ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਦੇਸ਼ ਦੇ ਵੱਡੇ ਸਰਮਾਏਦਾਰਾਂ ਦੇ ਮੁਨਾਫੇ ਨੂੰ ਧਿਆਨ ਵਿਚ ਰੱਖਦੇ ਹੋਏ ਜਿਵੇਂ ਨੀਤੀਆਂ ਘੜੀਆਂ ਜਾ ਰਹੀਆਂ ਹਨ, ਉਹਦੇ ਨਾਲ ਕੁਝ ਘਰਾਂ ਤੇ ਸਿਆਸੀ ਪਾਰਟੀਆਂ ਨੂੰ ਤਾਂ ਫਾਇਦਾ ਹੋ ਸਕਦਾ ਹੈ, ਪਰ ਦੇਸ਼ ਨੂੰ ਨਹੀਂ।

ਪਿੰਗਲਵਾੜੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਵੀ ਹੈ ਕਿ ਹਿੰਦੂ ਘਰ ਵਿਚ ਪੈਦਾ ਹੋਏ ਭਗਤ ਪੂਰਨ ਸਿੰਘ ਦੀ ਸਿੱਖ ਧਰਮ ਵਿਚ ਗਹਿਰੀ ਆਸਥਾ ਸੀ ਅਤੇ ਉਹ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਵਿਚ ਹਜ਼ਰਤ ਮੁਹੰਮਦ ਸਾਹਿਬ ਜਾਂ ਈਸਾ ਮਸੀਹ ਦੀ ਮਿਸਾਲ ਦਿੰਦੇ ਹੁੰਦੇ ਸਨ। ਉਨ੍ਹਾਂ ਨੇ ਸੇਵਾ ਕਾਰਜ ਵਿਚ ਕਿਸੇ ਵੀ ਧਰਮ ਦਾ ਕਾਪੀਰਾਈਟ ਨਹੀਂ ਮੰਨਿਆ ਅਤੇ ਹਰ ਮਜ਼ਹਬ ਦੇ ਮਨੁੱਖ ਲਈ ਪਿੰਗਲਵਾੜੇ ਦੇ ਦਰਵਾਜ਼ੇ ਖੁੱਲ੍ਹੇ ਰੱਖੇ। ਪਿੰਗਲਵਾੜਾ ਉਹ ਪਰਿਵਾਰ ਹੈ ਜਿਥੇ ਧਰਮਾਂ ਦਾ ਕੋਈ ਪਾੜਾ ਨਹੀਂ। ਇਹ ਘੱਟ ਗਿਣਤੀ ਜਾਂ ਬਹੁ ਗਿਣਤੀ ਦੀ ਮਨੋਗ੍ਰੰਥੀ ਅਤੇ ਅਸੁਰੱਖਿਆ ਦੀ ਭਾਵਨਾ ਤੋਂ ਮੁਕਤ ਪਰਿਵਾਰ ਹੈ।

ਮਾਈਕਲ ਏਂਜਲੋ ਨੂੰ ਆਪਣੀ ਸ਼ਾਹਕਾਰ ਪੇਂਟਿੰਗ ‘ਦਿ ਲਾਸਟ ਸਪਰ’ ਵਿਚ ਈਸਾ ਮਸੀਹ ਨੂੰ ਚਿਤਰਨ ਲਈ ਮਾਡਲ ਦੀ ਲੋੜ ਸੀ ਤੇ ਆਖਿਰ ਉਸ ਨੇ ਜਿਸ ਬੰਦੇ ਨੂੰ ਇਹਦੇ ਲਈ ਚੁਣਿਆ, ਉਹ ਥੋੜ੍ਹਾ ਚਿਰ ਪਹਿਲਾਂ ਹੀ ਕਤਲ ਮਾਮਲੇ ਵਿਚ ਸਜ਼ਾ ਕੱਟ ਕੇ ਆਇਆ ਸੀ। ਜਦੋਂ ਲੋਕਾਂ ਨੇ ਉਸ ਨੂੰ ਉਹਦੀ ਚੋਣ ਬਾਰੇ ਸਵਾਲ ਕੀਤੇ ਤਾਂ ਉਹਦਾ ਜਵਾਬ ਸੀ- ‘ਮੈਨੂੰ ਇਸ ਬੰਦੇ ਦੀ ਸੂਰਤ ਵਿਚ ਈਸਾ ਮਸੀਹ ਨਜ਼ਰ ਆਉਂਦਾ ਹੈ’। ਭਗਤ ਪੂਰਨ ਸਿੰਘ ਨੂੰ ਵੀ ਹਰ ਬੰਦੇ ਦੀ ਸੂਰਤ ਵਿਚ ਰੱਬ ਦਿਸਦਾ ਸੀ। ਉਹ ਭਾਵੇਂ ਕਿਸੇ ਮਜ਼ਹਬ ਦਾ ਹੋਵੇ, ਉਨ੍ਹਾਂ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਸੀ। ਦੁਨੀਆ ਵਿਚ ਭਾਰਤ ਦੀ ਪਛਾਣ ਵੀ ਅਜਿਹੀਆਂ ਨੇਕ ਪਵਿੱਤਰ ਰੂਹਾਂ ਕਰ ਕੇ ਹੈ। ਹਾਕਮ ਆਉਂਦੇ ਜਾਂਦੇ ਰਹਿਣਗੇ, ਪਰ ਹਾਕਮਾਂ ਦੀਆਂ ਜ਼ਿੰਮੇਵਾਰੀਆਂ ਨਿਭਾ ਰਹੀ ਪਿੰਗਲਵਾੜਾ ਸੰਸਥਾ ਨੂੰ ਤਾਂ ਹਾਕਮਾਂ ਨੂੰ ਬਖਸ਼ ਦੇਣਾ ਚਾਹੀਦਾ ਹੈ। ਇਸ ਵਿਚ ਹੀ ‘ਭਾਰਤ ਮਾਤਾ’ ਦੀ ਜੈ ਹੈ।

# ਕਲਮ ਦੀ ਆਜ਼ਾਦੀ ਅਤੇ ਸੰਪਾਦਕ ਦਾ ਅਸਤੀਫਾ

**ਬੂਟਾ ਸਿੰਘ**
**ਫੋਨ: +91-94634-74342**

ਹਿੰਦੁਸਤਾਨ ਦੇ ਚੋਟੀ ਦੇ ਬੌਧਿਕ ਰਸਾਲੇ ਈ.ਪੀ.ਡਬਲਯੂ. (ਇਕਨਾਮਿਕ ਐਂਡ ਪੁਲੀਟੀਕਲ ਵੀਕਲੀ) ਦੇ ਸੰਪਾਦਕ ਪ੍ਰਾਂਜੋਏ ਗੁਹਾ ਠਾਕੁਰਤਾ ਵਲੋਂ ਅਸਤੀਫ਼ਾ ਦਿੱਤੇ ਜਾਣ ਨਾਲ ਮੀਡੀਆ ਉਪਰ ਕਾਰਪੋਰੇਟ ਸਮੂਹਾਂ ਅਤੇ ਸੱਤਾਧਾਰੀਆਂ ਦੇ ਦਬਾਓ ਦਾ ਸਵਾਲ ਇਕ ਵਾਰ ਫਿਰ ਚਰਚਾ ਵਿਚ ਆ ਗਿਆ ਹੈ। ਇਨ੍ਹਾਂ ਤਾਕਤਾਂ ਕੋਲ ਮੀਡੀਆ ਦੀ ਜ਼ੁਬਾਨਬੰਦੀ ਕਰਨ ਦਾ ਵੱਡਾ ਹਥਿਆਰ ਮਾਨਹਾਨੀ ਅਤੇ ਕਰੋੜਾਂ ਰੁਪਏ ਦੇ ਹਰਜਾਨੇ ਦੇ ਕਾਨੂੰਨੀ ਨੋਟਿਸ ਜਾਰੀ ਕਰਨਾ ਹੈ। ਪੀ.ਜੀ. ਠਾਕੁਰਤਾ ਅਤੇ ਈ.ਪੀ.ਡਬਲਯੂ. ਲਈ ਵੀ ਅਡਾਨੀ ਸਮੂਹ ਵਲੋਂ ਇਹੀ ਹਥਿਆਰ ਇਸਤੇਮਾਲ ਕੀਤਾ ਗਿਆ ਅਤੇ ਇਹ ਕਾਮਯਾਬ ਵੀ ਰਿਹਾ, ਚਾਹੇ ਵਕਤੀ ਤੌਰ 'ਤੇ ਹੀ ਸਹੀ!

ਮੀਡੀਆ ਉਪਰ ਐਸਾ ਦਬਾਓ ਨਵੀਂ ਗੱਲ ਨਹੀਂ। ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਸੀ.ਬੀ.ਆਈ. ਨੇ ਬੈਂਕਾਂ ਨਾਲ ਹੇਰਾਫੇਰੀ ਦੇ ਜਿਸ ਇਲਜ਼ਾਮ ਤਹਿਤ ਐਨ.ਡੀ.ਟੀ.ਵੀ. ਦੇ ਬਾਨੀ ਪ੍ਰਨੋਏ ਰਾਏ ਦੇ ਘਰ ਅਤੇ ਦਫ਼ਤਰ ਉਪਰ ਛਾਪੇ ਮਾਰੇ, ਉਸ ਤੋਂ ਸਪਸ਼ਟ ਸੀ ਕਿ ਛਾਪਿਆਂ ਦਾ ਇਕੋ ਇਕ ਮਨੋਰਥ ਇਸ ਚੈਨਲ ਦੀ ਜ਼ੁਬਾਨਬੰਦੀ ਕਰਨਾ ਸੀ; ਕਿਉਂਕਿ ਇਹੀ ਇਕ ਚੈਨਲ ਸੀ ਜਿਹੜਾ ਸੰਘ ਬ੍ਰਿਗੇਡ ਦੀ ਹਿੰਦੂਤਵੀ ਧੌਂਸ ਅਤੇ ਸੱਤਾਧਾਰੀ ਭਾਜਪਾ ਦੀਆਂ ਆਰਥਿਕ ਨੀਤੀਆਂ ਦੀ ਤਿੱਖੀ ਆਲੋਚਨਾ ਬੰਦ ਕਰਨ ਤੋਂ ਨਾਬਰ ਸੀ। ਇਸ ਦੀਆਂ ਬਹੁਤ ਸਾਰੀਆਂ ਠੋਸ ਮਿਸਾਲਾਂ ਮੌਜੂਦ ਹਨ ਕਿ ਸੰਘ ਬ੍ਰਿਗੇਡ ਦੇ ਸੱਤਾਧਾਰੀ ਹੋਣ ਦੀਆਂ ਠੋਸ ਸੰਭਾਵਨਾਵਾਂ ਨੂੰ ਦੇਖਦੇ ਹੋਏ ਬਹੁਤ ਸਾਰੇ ਅਖ਼ਬਾਰਾਂ ਅਤੇ ਚੋਟੀ ਦੇ ਰਸਾਲਿਆਂ ਵਲੋਂ ਨਾ ਸਿਰਫ਼ ਮੋਦੀ ਦੇ ਸੱਤਾਧਾਰੀ ਹੋਣ ਤੋਂ ਪਹਿਲਾਂ ਹੀ ਨੁਕਤਾਚੀਨੀ ਦੀ ਸੁਰ ਨਰਮ ਕਰ ਲਈ ਗਈ ਸੀ, ਸਗੋਂ ਬੇਬਾਕੀ ਨਾਲ ਲਿਖਣ ਵਾਲੇ ਬਹੁਤ ਸਾਰੇ ਉਘੇ ਸੰਪਾਦਕਾਂ ਅਤੇ ਕਾਲਮਨਵੀਸਾਂ ਉਪਰ ਨਾਵਾਜਬ ਬੰਦਸ਼ਾਂ ਥੋਪ ਕੇ ਉਨ੍ਹਾਂ ਨੂੰ ਅਸਤੀਫ਼ੇ ਦੇਣ ਲਈ ਮਜਬੂਰ ਕਰ ਦਿੱਤਾ ਗਿਆ ਸੀ। ਇਕ ਪਿੱਛੋਂ ਇਕ ਐਸੇ ਬਹੁਤ ਸਾਰੇ ਮਾਮਲੇ ਸਾਹਮਣੇ ਆਏ। ਨਤੀਜਾ ਇਹ ਹੈ ਕਿ ਬਹੁਤ ਸਾਰੇ ਮਸ਼ਹੂਰ ਸੰਪਾਦਕ ਅਤੇ ਕਾਲਮਨਵੀਸ ਕਿਸੇ ਹੋਰ ਸੰਸਥਾ ਵਿਚ ਕੰਮ ਕਰਨ ਦੀ ਬਜਾਏ ਆਪੋ-ਆਪਣੇ ਆਨਲਾਈਨ ਮੀਡੀਆ ਪੋਰਟਲ ਚਲਾ ਰਹੇ ਹਨ ਜਾਂ ਐਸੇ ਪੋਰਟਲਾਂ ਲਈ ਲਿਖ ਕੇ ਆਪਣੇ ਵਿਚਾਰ ਸਮਾਜ ਵਿਚ ਲਿਜਾ ਰਹੇ ਹਨ। ਚਿੰਤਨਸ਼ੀਲ ਹਲਕਿਆਂ ਲਈ ਵਧੇਰੇ ਫ਼ਿਕਰਮੰਦੀ ਈ.ਪੀ.ਡਬਲਯੂ. ਨੂੰ ਚਲਾਉਣ ਵਾਲੇ ਟਰੱਸਟ ਦਾ ਆਪਣੇ ਅਸੂਲਾਂ ਨਾਲ ਸਮਝੌਤਾ ਕਰ ਕੇ ਕਾਰਪੋਰੇਟ ਦਬਾਓ ਅੱਗੇ ਗੋਡੇ ਟੇਕਣਾ ਹੈ। ਯਾਦ ਰਹੇ ਕਿ ਇਸ ਰਸਾਲੇ ਨੂੰ ਚਲਾਉਣ ਵਾਲੇ ਸਮੀਕਸ਼ਾ ਟਰਸਟ ਵਿਚ ਇਸ ਵਕਤ ਉਹ ਮਸ਼ਹੂਰ ਬੁੱਧੀਜੀਵੀ - ਰੋਮਿਲਾ ਥਾਪਰ, ਦੀਪਕ ਨਈਅਰ, ਡੀ.ਐਨ.ਘੋਸ਼, ਦੀਪਾਂਕਰ ਗੁਪਤਾ, ਸ਼ਿਆਮ ਮੈਨਨ ਅਤੇ ਰਾਜੀਵ ਭਾਰਗਵ - ਸ਼ਾਮਲ ਹਨ ਜਿਨ੍ਹਾਂ ਦੀ ਪਛਾਣ ਹੀ ਐਸੇ ਵਿਦਵਾਨਾਂ ਵਜੋਂ ਹੈ ਜੋ ਹਮੇਸ਼ਾ ਵਿਚਾਰਾਂ ਦੀ ਆਜ਼ਾਦੀ ਦੇ ਝੰਡਾਬਰਦਾਰ ਰਹੇ ਹਨ।

ਅਸਤੀਫ਼ਾ ਦੇਣ ਵਾਲੇ ਸੰਪਾਦਕ ਪੀ.ਜੀ. ਠਾਕੁਰਤਾ ਖੋਜੀ ਲੇਖਕ ਪੱਤਰਕਾਰ ਹਨ ਜਿਨ੍ਹਾਂ ਦੇ ਡੂੰਘੀ ਖੋਜ ਆਧਾਰਤ ਲੇਖਾਂ ਨੇ ਉਨ੍ਹਾਂ ਕਾਰਪੋਰੇਟ ਘਰਾਣਿਆਂ ਲਈ ਵੱਡੀ ਪ੍ਰੇਸ਼ਾਨੀ ਖੜ੍ਹੀ ਕੀਤੀ ਜੋ ਮੋਦੀ ਸਰਕਾਰ ਦੇ ਚਹੇਤੇ ਹਨ ਅਤੇ ਜਿਨ੍ਹਾਂ ਨੂੰ ਮੋਦੀ ਵਲੋਂ ਮੁਲਕ ਦੇ ਵਸੀਲੇ ਅਤੇ ਸਰਕਾਰੀ ਖ਼ਜ਼ਾਨਾ ਲੁੱਟਣ ਦੀ ਖ਼ਾਸ ਖੁੱਲ੍ਹ ਦਿੱਤੀ ਗਈ ਹੈ। ਕੁਝ ਸਾਲ ਪਹਿਲਾਂ ਠਾਕੁਰਤਾ ਨੇ ਡੂੰਘੀ ਖੋਜ ਕਰ ਕੇ 'ਗੈਸ ਵਾਰ: ਕਰੋਨੀ ਕੈਪਟਲਿਜ਼ਮ ਐਂਡ ਦਿ ਅੰਬਾਨੀਜ਼' ਨਾਂ ਦੀ ਚਰਚਿਤ ਕਿਤਾਬ ਲਿਖੀ ਸੀ ਜਿਸ ਵਿਚ ਮਨਮੋਹਨ ਸਿੰਘ ਦੀ ਸਰਕਾਰ ਵਲੋਂ ਮੁਲਕ ਦੇ ਤੇਲ ਅਤੇ ਕੁਦਰਤੀ ਗੈਸ ਦੇ ਵਸੀਲਿਆਂ ਉਪਰ ਅੰਬਾਨੀ ਕਾਰਪੋਰੇਟ ਸਮੂਹ ਦਾ ਕਬਜ਼ਾ ਕਰਾਉਣ ਅਤੇ ਇਨ੍ਹਾਂ ਵਸੀਲਿਆਂ ਦੀ ਮਾਲਕੀ ਨੂੰ ਲੈ ਕੇ ਅੰਬਾਨੀ ਭਰਾਵਾਂ ਦਰਮਿਆਨ ਹੋਈ ਲੰਮੀ ਅਦਾਲਤੀ ਜੰਗ ਅਤੇ ਇਸ ਮਸਲੇ ਨੂੰ ਹੱਲ ਕਰਾਉਣ ਵਿਚ ਮਨਮੋਹਨ ਸਿੰਘ ਸਰਕਾਰ ਵਲੋਂ ਕੀਤੀ ਸਾਲਸੀ ਦਾ ਤੱਥਾਂ ਸਹਿਤ ਖ਼ੁਲਾਸਾ ਕੀਤਾ ਗਿਆ ਸੀ। ਅੰਬਾਨੀਆਂ ਨੇ ਇਸ ਕਿਤਾਬ ਨੂੰ ਦਬਾਉਣ ਲਈ ਅਤੇ ਇਸ ਦੀ ਵਿਕਰੀ ਬੰਦ ਕਰਾਉਣ ਲਈ ਕਾਨੂੰਨੀ ਨੋਟਿਸਾਂ ਰਾਹੀਂ ਦਬਾਓ ਪਾਉਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਰਹਿਣ ਦਿੱਤੀ। ਇਸੇ ਸਿਲਸਿਲੇ ਵਿਚ ਅਗਲੀ ਮਿਸਾਲ ਠਾਕੁਰਤਾ ਦੇ ਅਡਾਨੀ ਸਮੂਹ ਬਾਰੇ ਲੇਖ ਬਣੇ।

ਪੰਦਰਾਂ ਮਹੀਨੇ ਪਹਿਲਾਂ ਪੀ.ਜੀ. ਠਾਕੁਰਤਾ ਨੂੰ ਈ.ਪੀ.ਡਬਲਯੂ. ਦੇ ਸੰਪਾਦਕ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਸ ਤੋਂ ਪਹਿਲਾਂ ਰਾਮਮਨੋਹਰ ਰੈੱਡੀ ਸੰਪਾਦਕ ਸਨ ਜਿਸ ਵਲੋਂ 12 ਸਾਲ ਸੰਪਾਦਕ ਰਹਿਣ ਤੋਂ ਬਾਅਦ ਅਸਤੀਫ਼ਾ ਦੇਣ ਨਾਲ ਸਮੀਕਸ਼ਾ ਟਰਸਟ ਸਵਾਲਾਂ ਦੇ ਘੇਰੇ ਵਿਚ ਆ ਗਿਆ ਸੀ। ਸੰਪਾਦਕੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਠਾਕੁਰਤਾ ਵਲੋਂ ਆਪਣੀ ਸਹਿਯੋਗੀ ਟੀਮ ਨਾਲ ਮਿਲ ਕੇ ਦੋ ਲੰਮੇ ਖੋਜ ਭਰਪੂਰ ਲੇਖ ਲਿਖੇ ਗਏ। ਲੇਖਾਂ ਦਾ ਸਾਰ-ਤੱਤ ਇਹ ਸੀ ਕਿ ਕਿਵੇਂ ਸਰਕਾਰ ਵਲੋਂ ਅਡਾਨੀ ਘਰਾਣੇ ਨੂੰ ਫ਼ਾਇਦਾ ਪਹੁੰਚਾਉਣ ਲਈ ਸਰਕਾਰੀ ਨੀਤੀਆਂ ਬਣਾਈਆਂ ਜਾ ਰਹੀਆਂ ਹਨ ਜੋ ਮੋਦੀ ਦਾ ਬਹੁਤ ਨਜ਼ਦੀਕੀ ਕਾਰਪੋਰੇਟ ਹੈ। ਦਰਅਸਲ, ਉਸ ਵਲੋਂ ਮੋਦੀ ਨੂੰ ਪ੍ਰੋਮੋਟ ਕਰ ਕੇ ਕੇਂਦਰੀ ਸੱਤਾ ਉਪਰ ਬਿਠਾਉਣ ਵਿਚ ਵੱਡੀ ਭੂਮਿਕਾ ਨਿਭਾਈ ਗਈ। ਪਹਿਲੇ ਲੇਖ ਵਿਚ ਤੱਥਾਂ ਸਹਿਤ ਇਹ ਖੁਲਾਸਾ ਕੀਤਾ ਗਿਆ ਸੀ ਕਿ ਕਿਵੇਂ ਅਡਾਨੀ ਸਮੂਹ ਵਲੋਂ ਰਾਜ ਪ੍ਰਬੰਧ ਅੰਦਰਲੀਆਂ ਕਮਜ਼ੋਰੀਆਂ ਨੂੰ ਆਪਣੇ ਹਿਤ ਵਿਚ ਵਰਤ ਕੇ ਟੈਕਸ ਨਹੀਂ ਦਿੱਤਾ ਗਿਆ ਅਤੇ ਸਰਕਾਰੀ ਖ਼ਜ਼ਾਨੇ ਨੂੰ 1000 ਕਰੋੜ ਰੁਪਏ ਦਾ ਚੂਨਾ ਲਾਇਆ ਗਿਆ। ਦੂਜੇ ਲੇਖ ਵਿਚ ਇਹ ਖ਼ੁਲਾਸਾ ਕੀਤਾ ਗਿਆ ਸੀ ਕਿ ਕਿਵੇਂ ਸਰਕਾਰ ਵਲੋਂ ਅਡਾਨੀ ਨੂੰ ਵਿਸ਼ੇਸ਼ ਫ਼ਾਇਦਾ ਪਹੁੰਚਾਉਣ ਲਈ ਸਪੈਸ਼ਲ ਇਕਨਾਮਿਕ ਜ਼ੋਨਾਂ ਸਬੰਧੀ ਨੇਮ ਤੋੜੇ-ਮਰੋੜੇ ਗਏ। ਇਸ ਨਾਲ ਅਡਾਨੀ ਸਮੂਹ ਨੂੰ 500 ਕਰੋੜ ਰੁਪਏ ਦਾ ਫ਼ਾਇਦਾ ਹੋਇਆ।




ਪ੍ਰਾਂਜੋਏ ਗੁਹਾ ਠਾਕੁਰਤਾ (ਖੱਬੇ) ਅਤੇ ਅਡਾਨੀ

ਵੱਡੇ ਵੱਡੇ ਅਰਬਾਂ-ਖਰਬਾਂ ਦੇ ਘੁਟਾਲਿਆਂ ਦੀ ਤੁਲਨਾ ਵਿਚ ਇਹ ਖੁਲਾਸੇ ਬਹੁਤ ਤੁੱਛ ਜਾਪਦੇ ਹਨ, ਪਰ ਕਾਰਪੋਰੇਟ ਘਰਾਣਿਆਂ ਅਤੇ ਸੰਘ ਬ੍ਰਿਗੇਡ ਦੋਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਨ੍ਹਾਂ ਨੂੰ ਦਬਾਏ ਨਾ ਜਾਣ ਦੀ ਸੂਰਤ ਵਿਚ ਇਹ ਅਗਲੇਰੀ ਛਾਣ-ਬੀਣ ਦਾ ਰਾਹ ਖੋਲ੍ਹ ਕੇ ਵੱਡਾ ਸੰਕਟ ਖੜ੍ਹਾ ਕਰ ਸਕਦੇ ਹਨ। ਇਸੇ ਲਈ ਅਡਾਨੀ ਵਲੋਂ ਇਨ੍ਹਾਂ ਲੇਖਾਂ ਨੂੰ ਵੈੱਬਸਾਈਟ ਤੋਂ ਹਟਾਉਣ ਲਈ ਸਮੀਕਸ਼ਾ ਟਰਸਟ ਦੀ ਬਾਂਹ ਮਰੋੜੀ ਗਈ। ਉਸ ਨੇ ਲਿਖਤ ਹਟਾਉਣ ਲਈ ਅਜੇ ਸਿਰਫ਼ ਕਾਨੂੰਨੀ ਨੋਟਿਸ ਹੀ ਭੇਜਿਆ ਸੀ, ਇਹ ਅਦਾਲਤੀ ਨੋਟਿਸ ਨਹੀਂ ਸੀ। ਅਡਾਨੀ ਦੀ ਅਦਾਲਤ ਵਿਚ ਜਾਣ ਦੀ ਧਮਕੀ ਪੂਰੀ ਕਾਰਆਮਦ ਸਾਬਤ ਹੋਈ। ਟਰਸਟ ਅਦਾਲਤੀ ਨੋਟਿਸ ਤੋਂ ਪਹਿਲਾਂ ਹੀ ਗੋਡੇ ਟੇਕ ਗਿਆ ਅਤੇ ਇਸ ਨੇ ਇਹ ਲੇਖ ਤੁਰੰਤ ਵੈੱਬਸਾਈਟ ਤੋਂ ਹਟਾ ਦਿੱਤੇ।

ਟਰਸਟ ਉਪਰ ਦਬਾਓ ਅਤੇ ਇਸ ਤੋਂ ਬਚਣ ਲਈ ਅਖ਼ਤਿਆਰ ਕੀਤੇ ਸਮਝੌਤਾਵਾਦੀ ਰਸਤੇ ਨੂੰ ਸਮਝਣ ਲਈ ਸੰਪਾਦਕ ਦੇ ਅਸਤੀਫ਼ੇ ਦੇ ਅਮਲ ਨਾਲ ਸਬੰਧਤ ਹੋਰ ਤੱਥਾਂ ਵੱਲ ਗ਼ੌਰ ਕਰਨਾ ਵੀ ਜ਼ਰੂਰੀ ਹੈ। ਟਰਸਟ ਦਾ ਮੁੱਖ ਇਤਰਾਜ਼ ਇਹ ਸੀ ਕਿ ਸੰਪਾਦਕ ਨੇ ਅਡਾਨੀ ਸਮੂਹ ਵਲੋਂ ਭੇਜੇ ਕਾਨੂੰਨੀ ਨੋਟਿਸ ਦਾ ਜਵਾਬ ਦੇਣ ਲਈ ਟਰਸਟ ਦੀ ਮਨਜ਼ੂਰੀ ਲੈਣ ਤੋਂ ਬਿਨਾ ਹੀ ਵਕੀਲ ਜ਼ਰੀਏ ਜਵਾਬ ਭੇਜ ਦਿੱਤਾ ਗਿਆ ਜਿਸ ਦੀ ਜਾਣਕਾਰੀ ਟਰਸਟ ਨੂੰ ਨੋਟਿਸ ਅਤੇ ਜਵਾਬ ਦੋਵੇਂ ਵੈੱਬਸਾਈਟ ਉਪਰ ਪੋਸਟ ਕਰ ਦਿੱਤੇ ਜਾਣ ਤੋਂ ਬਾਅਦ ਮਿਲੀ। ਉਨ੍ਹਾਂ ਦੀ ਦਲੀਲ ਹੈ ਕਿ ਨੋਟਿਸਾਂ ਨਾਲ ਨਜਿੱਠਣ ਦੇ ਫ਼ੈਸਲੇ ਕਰਨੇ ਟਰਸਟ ਦੇ ਅਧਿਕਾਰ ਖੇਤਰ ਦਾ ਮਾਮਲਾ ਹੈ, ਸੰਪਾਦਕ ਦਾ ਟਰਸਟ ਦੇ ਨਾਂ 'ਤੇ ਖ਼ੁਦ ਹੀ ਨੋਟਿਸ ਦਾ ਜਵਾਬ ਦੇਣਾ ਵਿਸ਼ਵਾਸ ਖ਼ਿਲਾਫ਼ੀ ਹੈ। ਪੀ.ਜੀ. ਠਾਕੁਰਤਾ ਵਲੋਂ ਆਪਣੀ ਇਸ ਗ਼ਲਤੀ ਦਾ ਅਹਿਸਾਸ ਕਰ ਲਿਆ ਗਿਆ ਅਤੇ ਇਸ ਨਾਲ ਮਾਮਲਾ ਖ਼ਤਮ ਹੋ ਜਾਣਾ ਚਾਹੀਦਾ ਸੀ। ਟਰਸਟ ਇਹ ਤੈਅ ਕਰ ਲੈਂਦਾ ਕਿ ਇਸ ਤੋਂ ਅੱਗੇ ਅਡਾਨੀ ਸਮੂਹ ਦੇ ਕਾਨੂੰਨੀ ਨੋਟਿਸ ਨਾਲ ਕਿਵੇਂ ਨਜਿੱਠਣਾ ਹੈ। ਟਰਸਟ ਨੇ ਮਾਮਲੇ ਨੂੰ ਇਥੇ ਖ਼ਤਮ ਕਰਨ ਦੀ ਥਾਂ ਜੋ ਰਸਤਾ ਅਖ਼ਤਿਆਰ ਕੀਤਾ, ਉਹ ਜਿਥੇ ਸੰਪਾਦਕ ਨੂੰ ਜ਼ਲੀਲ ਕਰਨ ਵਾਲਾ ਸੀ, ਉਥੇ ਇਸ ਅਦਾਰੇ ਦੀ ਖੋਜ ਅਤੇ ਡੂੰਘੇ ਅਧਿਐਨ ਦੇ ਹੱਕ ਵਿਚ ਖੜ੍ਹਨ ਦੀ ਰਵਾਇਤ ਤੋਂ ਉਲਟ ਸੀ। ਇਸ ਵਲੋਂ ਲੇਖਕਾਂ ਦੇ ਹੱਕ ਵਿਚ ਡਟਣ ਦੀ ਬਜਾਏ ਦੋਵੇਂ ਲੇਖ ਵੈੱਬਸਾਈਟ ਤੋਂ ਹਟਾ ਕੇ ਅਡਾਨੀ ਨੂੰ ਖ਼ੁਸ਼ ਕਰਨ ਨੂੰ ਤਰਜੀਹ ਦਿੱਤੀ ਗਈ। ਟਰਸਟ ਦੇ ਮੈਂਬਰ ਉਸ ਨੂੰ ਸੰਪਾਦਕ ਦੀ ਜ਼ਿੰਮੇਵਾਰੀ ਸੌਂਪਣ ਵਕਤ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਕਾਰਪੋਰੇਟ ਸਰਮਾਏਦਾਰੀ ਦੇ ਘੁਟਾਲਿਆਂ ਨੂੰ ਬੇਕਿਰਕੀ ਨਾਲ ਬੇਨਕਾਬ ਕਰਨ ਵਾਲੀ ਕਲਮ ਹੈ। ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਕਾਰਪੋਰੇਟ ਘਰਾਣਿਆਂ ਨਾਲ ਆਢਾ ਲਾਉਣ ਦਾ ਮਤਲਬ ਹੈ, ਸਾਲਾਂਬੱਧੀ ਅਦਾਲਤਾਂ ਵਿਚ ਖੱਜਲਖ਼ੁਆਰੀ ਅਤੇ ਜੇਲ੍ਹ ਜਾਣ ਦੀ ਸੰਭਾਵਨਾ। ਇਸ ਤੋਂ ਬਚਣ ਲਈ ਟਰਸਟ ਨੇ ਵਿਚਾਰਾਂ ਦੀ ਅਜ਼ਾਦੀ ਦੀ ਰਾਖੀ ਦੇ ਫ਼ਰਜ਼ ਨੂੰ ਤਿਲਾਂਜਲੀ ਦੇਣ ਦਾ ਰਾਹ ਚੁਣਿਆ ਜੋ ਸੰਕੇਤ ਹੈ ਕਿ ਟਰਸਟ ਮੈਂਬਰ ਹੁਕਮਰਾਨਾਂ ਅਤੇ ਸਿਆਸੀ ਸਰਪ੍ਰਸਤੀ ਵਾਲੇ ਕਾਰਪੋਰੇਟ ਸਮੂਹ ਨਾਲ ਮੱਥਾ ਲਾਉਣ ਦਾ ਜੋਖ਼ਮ ਉਠਾਉਣ ਲਈ ਤਿਆਰ ਨਹੀਂ।

ਟਰਸਟ ਮੈਂਬਰਾਂ ਦਾ ਰਵੱਈਆ ਸੰਪਾਦਕ ਨੂੰ ਜ਼ਲੀਲ ਕਰਨ ਦੇ ਪੱਖੋਂ ਵੀ ਗ਼ੌਰਤਲਬ ਹੈ। ਅਗਾਂਹ ਤੋਂ ਰਸਾਲੇ ਦੇ ਸੰਪਾਦਨ ਲਈ ਉਸ ਦੇ ਨਾਲ ਸਹਾਇਕ ਸੰਪਾਦਕ ਲਾਉਣ ਦਾ ਫ਼ੈਸਲਾ ਸੁਣਾ ਦਿੱਤਾ ਗਿਆ। ਜਿਸ ਸੰਪਾਦਕ ਨੇ ਪੰਦਰਾਂ ਮਹੀਨਿਆਂ ਦੇ ਕਾਰਜਕਾਲ ਵਿਚ ਰਸਾਲੇ ਨੂੰ ਹੋਰ ਮਿਆਰੀ ਬਣਾ ਕੇ ਆਪਣੀ ਕਾਬਲੀਅਤ ਸਾਬਤ ਕੀਤੀ ਸੀ, ਉਹ ਅਜਿਹੀਆਂ ਜ਼ਲੀਲ ਕਰਨ ਵਾਲੀਆਂ ਸ਼ਰਤਾਂ ਤਹਿਤ ਕੰਮ ਕਰਨਾ ਸਵੀਕਾਰ ਕਿਉਂ ਕਰੇਗਾ? ਉਸ ਨੇ ਅਸਤੀਫ਼ਾ ਦੇ ਕੇ ਆਪਣਾ ਸਵੈਮਾਣ ਬਰਕਰਾਰ ਰੱਖਿਆ ਹੈ, ਪਰ ਵਿਚਾਰਾਂ ਦੀ ਆਜ਼ਾਦੀ ਦੇ ਝੰਡਾਬਰਦਾਰ ਬੁੱਧੀਜੀਵੀਆਂ ਦਾ ਇਸ ਮਾਮਲੇ ਵਿਚ ਜੋ ਰਵੱਈਆ ਸਾਹਮਣੇ ਆਇਆ, ਉਸ ਨਾਲ ਉਨ੍ਹਾਂ ਨੇ ਪਬਲਿਕ ਬੁੱਧੀਜੀਵੀ ਹੋਣ ਦੀ ਆਪਣੀ ਪ੍ਰਤੀਤ ਗੁਆ ਲਈ ਹੈ।

ਇਹ ਦੋਹਰੇ ਮਿਆਰ ਉਦੋਂ ਸਾਹਮਣੇ ਆ ਰਹੇ ਹਨ ਜਦੋਂ ਆਲੋਚਨਾਤਮਕ ਵਿਚਾਰਾਂ ਲਈ ਜਮਹੂਰੀ ਸਪੇਸ ਸੁੰਗੜ ਰਹੀ ਹੈ ਅਤੇ ਇਸ ਦੀ ਰਾਖੀ ਲਈ ਡਟਣ ਦੀ ਜ਼ਰੂਰਤ ਵਧ ਰਹੀ ਹੈ। ਹਾਲ ਹੀ 'ਚ ਨੋਬੇਲ ਇਨਾਮ ਜੇਤੂ ਅਰਥ ਸ਼ਾਸਤਰੀ ਅਮਰਤਿਆ ਸੇਨ ਉਪਰ ਬਣੀ ਦਸਤਾਵੇਜ਼ੀ ਫਿਲਮ 'ਦਿ ਆਰਗਿਊਮੈਂਟੇਟਿਵ ਇੰਡੀਅਨ' ਸੈਂਸਰ ਬੋਰਡ ਦੀ ਕੈਂਚੀ ਦਾ ਨਿਸ਼ਾਨਾ ਬਣੀ ਹੈ। ਫਿਲਮ ਵਿਚੋਂ ਛੇ ਥਾਵਾਂ ਉਪਰ ਆਵਾਜ਼ ਹਟਾਉਣ ਲਈ ਕਿਹਾ ਗਿਆ ਜਿਥੇ 'ਗਾਂ', 'ਗੁਜਰਾਤ', 'ਹਿੰਦੂ ਇੰਡੀਆ' ਅਤੇ 'ਹਿੰਦੂਤਵ' ਸ਼ਬਦ ਆਉਂਦੇ ਸਨ। ਸੇਨ ਉਦਾਰਵਾਦੀ ਆਰਥਿਕ ਨੀਤੀਆਂ ਦੇ ਹਮਾਇਤੀ ਹੁੰਦਿਆਂ ਵੀ ਮੋਦੀ ਮਾਡਲ ਦੇ ਤਿੱਖੇ ਆਲੋਚਕ ਹਨ। ਐਸੇ ਨਾਜ਼ੁਕ ਮੌਕੇ ਉਪਰ ਰੋਮਿਲਾ ਥਾਪਰ ਅਤੇ ਬਾਕੀ ਟਰਸਟ ਮੈਂਬਰਾਂ ਦਾ ਝੁਕ ਜਾਣਾ ਫ਼ਿਕਰਮੰਦੀ ਦਾ ਮਾਮਲਾ ਹੈ। ਆਉਣ ਵਾਲੇ ਦਿਨਾਂ ਵਿਚ ਆਲੋਚਨਾਤਮਕ ਮੀਡੀਆ ਅਤੇ ਨਿਧੜਕ ਕਲਮਾਂ ਖ਼ਿਲਾਫ਼ ਕਾਰਪੋਰੇਟ ਸਰਮਾਏਦਾਰੀ ਅਤੇ ਸੰਘ ਬ੍ਰਿਗੇਡ ਦੇ ਗਠਜੋੜ ਦੇ ਧੌਂਸਬਾਜ਼ ਹਮਲੇ ਹੋਰ ਵਧਣਗੇ। ਵਿਚਾਰਾਂ ਅਤੇ ਕਲਮ ਦੀ ਆਜ਼ਾਦੀ ਲਈ ਡਟਣ ਵਾਲਿਆਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਦੁਨੀਆ ਵਿਚ ਨਾਜ਼ੀਵਾਦ ਅਤੇ ਫ਼ਾਸ਼ੀਵਾਦ ਦੇ ਕਾਲੇ ਦੌਰ ਵਿਚ ਅਜਿਹੀਆਂ ਕਲਮਾਂ ਸਨ ਜਿਨ੍ਹਾਂ ਨੇ ਇਸ ਖ਼ੂਨੀ ਦਹਿਸ਼ਤਗਰਦ ਤਾਨਾਸ਼ਾਹੀ ਨੂੰ ਡਟ ਕੇ ਚੁਣੌਤੀ ਦੇਣੀ ਜਾਰੀ ਰੱਖੀ। ਅੱਜ ਸੰਘ ਬ੍ਰਿਗੇਡ ਅਤੇ ਕਾਰਪੋਰੇਟ ਸਰਮਾਏਦਾਰੀ ਦੇ ਗਠਜੋੜ ਦੀ ਧੌਂਸ ਵੀ ਆਪਣੇ ਇਰਾਦਿਆਂ ਵਿਚ ਕਾਮਯਾਬ ਨਹੀਂ ਹੋਵੇਗੀ, ਪਰ ਸਮੀਕਸ਼ਾ ਟਰਸਟ ਦਾ ਥਿੜਕ ਜਾਣਾ ਦੁਖਦਾਈ ਹੈ।

# ਧਰਮ ਨਿਰਪੱਖਤਾ ਤੇ ਫਿਰਕੂ ਸਿਆਸਤ

**ਅਭੈ ਕੁਮਾਰ ਦੂਬੇ**

ਫ਼ਿਰਕਾਪ੍ਰਸਤੀ ਅਤੇ ਸਿਆਸਤ ਦੇ ਮੌਜੂਦਾ ਗਠਜੋੜ ਨੂੰ ਵੇਖ ਕੇ ਪੁਰਾਣੀ ਘਟਨਾ ਯਾਦ ਆ ਗਈ। 80 ਦੇ ਦਹਾਕੇ ਵਿਚ ਇੰਦਰਾ ਗਾਂਧੀ ਨੇ ਸਿਆਸਤ ਵਿਚ ਵਾਪਸੀ ਕਰਦਿਆਂ ਹਿੰਦੂ ਕਾਰਡ ਖੇਡਿਆ ਸੀ। ਧਰਮ ਨਿਰਪੱਖਤਾ ਦੀ ਚੈਂਪੀਅਨ ਰਹੀ ਕਾਂਗਰਸ ਦੇ ਪ੍ਰਧਾਨ ਮੰਤਰੀ ਨੂੰ ਜਦੋਂ ਗੜਵਾਲ ਅਤੇ ਅਸਾਮ ਦੀਆਂ ਸਭਾਵਾਂ ਵਿਚ ਮੁਸਲਮਾਨਾਂ ਦੀ ਦੇਸ਼ ਭਗਤੀ 'ਤੇ ਸ਼ੱਕ ਕਰਦਿਆਂ ਵੇਖਿਆ ਗਿਆ ਤਾਂ ਮੁੰਬਈ ਵਿਚ ਦੱਖਣ ਭਾਰਤੀਆਂ ਖ਼ਿਲਾਫ਼ ਮਰਾਠਾਵਾਦ ਦਾ ਝੰਡਾ ਬੁਲੰਦ ਕਰਨ ਵਾਲੇ ਬਾਲ ਠਾਕਰੇ ਨੂੰ ਲੱਗਿਆ ਕਿ ਜਦੋਂ ਇੰਦਰਾ ਹਿੰਦੂਆਂ ਨੂੰ ਇਕਜੁਟ ਕਰਨ ਦੀ ਅਪੀਲ ਕਰ ਸਕਦੀ ਹੈ ਤਾਂ ਉਹ ਇਹ ਕੰਮ ਜ਼ਿਆਦਾ ਚੰਗੀ ਤਰ੍ਹਾਂ ਕਰ ਸਕਦੇ ਹਨ। ਇਸ ਤੋਂ ਬਾਅਦ 'ਮਰਾਠਾ ਹਿਰਦੇ ਸਮਰਾਟ' ਬਾਲ ਠਾਕਰੇ ਨੇ ਖ਼ੁਦ ਨੂੰ 'ਹਿੰਦੂ ਹਿਰਦੇ ਸਮਰਾਟ' ਵਿਚ ਬਦਲ ਲਿਆ। ਕਹਿਣ ਦਾ ਮਤਲਬ, ਕਾਂਗਰਸ ਨੇ ਫ਼ਿਰਕਾਪ੍ਰਸਤੀ ਦਾ ਜੋ ਦਾਅ ਝਿਜਕਦਿਆਂ ਖੇਡਿਆ ਸੀ, ਉਸ ਨੇ ਨੰਗੀ ਫ਼ਿਰਕਾਪ੍ਰਸਤੀ ਦੀ ਸਿਆਸਤ ਨੂੰ ਜਨਮ ਦੇ ਦਿੱਤਾ। ਅੱਜ ਕਾਂਗਰਸ ਵਰਗੀ ਸਿਆਸਤ ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਕਰ ਰਹੀ ਹੈ। ਉਨ੍ਹਾਂ ਨੂੰ ਇਸ ਦੇ ਫ਼ੌਰੀ ਫ਼ਾਇਦੇ ਹੋ ਸਕਦੇ ਹਨ, ਪਰ ਭਵਿਖ ਵਿਚ ਇਸ ਦਾ ਲਾਭ ਉਨ੍ਹਾਂ ਸਿਆਸੀ ਸ਼ਕਤੀਆਂ ਨੂੰ ਮਿਲਣਾ ਹੈ ਜੋ ਸਿਰਫ਼ ਫ਼ਿਰਕਾਪ੍ਰਸਤੀ ਵਿਚ ਯਕੀਨ ਕਰਦੀਆਂ ਹਨ।

ਫ਼ਿਰਕਾਪ੍ਰਸਤੀ ਦੱਖਣੀ ਏਸ਼ਿਆਈ ਸ਼ਬਦ ਹੈ ਜਿਸ ਦਾ ਅਰਥ ਬਾਕੀ ਦੁਨੀਆ ਦੇ ਸ਼ਬਦ ਕੋਸ਼ਾਂ ਵਿਚ ਨਹੀਂ ਮਿਲਦਾ। ਅਸੀਂ ਜਾਣਦੇ ਹਾਂ ਕਿ ਅੰਗਰੇਜ਼ੀ ਵਿਚ ਇਸ ਦਾ ਅਨੁਵਾਦ ਕਮਿਊਨਲਿਜ਼ਮ ਹੈ ਅਤੇ ਦੱਖਣੀ ਏਸ਼ਿਆਈ ਦੇਸ਼ਾਂ (ਭਾਰਤ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਨੇਪਾਲ, ਭੂਟਾਨ) ਦੇ ਉਲਟ ਪੱਛਮੀ ਦੇਸ਼ਾਂ ਵਿਚ ਇਸ ਸ਼ਬਦ ਦਾ ਮਤਲਬ ਸਕਾਰਾਤਮਕਤਾ ਨਾਲ ਭਰਪੂਰ ਭਾਈਚਾਰੇ ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਸਿਰਫ਼ ਦੱਖਣੀ ਏਸ਼ੀਆ ਵਿਚ ਹੀ ਇਸ ਦਾ ਮਤਲਬ ਕਿਸੇ ਦੂਸਰੇ ਧਰਮ ਪ੍ਰਤੀ ਨਫ਼ਰਤ ਪੈਦਾ ਕਰ ਕੇ ਸਿਆਸੀ ਹਿਤ ਲਈ ਨਾਂਹ-ਪੱਖੀ ਸਰਗਰਮੀਆਂ ਦੇ ਰੂਪ ਵਿਚ ਲਿਆ ਜਾਂਦਾ ਹੈ। ਫ਼ਿਰਕਾਪ੍ਰਸਤੀ ਦੇ ਮਾਮਲੇ ਵਿਚ ਦੱਖਣੀ ਏਸ਼ਿਆਈ ਦੇਸ਼ ਇਥੇ ਹੀ ਨਹੀਂ ਰੁਕਦੇ, ਸਗੋਂ ਅੱਗੇ ਜਾ ਕੇ ਇਕ ਨਹੀਂ, ਵੱਖ ਵੱਖ ਤਰ੍ਹਾਂ ਦੀਆਂ ਫ਼ਿਰਕਾਪ੍ਰਸਤੀਆਂ ਨੂੰ ਜਨਮ ਦਿੰਦੇ ਹਨ, ਪੁਸ਼ਤ-ਪਨਾਹੀ ਕਰਦੇ ਹਨ ਅਤੇ ਉਸ ਦੇ ਦਮ 'ਤੇ ਵੱਖ ਵੱਖ ਪਾਰਟੀਆਂ ਅਤੇ ਨੇਤਾ ਆਪਣਾ ਅਕਸ ਕਾਇਮ ਰੱਖਣ ਦੀਆਂ ਯੋਜਨਾਵਾਂ ਬਣਾਉਂਦੇ ਹਨ। ਫ਼ਿਰਕਾਪ੍ਰਸਤੀ ਦਾ ਇਹ ਰੁਝਾਨ ਉਸ ਸਮੇਂ ਹੋਰ ਜਟਿਲ ਹੋ ਜਾਂਦਾ ਹੈ, ਜਦੋਂ ਇਸ ਦਾ ਮੁਕਾਬਲਾ ਕਰਨ ਵਾਲੀ ਧਰਮ ਨਿਰਪੱਖ ਸਿਆਸਤ ਕੁਝ ਫ਼ਿਰਕਾਪ੍ਰਸਤੀ ਦੀਆਂ ਭਾਵਨਾਵਾਂ ਖ਼ਿਲਾਫ਼ ਪ੍ਰਚੰਡ ਰਹਿੰਦੀ ਹੈ ਅਤੇ ਕੁਝ ਬਾਰੇ ਚੁੱਪ ਹੋ ਜਾਂਦੀ ਹੈ। ਇਉਂ ਸਿਆਸੀ ਰਵੱਈਏ ਦੇ ਪੱਖ ਵਿਚ ਕੁਝ ਦਲੀਲਾਂ ਜ਼ਰੂਰ ਦਿੱਤੀਆਂ ਜਾਂਦੀਆਂ ਹਨ, ਪਰ ਆਖ਼ਰਕਾਰ ਫ਼ਿਰਕੂ ਤਾਕਤਾਂ ਹੀ ਮਜ਼ਬੂਤ ਹੁੰਦੀਆਂ ਹਨ।

ਫ਼ਿਰਕਾਪ੍ਰਸਤੀ ਖ਼ਿਲਾਫ਼ ਧਰਮ ਨਿਰਪੱਖ ਰਵੱਈਏ ਦੀ ਤਾਜ਼ਾ ਮਿਸਾਲ ਪੱਛਮੀ ਬੰਗਾਲ ਵਿਚ ਬਦੁਰੀਆ ਅਤੇ ਬਸ਼ੀਰਹਾਟ ਦੀਆਂ ਘਟਨਾਵਾਂ ਹਨ। ਇਥੇ ਹੋਈਆਂ ਫ਼ਿਰਕਾਪ੍ਰਸਤੀ ਦੀਆਂ ਵਾਰਦਾਤਾਂ ਵਿਚ ਬਿਨਾਂ ਵਿਵਾਦ ਦੇ ਇਹ ਦਿਖਾਈ ਦਿੰਦਾ ਹੈ ਕਿ ਉਥੇ ਹਿੰਸਕ ਪਹਿਲ ਮੁਸਲਿਮ ਭਾਈਚਾਰੇ ਦੇ ਹੱਥ ਵਿਚ ਰਹੀ ਅਤੇ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਸਰਕਾਰ ਨੇ ਵਾਰਦਾਤ ਕਰਨ ਵਾਲਿਆਂ ਖ਼ਿਲਾਫ਼ ਪ੍ਰਭਾਵੀ ਕਾਰਵਾਈ ਕਰਨ ਤੋਂ ਪਰਹੇਜ਼ ਕਰਦਿਆਂ ਠੀਕਰਾ ਸੀਮਾ ਪਾਰ ਦੀਆਂ ਤਾਕਤਾਂ ਦੇ ਦਰਵਾਜ਼ੇ 'ਤੇ ਭੰਨ ਦਿੱਤਾ। ਧਰਮ ਨਿਰਪੱਖ ਖੇਮੇ ਜਾਂ ਭਾਜਪਾ ਵਿਰੋਧੀ ਖੇਮੇ ਤੋਂ ਇਕ-ਦੋ ਆਲੋਚਨਾਵਾਂ ਨੂੰ ਛੱਡ ਕੇ ਕੋਈ ਆਵਾਜ਼ ਨਹੀਂ ਉਠੀ। ਭਾਜਪਾ ਵਿਰੋਧੀ ਪਾਰਟੀਆਂ ਤਾਂ ਮੂੰਹ ਬੰਦ ਕਰ ਕੇ ਬੈਠੀਆਂ ਹੋਈਆਂ ਹਨ। ਇਨ੍ਹਾਂ ਸਿਆਸੀ ਤਾਕਤਾਂ ਨੂੰ ਇਹ ਅਹਿਸਾਸ ਵੀ ਹੈ ਕਿ ਉਨ੍ਹਾਂ ਦੇ ਅਜਿਹਾ ਕਰਨ ਨਾਲ ਪੱਛਮੀ ਬੰਗਾਲ ਵਿਚ ਹਮਲਾਵਰ ਤਰੀਕੇ ਨਾਲ ਸਰਗਰਮ ਹਿੰਦੂਤਵ ਦੀਆਂ ਤਾਕਤਾਂ ਨੂੰ ਹੀ ਬਲ ਮਿਲੇਗਾ।

ਮਮਤਾ ਬੈਨਰਜੀ ਜਦੋਂ ਤੋਂ ਸੱਤਾ ਵਿਚ ਆਈ ਹੈ, ਉਹ ਫ਼ਿਰਕਾਪ੍ਰਸਤੀ ਦਾ ਦਾਅ ਖੇਡਣ ਦਾ ਕੋਈ ਮੌਕਾ ਨਹੀਂ ਛੱਡ ਰਹੀ। ਬੰਗਾਲ ਦੀ ਰਾਜਨੀਤੀ 'ਤੇ ਨਜ਼ਰ ਰੱਖਣ ਵਾਲੇ ਜਾਣਦੇ ਹਨ ਕਿ ਉਨ੍ਹਾਂ ਦਾ ਪ੍ਰਸ਼ਾਸਨ ਫ਼ਿਰਕੂ ਵਾਰਦਾਤਾਂ ਕਰਨ ਵਾਲਿਆਂ ਨੂੰ ਨਹੀਂ ਫੜਦਾ, ਨਾ ਹੀ ਉਨ੍ਹਾਂ ਖ਼ਿਲਾਫ਼ ਮੁਕੱਦਮੇ ਚਲਾਏ ਜਾਂਦੇ ਹਨ। ਰਾਜੀਵ ਗਾਂਧੀ ਦੇ ਜ਼ਮਾਨੇ ਦੀ ਕਾਂਗਰਸੀ ਵਿਰਾਸਤ ਵਿਚ ਗ੍ਰਸੀ ਮਮਤਾ ਬੈਨਰਜੀ ਬੰਗਾਲ ਵਿਚ ਉਹੀ ਖੇਡ ਖੇਡ ਰਹੀ ਹੈ ਜੋ 80 ਅਤੇ 90 ਦੇ ਦਹਾਕੇ ਵਿਚ ਉੱਤਰ ਭਾਰਤ ਵਿਚ ਖੇਡੀ ਗਈ ਸੀ। ਇਕ ਪਾਸੇ ਤਾਂ ਉਨ੍ਹਾਂ ਨੇ ਇਮਾਮਾਂ ਨੂੰ ਮਿਲਣ ਵਾਲੇ ਵਜ਼ੀਫ਼ੇ ਵਧਾ ਦਿੱਤੇ, ਪਿਛਲੇ ਸਾਲ ਮੁਹੱਰਮ ਦੇ ਮੌਕੇ ਦੁਰਗਾ ਮੂਰਤੀਆਂ ਦੇ ਵਿਸਰਜਨ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਮੰਤਰੀਆਂ ਨੇ ਉਸ ਸਮੇਂ ਮੁਸਲਿਮ ਪਰਸਨਲ ਲਾਅ ਬੋਰਡ ਦੀ ਤਿੰਨ ਤਲਾਕ ਵਿਰੋਧੀ ਰੈਲੀ ਵਿਚ ਹਿੱਸਾ ਲਿਆ, ਜਦੋਂ ਕਿ ਮਾਮਲਾ ਸੁਪਰੀਮ ਕੋਰਟ ਕੋਲ ਵਿਚਾਰ ਅਧੀਨ ਸੀ।

ਬੰਗਾਲ ਵਿਚ 28 ਫ਼ੀਸਦੀ ਮੁਸਲਮਾਨ ਹਨ ਅਤੇ ਉਨ੍ਹਾਂ ਦੇ ਵੋਟਾਂ ਨੂੰ ਖੱਬੇ ਪੱਖੀਆਂ ਵਿਰੋਧੀ ਗ਼ੈਰ-ਮੁਸਲਿਮ ਵੋਟਾਂ ਨੂੰ ਨਾਲ ਜੋੜ ਕੇ ਮਮਤਾ ਫਿਲਹਾਲ ਸਰਕਾਰ ਵਿਚ ਬਣੀ ਰਹਿ ਸਕਦੀ ਹੈ, ਪਰ ਇਸ ਤਰ੍ਹਾਂ ਦੀ ਚੁਣਾਵੀ ਰਚਨਾ ਭਵਿਖ ਵਿਚ ਕਿਥੇ ਲਿਜਾ ਸਕਦੀ ਹੈ? ਇਸ ਦਾ ਜਵਾਬ ਉੱਤਰ ਪ੍ਰਦੇਸ਼ ਦੀ ਸਿਆਸਤ ਨੂੰ ਦੇਖਣ ਤੋਂ ਮਿਲ ਸਕਦਾ ਹੈ। ਉੱਤਰ ਪ੍ਰਦੇਸ਼ ਦੀਆਂ ਭਾਜਪਾ ਵਿਰੋਧੀ ਤਾਕਤਾਂ ਨੇ ਸੂਬੇ ਦੇ ਵੋਟਰਾਂ ਨੂੰ ਮੁਸਲਮਾਨ ਅਤੇ ਗ਼ੈਰ-ਮੁਸਲਮਾਨ ਵੋਟਾਂ ਵਿਚ ਵੰਡ ਕੇ ਵਾਰੀ ਵਾਰੀ ਚੋਣਾਂ ਜਿੱਤੀਆਂ, ਪਰ ਅਖ਼ੀਰ ਭਾਜਪਾ ਹਿੰਦੂਆਂ ਦੇ ਇਕ ਵੱਡੇ ਤਬਕੇ ਨੂੰ ਇਕਜੁੱਟ ਕਰਨ ਵਿਚ ਕਾਮਯਾਬ ਹੋ ਗਈ। ਸਿੱਟੇ ਵਜੋਂ ਮੁਸਲਮਾਨ ਵੋਟ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੀ ਗੁਆ ਬੈਠੇ। ਜੇ ਮਮਤਾ ਸਰਕਾਰ ਮੁਸਲਿਮ ਫ਼ਿਰਕਾਪ੍ਰਸਤੀ ਨੂੰ ਇਸੇ ਤਰ੍ਹਾਂ ਹੌਸਲਾ ਦਿੰਦੇ ਰਹੀ ਤਾਂ ਉਹ ਸਿਰਫ਼ ਹਿੰਦੂ ਫ਼ਿਰਕਾਪ੍ਰਸਤੀ ਨੂੰ ਹੀ ਉਤਸ਼ਾਹਤ ਕਰੇਗੀ। ਪ੍ਰਤੀਕਰਮ ਵਜੋਂ ਭਾਜਪਾ ਹਿੰਦੂ ਬਹੁਗਿਣਤੀ ਦੇ ਛੋਟੇ-ਛੋਟੇ ਹਿੱਸਿਆਂ ਨੂੰ ਇਹ ਕਹਿ ਕੇ ਇਕ ਕਰ ਲਵੇਗੀ ਕਿ ਘੱਟ ਗਿਣਤੀਆਂ ਦੇ ਹਿਤਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਮਮਤਾ ਵਰਗੀ ਸਿਆਸਤ ਕਰਨ ਵਾਲੇ ਨੇਤਾਵਾਂ ਦੀ ਮੁਸ਼ਕਿਲ ਇਹ ਹੁੰਦੀ ਹੈ ਕਿ ਉਨ੍ਹਾਂ ਨੂੰ ਦੋਵਾਂ ਤਰ੍ਹਾਂ ਦੀਆਂ ਫ਼ਿਰਕੂ ਤਾਕਤਾਂ ਨੂੰ ਉਤਸ਼ਾਹਿਤ ਕਰਨਾ ਪੈਂਦਾ ਹੈ, ਜਦ ਕਿ ਭਾਜਪਾ ਸਪਸ਼ਟ ਰੂਪ ਵਿਚ ਕਹਿੰਦੀ ਹੈ ਕਿ ਉਸ ਨੂੰ ਮੁਸਲਿਮ ਵੋਟ ਨਹੀਂ ਚਾਹੀਦੇ। ਉਹ ਮੁਸਲਮਾਨਾਂ ਨੂੰ ਉਮੀਦਵਾਰ ਵੀ ਨਹੀਂ ਬਣਾਉਂਦੀ। ਇਸ ਲਈ ਅਖ਼ੀਰ ਵਿਚ ਇਕਪਾਸੜ ਫ਼ਿਰਕਾਪ੍ਰਸਤੀ ਦੀ ਸਿਆਸਤ ਦਾ ਉਸ ਦਾ ਮਾਡਲ ਵਧੇਰੇ ਪ੍ਰਭਾਵੀ ਹੋ ਜਾਂਦਾ ਹੈ। ਜਿਸ ਦਿਨ 28 ਫ਼ੀਸਦੀ ਮੁਸਲਮਾਨਾਂ ਵਾਲਾ ਬੰਗਾਲ ਉੱਤਰ ਪ੍ਰਦੇਸ਼ ਦੀ ਰਾਹ 'ਤੇ ਚੱਲ ਪਵੇਗਾ, ਉਸ ਦਿਨ ਅਣਐਲਾਨਿਆਂ ਹੀ ਸਹੀ ਭਾਰਤੀ ਲੋਕਤੰਤਰ ਨੂੰ ਬਹੁਗਿਣਤੀਵਾਦੀ ਹਿੰਦੂ ਰਾਸ਼ਟਰ ਦੇ ਰਾਹ 'ਤੇ ਚੱਲਣ ਤੋਂ ਕੋਈ ਨਹੀਂ ਰੋਕ ਸਕੇਗਾ।

# ਕੱਟਾ, ਚੇਲਾ ਅਤੇ ਪੁਲਿਸ

## ਕਿੱਸਾ ਕੋਤਾ

ਚੋਰਾਂ ਨੂੰ ਮੋਰ ਪੈਣ ਦੀ ਕਹਾਵਤ ਤਾਂ ਕਈ ਵਾਰ ਸੁਣੀ ਹੈ, ਪਰ ਇਸ ਨੂੰ ਜ਼ਿੰਦਗੀ 'ਚ ਵਾਪਰਦਿਆਂ ਪਹਿਲੀ ਵਾਰ ਦੇਖਿਆ। ਕਈ ਸਾਲ ਪਹਿਲਾਂ ਦੀ ਗੱਲ ਹੈ, ਪੰਜਾਬ ਵਿਚ ਫਰੀਦਕੋਟ ਦੇ ਪਿੰਡ ਜਵਾਹਰ ਸਿੰਘ ਵਾਲਾ ਦੇ ਇਕ ਜਿਮੀਂਦਾਰ ਨਾਲ ਇਕ ਕੌਤਕ ਵਾਪਰਿਆ। ਸਵੇਰੇ ਸਵੇਰੇ ਜਦੋਂ ਉਹ ਆਪਣੇ ਵਾੜੇ 'ਚ ਪਸੂਆਂ ਨੂੰ ਪੱਠੇ ਪਾਉਣ ਗਿਆ ਤਾਂ ਕਿੱਲੇ ਨਾਲ ਬੱਝੇ ਇਕ ਓਪਰੇ ਕੱਟੇ ਨੂੰ ਦੇਖ ਕੇ ਥਾਓਂ ਹਿੱਲ ਗਿਆ। ਨੇੜੇ ਬੰਨੇ ਘਰ ਦੇ ਪਸੂ ਉਸ ਵਲ ਡੈਂਬਰਿਆਂ ਵਾਂਗ ਝਾਕ ਰਹੇ ਸਨ। ਕੱਟੇ ਦੇ ਗਲ ਫੁੱਲਾਂ ਦਾ ਹਾਰ, ਮੱਥੇ ਸੰਧੂਰ ਦਾ ਟਿੱਕਾ ਅਤੇ ਉਪਰ ਫੁਲਕਾਰੀ ਦਿੱਤੀ ਹੋਈ ਸੀ, ਤੇ ਉਹ ਸਹਿਮਿਆ ਖੜ੍ਹਾ ਸੀ।

ਬਿਨਾ ਪੱਠੇ ਪਾਇਆਂ, ਜਿਮੀਂਦਾਰ ਪੰਚਾਇਤ ਸੱਦ ਲਿਆਇਆ ਅਤੇ ਮਿੰਟਾਂ 'ਚ ਤਮਾਸ਼ਬੀਨਾਂ ਦੀ ਭੀੜ ਲੱਗ ਗਈ। ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੋਣ ਲੱਗੀਆਂ ਤੇ ਕਿਆਫੇ ਲੱਗਣ ਲੱਗੇ। ਉਤਸੁਕਤਾ ਅਤੇ ਵਾਪਰਨ ਵਾਲੀ ਕਿਸੇ ਮਾੜੀ ਘਟਨਾ ਦੇ ਡਰ



**ਅਵਤਾਰ ਗੋਂਦਾਰਾ**
ਫੋਨ: 559-375-2589

ਨਾਲ ਸਭ ਦਾ ਸਾਹ ਸੂਤਿਆ ਪਿਆ ਸੀ। ਪਿੰਡ ਵਾਲਿਆਂ ਦਾ ਖਿਆਲ ਸੀ ਕਿ ਪਿਛਲੇ ਵਰ੍ਹੇ ਉਨ੍ਹਾਂ ਦੀ ਫਸਲ ਨੂੰ ਗੜ੍ਹੇ ਮਾਰ ਹੋਈ ਸੀ ਤੇ ਇਸ ਵਾਰ ਵੀ ਕੋਈ ਦੋਖੀ ਟੂਣੇਹਾਰੇ ਕੱਟੇ ਰਾਹੀਂ ਉਨ੍ਹਾਂ ਦੇ ਪਿੰਡ ਨੂੰ ਤਬਾਹ ਕਰਨ 'ਤੇ ਤੁਲਿਆ ਹੋਇਆ ਹੈ।

ਸਭ ਕਿਆਸਅਰਾਈਆਂ ਲਾ ਰਹੇ ਸਨ, ਕੋਈ ਕੁਝ ਕਹਿ ਰਿਹਾ ਸੀ ਤੇ ਕੋਈ ਕੁਝ। ਕਈਆਂ ਦੀ ਰਾਏ ਸੀ ਕਿ ਪੈੜ ਦੱਬਣ ਵਾਲੇ ਨੂੰ ਲਿਆਂਦਾ ਜਾਵੇ ਤਾਂ ਜੋ ਉਸ ਬੰਦੇ ਦਾ ਪਤਾ ਲਾਇਆ ਜਾ ਸਕੇ ਜੋ ਕੱਟਾ ਬੰਨ ਕੇ ਗਿਆ ਹੈ। ਵੱਡੇ ਰਾਏ ਦੇ ਰਹੇ ਸਨ, ਗੱਭਰੂ ਗੁੱਸੇ ਵਿਚ ਮੋਢਿਆਂ ਉਤੋਂ ਦੀ ਥੁੱਕ ਰਹੇ ਸਨ ਅਤੇ ਕੱਟੇ ਦੇ ਮਾਲਕ ਨੂੰ ਸਬਕ ਸਿਖਾਉਣ ਲਈ ਕਾਹਲੇ ਸਨ। ਬੱਚਿਆਂ ਲਈ ਇਹ ਤਮਾਸ਼ਾ ਸੀ ਅਤੇ ਉਹ ਇਸ ਨੂੰ ਉਤਸੁਕਤਾ ਅਤੇ ਅਚੰਭੇ ਨਾਲ ਦੇਖ ਰਹੇ ਸਨ।

ਇਸ ਘਟਨਾ ਨੂੰ ਕਿਸੇ ਹੋਰ ਢੰਗ ਨਾਲ ਦੇਖਿਆ ਹੀ ਨਹੀਂ ਸੀ ਜਾ ਸਕਦਾ। ਆਪਾਂ ਸਾਰੇ ਜਾਣਦੇ ਹਾਂ ਕਿ ਭਾਰਤ ਦੇ ਬਾਕੀ ਹਿੱਸਿਆਂ ਵਾਂਗ ਪੰਜਾਬ ਵਿਚ ਵੀ ਸਾਰੇ ਫਿਰਕੇ ਅੰਧਵਿਸ਼ਵਾਸਾਂ, ਜਾਦੂ ਟੂਣਿਆਂ, ਜੰਤਰ ਮੰਤਰ, ਹਥੌਲਿਆਂ, ਸ਼ਗਨ ਅਪਸ਼ਗਨ, ਪੁੱਛਾਂ ਕਢਾਉਣ ਵਾਲੇ ਸਿਆਣਿਆਂ ਮਗਰ ਫਿਰਦੇ ਰਹਿੰਦੇ ਹਨ। ਮਸਲਿਆਂ ਦੇ ਹੱਲ ਸਮਝਣ ਅਤੇ ਘਟਨਾਵਾਂ ਦੇ ਕਾਰਨ ਜਾਣਨ ਦੀ ਰੁਚੀ ਬਹੁਤ ਹੀ ਘੱਟ ਹੈ। ਬੇਸ਼ਕ ਸਿੱਖ ਧਰਮ ਦੇ ਪ੍ਰਚਾਰਕ ਇਨ੍ਹਾਂ ਗੱਲਾਂ ਦੇ ਖਿਲਾਫ ਕਈ ਸਦੀਆਂ ਤੋਂ ਟਿਲ ਲਾ ਰਹੇ ਹਨ ਪਰ ਦੂਜੇ ਫਿਰਕਿਆਂ ਵਾਂਗ ਸਿੱਖਾਂ ਵਿਚ ਵੀ ਇਹ ਕੁਰੀਤੀਆਂ ਬਾਦਸਤੂਰ ਜਾਰੀ ਹਨ। ਇਕੋ 'ਰੱਬ' ਦੀ ਪੂਜਾ ਦੇ ਸਿਧਾਂਤ ਦੇ ਪੈਰੋਕਾਰ ਵਰਤ ਰਖਦੇ ਹਨ, ਦੇਵੀਆਂ ਦੀ ਪੂਜਾ ਕਰਦੇ ਹਨ, ਜੋਤਸ਼ੀਆਂ ਦੇ ਚਰਨੀਂ ਲੱਗਦੇ ਹਨ ਤੇ ਹਵਨ ਕਰਾਉਂਦੇ ਹਨ। ਜੇ ਲੋੜ ਲੱਗੇ ਤਾਂ ਮੜ੍ਹੀਆਂ ਮਸਾਣਾਂ ਨੂੰ ਵੀ ਪੂਜਣ ਤੋਂ ਨਹੀਂ ਹਿਚਕਚਾਉਂਦੇ। ਬਹੁਤੇ ਸਿੱਖ ਸਿੱਖਣ ਦੀ ਬਜਾਏ ਮੱਥਾ ਟੇਕਣ ਦੇ ਸੌਖੇ ਢੰਗ ਤੱਕ ਹੀ ਆਪਣੀ ਸ਼ਰਧਾ ਨੂੰ ਸੀਮਤ ਰੱਖਦੇ ਹਨ। ਅਜਿਹੇ ਹੀ ਸੰਸਕਾਰਾਂ ਦਾ ਪ੍ਰਦਰਸ਼ਨ ਹੋ ਰਿਹਾ ਸੀ ਪਿੰਡ ਵਿਚ।

ਖੈਰ! ਇਕੱਠ 'ਚੋਂ ਇਕ ਸਿਆਣੇ ਬੰਦੇ ਨੇ ਸਲਾਹ ਦਿੱਤੀ ਕਿ ਕੱਟੇ ਦਾ ਰੱਸਾ ਖੋਲ੍ਹ ਦਿਓ, ਜਿਸ ਦਾ ਹੋਇਆ ਆਪੇ ਉਨ੍ਹਾਂ ਦੇ ਘਰ ਚਲਾ ਜਾਵੇਗਾ। ਇਸ ਨਾਲ ਕੱਟੇ ਦੇ ਮਾਲਕ ਅਤੇ ਇਸ ਨੂੰ ਸ਼ਿੰਗਾਰਨ ਵਾਲੇ ਦਾ ਪਤਾ ਲੱਗ ਜਾਵੇਗਾ। ਇਸ ਸਲਾਹ 'ਤੇ ਚਰਚਾ ਛਿੜ ਪਈ-ਕੋਈ ਹੱਕ ਵਿਚ ਬੋਲ ਰਿਹਾ ਸੀ, ਕੋਈ ਵਿਰੋਧ ਵਿਚ। ਕੁਝ ਮੋਹਤਬਰਾਂ ਨੇ ਰੌਲਾ ਪਾ ਰਹੀ ਮੁੰਡੀਰ ਨੂੰ ਵਰਜਿਆ। ਲੰਮੀ ਸਾਰੀ ਘੀਰ ਘੀਰ ਤੋਂ ਬਾਅਦ ਸਲਾਹ ਸਭ ਨੂੰ ਜਚ ਗਈ, ਪਰ ਕੱਟਾ ਖੋਲ੍ਹਣ ਲਈ ਕੋਈ ਅੱਗੇ ਨਾ ਆਵੇ। ਹਰ ਕੋਈ ਟੂਣੇ ਦੇ ਕਥਿਤ ਮਾੜੇ ਅਸਰ ਤੋਂ ਡਰ ਰਿਹਾ ਸੀ। ਹੋ ਸਕਦਾ ਹੈ, ਖੋਲ੍ਹਣ ਵਾਲਾ ਹੀ ਮਾਰਿਆ ਜਾਵੇ। ਸਾਰੇ ਇਕ ਦੂਜੇ ਵੱਲ ਉਤਸੁਕਤਾ ਵਸ ਦੇਖ ਰਹੇ ਸਨ। ਭੀੜ ਵਿਚ ਪੜ੍ਹੇ-ਲਿਖੇ, ਅਧਪੜ੍ਹ ਅਤੇ ਧਰਮੀ ਵੀ ਖੜ੍ਹੇ ਸਨ। ਇੰਨੇ ਨੂੰ ਪਿੰਡ ਵਿਚ ਇਕ ਨਾਸਤਿਕ ਵਜੋਂ ਜਾਣਿਆ ਜਾਂਦਾ ਮੁੰਡਾ ਅੱਗੇ ਵਧਿਆ ਅਤੇ ਉਸ ਨੇ ਹੌਂਸਲਾ ਕਰ ਕੇ ਕੱਟਾ ਕਿੱਲੇ ਨਾਲੋਂ ਖੋਲ੍ਹ ਦਿੱਤਾ। ਮੁੰਡੀਰ ਨੇ ਤਾੜੀਆਂ ਵਜਾਈਆਂ।

ਭੂਤਰਿਆ ਹੋਇਆ ਕੱਟਾ ਵਾੜੇ 'ਚੋਂ ਨਿਕਲ ਕੇ ਵਾਹਰ ਦੇ ਮੂਹਰੇ ਹੋ ਤੁਰਿਆ। ਉਸ ਉਪਰ ਦਿੱਤੀ ਫੁਲਕਾਰੀ ਭੂੰਜੇ ਡਿੱਗ ਪਈ। ਕੱਟੇ ਦੀ ਤੋਰ ਤੇਜ ਹੋ ਗਈ। ਪੰਚਾਇਤ ਅਤੇ ਵਾਹਰ ਕੱਟੇ ਦੇ ਮਗਰ ਹੋ ਤੁਰੀ। ਕੱਟਾ ਤੁਰਦਾ ਤੁਰਦਾ ਨਾਲ ਦੇ ਪਿੰਡ ਬੰਬੀਹਾ ਭਾਈ ਦੀ ਸੜਕ ਪੈ ਗਿਆ। ਭੀੜ ਨੇ ਇਕ ਜਲੂਸ ਦੀ ਸ਼ਕਲ ਅਖਤਿਆਰ ਕਰ ਲਈ। ਕੁਝ ਬੰਦੇ ਆਪੋ ਆਪਣੇ ਘਰਾਂ ਨੂੰ ਰਿਸ਼ਕ ਗਏ।

ਕੱਟੇ ਮਗਰ ਲੱਗੀ ਵਾਹਰ ਨੇ ਦੋ ਤਿੰਨ ਮੀਲ ਲੰਮਾ ਪੈਂਡਾ ਤੈਅ ਕੀਤਾ। ਕੱਟਾ ਮੂਹਰੇ ਮੂਹਰੇ ਇਉਂ ਭੱਜਿਆ ਜਾ ਰਿਹਾ ਸੀ, ਜਿਵੇਂ ਕੋਈ ਨੇਤਾ 'ਗੌਰਵ ਯਾਤਰਾ' ਵੇਲੇ ਆਪਣੇ ਪੈਰੋਕਾਰਾਂ ਨੂੰ ਲੀਡ ਦੇ ਰਿਹਾ ਹੋਵੇ। ਸਭ ਨੇ ਕਿਆਸ ਅਰਾਈਆਂ ਨਾਲ ਖਿੱਦੋ-ਖੂੰਡੀ ਖੇਡਣੀ ਜਾਰੀ ਰੱਖੀ। ਇਕ ਬੰਦੇ ਨੇ ਰਾਏ ਦਿੱਤੀ ਕਿ ਜਿਸ ਪਿੰਡ ਦਾ ਵੀ ਕੱਟਾ ਹੋਇਆ, ਉਸ ਪਿੰਡ ਦੇ ਸਰਪੰਚ ਨੂੰ ਜਰੂਰ ਮਿਲਿਆ ਜਾਵੇ ਅਤੇ ਗੱਲ ਉਸ ਦੀ ਹਾਜਰੀ ਵਿਚ ਹੀ ਹੋਵੇ। ਕੋਈ ਸਬਰ ਰੱਖਣ ਦੀ ਰਾਏ ਦੇ ਰਿਹਾ ਸੀ। ਜਿੰਨੇ ਮੂੰਹ ਉਨੀਆਂ ਹੀ ਗੱਲਾਂ।

ਜਦ ਕੱਟਾ ਖੜ੍ਹ ਜਾਂਦਾ ਤਾਂ ਮੁੰਡੀਰ ਛਿਛਕੇਰ ਦਿੰਦੀ, ਕੱਟਾ ਫਿਰ ਭੱਜ ਪੈਂਦਾ। ਆਖਰ ਕੱਟਾ ਤੁਰਦਾ ਤੁਰਦਾ ਬੰਬੀਹਾ ਭਾਈ ਦੇ ਪਿੰਡ ਦੇ ਇਕ ਜਿਮੀਂਦਾਰ ਦੇ ਘਰ ਜਾ ਵੜਿਆ, ਜਿਥੇ ਬਧਨੀ ਕਲਾਂ ਦਾ ਚੇਲਾ ਨਛੱਤਰ ਸਿੰਘ ਹੁਣੇ ਹੁਣੇ ਚੌਂਕੀ ਲਾ ਕੇ ਹਟਿਆ ਸੀ। ਆਲੇ ਦੁਆਲੇ ਸਮਾਨ ਖਿਲਰਿਆ ਪਿਆ ਸੀ। ਉਸ ਦੇ ਗਲ ਕਾਲਾ ਚੋਲਾ ਅਤੇ ਤੇੜ ਕਾਲੀ ਚਾਦਰ ਬੰਨੀ ਹੋਈ ਸੀ। ਇਕ ਤਲੈਬੜ ਅਤੇ ਚਿਮਟਾ ਉਸ ਦੇ ਮੰਜੇ ਦੀ ਬਾਹੀ ਨਾਲ ਪਿਆ ਸੀ। ਘਰ ਦੇ ਜੀਅ ਉਸ ਦੀ ਟਹਿਲ



ਸੇਵਾ 'ਚ ਲੱਗੇ ਹੋਏ ਸਨ। ਗੁੱਸੇ ਨਾਲ ਭਰੀ ਪੰਚਾਇਤ ਅਤੇ ਵਾਹਰ ਨੇ ਵਾਵੇਲਾ ਖੜ੍ਹਾ ਕਰ ਦਿੱਤਾ। ਮੁੰਡੀਰ 'ਕੱਠੀ ਹੋ ਗਈ ਅਤੇ ਬੰਬੀਹਾ ਭਾਈ ਦੀ ਪੰਚਾਇਤ ਵੀ ਆ ਗਈ। ਆਪਣੀਆਂ ਲਾਲ ਅੱਖਾਂ ਨਾਲ ਚੇਲਾ ਸਭ ਨੂੰ ਘੂਰ ਰਿਹਾ ਸੀ। ਇਥੇ ਵੀ ਮੇਲਾ ਲੱਗ ਗਿਆ।

ਦੋਨਾਂ ਪੰਚਾਇਤਾਂ ਵਿਚ ਤੂੰ-ਤੂੰ, ਮੈਂ-ਮੈਂ ਹੋਣ ਲੱਗੀ। ਮਾਹੌਲ ਤਣਾਅ ਭਰਿਆ ਬਣ ਗਿਆ। ਬੁਰਜ ਵਾਲੀ ਪੰਚਾਇਤ ਕਹੇ, ਬਈ ਕੱਟਾ ਤੁਸੀਂ ਇਸ ਕਰਕੇ ਸਾਡੇ ਪਿੰਡ ਛੱਡਿਆ ਤਾਂ ਕਿ ਇਸ ਵਾਰ ਗੜ੍ਹੇ ਤੁਹਾਡੇ ਪਿੰਡ ਦੀ ਬਜਾਏ ਸਾਡੇ ਪਿੰਡ ਪੈਣ। ਜਦੋਂ ਕਿ ਬੰਬੀਹਾ ਪਿੰਡ ਦੀ ਪੰਚਾਇਤ ਕਿਸੇ ਵੀ ਤਰ੍ਹਾਂ ਦੀ ਸਾਜਿਸ਼ ਤੋਂ ਇਨਕਾਰੀ ਸੀ। ਕਾਫੀ ਵਾਵੇਲੇ ਤੋਂ ਬਾਅਦ, ਗੱਲ ਇਹ ਨਿਕਲੀ ਕਿ ਕੱਟੇ ਦੇ ਮਾਲਕ ਦੀ ਲੜਕੀ 'ਓਪਰੀ ਸ਼ੈਅ' ਤੋਂ ਪੀੜਤ ਸੀ, ਲੜਕੀ ਗੁੰਮ ਸੁੰਮ ਰਹਿੰਦੀ ਸੀ। ਕੁੜੀ ਦਾ ਵਿਆਹ ਬੰਨਿਆ ਹੋਣ ਕਰਕੇ ਸਾਰਾ ਟੱਬਰ ਘਬਰਾਇਆ ਹੋਇਆ ਸੀ। ਉਹ ਨਾ ਕੁਝ ਖਾਂਦੀ, ਨਾ ਪੀਂਦੀ। ਮੰਗ ਛੁਟ ਜਾਣ ਦਾ ਖਦਸ਼ਾ ਸੀ। ਉਸ ਨੇ ਚੇਲੇ ਤਕ ਪਹੁੰਚ ਕੀਤੀ ਅਤੇ ਆਪਣਾ ਦੁੱਖ ਰੋ ਸੁਣਾਇਆ।

ਚੇਲੇ ਨੇ ਲੜਕੀ ਨੂੰ ਠੀਕ ਕਰਨ ਬਦਲੇ 1200 ਰੁਪਏ ਲੈਣੇ ਤੈਅ ਕੀਤੇ ਸਨ। ਇਸ ਵਿਚੋਂ ਉਸ ਨੇ 700 ਰੁਪਏ ਪਹਿਲਾਂ ਲੈ ਲਏ ਸਨ ਤੇ ਬਾਕੀ ਬਾਅਦ ਵਿਚ ਲੈਣੈ ਸਨ। ਉਸ ਨੇ ਕੁੜੀ ਦਾ ਸਿੱਕੇਬੰਦ ਇਲਾਜ ਕਰਨ ਅਤੇ ਔਲ੍ਹੀ ਟਾਲਣ ਲਈ ਕੁਝ ਸਮੱਗਰੀ, ਕਾਲਾ ਕੁੱਕੜ ਤੇ ਸ਼ਰਾਬ ਦੀ ਬੋਤਲ ਭੈਰੋਂ ਨੂੰ ਚੜ੍ਹਾਉਣ ਅਤੇ 'ਮੰਤਰਿਆ' ਕੱਟਾ ਨਾਲ ਦੇ ਪਿੰਡ ਦੀ ਜੂਹ 'ਚ ਛੱਡ ਕੇ ਆਉਣ ਦੀ ਹਦਾਇਤ ਕੀਤੀ। ਪਰ ਘਰ ਵਾਲੇ ਵਾਪਸ ਮੁੜ ਆਉਣ ਦੇ ਡਰੋਂ ਕੱਟੇ ਨੂੰ ਜੂਹ 'ਚ ਛੱਡਣ ਦੀ ਥਾਂ ਉਸ ਜਿਮੀਂਦਾਰ ਦੇ ਪਸੂਆਂ ਦੇ ਵਾੜੇ 'ਚ ਬੰਨ ਆਏ।

ਅਸਲ ਗੱਲ ਸਾਫ ਹੋਣ 'ਤੇ ਪੰਚਾਇਤਾਂ ਦਾ ਰੱਟਾ ਖਤਮ ਹੋ ਗਿਆ, ਪਰ ਸਾਰਾ ਪਾਰਾ ਚੇਲੇ ਦੇ ਸਿਰ ਚੜ੍ਹ ਗਿਆ। ਮੁੰਡੀਰ ਨੇ ਰਲ ਕੇ ਉਸ ਨੂੰ ਕੁਟਾਪਾ ਚਾੜ੍ਹਨਾ ਸ਼ੁਰੂ ਕਰ ਦਿੱਤਾ। ਕੁਝ ਦਾ ਵਿਚਾਰ ਸੀ, ਉਸ ਦਾ ਮੂੰਹ ਕਾਲਾ ਕਰਕੇ ਪਿੰਡ 'ਚ ਗੇੜਾ ਕਢਾਇਆ ਜਾਵੇ। ਪਰ ਦੋਹਾਂ ਪੰਚਾਇਤਾਂ ਦੀ ਰਾਏ ਨਾਲ ਬਾਅਦ ਵਿਚ ਉਸ ਨੂੰ ਥਾਣਾ ਸਦਰ ਕੋਟਕਪੂਰਾ ਦੇ ਹਵਾਲੇ ਕਰ ਦਿੱਤਾ।

ਦੂਜੇ ਪਾਸੇ, ਕਿਸੇ ਸੂਝਵਾਨ ਬੰਦੇ ਦੀ ਸਲਾਹ 'ਤੇ ਕੁੜੀ ਦੇ ਘਰਦਿਆਂ ਨੇ ਉਸ ਨੂੰ ਇਕ ਮਨੋਰੋਗਾਂ ਦੇ ਮਾਹਿਰ ਨੂੰ ਦਿਖਾਇਆ। ਕੁਝ ਮੁਲਾਕਾਤਾਂ ਬਾਅਦ ਗੱਲ ਇਹ ਨਿਕਲੀ ਕਿ ਕੁੜੀ ਦੇ ਚੁੱਪ ਰਹਿਣ ਦਾ ਕਾਰਨ ਕੋਈ ਓਪਰੀ ਸ਼ੈਅ ਨਹੀਂ ਸੀ ਬਲਕਿ ਹੋ ਰਹੇ ਵਿਆਹ ਦਾ ਬੋਝ ਸੀ। ਉਹ ਕਿਤੇ ਹੋਰ ਥਾਂ ਵਿਆਹ ਕਰਾਉਣਾ ਚਾਹੁੰਦੀ ਸੀ, ਪਰ ਆਪਣੀ ਗੱਲ ਦੱਸਣ ਦੀ ਉਸ ਵਿਚ ਹਿੰਮਤ ਨਹੀਂ ਸੀ। ਡਾਕਟਰ ਨੇ ਘਰਦਿਆਂ ਨੂੰ ਸਮਝਾਇਆ ਅਤੇ ਕੁੜੀ ਨੂੰ ਭਰੋਸੇ 'ਚ ਲੈ ਕੇ ਵਿਆਹ ਕਰਨ ਦੀ ਸਲਾਹ ਦਿੱਤੀ।

ਇੱਧਰ, ਹਿਰਾਸਤ 'ਚ ਲੈਣ ਉਪਰੰਤ ਚੇਲੇ ਦੀ 'ਸਿਆਣਪ' ਅਤੇ ਪੁਲਿਸ ਦੀ 'ਭੂਤ ਵਿਦਿਆ' ਦਾ ਸਾਹਮਣਾ ਹੋਇਆ। ਭੂਤ ਫੜ੍ਹਨ ਵਾਲੇ ਚੇਲੇ ਅਤੇ ਭੂਤਾਂ ਵਰਗੀ ਪੁਲਿਸ ਦਰਮਿਆਨ ਜੋ ਕੁਝ ਵਾਪਰਿਆ, ਉਹ ਕਿਸੇ ਕੌਤਕ ਤੋਂ ਘੱਟ ਨਹੀਂ ਸੀ। ਸਭ ਨੂੰ ਪਤਾ ਹੈ ਕਿ ਪੰਜਾਬ ਪੁਲਿਸ ਫੜੇ ਬੰਦਿਆਂ ਤੋਂ ਉਹ ਕੁਝ ਵੀ ਬਰਾਮਦ ਕਰਵਾ ਲੈਂਦੀ ਹੈ ਜੋ ਉਸ ਨੇ ਚੋਰੀ ਨਹੀਂ ਵੀ ਕੀਤਾ ਹੁੰਦਾ। ਇਹ ਕਲਾ ਤਾਂ ਵੱਡੇ ਵੱਡੇ ਜਾਦੂਗਰਾਂ ਨੂੰ ਵੀ ਮਾਤ ਕਰਦੀ ਹੈ। ਇਹੀ ਕੁਝ ਚੇਲੇ ਨਾਲ ਵਾਪਰਿਆ। ਉਸ ਨੂੰ ਕੁਝ ਦਿਨ ਥਾਣੇ ਬਿਠਾਈ ਰਖਿਆ, ਝਾੜੂ-ਪੋਚਾ ਕਰਵਾਇਆ। ਥਾਣੇ ਦੇ ਮੁਨਸ਼ੀ ਨੇ ਚੇਲੇ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਿਹਾ। ਉਹ ਹੱਥ ਬੰਨ ਕੇ ਗਿੜਗਿੜਾਇਆ ਕਿ ਉਸ ਕੋਲ ਕੋਈ ਸ਼ਕਤੀ ਨਹੀਂ, ਉਸ ਨੇ ਤਾਂ ਸੌਖੀ ਰੋਟੀ ਕਮਾਉਣ ਅਤੇ ਐਸ਼ ਕਰਨ ਦਾ ਜੁਗਾੜ ਬਣਾਇਆ ਹੈ। ਉਸ ਨੇ ਛੱਡ ਦੇਣ ਲਈ ਤਰਲਾ ਕੀਤਾ। ਜਦੋਂ ਕੁਝ ਦਿਨ ਕੋਈ ਉਸ ਦਾ ਪਤਾ ਸੁਰ ਲੈਣ ਨਾ ਆਇਆ ਤਾਂ ਉਸ ਖਿਲਾਫ ਅਫੀਮ ਰੱਖਣ ਦਾ ਪਰਚਾ ਪੁਲਿਸ ਨੇ ਦਰਜ ਕਰ ਲਿਆ। ਜਾਅਲੀ ਗਵਾਹ ਵੀ ਖੜ੍ਹੇ ਕਰ ਲਏ। ਨਮੂਨੇ ਜੋਗੀ ਅਫੀਮ ਕੋਲੋਂ ਪਾ ਦਿੱਤੀ। ਬਾਕੀ ਕਾਲੇ ਗੁੜ ਦਾ ਪੁਲੰਦਾ ਡੱਬਾ ਬੰਦ ਕਰ ਕੇ ਮਾਲ ਮੁਕੱਦਮਾ ਤਿਆਰ ਕਰ ਲਿਆ।

ਪੁਲਿਸ ਨੇ ਚੇਲੇ ਨੂੰ ਅਦਾਲਤ 'ਚ ਪੇਸ਼ ਕੀਤਾ ਅਤੇ ਮੈਜਿਸਟ੍ਰੇਟ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ। ਅਦਾਲਤ 'ਚ ਚਲਾਨ ਪੇਸ਼ ਕਰਨ ਤੋਂ ਬਾਅਦ ਕਈ ਮਹੀਨੇ ਕੱਚੀਆਂ ਤਰੀਕਾਂ ਪੈਂਦੀਆਂ ਰਹੀਆਂ। ਚੇਲੇ ਦਾ ਬੁਰਾ ਹਾਲ ਸੀ। ਗਵਾਹੀਆਂ ਹੋਣ ਲੱਗੀਆਂ। ਜਦੋਂ ਪੜਤਾਲੀਆ ਅਫਸਰ ਦੀ ਗਵਾਹੀ ਹੋਈ, ਉਸ ਨੇ ਅਦਾਲਤ 'ਚ ਇਉਂ ਬਿਆਨ ਦਰਜ ਕਰਵਾਇਆ, "ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਜਦੋਂ ਪਿੰਡ ਜਵਾਹਰ ਸਿੰਘ ਵਾਲਾ ਪੁੱਜੀ ਤਾਂ ਬੱਸ ਅੱਡੇ 'ਤੇ ਦੋਸ਼ੀ ਨਛੱਤਰ ਸਿੰਘ, ਹਾਜਰ ਅਦਾਲਤ ਖੜ੍ਹਾ ਸੀ। ਪੁਲਿਸ ਨੂੰ ਦੇਖ ਕੇ ਦੋਸ਼ੀ ਓਹਲੇ ਹੋ ਗਿਆ। ਸ਼ੱਕ ਦੀ ਬਿਨਾ 'ਤੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕੀਤਾ। ਉਸ ਦਾ ਨਾਂ ਪਤਾ ਪੁੱਛਿਆ ਅਤੇ ਹਸਬ ਜਾਬਤਾ ਤਲਾਸ਼ੀ ਲਈ। ਦੋਸ਼ੀ ਦੇ ਸੱਜੇ ਹੱਥ 'ਚ ਫੜ੍ਹੇ ਝੋਲੇ 'ਚੋਂ ਮੋਮੀ ਕਾਗਜ਼ 'ਚ ਲਪੇਟੀ ਅਫੀਮ ਬਰਾਮਦ ਹੋਈ, ਜੋ ਤੋਲਣ 'ਤੇ ਸਵਾ ਕਿਲੋ ਹੋਈ।" ਗਵਾਹੀ ਪੁਖਤਾ ਸੀ। ਬਾਕੀ ਦੇ ਸਰਕਾਰੀ ਗਵਾਹਾਂ ਨੇ ਵੀ ਅਫੀਮ ਦੀ ਬਰਾਮਦਗੀ ਦੀ ਪੁਸ਼ਟੀ ਕੀਤੀ।

ਉਸ ਦੀ ਕਹਾਣੀ ਸੁਣ ਕੇ ਫਰੀਦਕੋਟ ਕਚਹਿਰੀ ਦੇ ਵਕੀਲ ਅਤੇ ਮੁਨਸ਼ੀ ਹੱਸ ਛੱਡਦੇ। ਪਰ ਚੇਲਾ ਹਰ ਵੇਲੇ ਸਹਿਮਿਆ ਸਹਿਮਿਆ ਦਿਸਦਾ ਜਿਵੇਂ ਕਿਸੇ 'ਓਪਰੀ ਸ਼ੈਅ' ਦੇ ਦਬਾਅ ਹੇਠ ਹੋਵੇ। ਉਸ ਦੇ ਵਕੀਲ ਨੇ ਸਲਾਹ ਦਿੱਤੀ ਕਿ ਮੌਕੇ 'ਤੇ ਹਾਜ਼ਰ ਬੰਦਿਆਂ 'ਚੋਂ ਸਫਾਈ ਦੇ ਗਵਾਹ ਬਿਨਾ ਉਸ ਦਾ ਕੋਈ ਛੁਟਕਾਰਾ ਨਹੀਂ। ਇਸ ਲਈ ਉਸ ਨੂੰ ਉਨ੍ਹਾਂ ਤਕ ਰਸਾਈ ਕਰਨੀ ਪਏਗੀ, ਤਾਂ ਜੋ ਉਹ ਆ ਕੇ ਅਦਾਲਤ ਨੂੰ ਸਹੀ ਗੱਲ ਦੱਸਣ। ਕਈ ਗੇੜੇ ਕੱਢੇ ਪਰ ਕੋਈ ਗਵਾਹੀ ਦੇਣ ਨੂੰ ਤਿਆਰ ਨਹੀਂ ਸੀ। ਮਿੰਨਤਾਂ ਤਰਲੇ ਕਰਕੇ ਚੇਲੇ ਨੇ ਪਿੰਡ ਦੇ ਸਰਪੰਚ ਦੀ ਸ਼ਰਨ ਲਈ ਅਤੇ ਉਹ ਸਫਾਈ ਦੇ ਗਵਾਹ ਵਜੋਂ ਪੇਸ਼ ਹੋਇਆ। ਉਸ ਨੇ ਸਾਰੀ ਕਹਾਣੀ ਅਦਾਲਤ ਨੂੰ ਸੁਣਾ ਦਿੱਤੀ ਕਿ ਕਿਵੇਂ ਚੇਲਾ ਫੜਿਆ ਗਿਆ ਅਤੇ ਕਿਵੇਂ ਉਨ੍ਹਾਂ ਨੇ ਉਸ ਨੂੰ ਪੁਲਿਸ ਦੇ ਹਵਾਲੇ ਕੀਤਾ ਸੀ। ਉਸ ਕੋਲੋਂ ਕੋਈ ਬਰਾਮਦਗੀ ਨਹੀਂ ਹੋਈ। ਪੁਲਿਸ ਨੇ ਉਸ 'ਤੇ ਅਫੀਮ ਦਾ ਝੂਠਾ ਕੇਸ ਪਾਇਆ। ਗਵਾਹੀ ਵਿਚ ਹੋਰ ਵੀ ਕਈ ਖਾਮੀਆਂ ਸਨ। ਕਿੱਸਾ ਕੋਤਾ ਇਹ ਕਿ ਅਦਾਲਤ ਨੇ ਸ਼ੱਕ ਦੀ ਬਿਨਾ 'ਤੇ ਫੜ੍ਹੇ ਚੇਲੇ ਨੂੰ ਬਰੀ ਕਰ ਦਿੱਤਾ ਤੇ ਉਸ ਦਾ ਛੁਟਕਾਰਾ ਹੋਇਆ।

# ਤਾਜ ਮਹੱਲ ਦੀ ਪ੍ਰਮਾਣਿਕਤਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਸਾਡੇ ਦੇਸ਼ ਵਿਚ ਬਾਬਰੀ ਮਸਜਿਦ ਢਾਹੇ ਜਾਣ ਦਾ ਰੇੜ੍ਹਕਾ ਕਿਸੇ ਕੰਢੇ ਨਹੀਂ ਲੱਗਿਆ ਪਰ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਨੇ ਇੱਕ ਨਵਾਂ ਬਿਆਨ ਦਾਗ ਦਿੱਤਾ ਹੈ। ਉਹ ਦੁਨੀਆਂ ਦੇ ਮੰਨੇ ਪ੍ਰਮੰਨੇ ਵਿਰਸਾ ਸਥਾਨਾਂ ਵਿਚ ਤਾਜ ਮਹੱਲ ਨੂੰ ਭਾਰਤੀ ਸਭਿਅਤਾ ਦਾ ਅੰਗ ਮੰਨਣ ਲਈ ਤਿਆਰ ਨਹੀਂ। ਕੱਲ ਨੂੰ ਲਿਸਟ ਵਿਚ ਕੁਤਬ ਮੀਨਾਰ, ਲਾਲ ਕਿਲ੍ਹਾ, ਫਤਿਹਪੁਰ ਸੀਕਰੀ ਤੇ



*ਯੋਗੀ ਅਦਿੱਤਿਆਨਾਥ*

ਤੁਗਲਕ ਫੋਰਟ ਹੀ ਨਹੀਂ, ਘਟ ਗਿਣਤੀ, ਬੋਧੀਆਂ-ਜੈਨੀਆਂ ਜਾਂ ਸਿੱਖਾਂ ਦੀਆਂ ਵਿਰਾਸਤੀ ਯਾਦਗਾਰਾਂ ਵੀ ਆ ਸਕਦੀਆਂ ਹਨ। ਮਿਰਜ਼ਾ ਗਾਲਿਬ, ਮੌਲਾਨਾ ਹਾਲੀ, ਮੁਹੰਮਦ ਇਕਬਾਲ ਤੇ ਫੈਜ਼ ਅਹਿਮਦ ਫੈਜ਼ ਦਾ ਕਲਾਮ ਤਾਂ ਕੀ ਗੁਰੂ ਸਾਹਿਬਾਨ ਦੀ ਗੁਰਬਾਣੀ ਵੀ। ਉਸ ਦਾ ਇਹ ਬਿਆਨ ਦੇਸ਼ ਦੇ ਪ੍ਰਧਾਨ ਮੰਤਰੀ ਦੀ ਚੋਣ ਅਤੇ ਧਾਰਨਾ ਉਤੇ ਮੋਹਰ ਲਾਉਂਦਾ ਹੈ। ਅਸੀਂ ਦੁਨੀਆਂ ਭਰ ਦੇ ਮੁਸਲਮਾਨਾਂ, ਈਸਾਈਆਂ, ਬੋਧੀਆਂ, ਜੈਨੀਆਂ ਤੇ ਸਿੱਖਾਂ ਨੂੰ ਕਿਹੋ ਜਿਹਾ ਸੰਦੇਸ਼ ਦੇ ਰਹੇ ਹਾਂ, ਸਮਝ ਨਹੀਂ ਆਉਂਦੀ!

ਇਸ ਬਿਆਨ ਬਾਰੇ ਮੁਲਾਇਮ ਸਿੰਘ ਯਾਦਵ ਜਿਹੇ ਮਹਾਰਥੀਆਂ ਦਾ ਘੇਸਲ ਵੱਟ ਜਾਣਾ ਵੀ ਸਮਝ ਨਹੀਂ ਆਉਂਦਾ। ਦੇਸ਼ ਦੇ ਚਿੰਤਕਾਂ ਤੇ ਬੁੱਧੀਜੀਵੀਆਂ ਦਾ ਫਰਜ਼ ਹੈ ਕਿ ਅਜਿਹੇ ਗੁੱਝੇ ਅਰਥਾਂ ਵਾਲੇ ਬਿਆਨਾਂ ਦਾ ਖੰਡਨ ਕਰਨ। ਖਾਸ ਕਰ ਇਸ ਲਈ ਕਿ ਦੁਨੀਆਂ ਭਰ ਦੇ ਅਤਿਵਾਦੀ ਪਹਿਲਾਂ ਹੀ ਭੁੱਬਲ 'ਚੋਂ ਅੱਗ ਦੀ ਚੰਗਿਆੜੀ ਲੱਭਣ ਲਈ ਫਰੋਲਾ ਫਰਾਲੀ ਵਿਚ ਸਰਗਰਮ ਹਨ।

**ਹਿਟਲਰ ਦਾ ਜਨਮ ਸਥਾਨ ਬਨਾਮ ਗੋਰੀ ਹਿਰਨੀ:** ਜੂਨ 2017 ਦੇ ਆਖਰੀ ਹਫਤੇ ਆਸਟ੍ਰੀਆ ਦੀ ਉਚ ਅਦਾਲਤ ਨੇ ਬਰਾਓਨਾਓ ਇਨ ਵਿਚ ਸਥਿਤੀ ਅਡੋਲਫ ਹਿਟਲਰ ਦੇ ਜਨਮ ਸਥਾਨ ਨੂੰ ਸਰਕਾਰੀ ਕਬਜ਼ੇ ਵਿਚ ਲੈਣ ਉਤੇ ਮੋਹਰ ਲਾ ਦਿੱਤੀ ਹੈ। ਇਹ 3 ਮੰਜ਼ਿਲੀ ਇਮਾਰਤ 1913 ਵਿਚ ਮਿਸਿਜ਼ ਪਾਮਰ ਐਂਗਲੋਹਰ ਦੇ ਪੜਦਾਦਾ ਨੇ ਖਰੀਦ ਸੀ ਜੋ ਕਿਸੇ ਕਾਰਨ ਉਨ੍ਹਾਂ ਨੂੰ 1938 'ਚ ਵੇਚਣੀ ਪੈ ਗਈ ਸੀ। ਹੋਇਆ ਇਹ ਕਿ ਦੂਜੇ ਵਿਸ਼ਵ ਯੁੱਧ ਦੀ ਸਮਾਪਤੀ 'ਤੇ ਇਸ ਇਮਾਰਤ ਨੂੰ ਮਿਸਿਜ਼ ਐਂਗਲੋਹਰ ਦੀ ਮਾਂ ਨੇ ਮੁੜ ਖਰੀਦ ਲਿਆ। ਉਦੋਂ ਤੋਂ ਹੁਣ ਤੱਕ ਹਿਟਲਰ ਦੇ ਨਾਜ਼ੀ ਸਿਧਾਂਤਾਂ ਨੂੰ ਪ੍ਰਨਾਏ ਯਾਤਰੀ ਇੱਕ ਤਰ੍ਹਾਂ ਨਾਲ ਇਥੇ ਨਤਮਸਤਕ ਹੁੰਦੇ ਆ ਰਹੇ ਹਨ। ਆਸਟ੍ਰੀਆ ਦੀ ਸਰਕਾਰ ਹਿਟਲਰਸ਼ਾਹੀ ਦੀ ਸਮਰਥਕ ਨਹੀਂ। ਸਰਕਾਰ ਨੇ ਨਾਜ਼ੀ ਸਿਧਾਂਤ ਦੇ ਬੋਲ ਬਾਲੇ ਨੂੰ ਨੱਥ ਪਾਉਣ ਦੇ ਮੰਤਵ ਨਾਲ ਫੈਸਲਾ ਲਿਆ ਹੈ ਕਿ ਇਸ ਇਮਾਰਤ ਵਿਚ ਸੋਧ ਸੁਧਾਈ ਕਰਕੇ ਇਸ ਨੂੰ ਮੰਦ ਬੁਧੀ ਵਿਦਿਆਰਥੀਆਂ ਦੀ ਚੰਗੇਰੀ ਵਿਦਿਆ ਦੀ ਸੰਸਥਾ ਵਜੋਂ ਵਰਤਿਆ ਜਾਵੇ। ਮਿਸਿਜ਼ ਐਂਗਲੋਹਰ ਨੇ ਸਰਕਾਰੀ ਕਬਜ਼ੇ ਵਿਚ ਜਾਣ ਤੋਂ ਰੋਕਣ ਲਈ ਉਚ ਅਦਾਲਤ ਦਾ ਬੂਹਾ ਖੜਕਾਇਆ ਸੀ ਜੋ ਠੁਕਰਾ ਦਿੱਤਾ ਗਿਆ ਹੈ। ਦਲੀਲ ਇਹ ਕਿ ਇਸ ਦੀ ਵਰਤਮਾਨ ਵਰਤੋਂ ਨਾਜ਼ੀ ਸਿਧਾਂਤ ਨੂੰ ਪੱਠੇ ਪਾਉਂਦੀ ਹੈ ਜੋ ਆਸਟ੍ਰੀਆ ਦੀ ਸਰਕਾਰੀ ਨੀਤੀ ਦੇ ਉਲਟ ਹੈ।



*ਅਡੌਲਫ ਹਿਟਲਰ*

ਸੂਤਰਾਂ ਅਨੁਸਾਰ 26 ਜੁਲਾਈ 2017 ਤੋਂ ਸਰਕਾਰ ਮਿਸਿਜ਼ ਐਂਗਲੋਹਰ ਨੂੰ ਯੋਗ ਮੁਆਵਜ਼ਾ ਲੈਣ ਲਈ ਮਨਾਉਣ ਵਾਸਤੇ ਉਸ ਨਾਲ ਗੱਲਬਾਤ ਕਰੇਗੀ। ਉਸ ਦਾ ਵਕੀਲ ਇਹ ਕੇਸ ਯੂਰਪੀਅਨ ਕੋਰਟ ਆਫ ਹਿਊਮਨ ਰਾਈਟਸ, ਸਟਰਾਮਬਰਗ ਲਿਜਾਣ ਦੀ ਧਮਕੀ ਦੇ ਰਿਹਾ ਹੈ। ਸਰਕਾਰ ਮਾਲਕਣ ਨੂੰ 3 ਲੱਖ ਯੂਰੋ (3,42,090 ਡਾਲਰ) ਦੀ ਨਕਦੀ ਦੇਣ ਦੀ ਪੇਸ਼ਕਸ਼ ਕਰ ਚੱਕੀ ਹੈ। ਦੇਖੋ, ਫੈਸਲਾ ਕੀ ਹੁੰਦਾ ਹੈ!

ਮੈਂ ਇੱਕ ਐਂਡਰੀਆ ਨਾਂ ਦੀ ਜਰਮਨ ਮਹਿਲਾ ਨੂੰ ਜਾਣਦਾ ਹਾਂ ਜਿਸ ਦੀ ਮਾਂ ਹਿਟਲਰ ਦੇ ਯੁਵਾ ਬ੍ਰਿਗੇਡ ਦੀ ਉਘੀ ਕਾਰਕੁਨ ਸੀ। ਉਹ ਮੇਰੇ ਹਮਜਮਾਤੀ ਅਤੇ ਸਵਰਨ ਸਿੰਘ ਭੰਗੂ ਦੇ ਘਰ ਜਰਮਨੀ ਦੇ ਉਦਯੋਗਿਕ ਸ਼ਹਿਰ ਹਮਬਰਗ ਵਿਚ ਰਹਿੰਦੀ ਹੈ। ਮੈਂ ਉਸ ਦੀ ਮਾਂ ਦੇ ਜੀਵਨ 'ਤੇ ਆਧਾਰਤ ਇਕ ਨਾਵਲ 'ਗੋਰੀ ਹਿਰਨੀ' (ਲੋਕ ਗੀਤ ਪ੍ਰਕਾਸ਼ਨ, ਮੋਹਾਲੀ) ਲਿਖਿਆ ਹੈ ਜਿਸ ਦਾ ਪਹਿਲਾ ਐਡੀਸ਼ਨ ਕਦੋਂ ਦਾ ਵਿਕ ਚੁਕਾ ਹੈ। ਇਸ ਸਬੰਧ ਵਿਚ ਹਿਟਲਰ ਦੇ ਸਥਾਪਤ ਕੀਤੇ ਕਨਸੈਂਟਰਸ਼ਨ ਕੈਂਪ (ਤਸੀਹਾ ਕੇਂਦਰ) ਹੀ ਨਹੀਂ ਤੱਕੇ, ਉਹ ਭੋਰਾ (ਬੰਕਰ) ਵੀ ਤੱਕਿਆ ਹੈ, ਜਿੱਥੇ ਉਸ ਨੇ ਬੁਰੀ ਤਰ੍ਹਾਂ ਘਿਰ ਜਾਣ ਪਿੱਛੋਂ ਆਪਣੇ ਆਪ ਅਤੇ ਅਪਣੀ ਸਹੇਲੀ ਏਵਾ ਬਰਾਊਨ ਨੂੰ ਗੋਲੀ ਮਾਰਨ ਤੋਂ ਪਹਿਲਾਂ ਆਪਣੇ ਬਲੌਂਡੀ ਨਾਂ ਦੇ ਵਫਾਦਾਰ ਅਲਸੇਸ਼ਨ ਕੁੱਤੇ ਨੂੰ ਗੋਲੀ ਮਾਰੀ ਸੀ। ਹਿਟਲਰ ਕਿੰਨਾ ਜ਼ਾਲਮ ਸੀ, ਤਸੀਹਾ ਕੇਂਦਰਾਂ ਰਾਹੀਂ ਦਿੱਤੀ ਕੁਮੈਂਟਰੀ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸ਼ਾਇਦ ਉਸ ਤੋਂ ਵੀ ਨਹੀਂ! ਮੇਰੇ ਨਾਵਲ ਦੀ ਨਾਇਕਾ ਦੇ ਬਿਆਨ ਤੇ ਵਾਰਤਾਲਾਪ ਸਹਾਈ ਹੋ ਸਕਦੇ ਹਨ। ਸ਼ਾਇਦ ਉਹ ਵੀ ਨਹੀਂ।

ਆਸਟ੍ਰੀਆ ਦੀ ਸਰਕਾਰ ਵਲੋਂ ਉਸ ਦੇ ਜਨਮ ਵਾਲੀ ਇਮਾਰਤ ਨੂੰ ਜ਼ਬਤ ਕਰਨ ਦੇ ਫੈਸਲੇ ਦਾ ਸਵਾਗਤ ਕਰਨਾ ਉਨਾ ਹੀ ਉਚਿਤ ਹੈ, ਜਿੰਨਾ ਯੋਗੀ ਦੇ ਤਾਜ ਮਹੱਲ ਬਾਰੇ ਬਿਆਨ ਦਾ ਖੰਡਨ। ਆਸਟ੍ਰੀਅਨ ਅਦਾਲਤ ਦੇ ਫੈਸਲੇ ਨੇ ਮੈਨੂੰ ਮੇਰਾ ਉਹ ਨਾਵਲ ਚੇਤੇ ਕਰਵਾ ਦਿੱਤਾ ਹੈ, ਜੋ ਅੰਗਰੇਜ਼ੀ ਵਿਚ ਅਨੁਵਾਦ ਹੋ ਰਿਹਾ ਹੈ ਤੇ ਜਰਮਨ ਵਿਚ ਹੋਣ ਦੀ ਸੰਭਾਵਨਾ ਹੈ।

**ਅੰਤਿਕਾ:** ਵੁਹ ਵਕਤ ਭੀ ਦੇਖੇ ਹੈਂ
ਤਵਾਰੀਖ ਕੀ ਘੜੀਓਂ ਨੇ,
ਲਮਹੋਂ ਨੇ ਖਤਾ ਕੀ ਥੀ,
ਸਦੀਓਂ ਨੇ ਸਜ਼ਾ ਪਾਈ।

# ਬਾਦਲਾਂ ਲਈ ਮੁੜ ਸਿਆਸੀ ਪਿੜ ਤਿਆਰ ਕਰੇਗੀ ਸ਼੍ਰੋਮਣੀ ਕਮੇਟੀ

**ਸ੍ਰੀ ਅਨੰਦਪੁਰ ਸਾਹਿਬ:** ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੱਲੋਂ ਅਰੰਭ ਕੀਤੀ ਤਿੰਨ ਪੜਾਵੀ ਧਰਮ ਪ੍ਰਚਾਰ ਲਹਿਰ ਜ਼ਰੀਏ ਜਿਥੇ ਸੱਤਾਹੀਣ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਖੁੱਸੇ ਪੰਥਕ ਆਧਾਰ ਨੂੰ ਮੁੜ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਉਥੇ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਦੇ ਮੱਦੇਨਜ਼ਰ ਵੀ ਵਿਰੋਧੀ ਰੁਝਾਨ ਸਮਾਪਤ ਕਰਨ ਦੇ ਯਤਨ ਕਰ ਕੇ ਮੌਜੂਦਾ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਮਾਨਸਿਕ ਤੌਰ ਉਤੇ ਚੋਣਾਂ ਲੜਨ ਲਈ ਤਿਆਰ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਵਿਚਲੇ ਭਰੋਸੇਯੋਗ ਸੂਤਰਾਂ ਅਨੁਸਾਰ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਅਕਾਲੀ ਹਾਈ ਕਮਾਨ ਦੀਆਂ ਉਨ੍ਹਾਂ ਇੱਛਾਵਾਂ ਤੇ ਆਸਾਂ 'ਤੇ ਖਰੇ ਉਤਰਨ ਦੀ ਕੋਸ਼ਿਸ਼ ਕਰਦੇ ਨਜ਼ਰ ਆ ਰਹੇ ਹਨ, ਜਿਨ੍ਹਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਲੰਘੇ ਸਾਲ ਨਵੰਬਰ ਮਹੀਨੇ ਪ੍ਰਧਾਨ ਬਣਾਇਆ ਗਿਆ ਸੀ। ਪੰਥਕ ਸਫਾਂ ਅੰਦਰ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਤੇ ਧਰਮ ਪ੍ਰਚਾਰ ਪ੍ਰਤੀ ਸ਼੍ਰੋਮਣੀ ਕਮੇਟੀ ਦੇ ਅਵੇਸਲੇਪਨ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਵੀ ਬਡੂੰਗਰ ਵੱਲੋਂ ਸਿੱਖ ਨੌਜਵਾਨਾਂ ਅੰਦਰ ਸਿੱਖੀ ਚੇਤਨਾ ਪੈਦਾ ਕਰਨ ਲਈ ਸਮਾਗਮ ਤੇ ਕੈਂਪ ਲਗਾਉਣ ਤੋਂ ਇਲਾਵਾ ਵੱਡੀ ਪੱਧਰ ਉਤੇ ਧਰਮ ਪ੍ਰਚਾਰ ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਮੁਹਿੰਮ ਨੂੰ ਤਿੰਨ ਜ਼ੋਨਾਂ ਵਿਚ ਵੰਡ ਕੇ ਮਾਲਵਾ ਜ਼ੋਨ ਦਾ ਕੇਂਦਰ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਦੁਆਬਾ ਤੇ ਹਿਮਾਚਲ ਦਾ ਸ੍ਰੀ ਅਨੰਦਪੁਰ ਸਾਹਿਬ ਤੇ ਮਾਝਾ ਖੇਤਰ ਦਾ ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਬਣਾਇਆ ਗਿਆ ਹੈ। ਇਸ ਤਹਿਤ ਹੁਣ ਤਿੰਨਾਂ ਜ਼ੋਨਾਂ ਦੀ ਵੰਡ ਪ੍ਰਣਾਲੀ ਰਾਹੀਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਲੋਕਾਂ ਕੋਲ ਜਾਣ ਤੇ ਸਰਗਰਮ ਹੋਣ ਦਾ ਏਜੰਡਾ ਮਿਲ ਗਿਆ ਹੈ ਜਦੋਂ ਕਿ ਪਹਿਲਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਕੋਲ ਸਾਲ 'ਚ ਦੋ ਵਾਰ, ਬਜਟ ਸੈਸ਼ਨ ਤੇ ਪ੍ਰਧਾਨਗੀ ਦੀ ਚੋਣ ਤੋਂ ਇਲਾਵਾ ਕਦੇ ਇਕੱਠੇ ਬੈਠਣ ਦਾ ਅਤੇ ਹਲਕਿਆਂ ਵਿਚ ਲਗਾਤਾਰ ਵਿਚਰਨ ਦਾ ਸਬੱਬ ਨਹੀਂ ਮਿਲਦਾ ਸੀ। ਹਰੇਕ ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਨਾਲ ਇਕ-ਇਕ ਰਾਗੀ, ਢਾਡੀ ਤੇ ਪ੍ਰਚਾਰਕ ਨੂੰ ਜੋੜ ਕੇ ਪਿੰਡ-ਪਿੰਡ ਧਰਮ ਪ੍ਰਚਾਰ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਹੈ।

ਲੰਘੇ ਸੋਮਵਾਰ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਬਡੂੰਗਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਚ ਦੁਆਬਾ ਤੇ ਹਿਮਾਚਲ ਖੇਤਰ ਦੇ ਦੋ ਦਰਜਨ ਦੇ ਲਗਭਗ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਧਰਮ ਪ੍ਰਚਾਰ ਲਹਿਰ ਸਬੰਧੀ ਲੰਬੀ ਵਿਚਾਰ-ਚਰਚਾ ਕੀਤੀ ਗਈ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਸ਼ਾਇਦ ਪਹਿਲੀ ਵਾਰ ਖੁੱਲ੍ਹ ਕੇ ਆਪਣੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਨਾਲ ਸਾਂਝੀਆਂ ਕਰਨ ਦਾ ਮੌਕਾ ਮਿਲਿਆ। ਸ. ਬਡੂੰਗਰ ਨੇ ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਸਰਗਰਮ ਹੋਣ ਲਈ ਥਾਪੜਾ ਦਿੰਦਿਆਂ ਆਖਿਆ ਸੀ ਕਿ ਸਾਰੇ ਮੈਂਬਰ ਆਪੋ-ਆਪਣੇ ਹਲਕਿਆਂ ਵਿਚ ਧਰਮ ਪ੍ਰਚਾਰ ਲਈ ਜੁਟ ਜਾਣ ਤੇ ਇਕ-ਦੂਜੇ ਦੇ ਹਲਕਿਆਂ ਵਿਚ ਦਖਲਅੰਦਾਜ਼ੀ ਕਰਨ ਦੀ ਬਜਾਏ ਆਪੋ-ਆਪਣੇ ਹਲਕਿਆਂ ਦੇ ਕੰਮ ਪ੍ਰਧਾਨ ਕੋਲੋਂ ਤਰਜੀਹੀ ਆਧਾਰ ਉਤੇ ਕਰਵਾਉਣ। ਸ਼੍ਰੋਮਣੀ ਕਮੇਟੀ ਦੇ ਉਚ ਪੱਧਰੀ ਸੂਤਰਾਂ ਅਨੁਸਾਰ ਕੇਂਦਰ ਦੀ ਮੋਦੀ ਸਰਕਾਰ ਦੀ ਆਪਣੇ ਸਿਆਸੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਬੇਰੁਖੀ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵਧਦੀ ਨੇੜਤਾ ਕਾਰਨ ਅਕਾਲੀ ਹਾਈਕਮਾਨ ਇਹ ਸੰਭਾਵਨਾ ਵੀ ਲਾਈ ਬੈਠੀ ਹੈ ਕਿ ਜੇਕਰ ਮੋਦੀ ਸਰਕਾਰ ਨਾਲ ਕੈਪਟਨ ਦੀ ਸੁਰ ਸਹੀ ਰਹੀ ਤਾਂ ਕਿਸੇ ਵੇਲੇ ਵੀ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਲਈ ਕੇਂਦਰ ਸਰਕਾਰ ਫੈਸਲਾ ਕਰ ਸਕਦੀ ਹੈ।

ਇਸੇ ਸੰਭਾਵਨਾ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼੍ਰੋਮਣੀ ਕਮੇਟੀ ਰਾਹੀਂ ਧਰਮ ਪ੍ਰਚਾਰ ਲਹਿਰ ਆਰੰਭ ਕਰ ਕੇ, ਪੰਥਕ ਵੋਟ ਬੈਂਕ 'ਚ ਅਕਾਲੀ ਦਲ ਪ੍ਰਤੀ ਗੁੱਸੇ ਨੂੰ ਖਤਮ ਕਰਨ, ਸ਼੍ਰੋਮਣੀ ਕਮੇਟੀ ਬਾਰੇ ਬਣੇ ਨਾਂਹ ਪੱਖੀ ਪ੍ਰਭਾਵ ਨੂੰ ਖਤਮ ਦੇ ਨਾਲ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਟਕਸਾਲੀ ਅਕਾਲੀ ਵਰਕਰਾਂ ਅੰਦਰ ਪੰਥਕ ਜਜ਼ਬਾ ਪ੍ਰਚੰਡ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਮਮਤਾ ਵੱਲੋਂ ਭਾਜਪਾ ਨੂੰ ਭਾਰਤ ਵਿਚੋਂ ਕੱਢਣ ਦਾ ਸੱਦਾ

**ਕੋਲਕਾਤਾ:** ਤ੍ਰਿਣਮੂਲ ਕਾਂਗਰਸ ਸੁਪਰੀਮੋ ਮਮਤਾ ਬੈਨਰਜੀ ਨੇ ਭਾਰਤ ਵਿਚੋਂ ਭਾਜਪਾ ਨੂੰ ਬਾਹਰ ਕੱਢਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਪੱਛਮੀ ਬੰਗਾਲ ਉਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਨਾਲ ਖੜ੍ਹੇਗਾ, ਜਿਹੜੀਆਂ ਇਸ ਭਗਵਾ ਪਾਰਟੀ ਵਿਰੁੱਧ ਲੜਨਗੀਆਂ। ਮਮਤਾ ਬੈਨਰਜੀ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਨੌਂ ਅਗਸਤ ਤੋਂ 'ਭਾਜਪਾ ਕੱਢੋ' ਪ੍ਰੋਗਰਾਮ ਸ਼ੁਰੂ ਕਰੇਗੀ।


KULJEET (KJ) SINGH
Managing Broker Realtor
GAYA Realty
Interested in:
■Buying ■Selling
■Investing ■Renting
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ

Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs

ਪਲੈਜ਼ੈਂਟ ਟਰੈਵਲ ਐਂਡ ਟੂਰਜ਼
Pleasant Travel & Tours
6257 N. Clark Street, Chicago, IL 60660
Serving Community For Over 25 Years
Fly to Any Destination with the Best Price
Chicago-Amritsar = $ 795.00 Chicago-Delhi = $695.00
Chicago-Mumbai = $ 695.00 Restriction do apply
Ph:773-508-1927
ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ
Pleasanttravel@hotmail.com
www.pleasanttravelchicago.com
TURKISH AIRLINES ETIHAD QATAR Emirates

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
www.Transportationfunding.com
Transportation Funding Group, Inc.
Minneapolis , MN 55426

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ

*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਗਾਇਕ ਸੂਫੀ ਬਲਬੀਰ ਦਾ 'ਨਿੱਕਾ ਜਿਹਾ ਕੰਮ'

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਨਾ ਸਾਜ਼ ਸੀ, ਨਾ ਸਾਜ਼ ਵਾਦਕ, ਨਾ ਮਾਈਕ ਸੀ, ਨਾ ਆਟੋ ਟਿਊਨਰ ਤੇ ਨਾ ਵੱਡੇ ਵੱਡੇ ਸਪੀਕਰ, ਨਾ ਠਾਠਾਂ ਮਾਰਦਾ ਇੱਕਠ, ਨਾ ਰੰਗ ਬਿਰੰਗੇ ਪਰਦਿਆਂ ਨਾਲ ਸਜਿਆ ਵੱਡ ਅਕਾਰੀ ਮੰਚ, ਨਾ ਹੀ ਕੋਈ ਦੀਵੇ ਬਲੇ, ਨਾ ਕੋਈ



ਬਲਬੀਰ ਸੂਫੀ

ਸ਼ਮ੍ਹਾ ਜਲੀ-ਫਿਰ ਵੀ ਇਕ ਸੂਫੀ ਗਾਇਕ ਦੀ ਸੁਰੀਲੀ ਤੇ ਕਸ਼ਿਸ਼ ਭਰੀ ਸੂਫੀਆਨਾ ਆਵਾਜ਼ ਨਾਲ ਮਹਿਫਿਲ ਰੁਸ਼ਨਾਈ ਹੋਈ ਸੀ।

ਸਰੋਤੇ ਭਾਵੇਂ ਥੋੜ੍ਹੇ ਸਨ ਪਰ ਉਹ ਵਿਸਮਾਦੀ ਗੀਤਾਂ ਤੇ ਸ਼ਾਇਰੀ ਦੇ ਵਹਦ ਵਿਚ ਆਏ ਆਤਮ ਵਿਭੋਰ ਹੋ ਦਾਦ 'ਤੇ ਦਾਦ ਦੇ ਰਹੇ ਸਨ। ਇਹ ਮਹਿਕਾਂ ਭਰਿਆ ਸੰਗੀਤਕ ਮਾਹੌਲ ਸੀ, ਸੰਜੀਦਾ ਗਾਇਕ ਸੂਫੀ ਬਲਬੀਰ ਦੀ ਕਿਤਾਬ 'ਨਿੱਕਾ ਜਿਹਾ ਕੰਮ' ਦੀ ਘੁੰਡ ਚੁਕਾਈ ਮੌਕੇ ਦਾ।

ਇਥੋਂ ਦੀ ਇਕ ਸਥਰਥ ਇਤਾਸਕਾ ਦੇ 'ਟੱਚ ਆਫ ਟੇਸਟ ਰੈਸਟੋਰੈਂਟ' ਵਿਚ ਪਿਛਲੇ ਦਿਨੀਂ ਹੋਏ ਇਕ ਸਾਦੇ ਜਿਹੇ ਇਕੱਠ ਵਿਚ ਸੂਫੀ ਨੇ ਆਪਣੇ ਨਿਵੇਕਲੇ ਸੂਫੀਆਨਾ ਅੰਦਾਜ਼ ਵਿਚ ਗੀਤ ਪੇਸ਼ ਕਰ ਕੇ ਇਸ ਸ਼ਾਮ ਨੂੰ ਇਕ ਅਭੁੱਲ ਸ਼ਾਮ ਬਣਾ ਦਿੱਤਾ। ਉਸ ਦੇ ਗਾਇਕੀ ਦੇ ਜਲੌਅ ਅਤੇ ਮਨ ਟੁੰਬਦੇ ਸ਼ਬਦਾਂ ਨੂੰ ਸਰੋਤਿਆਂ ਨੇ ਨਿੱਠ ਕੇ ਸੁਣਿਆ।

ਪ੍ਰੋਗਰਾਮ ਦੀ ਸ਼ੁਰੂਆਤ ਠਾਕੁਰ ਸਿੰਘ ਬਸਾਤੀ ਵਲੋਂ ਸੂਫੀ ਬਲਬੀਰ ਦੀ ਜਾਣ-ਪਛਾਣ ਕਰਵਾਏ ਜਾਣ ਨਾਲ ਹੋਈ। ਜਸਬੀਰ ਕੌਰ ਮਾਨ ਨੇ ਸ਼ੇਅਰ 'ਸਾਰੇ ਭੈਣ-ਭਰਾਵਾਂ ਨੂੰ ਤੇ ਆਏ ਸਭ ਪਰਿਵਾਰਾਂ ਨੂੰ, ਅਸੀਂ ਜੀ ਆਇਆਂ ਕਹਿੰਦੇ ਹਾਂ, ਸੂਫੀ ਜਿਹੇ ਕਲਾਕਾਰਾਂ ਨੂੰ' ਨਾਲ ਖੁਸ਼ਆਮਦੀਦ ਕਿਹਾ।

ਸੂਫੀ ਨੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਘਰ ਦੇ ਵਿਹੜੇ ਵਿਚ ਮੰਜੇ 'ਤੇ ਬੈਠਿਆਂ ਵਰਗਾ ਮਾਹੌਲ ਹੈ। ਗਾਉਣ ਦਾ ਸਿਲਸਿਲਾ ਤਾਂ ਪਹਿਲਾਂ ਚੱਲ ਹੀ ਰਿਹਾ ਸੀ ਪਰ ਇਸ ਦੌਰਾਨ ਇਹ ਕਿਤਾਬ ਲਿਖਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਇਸੇ ਲਈ ਇਸ ਦਾ ਨਾਂ 'ਨਿੱਕਾ ਜਿਹਾ ਕੰਮ' ਰੱਖਿਆ ਹੈ। ਸੂਫੀ ਨੇ ਸਭ ਤੋਂ ਪਹਿਲਾਂ ਕਿਤਾਬ ਦੇ ਆਖਰੀ ਸਫੇ ਦੀ ਕਵਿਤਾ 'ਨਿੱਕਾ ਜਿਹਾ ਕੰਮ' ਸੁਣਾਈ:

ਸਾਡਾ ਨਿੱਕਾ ਜਿਹਾ ਕੰਮ<br>
ਇਹ ਸੰਵਾਰ ਕਿਉਂ ਨਹੀਂ ਦਿੰਦੇ।<br>
ਸਾਨੂੰ ਇੱਕੋ ਝਟਕੇ ਦੇ ਵਿਚ<br>
ਮਾਰ ਕਿਉਂ ਨਹੀਂ ਦਿੰਦੇ?

ਜੇ ਉਹ ਕੱਖ ਵਾਂਗੂੰ ਅੱਖ ਵਿਚ<br>
ਰੜਕ ਰਿਹੈ ਤਾਂ,<br>
ਤੁਸੀਂ ਦਿਲ 'ਚ 'ਸੂਫੀ' ਨੂੰ ਕੱਢ<br>
ਬਾਹਰ ਕਿਉਂ ਨਹੀਂ ਦਿੰਦੇ?

ਨਾਲ ਹੀ ਸੂਫੀ ਨੇ ਇਹ ਸ਼ੇਅਰ ਪੜ੍ਹਿਆ:

ਦੀਵੇ ਜਗਾਓ, ਹਨੇਰਾ ਬੜਾ ਏ,<br>
ਰਾਹ ਰੁਸ਼ਨਾਓ, ਹਨੇਰਾ ਬੜਾ ਏ।<br>
ਕਲਮਾਂ ਅਤੇ ਸੋਚਾਂ ਵਾਲਿਓ,<br>
ਫਰਜ਼ ਨਿਭਾਓ, ਹਨੇਰਾ ਬੜਾ ਏ।

ਉਪਰੰਤ ਉਸ ਨੇ ਆਪਣੇ ਮਹਿਬੂਬ ਨੂੰ ਚੇਤੇ ਕਰਦਿਆਂ ਸ਼ੇਅਰ ਅਰਜ਼ ਕੀਤਾ:

ਉਹ ਗਲੀ ਸਾਨੂੰ ਮੱਕੇ ਵਰਗੀ ਲਗਦੀ ਐ<br>
ਜਿਸ ਗਲੀ ਵਿਚ ਸੱਜਣਾ<br>
ਤੇਰਾ ਘਰ ਆਉਂਦਾ ਏ।<br>
ਜਿਥੇ ਆਪਾਂ ਮਿਲੇ ਤੇ ਵਿਛੜੇ ਸੀ<br>
'ਸੂਫੀ' ਦੋਵਾਂ ਥਾਂਵਾਂ 'ਤੇ<br>
ਫੁਲ ਧਰ ਆਉਂਦਾ ਏ।

ਬਲਬੀਰ ਨੇ ਗਿਲਾ ਕੀਤਾ ਕਿ ਅਸੀਂ ਪੰਜਾਬੀ ਰੌਲਾ ਬਹੁਤ ਪਾਉਂਦੇ ਹਾਂ ਪਰ ਹੱਲ ਤੱਕ ਪਹੁੰਚਣ ਦੀ ਕੋਸ਼ਿਸ਼ ਨਹੀਂ ਕਰਦੇ। ਲਿਖਣ ਤੇ ਗਾਉਣ ਵਾਲੇ ਸਮਾਜ ਦੇ ਚੌਕੀਦਾਰ ਹੁੰਦੇ ਹਨ, ਜਿਨ੍ਹਾਂ ਦਾ ਕੰਮ ਹੋਕਾ ਦੇਣਾ ਹੁੰਦਾ ਹੈ। ਉਸ ਨੇ ਦੱਸਿਆ ਕਿ ਵੋਟਾਂ ਤੋਂ ਪਹਿਲਾਂ ਉਸ ਨੇ ਇਹ ਨਿਮਾਣਾ ਜਿਹਾ ਹੋਕਾ ਦਿੱਤਾ ਸੀ:

'ਲੁਟੇ ਗਏ, ਮਾਰੇ ਗਏ',<br>
ਨਿੱਤ ਕੁਰਲਾਉਂਦੇ ਆਂ<br>
ਪਰ ਵੋਟਾਂ ਅਸੀਂ ਧਰਮਾਂ ਦੇ<br>
ਨਾਂ 'ਤੇ ਹੀ ਪਾਉਂਦੇ ਹਾਂ।

ਸੰਨ 1947 ਦੀ ਵੰਡ ਦੇ ਸੰਤਾਪ ਦੀ ਗੱਲ ਉਸ ਇੰਜ ਛੋਹੀ:

ਮੈਂ ਕੰਧਾਂ 'ਤੇ ਬਣਾਏ ਜਿੱਥੇ<br>
ਘੁੱਗੀਆਂ ਤੇ ਮੋਰ ਵੇ<br>
ਉਸੇ ਘਰ ਜਾਣ ਲਈ<br>
ਵੀਜ਼ਿਆਂ ਦੀ ਲੋੜ ਵੇ।

ਵੰਡ ਸਮੇਂ ਪਏ ਪਰਿਵਾਰ ਦੇ ਵਿਛੋੜਾ ਦਾ ਦਰਦ ਉਸ ਨੇ ਮਰਨ ਕਿਨਾਰੇ ਪਈ ਇਕ ਬੁੱਢੀ ਮਾਈ ਦੇ ਬੋਲਾਂ ਨਾਲ ਇੰਜ ਬਿਆਨ ਕੀਤਾ:

ਸੰਨ ਸੰਤਾਲੀ 'ਚ ਵਿਛੋੜਾ ਜਦੋਂ ਪੈ ਗਿਆ<br>
ਪੇਕਾ ਪਰਿਵਾਰ ਮੇਰਾ ਹੱਦੋਂ ਪਾਰ ਰਹਿ ਗਿਆ।<br>
ਤਨ ਵਿਚੋਂ ਭੌਰ ਜਦੋਂ ਉਡ ਪੁੱਡ ਜਾਵੇਗਾ<br>
ਰੱਬਾ ਮੇਰਿਆ ਪੇਕਿਆਂ ਤੋਂ ਕੌਣ ਕੌਣ ਆਵੇਗਾ।

ਬਾਬਲਾ ਵੇ ਧੀ ਤੇਰੀ ਕਿੰਨੀ ਮਜਬੂਰ ਵੇ<br>
ਹੋ ਗਿਆ ਅਟਾਰੀ ਤੋਂ ਲਾਹੌਰ ਕਿੰਨਾ ਦੂਰ ਵੇ।<br>
ਕੌਣ 'ਸੂਫੀ' ਵੀਰਿਆਂ ਦਾ ਫਰਜ਼ ਨਿਭਾਵੇਗਾ।<br>
ਰੱਬਾ ਮੇਰਿਆ ਪੇਕਿਆਂ ਤੋਂ ਕੌਣ ਕੌਣ ਆਵੇਗਾ।

ਬਲਬੀਰ ਦੀ ਖੂਬੀ ਹੈ ਕਿ ਉਹ ਗੱਲ ਵਿਚੋਂ ਗੱਲ ਤੋਰ ਲੈਂਦਾ ਹੈ। ਉਸ ਦੀਆਂ ਕਵਿਤਾਵਾਂ ਥੋੜ੍ਹੇ ਸ਼ਬਦਾਂ ਵਿਚ ਵੱਡੀ ਗੱਲ ਵੱਲ ਇਸ਼ਾਰਾ ਕਰ ਜਾਂਦੀਆਂ ਹਨ:

ਕੀ ਹਾਲ ਹੈ ਤੁਹਾਡਾ ਸਤਲੁਜ ਬਿਆਸ ਯਾਰੋ<br>
ਰੋਇਓ ਨਾ ਚਿੱਠੀ ਪੜ੍ਹ ਕੇ<br>
ਮੈਂ ਚਨਾਬ ਲਿਖ ਰਿਹਾ ਹਾਂ।

---

ਦਿਲ ਵਿਚ ਅਰਮਾਨ ਲੈ ਕੇ ਨਿਕਲੇ ਆਂ<br>
ਪਹੁੰਚਾਂਗੇ ਟਿਕਾਣੇ 'ਤੇ<br>
ਈਮਾਨ ਲੈ ਕੇ ਨਿਕਲੇ ਆਂ।

ਪੰਜਾਬ ਦੀ ਸਿਆਸਤ ਦਾ ਦ੍ਰਿਸ਼ ਸੂਫੀ ਨੇ ਕੁਝ ਇਸ ਤਰ੍ਹਾਂ ਚਿਤਰਿਆ:

ਜਿਨ੍ਹਾਂ ਦੀ ਸੀ ਜ਼ਿੰਮੇਵਾਰੀ ਮੇਲ ਕਰਵਾਉਣ ਦੀ,<br>
ਉਹ ਭਾਈਆਂ ਵਿਚ ਵੰਡੀਆਂ ਪਾਈ ਜਾਂਦੇ ਨੇ।<br>
ਉਤੋਂ ਉਤੋਂ ਪਿਆਰ ਦੇ ਭਾਸ਼ਣ ਦਿੰਦੇ ਨੇ<br>
ਅੰਦਰੋਂ ਨਫਰਤ ਵਾਲੇ ਬੂਟੇ ਲਾਈ ਜਾਂਦੇ ਨੇ।

ਪੰਜਾਬ ਦੇ ਅਜੋਕੇ ਹਾਲਾਤ ਵੱਲ ਸੰਕੇਤ ਕਰਦਿਆਂ ਸੂਫੀ ਨੇ ਸ਼ਹੀਦ ਭਗਤ ਸਿੰਘ ਨੂੰ ਯਾਦ ਕੀਤਾ:

ਦੇਸ਼ ਦੇ ਲੋਕ ਅੱਜ ਚੇਤੇ ਕਰਦੇ ਨੇ,<br>
ਤੇਰੇ ਸੁਪਨੇ ਟੁਟੇ ਤੱਕ, ਹੌਕੇ ਭਰਦੇ ਨੇ।<br>
ਲੱਖਾਂ ਲੋਕੀਂ ਅੱਜ ਵੀ<br>
ਬਿਨਾ ਇਲਾਜ ਤੋਂ ਮਰਦੇ ਨੇ<br>
ਕਾਮੇ ਤੇ ਕਿਸਾਨ ਦੁਖੀ,<br>
ਖੁਦਕੁਸ਼ੀਆਂ ਕਰਦੇ ਨੇ।<br>
ਖੂਨ ਪਸੀਨਾ ਡੁੱਲ੍ਹਦਾ,<br>
ਰੋਟੀ ਉਹਦੇ ਬਾਅਦ ਨਹੀਂ<br>
ਭਗਤ ਸਿਹਾਂ ਹਾਲੇ ਵੀ ਤੇਰਾ<br>
ਦੇਸ਼ ਆਜ਼ਾਦ ਨਹੀਂ।

ਠੰਡੀਆਂ ਤੇ ਕਾਲੀਆਂ ਰਾਤਾਂ ਵਿਚ ਆਪਣਾ ਫਰਜ਼ ਨਿਭਾਉਂਦੇ ਚੌਕੀਦਾਰ ਨੂੰ ਸੂਫੀ ਨੇ ਪੁੱਛਿਆ:

ਸੁਣ ਵੀਰਾ ਚੌਕੀਦਾਰਾ<br>
ਤੇਰਾ ਕਰਜ਼ ਸਾਡੇ ਸਿਰ ਭਾਰਾ<br>
'ਜਾਗਦੇ ਰਹੋ' ਦੇ ਹੋਕੇ<br>
ਸਾਰੀ ਰਾਤ ਲਗਾਉਂਦਾ ਏਂ।<br>
ਦੱਸ ਆਪਣੇ ਘਰ ਨੂੰ ਕਿਸ ਦੇ<br>
ਆਸਰੇ ਛੱਡ ਕੇ ਆਉਂਦਾ ਏਂ?

ਮਾਹੌਲ ਨੂੰ ਖੁਸ਼ਨੁਮਾ ਬਣਾਉਂਦਿਆਂ ਉਸ ਪਿਆਰ ਦੀ ਮਹਿਕ ਖਿਲਾਰੀ ਤੇ ਗੀਤ ਨਜ਼ਰ ਕੀਤੇ:

ਇਸ਼ਕੇ ਦੇ ਨਾਗ ਨੂੰ ਜੇ<br>
ਆਉਂਦਾ ਨਹੀਂ ਸੀ ਕੀਲਣਾ,<br>
ਜੋਗੀਆ ਵੇ ਬੀਨ<br>
ਵਜਾਉਣ ਦੀ ਕੀ ਲੋੜ ਸੀ?

---

ਜਦ ਵੀ ਤੂੰ ਆਵੇਂ ਤੈਨੂੰ<br>
ਜਾਣ ਦੀਆਂ ਕਾਹਲੀਆਂ<br>
ਵੇ ਨਾ ਕਰਿਆ ਕਰ ਯਾਰਾ,<br>
ਗੱਲਾਂ ਅੱਡ ਹੋਣ ਵਾਲੀਆਂ।

ਬਲਬੀਰ ਮੁਹੱਬਤ ਦਾ ਸ਼ਾਇਰ ਹੈ। ਉਸ ਨੇ ਮੁਹੱਬਤ ਦੀ ਦਾਸਤਾਨ ਕੁਝ ਇਸ ਅੰਦਾਜ਼ 'ਚ ਸੁਣਾਈ:

ਮਿਸ਼ਰੀ ਵਰਗੇ ਸੱਜਣਾ ਵੇ<br>
ਜਦ ਤੇਰੇ ਕੋਲ ਬਹਿੰਦੀ ਹਾਂ,<br>
ਮੂੰਹ ਮਿੱਠਾ ਹੋ ਜਾਂਦਾ<br>
ਜਦ ਤੇਰਾ ਨਾਂ ਲੈਂਦੀ ਹਾਂ।

ਅੱਖੀਆਂ ਬਾਰੇ ਭਾਵੇਂ ਬਹੁਤ ਕੁਝ ਲਿਖਿਆ ਗਿਆ ਹੈ ਪਰ ਸੂਫੀ ਨੇ ਗੀਤ 'ਅੱਖੀਆਂ ਮੇਰੀ ਧੀ ਦੀਆਂ ਅੱਖੀਆਂ' ਤਰੰਨਮ ਵਿਚ ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ।

ਸੂਫੀ ਬਲਬੀਰ ਦੀ ਗੀਤਕਾਰੀ ਵਿਚ ਜ਼ਿੰਦਗੀ ਦਾ ਹਰ ਰੰਗ ਝਲਕਦਾ ਹੈ, ਜਿਸ ਨੂੰ ਪੇਸ਼ ਕਰਨ ਦਾ ਉਸ ਦਾ ਆਪਣਾ ਨਿਵੇਕਲਾ ਅੰਦਾਜ਼ ਹੈ। ਇਸ ਸ਼ਾਮ ਵੀ ਗੀਤ, ਗਜ਼ਲ ਤੇ ਸ਼ੇਅਰੋ-ਸ਼ਾਇਰੀ ਦਾ ਸੁਮੇਲ ਉਚ ਪਾਏ ਦਾ ਤੇ ਦਿਲ ਖਿੱਚਵਾਂ ਸੀ ਜਿਸ ਨੇ ਸਰੋਤਿਆਂ ਨੂੰ ਸਹਿਜੇ ਹੀ ਕੀਲੀ ਰੱਖਿਆ।



ਇਸ ਸ਼ਾਮ ਸਰੋਤਿਆਂ ਵਿਚ ਹੋਰਨਾਂ ਤੋਂ ਇਲਾਵਾ ਹਾਜ਼ਰ ਸਨ-ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਉਲ, ਅਮੋਲਕ ਸਿੰਘ ਗਿੱਧਾ, ਸਰਵਣ ਸਿੰਘ ਰਾਜੂ, ਜਸਬੀਰ ਕੌਰ ਰਾਜੂ, ਗੁਰਦੀਪ ਸਿੰਘ ਸੈਣੀ, ਗੁਰਦੀਪ ਕੌਰ ਸੈਣੀ, ਜਸਬੀਰ ਕੌਰ ਸਿੰਘ, ਗੁਰਪ੍ਰੀਤ ਕੌਰ ਸਿੰਘ, ਕੁਲਦੀਪ ਸਿੰਘ, ਕੇ.ਕੇ. ਪੰਮਾ ਅਤੇ ਜੋਰਾ ਸਿੰਘ।

ਅੰਤ ਵਿਚ ਸੂਫੀ ਬਲਬੀਰ ਦਾ ਧੰਨਵਾਦ ਕਰਦਿਆਂ ਸਰੋਤਿਆਂ ਨੇ ਉਸ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਜ਼ਿਕਰਯੋਗ ਹੈ ਕਿ 2013 ਵਿਚ ਸੂਫੀ ਨੇ ਸ਼ਿਕਾਗੋ ਦੀ ਇਕ ਸੰਸਥਾ ਏਸ਼ੀਅਨ ਅਮੈਰਿਕਨ ਸਿੱਖ ਐਸੋਸੀਏਸ਼ਨ (ਆਸ਼ਾ) ਦੇ 'ਮਿਲਾਪ' ਪ੍ਰੋਗਰਾਮ ਵਿਚ ਆਪਣੇ ਸੂਫੀ ਕਲਾਮ ਨਾਲ ਐਸਾ ਰੰਗ ਬੰਨਿਆ ਸੀ ਕਿ ਉਸ ਸ਼ਾਮ ਦੀ ਯਾਦ ਸਰੋਤਿਆਂ ਦੇ ਚੇਤਿਆਂ ਵਿਚ ਅੱਜ ਵੀ ਤਾਜ਼ਾ ਹੈ।

## ਨੌਕਰੀ ਘੁਟਾਲਾ: ਮਿਲੀਭੁਗਤ ਦਾ ਪਰਦਾਫਾਸ਼ ਕਰੇਗੀ ਵਿਜੀਲੈਂਸ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸਰਕਾਰੀ ਵਿਭਾਗਾਂ ਵਿਚ ਪੈਸੇ ਦੇ ਜ਼ੋਰ ਨਾਲ ਨੌਕਰੀਆਂ ਦੇ ਯੋਗ ਬਣਾਉਣ ਦੇ ਦੋਸ਼ਾਂ ਵਿਚ ਘਿਰੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮਲੋਟ ਦੇ ਨਗਰ ਕੌਂਸਲਰ ਸ਼ਾਮ ਲਾਲ ਡੱਡੀ ਦਾ ਝੂਠ ਫੜਨ ਵਾਲਾ ਟੈਸਟ ਕਰਾਉਣ ਦਾ ਫੈਸਲਾ ਕੀਤਾ ਹੈ। ਵਿਜੀਲੈਂਸ ਨੂੰ ਉਮੀਦ ਹੈ ਕਿ ਇਸ ਵਿਅਕਤੀ ਰਾਹੀਂ ਲੰਬੀ ਹਲਕੇ ਨਾਲ ਸਬੰਧਤ ਵਿਵਾਦਤ 'ਜਥੇਦਾਰ' ਨੂੰ ਹੱਥ ਪਾਇਆ ਜਾ ਸਕਦਾ ਹੈ।

ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਬਿਊਰੋ ਵੱਲੋਂ ਇਸ ਸਬੰਧੀ ਲੋੜੀਂਦੀ ਕਾਰਵਾਈ ਕਰ ਲਈ ਗਈ ਹੈ ਅਤੇ ਮੁਹਾਲੀ ਦੀ ਅਦਾਲਤ ਨੇ ਸ਼ਾਮ ਲਾਲ ਨੂੰ ਨੋਟਿਸ ਵੀ ਜਾਰੀ ਕਰ ਦਿੱਤਾ ਹੈ। ਬਿਊਰੋ ਦੇ ਸੂਤਰਾਂ ਦਾ ਕਹਿਣਾ ਹੈ ਕਿ ਨੌਕਰੀ ਘੁਟਾਲੇ ਵਿਚ ਸ਼ਾਮਲ ਸਿਆਸੀ ਪਿਛੋਕੜ ਵਾਲੇ ਵਿਅਕਤੀਆਂ ਦੀ ਤਫਤੀਸ਼ ਵਿਚ ਕਈ ਤਰ੍ਹਾਂ ਦੀਆਂ ਊਣਤਾਈਆਂ ਰਹਿ ਗਈਆਂ ਕਿਉਂਕਿ ਜਦੋਂ ਇਹ ਘੁਟਾਲਾ ਸਾਹਮਣੇ ਆਇਆ ਤਾਂ ਉਦੋਂ ਜਿਨ੍ਹਾਂ ਸਿਆਸੀ ਲੋਕਾਂ ਦਾ ਨਾਂ ਸਾਹਮਣੇ ਆਇਆ, ਉਨ੍ਹਾਂ ਦਾ ਸਬੰਧ ਤਤਕਾਲੀ ਹਾਕਮ ਧਿਰ ਅਕਾਲੀ ਦਲ ਨਾਲ ਸੀ। ਵਿਜੀਲੈਂਸ ਨੇ ਅਦਾਲਤ ਵਿਚ ਵੀ ਇਹੀ ਤਰਕ ਦਿੱਤਾ ਹੈ ਕਿ ਤਫਤੀਸ਼ ਮੁਕੰਮਲ ਕਰਨ ਲਈ ਸ਼ਾਮ ਲਾਲ ਡੱਡੀ ਦਾ ਝੂਠ ਫੜਨ ਵਾਲਾ ਟੈਸਟ ਕਰਾਉਣ ਦੀ ਲੋੜ ਹੈ। ਗ੍ਰਿਫਤਾਰੀ ਪਿਛੋਂ ਜ਼ਮਾਨਤ 'ਤੇ ਛੁੱਟੇ ਸਿਆਸੀ ਪਿਛੋਕੜ ਵਾਲੇ ਵਿਅਕਤੀਆਂ ਨੂੰ ਵਿਜੀਲੈਂਸ ਵੱਲੋਂ ਮੁੜ ਹਿਰਾਸਤ ਵਿਚ ਲਏ ਜਾਣ ਦੇ ਆਸਾਰ ਹਨ।

ਪੰਜਾਬ ਵਿਜੀਲੈਂਸ ਇਸ ਘੁਟਾਲੇ ਵਿਚ ਹੁਣ ਤੱਕ 100 ਤੋਂ ਵੱਧ ਵਿਅਕਤੀ ਗ੍ਰਿਫਤਾਰ ਕਰ ਚੁਕੀ ਹੈ। ਇਨ੍ਹਾਂ ਵਿਚ ਨੌਕਰੀਆਂ ਲੈਣ ਵਾਲੇ ਨੌਜਵਾਨ ਅਤੇ ਦਲਾਲ ਸ਼ਾਮਲ ਹਨ। ਅੰਤਰਰਾਜੀ ਨੌਕਰੀ ਘੁਟਾਲੇ ਦਾ ਮੁੱਖ ਸਰਗਨਾ ਮੰਨਿਆ ਜਾਂਦਾ 'ਗੁਰੂ ਜੀ' ਵੀ ਵਿਜੀਲੈਂਸ ਦੇ ਕਾਬੂ ਆ ਚੁਕਾ ਹੈ। ਮਲੋਟ ਦੇ ਨਗਰ ਕੌਂਸਲਰ ਸ਼ਾਮ ਲਾਲ ਡੱਡੀ ਨੂੰ ਵੀ ਵਿਜੀਲੈਂਸ ਨੇ ਗ੍ਰਿਫਤਾਰ ਕੀਤਾ ਸੀ। ਉਸ ਨੂੰ ਲੰਬੀ ਹਲਕੇ ਨਾਲ ਸਬੰਧਤ ਤੇ ਬਾਦਲ ਪਰਿਵਾਰ ਦੇ ਕਰੀਬੀ ਮੰਨੇ ਜਾਂਦੇ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਦਾ ਖਾਸ ਬੰਦਾ ਮੰਨਿਆ ਜਾਂਦਾ ਹੈ।


ਡੱਡੀ ਦੇ ਨਾਲ ਹੀ ਬਠਿੰਡਾ ਤੇ ਮੁਕਤਸਰ ਜ਼ਿਲ੍ਹਿਆਂ ਦੇ ਕੁਝ ਹੋਰ ਅਕਾਲੀ ਆਗੂਆਂ ਦੇ ਨਾਮ ਵੀ ਇਸ ਨੌਕਰੀ ਘੁਟਾਲੇ ਵਿਚ ਬੋਲਣ ਲੱਗੇ ਸਨ ਪਰ ਮੰਨਿਆ ਜਾ ਰਿਹਾ ਹੈ ਕਿ ਅਕਾਲੀ ਦਲ ਦੀ ਸਰਕਾਰ ਹੋਣ ਕਾਰਨ ਤਫਤੀਸ਼ ਵਿਚ ਕਈ ਤਰ੍ਹਾਂ ਦੀਆਂ ਕਮੀਆਂ ਰਹਿ ਗਈਆਂ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਾਮ ਲਾਲ ਡੱਡੀ ਦਾ ਲਾਈ ਡਿਟੈਕਟਰ ਟੈਸਟ ਅਤੇ ਕੁਝ ਹੋਰਾਂ ਨੂੰ ਹਿਰਾਸਤ ਵਿਚ ਲੈਣ ਨਾਲ ਇਸ ਘੁਟਾਲੇ ਵਿਚ ਰਾਜਸੀ ਵਿਅਕਤੀਆਂ ਦੀ ਸ਼ਮੂਲੀਅਤ ਦੇ ਅਸਲੀ ਤੱਥ ਸਾਹਮਣੇ ਆਉਣ ਦੀ ਉਮੀਦ ਹੈ।

## ਸਿਆਸੀ ਬਦਲਾਖੋਰੀ: ਇਕ-ਦੂਜੇ ਨੂੰ ਘੇਰਨ ਲਈ ਜੁਟੇ ਅਕਾਲੀ ਤੇ ਕਾਂਗਰਸੀ ਆਗੂ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿਚ ਸਿਆਸੀ ਬਦਲਾਖੋਰੀ ਕਾਰਨ ਕਾਂਗਰਸੀਆਂ ਤੇ ਅਕਾਲੀਆਂ ਵਿਚਾਲੇ ਟਕਰਾਅ ਦਾ ਖਤਰਾ ਖੜ੍ਹਾ ਹੋ ਗਿਆ ਹੈ। ਕਾਂਗਰਸ ਸਰਕਾਰ ਨੇ ਅਕਾਲੀ-ਭਾਜਪਾ ਗਠਜੋੜ ਦੇ ਦਸ ਸਾਲਾਂ ਦੇ ਰਾਜ ਦੌਰਾਨ ਬਦਲਾਖੋਰੀ ਦੇ ਕੇਸਾਂ ਦੀ ਜਾਂਚ ਲਈ ਕਮਿਸ਼ਨ ਕਾਇਮ ਕੀਤਾ ਹੈ। ਟਾਕਰੇ ਲਈ ਅਕਾਲੀਆਂ ਨੇ ਵੀ ਕਾਂਗਰਸ ਰਾਜ ਦੇ ਚਾਰ ਮਹੀਨਿਆਂ 'ਚ ਵਾਪਰੇ ਬਦਲਾਖੋਰੀ ਦੇ ਮਾਮਲਿਆਂ ਦੀ ਸੂਚੀ ਤਿਆਰ ਕੀਤੀ ਹੈ। ਅਕਾਲੀਆਂ ਦੀ ਸੂਚੀ ਵਿਚ ਕਾਂਗਰਸੀ ਵਰਕਰਾਂ ਵੱਲੋਂ ਵੱਖ-ਵੱਖ ਘਟਨਾਵਾਂ ਵਿਚ ਅਕਾਲੀ ਦਲ ਦੇ 16 ਕਾਰਕੁਨਾਂ ਦੇ ਕਤਲ ਅਤੇ ਛੇ ਹੋਰਾਂ ਨੂੰ ਜ਼ਖਮੀ ਕਰਨ ਦਾ ਜ਼ਿਕਰ ਹੈ। ਇਸ ਤੋਂ ਇਲਾਵਾ 100 ਅਕਾਲੀ ਵਰਕਰਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਬਾਰੇ ਵੀ ਦੱਸਿਆ ਗਿਆ।

ਪਾਰਟੀ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਪਿਛਲੇ ਕੇਸਾਂ ਵਿਚ ਕਾਂਗਰਸੀਆਂ ਨੂੰ ਨਿਸ਼ਾਨਾ ਬਣਾਉਣ ਦੀ ਜਾਂਚ ਲਈ ਕਮਿਸ਼ਨ ਕਾਇਮ ਕੀਤਾ ਹੈ, ਜਦੋਂ ਕਿ ਜ਼ਮੀਨੀ ਹਕੀਕਤ ਇਹ ਹੈ ਕਿ ਕਾਂਗਰਸੀ ਅਕਾਲੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਅਸੀਂ ਕਾਂਗਰਸ ਸਰਕਾਰ ਦੇ ਚਾਰ ਮਹੀਨਿਆਂ ਵਿਚ ਅਕਾਲੀ ਵਰਕਰਾਂ ਵਿਰੁੱਧ ਹਿੰਸਾ, ਫਰਜ਼ੀ ਕੇਸ ਦਰਜ ਹੋਣ ਅਤੇ ਕਾਨੂੰਨ ਵਿਵਸਥਾ ਦੀ ਵਿਗੜੀ ਹਾਲਤ ਬਾਰੇ ਕਈ ਸੂਚੀਆਂ ਤਿਆਰ ਕੀਤੀਆਂ ਹਨ। ਦੂਜੇ ਪਾਸੇ ਕਾਂਗਰਸ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਲੋਕਾਂ ਦੇ ਆਪਸੀ ਵਿਵਾਦਾਂ ਨੂੰ ਸਿਆਸੀ ਬਦਲਾਖੋਰੀ ਦੱਸਣਾ ਗਲਤ ਹੈ। ਫਰਜ਼ੀ ਕੇਸਾਂ ਜਾਂ ਹਮਲਿਆਂ ਦੀ ਜਾਂਚ ਲਈ ਪੁਲਿਸ ਕੋਲ ਪਹੁੰਚ ਕਰਨ ਲਈ ਅਕਾਲੀ ਦਲ ਆਜ਼ਾਦ ਹੈ।

## ਸਭਿਆਚਾਰਕ ਵਿਰਾਸਤਾਂ ਦੀ ਸੰਭਾਲ ਲਈ ਫੰਡਾਂ ਦੇ ਗੱਫੇ



**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀ ਅਮੀਰ ਸਭਿਆਚਾਰਕ ਵਿਰਾਸਤ ਦੀ ਸੰਭਾਲ ਲਈ 42 ਕਰੋੜ ਰੁਪਏ ਸਮਰਪਿਤ ਫੰਡ ਵਜੋਂ ਰੱਖਣ ਦਾ ਐਲਾਨ ਕੀਤਾ ਹੈ। ਇਹ ਫੰਡ ਸੂਬੇ 'ਚ ਵੱਖ-ਵੱਖ ਸਭਿਆਚਾਰਕ ਪ੍ਰੋਜੈਕਟਾਂ ਦੇ ਰੱਖ-ਰਖਾਅ ਲਈ ਵਰਤੇ ਜਾਣਗੇ।

ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਬੱਸੀਆਂ ਕੋਠੀ ਵਿਖੇ ਮਹਾਰਾਜਾ ਦਲੀਪ ਸਿੰਘ ਯਾਦਗਾਰ ਦੀ ਸਾਂਭ-ਸੰਭਾਲ ਤੇ ਹੋਰ ਫੁਟਕਲ ਖਰਚਿਆਂ ਲਈ ਰਾਏਕੋਟ ਦੇ ਐਸ.ਡੀ.ਐਮ. ਨੂੰ 15 ਲੱਖ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਵੱਖ-ਵੱਖ ਸਭਿਆਚਾਰਕ ਵਿਰਾਸਤੀ ਪ੍ਰੋਜੈਕਟ ਤੇ ਯਾਦਗਾਰਾਂ ਰਾਹੀਂ ਸੂਬੇ ਦੇ ਸ਼ਾਨਦਾਰ ਵਿਰਸੇ ਦੀ ਸੰਭਾਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਸੂਬੇ ਦੇ ਅਮੀਰ ਵਿਰਸੇ ਬਾਰੇ ਪ੍ਰੇਰਿਤ ਕਰਨਗੀਆਂ।

ਕੈਪਟਨ ਨੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲਿਆਂ ਦੇ ਡਾਇਰੈਕਟਰ ਸ਼ਿਵ ਦੁਲਾਰ ਸਿੰਘ ਢਿੱਲੋਂ ਨੂੰ ਸੂਬੇ ਦੇ ਵਿਰਾਸਤੀ ਪ੍ਰੋਜੈਕਟਾਂ ਖਾਸ ਕਰ ਕੇ ਲੁਧਿਆਣਾ ਜ਼ਿਲ੍ਹੇ ਵਿਚ ਮਹਾਰਾਜਾ ਦਲੀਪ ਸਿੰਘ ਯਾਦਗਾਰ ਦੇ ਰੱਖ-ਰਖਾਅ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਸੂਬਾ ਸਰਕਾਰ ਵੱਲੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਿਚ ਜ਼ਿਲ੍ਹਾ ਪੱਧਰੀ ਇੰਤਜ਼ਾਮੀਆ ਕਮੇਟੀ ਮੁੜ ਗਠਿਤ ਕੀਤੀ ਜਾ ਰਹੀ ਹੈ, ਜਿਸ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਸਾਂਭ-ਸੰਭਾਲ ਲਈ ਫੰਡ ਨਿਯਮਤ ਤੌਰ ਉਤੇ ਜਾਰੀ ਕੀਤੇ ਜਾਣਗੇ।

## ਹਲਕਾ ਭੁਲੱਥ ਤੋਂ ਵਿਧਾਇਕ

# ਸ. ਸੁਖਪਾਲ ਸਿੰਘ ਖਹਿਰਾ

## ਨੂੰ ਆਮ ਆਦਮੀ ਪਾਰਟੀ ਵਲੋਂ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਚੁਣੇ ਜਾਣ ‘ਤੇ

# ਬਹੁਤ ਬਹੁਤ ਵਧਾਈ



ਆਪ
ਆਮ ਆਦਮੀ ਪਾਰਟੀ



ਉਮੀਦ ਕਰਦੇ ਹਾਂ ਕਿ ਸ. ਖਹਿਰਾ ਪੰਜਾਬ ਦੇ ਲੋਕਾਂ ਦੀ ਬੁਲੰਦ ਆਵਾਜ਼ ਬਣ ਕੇ ਪੰਜਾਬ ਵਿਧਾਨ ਸਭਾ ਵਿਚ ਹੱਕ, ਸੱਚ ਦੇ ਅਸੂਲ ‘ਤੇ ਪਹਿਰਾ ਦਿੰਦਿਆਂ ਉਸਾਰੂ ਵਿਰੋਧੀ ਧਿਰ ਦਾ ਰੋਲ ਨਿਭਾਉਣਗੇ।

ਵਲੋਂ: ਸਵਰਨਜੀਤ ਸਿੰਘ ਗਰੇਵਾਲ
ਫੋਨ: 224-381-2362

# ਵਿਸ਼ਵ ਕੱਪ: ਇਤਿਹਾਸ ਰਚਣ ਤੋਂ ਖੁੰਝ ਗਈਆਂ ਭਾਰਤੀ ਕੁੜੀਆਂ



**ਲੰਡਨ:** ਭਾਰਤੀ ਟੀਮ ਇੰਗਲੈਂਡ ਖਿਲਾਫ਼ ਤਿੰਨ ਵਿਕਟਾਂ ਉਤੇ 191 ਦੌੜਾਂ ਦੀ ਮਜ਼ਬੂਤ ਸਥਿਤੀ ਦੇ ਬਾਵਜੂਦ 219 ਦੌੜਾਂ 'ਤੇ ਢੇਰ ਹੋ ਗਈ ਤੇ ਪਹਿਲੀ ਵਾਰ ਮਹਿਲਾ ਵਿਸ਼ਵ ਕੱਪ ਜਿੱਤਣ ਦਾ ਮੌਕਾ ਗੁਆ ਬੈਠੀ। ਇੰਗਲੈਂਡ ਨੇ ਸੱਤ ਵਿਕਟਾਂ 'ਤੇ 228 ਦੌੜਾਂ ਬਣਾ ਕੇ ਭਾਰਤ ਨੂੰ ਨੌਂ ਦੌੜਾਂ ਨਾਲ ਹਰਾਇਆ। ਭਾਰਤੀ ਟੀਮ 48.4 ਗੇਂਦਾਂ ਉਤੇ 219 ਦੌੜਾਂ ਹੀ ਬਣਾ ਸਕੀ। ਇੰਗਲੈਂਡ ਦੇ ਅਨਿਆ ਸ਼ਰੁਬਸੋਲ ਨੇ 46 ਦੌੜਾਂ ਦੇ ਕੇ ਛੇ ਅਤੇ ਐਲਕਸ ਹਾਰਟਲੇ ਨੇ 58 ਦੌੜਾਂ ਦੇ ਕੇ 2 ਵਿਕਟਾਂ ਲਈਆਂ।

ਭਾਰਤ ਦੀ ਪੂਨਮ ਰਾਊਤ ਨੇ 80 ਗੇਂਦਾਂ 'ਤੇ 51 ਦੌੜਾਂ ਬਣਾਈਆਂ ਅਤੇ ਤੀਜੀ ਵਿਕਟ ਲਈ 95 ਦੌੜਾਂ ਦੀ ਭਾਈਵਾਲੀ ਕੀਤੀ। ਇਸ ਪਿਛੋਂ ਵੇਦਾ ਕ੍ਰਿਸ਼ਨਾਮੂਰਤੀ ਦੀਆਂ 34 ਗੇਂਦਾਂ ਉਤੇ 35 ਦੌੜਾਂ ਦੀ ਲਾਹੇਵੰਦ ਪਾਰੀ ਨਾਲ ਭਾਰਤ ਇਕ ਸਮੇਂ ਤੇਜ਼ੀ ਨਾਲ ਜਿੱਤ ਵੱਲ ਵਧ ਰਿਹਾ ਸੀ ਅਤੇ ਉਸ ਨੂੰ 38 ਦੌੜਾਂ ਦੀ ਲੋੜ ਸੀ ਪਰ ਅਖੀਰ ਵਿਚ ਭਾਰਤੀ ਟੀਮ 48.4 ਓਵਰਾਂ ਵਿਚ 219 ਦੌੜਾਂ ਉਤੇ ਢੇਰ ਹੋ ਗਈ। ਇਹ ਦੂਜਾ ਮੌਕਾ ਹੈ ਜਦੋਂ ਭਾਰਤੀ ਮਹਿਲਾ ਟੀਮ ਵਿਸ਼ਵ ਕੱਪ ਦੇ ਫਾਈਨਲ ਵਿਚ ਹਾਰੀ ਹੈ।

ਇਸ ਤੋਂ ਪਹਿਲਾਂ 2005 'ਚ ਆਸਟਰੇਲੀਆ ਨੇ ਉਸ ਨੂੰ ਵਿਸ਼ਵ ਚੈਂਪੀਅਨ ਬਣਨ ਤੋਂ ਰੋਕਿਆ ਸੀ। ਭਾਰਤੀ ਬੱਲੇਬਾਜ਼ ਉਮੀਦ ਅਨੁਸਾਰ ਖਰੇ ਨਹੀਂ ਉਤਰੇ। ਸਮ੍ਰਿਤੀ ਮੰਦਾਨਾ ਸਿਫਰ 'ਤੇ ਆਊਟ ਹੋਈ ਅਤੇ ਲਗਾਤਾਰ ਸੱਤਵੇਂ ਮੈਚ ਵਿਚ ਨਾਕਾਮ ਰਹੀ। ਭਾਰਤ ਨੂੰ ਕਰਾਰਾ ਝਟਕਾ ਕਪਤਾਨ ਮਿਤਾਲੀ ਰਾਜ ਦੇ 17 ਦੌੜਾਂ ਦੇ ਆਊਟ ਹੋਣ ਉਤੇ ਲੱਗਾ ਜੋ ਆਪਣੀ ਗਲਤੀ ਨਾਲ ਰਨ ਆਊਟ ਹੋਈ। ਹਰਮਨਪ੍ਰੀਤ ਨੇ ਸੋਚ ਸਮਝ ਕੇ ਬੱਲੇਬਾਜ਼ੀ ਕੀਤੀ ਪਰ ਉਸ ਨੇ ਢਿੱਲੀਆਂ ਗੇਂਦਾਂ 'ਤੇ ਸ਼ਾਟ ਲਗਾਏ।

ਉਸ ਨੇ ਐਲਕਸ ਹਰਟਲ ਦੇ ਓਵਰ ਵਿਚ ਦੋ ਛੱਕੇ ਮਾਰੇ ਪਰ ਇਸ ਦੇ ਬਾਵਜੂਦ 25 ਓਵਰਾਂ ਤੱਕ ਭਾਰਤੀ ਟੀਮ ਦਾ ਸਕੋਰ ਦੋ ਵਿਕਟਾਂ ਉਤੇ 92 ਸੀ। ਭਾਰਤ ਨੇ 27ਵੇਂ ਓਵਰਾਂ ਵਿਚ ਸਕੋਰ ਤੀਜੇ ਅੰਕ ਤੱਕ ਪਹੁੰਚਾਇਆ। ਭਾਰਤ ਨੇ ਮਜ਼ਬੂਤ ਸ਼ੁਰੂਆਤ ਕੀਤੀ ਪਰ ਮੱਧ ਗਤੀ ਦੀ ਗੇਂਦਬਾਜ਼ ਅਨਿਆ ਸ਼ਰੁਬਸੋਲ ਦੀ ਘਾਤਕ ਗੇਂਦਬਾਜ਼ੀ ਦੇ ਸਾਹਮਣੇ ਭਾਰਤ ਨੇ ਇਥੇ 28 ਦੌੜਾਂ ਦੇ ਸਕੋਰ 'ਤੇ ਆਪਣੀਆਂ ਸੱਤ ਵਿਕਟਾਂ ਗੁਆਈਆਂ। ਇੰਗਲੈਂਡ ਨੇ ਫਾਈਨਲ ਵਿਚ ਸ਼ਾਨਦਾਰ ਵਾਪਸੀ ਦਾ ਨਮੂਨਾ ਪੇਸ਼ ਕੀਤਾ ਅਤੇ ਆਖਰੀ ਨੌਂ ਵਿਕਟਾਂ ਨਾਲ ਜਿੱਤ ਦਰਜ ਕੀਤੀ। ਇਸ ਤੋਂ ਪਹਿਲਾਂ ਤਜਰਬੇਕਾਰ ਝੂਲਨ ਗੋਸਵਾਮੀ ਦੀ ਘਾਤਕ ਗੇਂਦਬਾਜ਼ੀ ਅਤੇ ਫਿਰਕੀ ਗੇਂਦਬਾਜ਼ਾਂ ਦੇ ਚੰਗੇ ਯੋਗਦਾਨ ਨਾਲ ਭਾਰਤ ਨੇ ਆਈ.ਸੀ.ਸੀ. ਮਹਿਲਾ ਵਿਸ਼ਵ ਕੱਪ ਦੇ ਫਾਈਨਲ ਵਿਚ ਮੇਜ਼ਬਾਨ ਇੰਗਲੈਂਡ ਨੂੰ ਸੱਤ ਵਿਕਟਾਂ 'ਤੇ 228 ਦੌੜਾਂ ਉਤੇ ਰੋਕ ਦਿੱਤਾ ਸੀ।

## ਹਰਮਨਪ੍ਰੀਤ ਨੇ ਚਮਕਾਇਆ ਪੰਜਾਬ ਦਾ ਨਾਮ

**ਮੋਗਾ:** ਪੰਜਾਬ ਦੇ ਜ਼ਿਲ੍ਹਾ ਮੋਗਾ ਦੀ ਰਹਿਣ ਵਾਲੀ ਹਰਮਨਪ੍ਰੀਤ ਕੌਰ ਨੇ ਪੰਜਾਬ ਦਾ ਨਾਮ ਪੂਰੀ ਦੁਨੀਆਂ ਵਿਚ ਰੌਸ਼ਨ ਕਰ ਦਿੱਤਾ ਹੈ। ਪੰਜਾਬ ਦੀ ਇਸ ਧੀ ਨੇ ਇੰਗਲੈਂਡ ਦੀ ਧਰਤੀ ਉਤੇ ਖੇਡੇ ਗਏ ਮਹਿਲਾ ਕ੍ਰਿਕਟ ਵਿਸ਼ਵ ਕੱਪ ਦੇ ਸੈਮੀਫਾਈਨਲ ਮੁਕਾਬਲੇ ਵਿਚ ਛੇ ਵਾਰ ਚੈਂਪੀਅਨ ਰਹੀ ਆਸਟਰੇਲੀਆ ਖਿਲਾਫ਼ ਨਾਬਾਦ 115 ਗੇਂਦਾਂ ਉਤੇ 171 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਇਸ ਦੀ ਬਦੌਲਤ ਭਾਰਤੀ ਟੀਮ ਨੇ ਆਸਟਰੇਲੀਆ ਨੂੰ 36 ਦੌੜਾਂ ਨਾਲ ਹਰਾ ਕੇ ਫਾਈਨਲ ਵਿਚ ਥਾਂ ਬਣਾਈ। ਆਸਟਰੇਲੀਆ ਵਿਰੁੱਧ ਖੇਡੇ ਗਏ ਇਸ ਮੈਚ ਦੌਰਾਨ 282 ਦੌੜਾਂ ਦਾ ਟੀਚਾ ਦਿੱਤਾ ਜਿਸ ਦਾ ਪਿੱਛਾ ਕਰਦਿਆਂ ਹਰਮਨਪ੍ਰੀਤ ਨੇ 115 ਗੇਂਦਾਂ ਵਿਚ 7 ਛੱਕੇ ਤੇ 20 ਚੌਕਿਆਂ ਦੀ ਸਹਾਇਤਾ ਨਾਲ ਨਾਬਾਦ 171 ਦੌੜਾਂ ਬਣਾਈਆਂ। ਹਰਮਨਪ੍ਰੀਤ ਦੀ ਇਸ ਪਾਰੀ ਤੋਂ ਬਾਅਦ ਪੂਰੇ ਭਾਰਤ ਵਿਚ ਖੂਬ ਚਰਚਾ ਹੋ ਰਹੀ ਹੈ। ਹਰਮਨ ਦੇ ਘਰ ਜਸ਼ਨ ਦਾ ਮਾਹੌਲ ਹੈ।



## ਕੈਪਟਨ ਵੱਲੋਂ ਪੰਜ ਲੱਖ ਦੇ ਇਨਾਮ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਲਈ ਹਰਮਨਪ੍ਰੀਤ ਕੌਰ ਨੂੰ ਪੰਜ ਲੱਖ ਰੁਪਏ ਦੇ ਨਕਦ ਪੁਰਸਕਾਰ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਇਹ ਸੂਚਨਾ ਹਰਮਨਪ੍ਰੀਤ ਦੇ ਪਿਤਾ ਹਰਮਿੰਦਰ ਸਿੰਘ ਨੂੰ ਫੋਨ ਉਤੇ ਦਿੱਤੀ। ਅਧਿਕਾਰਕ ਬੁਲਾਰੇ ਨੇ ਕਿਹਾ ਕਿ ਮੁੱਖ ਮੰਤਰੀ ਨੇ ਹਰਮਨਪ੍ਰੀਤ ਦੀ ਆਸਟਰੇਲੀਆ ਖਿਲਾਫ਼ 115 ਗੇਂਦਾਂ ਵਿਚ 171 ਦੌੜਾਂ ਦੀ ਨਾਬਾਦ ਪਾਰੀ ਦੀ ਪ੍ਰਸ਼ੰਸਾ ਕੀਤੀ।

## ਸਿੱਖ ਐਮ.ਪੀ. ਪ੍ਰੀਤ ਕੌਰ ਗਿੱਲ ਦੀ ਵਲੈਤ 'ਚ ਬੱਲੇ ਬੱਲੇ

**ਲੰਡਨ:** ਬਰਤਾਨੀਆ ਦੀ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੂੰ ਵੱਡੀ ਜ਼ਿੰਮੇਵਾਰੀ ਮਿਲੀ ਹੈ। ਉਹ ਹੋਮ ਆਫਿਸ ਦਾ ਕੰਮ ਸੰਭਾਲਣਗੇ। ਗਿੱਲ ਪਿਛਲੇ ਦਿਨੀਂ ਲੇਬਰ ਪਾਰਟੀ ਵੱਲੋਂ ਐਡਗਬਸਟੋਨ ਸੀਟ ਤੋਂ ਚੋਣ ਜਿੱਤੇ ਸਨ। ਦਸ ਮੈਂਬਰੀ ਕਮੇਟੀ ਨੇ ਕਿਹਾ ਹੈ ਕਿ ਸਾਡੇ ਕੋਲ ਪਹਿਲਾਂ ਕਦੇ ਸਿੱਖ ਸੰਸਦ ਮੈਂਬਰ ਨਹੀਂ ਸੀ।



ਇਸ ਵਾਰ ਸਿੱਖ ਔਰਤ ਸੰਸਦ ਵਿਚ ਹੈ। ਇਸ ਲਈ ਸਿੱਖ ਔਰਤਾਂ ਦੀ ਨੁਮਾਇੰਦਗੀ ਲਈ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ। ਪੱਛਮ ਦੇ ਲੋਕਤੰਤਰ 'ਚ ਪ੍ਰਤੀਨਿਧਤਾ ਦਾ ਕਾਫੀ ਖਿਆਲ ਰੱਖਿਆ ਜਾਂਦਾ ਹੈ। ਇਸੇ ਲਈ ਹੀ ਗਿੱਲ ਨੂੰ ਇਹ ਜ਼ਿੰਮੇਵਾਰੀ ਮਿਲੀ ਹੈ। ਗਿੱਲ ਨੂੰ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਦਾ ਲੀਡਰ ਵੀ ਚੁਣਿਆ ਗਿਆ ਹੈ।

## ਔਰਤਾਂ ਨੇ ਸ਼ਰਾਬ ਦੇ ਠੇਕੇ ਉਤੇ ਧਾਵਾ ਬੋਲਿਆ

**ਊਨਾ:** ਗਗਰੇਟ ਕਸਬੇ ਦੀਆਂ ਔਰਤਾਂ ਨੇ ਨਗਰ ਪੰਚਾਇਤ ਕੌਂਸਲਰਾਂ ਦੀ ਹਾਜ਼ਰੀ ਵਿਚ ਸ਼ਰਾਬ ਦੇ ਠੇਕੇ 'ਤੇ ਧਾਵਾ ਬੋਲ ਦਿੱਤਾ। ਔਰਤਾਂ ਨੇ ਸ਼ਰਾਬ ਦੀਆਂ ਬੋਤਲਾਂ ਤੋੜ ਦਿੱਤੀਆਂ ਅਤੇ ਠੇਕੇ ਨੂੰ ਤਾਲਾ ਲਗਾ ਦਿੱਤਾ। ਔਰਤਾਂ ਨੇ ਦੋਸ਼ ਲਾਇਆ ਕਿ ਜਿਸ ਥਾਂ 'ਤੇ ਠੇਕਾ ਖੋਲ੍ਹਿਆ ਗਿਆ ਹੈ ਉਸ ਦੇ ਨੇੜੇ ਆਬਾਦੀ ਹੈ ਅਤੇ ਨਾਲ ਹੀ ਇਕ ਮੰਦਿਰ ਵੀ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਇਸ ਠੇਕੇ ਨੂੰ ਜਲਦੀ ਬੰਦ ਨਹੀਂ ਕੀਤਾ ਗਿਆ ਤਾਂ ਕਸਬੇ ਦੇ ਲੋਕ ਧਰਨਾ ਦੇਣ ਤੋਂ ਵੀ ਪਿੱਛੇ ਨਹੀਂ ਹਟਣਗੇ।

ਸੁਪਰੀਮ ਕੋਰਟ ਹੁਕਮਾਂ ਮਗਰੋਂ ਗਗਰੇਟ ਕਸਬੇ ਵਿਚ ਸ਼ਰਾਬ ਦਾ ਠੇਕਾ ਨਹੀਂ ਖੁੱਲ੍ਹ ਸਕਿਆ ਸੀ। ਨਗਰ ਪੰਚਾਇਤ ਗਗਰੇਟ ਵੱਲੋਂ ਵੀ ਕਸਬੇ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹਣ ਦਾ ਮਤਾ ਪਾਸ ਕਰ ਕੇ ਇਸ ਦੀ ਕਾਪੀ ਡਿਪਟੀ ਕਮਿਸ਼ਨਰ ਨੂੰ ਭੇਜੀ ਹੋਈ ਹੈ। ਹੁਣ ਜਦੋਂ ਆਬਕਾਰੀ ਵਿਭਾਗ ਵੱਲੋਂ ਫਿਰ ਤੋਂ ਸ਼ਰਾਬ ਦੇ ਠੇਕੇ ਨਿਲਾਮ ਕੀਤੇ ਗਏ ਤਾਂ ਗਗਰੇਟ ਕਸਬੇ ਵਿਚ ਊਨਾ ਰੋਡ ਉਤੇ ਸ਼ਰਾਬ ਦਾ ਠੇਕਾ ਖੋਲ੍ਹਿਆ ਗਿਆ ਹੈ। ਸਥਾਨਕ ਔਰਤਾਂ ਠੇਕੇ 'ਤੇ ਪਹੁੰਚ ਗਈਆਂ ਤੇ ਉਨ੍ਹਾਂ ਠੇਕੇ 'ਚ ਰੱਖੀਆਂ ਬੋਤਲਾਂ ਚੁੱਕ ਕੇ ਬਾਹਰ ਸੁੱਟ ਦਿੱਤੀਆਂ ਅਤੇ ਠੇਕੇ ਨੂੰ ਤਾਲਾ ਲਾ ਦਿੱਤਾ। ਨਗਰ ਪੰਚਾਇਤ ਪ੍ਰਧਾਨ ਡਾ. ਕਿਰਨ ਵਰਮਾ ਨੇ ਕਿਹਾ ਠੇਕੇ ਸਬੰਧੀ ਲੋਕਾਂ 'ਚ ਰੋਸ ਹੈ। ਆਬਾਦੀ ਤੇ ਮੰਦਿਰ ਨੇੜੇ ਠੇਕਾ ਕਿਸੇ ਨੂੰ ਵੀ ਮਨਜ਼ੂਰ ਨਹੀਂ ਹੈ। ਇਸ ਲਈ ਪ੍ਰਸ਼ਾਸਨ ਦਖਲ ਦੇ ਕੇ ਮਾਮਲਾ ਹੱਲ ਕਰੇ।






ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥ ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥



ਗੁਰਦੁਆਰਾ ਸਿੱਖ ਟੈਂਪਲ, ਓਕ ਕਰੀਕ


ਨੌਵੀਂ ਪਾਤਿਸ਼ਾਹੀ ਗੁਰੂ ਤੇਗ ਬਹਾਦਰ ਜੀ ਦਾ ਇਕ ਚਿਤਰ


ਗੁਰੂ ਲਾਧੋ ਰੇ, ਗੁਰੂ ਲਾਧੋ ਰੇ... ਬਾਬਾ ਮੱਖਣ ਸ਼ਾਹ ਲੁਬਾਣਾ ਜੀ

# ਗੁਰੂ ਤੇਗ ਬਹਾਦਰ ਜੀ ਦੇ ਗੁਰਗੱਦੀ ਦਿਵਸ ਦੀ ਸਮੂਹ ਸੰਗਤਾਂ ਨੂੰ ਵਧਾਈ

**ਸਮੂਹ ਸੰਗਤ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਨੌਂਵੀਂ ਪਾਤਿਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਗੱਦੀ ਦਿਵਸ ਸਮਾਗਮ ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ (7512 South Howell Ave. Oak Creek, WI 53154 ) ਵਿਖੇ 'ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ' ਵਲੋਂ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ:**

**ਪ੍ਰੋਗਰਾਮ ਦਾ ਵੇਰਵਾ**

**11 ਅਗਸਤ 2017** *ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 9:30 ਵਜੇ*

**13 ਅਗਸਤ 2017** *ਭੋਗ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ*

ਉਪਰੰਤ ਕੀਰਤਨ ਦੀਵਾਨ: ਕੀਰਤਨੀ ਜਥਾ ਭਾਈ ਗੁਰਮੇਲ ਸਿੰਘ, ਭਾਈ ਸੁਰਜੀਤ ਸਿੰਘ ਬੰਬੇ ਵਾਲੇ, ਕਥਾਵਾਚਕ ਭਾਈ ਹਰਜਿੰਦਰ ਸਿੰਘ ਅਤੇ ਪ੍ਰਚਾਰਕ ਡਾ. ਸੁਖਪ੍ਰੀਤ ਸਿੰਘ ਉਦੋਕੇ

ਗੁਰਗੱਦੀ ਦਿਵਸ ਮੇਲੇ ਦੇ ਰੂਪ ਵਿਚ ਮਨਾਇਆ ਜਾਵੇਗਾ। ਖਾਣ-ਪੀਣ ਤੇ ਨਾਸ਼ਤੇ ਦਾ ਬੰਦੋਬਸਤ ਬਾਹਰ ਸਟਾਲਾਂ ਦੇ ਰੂਪ ਵਿਚ ਹੋਵੇਗਾ। ਗਰਮਾ ਗਰਮ ਸਮੋਸੇ, ਪਕੌੜੇ ਅਤੇ ਜਲੇਬੀਆਂ ਰੈਸਟੋਰੈਂਟ ਸਪਾਂਸਰਾਂ ਵਲੋਂ ਲਾਏ ਗਏ ਸਟਾਲਾਂ 'ਤੇ ਸੰਗਤਾਂ ਲਈ ਹਾਜ਼ਰ ਹੋਣਗੇ।

ਸਪਾਂਸਰ ਹੋਣਗੇ: ਟੇਸਟ ਆਫ ਇੰਡੀਆ, ਬਾਲੀਵੁੱਡ ਗਰਿੱਲ, ਇੰਡੀਆ ਕੈਫੇ ਤੇ ਰਾਇਲ ਇੰਡੀਆ।

## ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸੇਵਾਦਾਰ


ਸਤਪਾਲ ਸਿੰਘ ਬੈਂਸਾ (ਪ੍ਰਧਾਨ) 262-930-2523


ਜੱਗੀ ਸਿੰਘ ਘੋਤੜਾ (ਮੀਤ ਪ੍ਰਧਾਨ) 414-430-4349


ਜਰਨੈਲ ਸਿੰਘ ਮਿਆਣੀ (ਖਜ਼ਾਨਚੀ) 262-370-2428


ਹਰਜਿੰਦਰ ਸਿੰਘ ਜਿੰਦੀ (ਮੀਤ ਖਜ਼ਾਨਚੀ) 414-841-5649


ਪਰਮਿੰਦਰ ਸਿੰਘ ਗੋਲਡੀ (ਚੇਅਰਮੈਨ) 414-736-6580


ਦਵਿੰਦਰ ਸਿੰਘ ਬਿੰਦ (ਵਾਈਸ ਚੇਅਰਮੈਨ) 414-393-7331


ਨਰਿੰਦਰਪਾਲ ਸਿੰਘ ਸਲੇਮਪੁਰ (ਐਡਵਾਈਜ਼ਰ) 414-588-7360


ਜਸਵਿੰਦਰ ਸਿੰਘ ਭੱਦਾਸ (ਸਕੱਤਰ)


ਸੁਖਵਿੰਦਰ ਸਿੰਘ (ਐਡਵਾਈਜ਼ਰ)


ਮੋਤਾ ਸਿੰਘ ਗਿਲਜੀਆਂ (ਐਡਵਾਈਜ਼ਰ)


ਇੰਦਰ ਸਿੰਘ ਸਰਪੰਚ



ਹਜ਼ਾਰਾ ਸਿੰਘ


ਮਾਸਟਰ ਚਰਨ ਸਿੰਘ ਸਰਪੰਚ ਇਬਰਾਹੀਮਵਾਲ


ਰਾਜਿੰਦਰ ਸਿੰਘ ਬਿੱਲਾ


ਸ਼ਮਸ਼ੇਰ ਸਿੰਘ ਟੱਪਰੀਆਂ


ਸੁਰਜੀਤ ਸਿੰਘ ਘੋਤੜਾ


ਮਨਦੀਪ ਧਵਨ


ਮਨਜੀਤ ਸਿੰਘ ਮੁਲਤਾਨੀ


ਸੁਖਜਿੰਦਰ ਸਿੰਘ ਮੁਲਤਾਨੀ


ਨਿਰਮਲ ਸਿੰਘ ਭੱਦਸ


ਰਨਦੀਪ ਪਾਲ ਸਿੰਘ ਰਿੰਕੂ

## ਵਲੋਂ: ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ

For more info.: guruladhore@gmail.com

# ਸਰਕਾਰੀ ਚੌਧਰ ਨੇ ਮੁੜ ਰੋਲੀ ਲਾਰੀ ਦੀ ਸਰਦਾਰੀ

**ਬਠਿੰਡਾ:** ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੇ ਪੱਲੇ ਨਵੇਂ ਟਾਈਮ ਟੇਬਲਾਂ ਵਿਚ ਕੰਗਾਲੀ ਹੀ ਪਈ ਹੈ। ਕੈਪਟਨ ਸਰਕਾਰ ਨੇ ਔਰਬਿਟ ਬੱਸਾਂ ਨੂੰ ਗੱਫੇ ਦੇਣ ਵਿਚ ਬਾਦਸ਼ਾਹੀ ਵਿਖਾਈ ਹੈ ਜਦਕਿ ਸਰਕਾਰੀ ਬੱਸਾਂ ਲਈ ਹੱਥ ਘੁੱਟਿਆ ਗਿਆ ਹੈ। ਟਰਾਂਸਪੋਰਟ ਵਿਭਾਗ ਵੱਲੋਂ ਬੱਸਾਂ ਦਾ ਨਵਾਂ ਟਾਈਮ ਟੇਬਲ ਬਣਾਉਣਾ ਸ਼ੁਰੂ ਕੀਤਾ ਗਿਆ ਹੈ। ਰਿਜਨਲ ਟਰਾਂਸਪੋਰਟ ਅਥਾਰਟੀ ਫਿਰੋਜ਼ਪੁਰ ਵੱਲੋਂ ਮੁੱਢਲੇ ਪੜਾਅ 'ਤੇ ਕੁਝ ਰੂਟਾਂ ਦੇ ਟਾਈਮ ਟੇਬਲ ਨਵੇਂ ਸਿਰਿਉਂ ਬਣਾਏ ਗਏ ਹਨ, ਜਿਨ੍ਹਾਂ ਵਿਚ ਮੁੜ ਔਰਬਿਟ ਬੱਸਾਂ ਦੀ ਤੂਤੀ ਬੋਲਣ ਲੱਗੀ ਹੈ। ਇਕ ਕਾਂਗਰਸੀ ਵਿਧਾਇਕ ਦੀ ਪ੍ਰਾਈਵੇਟ ਬੱਸ ਕੰਪਨੀ ਨੂੰ ਨਵੇਂ ਟਾਈਮ ਟੇਬਲ ਵਿਚ ਪਹਿਲਾਂ ਨਾਲੋਂ ਜ਼ਿਆਦਾ ਸਮਾਂ ਦਿੱਤਾ ਗਿਆ ਹੈ।

ਰਿਜਨਲ ਟਰਾਂਸਪੋਰਟ ਅਥਾਰਟੀ, ਫਿਰੋਜ਼ਪੁਰ ਦੇ ਸਕੱਤਰ ਵੱਲੋਂ ਮੋਗਾ-ਕੋਟਕਪੂਰਾ ਰੂਟ ਦੇ ਬਣਾਏ ਗਏ ਨਵੇਂ ਟਾਈਮ ਟੇਬਲ ਵਿਚ 217 ਸਰਕਾਰੀ ਤੇ ਪ੍ਰਾਈਵੇਟ ਬੱਸਾਂ ਦੇ ਰੂਟਾਂ ਦਾ ਸਮਾਂ ਤੈਅ ਕੀਤਾ ਗਿਆ ਹੈ। ਇਸ ਵਿਚ ਔਰਬਿਟ ਅਤੇ ਡੱਬਵਾਲੀ ਟਰਾਂਸਪੋਰਟ ਦੇ ਕਰੀਬ 32 ਰੂਟ ਹਨ, ਜਿਨ੍ਹਾਂ ਨੂੰ ਬਾਕੀ ਸਰਕਾਰੀ ਤੇ ਪ੍ਰਾਈਵੇਟ ਟਰਾਂਸਪੋਰਟਰਾਂ ਨਾਲੋਂ ਵੱਧ ਸਮਾਂ ਦਿੱਤਾ ਗਿਆ ਹੈ। ਲੜੀ ਨੰਬਰ 34 ਤਹਿਤ ਔਰਬਿਟ ਨੂੰ ਬੱਸ ਅੱਡੇ 'ਤੇ ਖੜ੍ਹਨ ਲਈ ਪੰਜ ਮਿੰਟ ਦਾ ਸਮਾਂ ਦਿੱਤਾ ਗਿਆ ਹੈ ਜਦਕਿ ਉਸ ਤੋਂ ਅੱਗੇ ਦੋ ਸਰਕਾਰੀ ਬੱਸਾਂ ਨੂੰ ਤਿੰਨ-ਤਿੰਨ ਮਿੰਟ ਮਿਲੇ ਹਨ। ਲੜੀ ਨੰਬਰ 87 ਵਿਚ ਡੱਬਵਾਲੀ ਟਰਾਂਸਪੋਰਟ ਨੂੰ 6 ਮਿੰਟ ਦਿੱਤੇ ਗਏ ਹਨ ਜਦਕਿ ਉਸ ਤੋਂ ਅੱਗੇ ਦੋ ਸਰਕਾਰੀ ਬੱਸਾਂ ਨੂੰ ਤਿੰਨ-ਤਿੰਨ ਮਿੰਟ ਮਿਲੇ ਹਨ।

ਮਿਲੇ ਵੇਰਵਿਆਂ ਅਨੁਸਾਰ ਲੜੀ ਨੰਬਰ 115 ਵਿਚ ਔਰਬਿਟ ਨੂੰ ਪੰਜ ਮਿੰਟ ਤੇ ਉਸ ਤੋਂ ਅਗਲੀਆਂ ਦੋ ਸਰਕਾਰੀ ਬੱਸਾਂ ਨੂੰ ਤਿੰਨ-ਤਿੰਨ ਮਿੰਟ ਮਿਲੇ ਹਨ। ਲੜੀ ਨੰਬਰ 127 ਵਿਚ ਡੱਬਵਾਲੀ ਟਰਾਂਸਪੋਰਟ ਨੂੰ ਅੱਠ ਮਿੰਟ ਮਿਲੇ ਹਨ ਪਰ ਉਸ ਤੋਂ ਪਹਿਲਾਂ ਤਿੰਨ ਸਰਕਾਰੀ ਬੱਸਾਂ ਨੂੰ ਤਿੰਨ-ਤਿੰਨ ਮਿੰਟ ਦਿੱਤੇ ਗਏ ਹਨ। ਕਾਂਗਰਸੀ ਆਗੂ ਦੀ ਗਰੀਨ ਬੱਸ ਕੰਪਨੀ ਦੇ ਸਮੇਂ ਵਿਚ ਵੀ ਦੋ-ਦੋ ਮਿੰਟ ਦਾ ਵਾਧਾ ਕੀਤਾ ਗਿਆ ਹੈ। ਇਸੇ ਤਰ੍ਹਾਂ ਫਰੀਦਕੋਟ-ਕੋਟਕਪੂਰਾ ਦੇ 176 ਰੂਟਾਂ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ, ਜਿਨ੍ਹਾਂ ਵਿਚ 22 ਰੂਟ ਡੱਬਵਾਲੀ ਅਤੇ ਔਰਬਿਟ ਟਰਾਂਸਪੋਰਟ ਦੇ ਹਨ ਜਿਨ੍ਹਾਂ ਨੂੰ ਬਾਕੀਆਂ ਨਾਲੋਂ ਵੱਧ ਸਮਾਂ ਦਿੱਤਾ ਗਿਆ ਹੈ। ਫਰੀਦਕੋਟ-ਕੋਟਕਪੂਰਾ ਦੀ ਨਵੀਂ ਸਮਾਂ ਸੂਚੀ ਦੇ ਲੜੀ ਨੰਬਰ 42 ਵਿਚ ਡੱਬਵਾਲੀ ਟਰਾਂਸਪੋਰਟ ਨੂੰ 5 ਮਿੰਟ ਮਿਲੇ ਹਨ ਜਦਕਿ ਉਸ ਤੋਂ ਪਹਿਲਾਂ ਚੱਲਣ ਵਾਲੀ ਪੰਜਾਬ ਰੋਡਵੇਜ਼ ਦੀ ਬੱਸ ਨੂੰ ਤਿੰਨ ਮਿੰਟ ਦਿੱਤੇ ਗਏ ਹਨ। ਜ਼ਿਆਦਾਤਰ ਰੂਟਾਂ ਉਤੇ ਅਜਿਹਾ ਹੀ ਹੋਇਆ ਹੈ।

ਪੰਜਾਬ ਰੋਡਵੇਜ਼ ਐਂਪਲਾਈਜ਼ ਯੂਨੀਅਨ (ਆਜ਼ਾਦ) ਦੇ ਜਨਰਲ ਸਕੱਤਰ ਨਛੱਤਰ ਸਿੰਘ ਦਾ ਕਹਿਣਾ ਸੀ ਕਿ ਕੈਪਟਨ ਸਰਕਾਰ ਨੇ ਨਵੇਂ ਟਾਈਮ ਟੇਬਲਾਂ ਵਿਚ ਔਰਬਿਟ ਨੂੰ ਹੀ ਵੱਧ ਸਮਾਂ ਦਿੱਤਾ ਹੈ ਅਤੇ ਸਰਕਾਰੀ ਬੱਸਾਂ ਨੂੰ ਨਵੇਂ ਟਾਈਮ ਟੇਬਲਾਂ ਵਿਚ ਨੁਕਸਾਨ ਹੋਇਆ ਹੈ। ਪ੍ਰਾਈਵੇਟ ਟਰਾਂਸਪੋਰਟਰ ਵੀ ਔਖੇ ਹਨ, ਜਿਨ੍ਹਾਂ ਨੂੰ ਨਵੇਂ ਟਾਈਮ ਟੇਬਲਾਂ ਵਿਚ ਰਾਹਤ ਨਹੀਂ ਮਿਲੀ ਹੈ।

### ਨਵੇਂ ਟਾਈਮ ਟੇਬਲਾਂ ਵਿਚ ਵੀ ਪ੍ਰਾਈਵੇਟ ਬੱਸਾਂ ਨੂੰ ਗੱਫੇ




## ਕੈਪਟਨ ਅਮਰਿੰਦਰ ਸਿੰਘ ਨੂੰ ਮੁੜ ਸੰਮਨ

**ਚੰਡੀਗੜ੍ਹ:** ਲੁਧਿਆਣਾ ਦੀ ਅਦਾਲਤ ਨੇ ਇਨਕਮ ਟੈਕਸ ਦੇ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਤਾਜ਼ਾ ਸੰਮਨ ਭੇਜੇ ਹਨ। ਮੁੱਖ ਨਿਆਇਕ ਮੈਜਿਸਟਰੇਟ ਜਪਿੰਦਰ ਸਿੰਘ ਨੇ ਅਮਰਿੰਦਰ ਸਿੰਘ ਖਿਲਾਫ਼ ਇਨਕਮ ਟੈਕਸ ਵਿਭਾਗ ਵੱਲੋਂ 2016 ਵਿਚ ਦਾਇਰ ਅਪਰਾਧਿਕ ਸ਼ਿਕਾਇਤ ਵਿਚ ਤਾਜ਼ਾ ਸੰਮਨ ਜਾਰੀ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਨੂੰ ਦੱਸਿਆ ਗਿਆ ਹੈ ਕਿ ਪਹਿਲਾਂ ਭੇਜੇ ਗਏ ਸੰਮਨ ਮੁੱਖ ਮੰਤਰੀ ਨੂੰ ਨਹੀਂ ਮਿਲ ਸਕੇ। ਇਸ ਤੋਂ ਬਾਅਦ ਤਾਜ਼ਾ ਸੰਮਨ ਜਾਰੀ ਕੀਤੇ ਗਏ ਹਨ। ਮਾਮਲੇ ਉਤੇ ਅਗਲੀ ਸੁਣਵਾਈ 18 ਸਤੰਬਰ ਨੂੰ ਹੋਵੇਗੀ।

ਅਮਰਿੰਦਰ ਸਿੰਘ ਉਤੇ ਗਲਤ ਬਿਆਨ ਦੇਣ, ਇਨਕਮ ਟੈਕਸ ਬਾਰੇ ਜਾਣਬੁਝ ਕੇ ਗਲਤ ਸੂਚਨਾ ਦੇਣ ਤੇ ਅਧਿਕਾਰੀਆਂ ਨੂੰ ਆਪਣਾ ਕੰਮ ਕਰਨ ਤੋਂ ਰੋਕਣ ਦੇ ਇਲਜ਼ਾਮ ਲਾਏ ਗਏ ਹਨ। ਇਹ ਸਾਰੇ ਇਲਜ਼ਾਮ ਇਨਕਮ ਟੈਕਸ ਵਿਭਾਗ ਨੇ ਅਦਾਲਤ ਵਿਚ ਦਾਇਰ ਕੀਤੀ ਅਪਰਾਧਿਕ ਸ਼ਿਕਾਇਤ ਵਿਚ ਲਾਏ ਹਨ।

# ਮੋਦੀ ਬਾਰੇ ਟਿੱਪਣੀ ਉਤੇ ਸ਼੍ਰੋਮਣੀ ਕਮੇਟੀ ਤੇ ਭਾਜਪਾ ਆਗੂ ਆਹਮੋ-ਸਾਹਮਣੇ



**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੱਲੋਂ ਮੋਦੀ ਸਰਕਾਰ ਦੀ ਤੁਲਨਾ ਔਰੰਗਜ਼ੇਬ ਦੇ ਰਾਜ ਨਾਲ ਕਰਦੇ ਹੋਏ ਗੁਰੂਧਾਮਾਂ 'ਤੇ ਜਜ਼ੀਆ ਲਾਉਣ ਸਬੰਧੀ ਦਿੱਤੇ ਬਿਆਨ ਤੋਂ ਬਾਅਦ ਪੰਜਾਬ ਭਾਜਪਾ ਨੇ ਉਨ੍ਹਾਂ ਨੂੰ ਆਪਣੀ ਭਾਸ਼ਾ 'ਤੇ ਕਾਬੂ ਪਾਉਣ ਦੀ ਨਸੀਹਤ ਦਿੱਤੀ ਹੈ। ਅਜਿਹਾ ਨਾ ਕਰਨ 'ਤੇ ਭਾਜਪਾ ਵੱਲੋਂ ਉਨ੍ਹਾਂ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ।

ਪੰਜਾਬ ਭਾਜਪਾ ਦੇ ਮੀਤ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਤੇ ਹੋਰਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਨਸੀਹਤ ਦਿੰਦਿਆਂ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਜਿਹੀ ਵੱਡੀ ਸੰਸਥਾ ਦੇ ਪ੍ਰਧਾਨ ਹਨ ਤੇ ਇਹ ਕਮੇਟੀ ਵਿਸ਼ਵ ਵਿਚ ਵਸਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ ਪਰ ਅਜਿਹੇ ਆਗੂ ਨੂੰ ਮੋਦੀ ਸਰਕਾਰ ਦੀ ਤੁਲਨਾ ਔਰੰਗਜ਼ੇਬ ਦੇ ਰਾਜ ਜਾਂ ਜਜ਼ੀਆ ਲਾਉਣ ਨਾਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਜੇਕਰ ਸ. ਬਡੂੰਗਰ ਅਜਿਹੇ ਬਿਆਨ ਦੇਣੋਂ ਨਾ ਹਟੇ ਤਾਂ ਉਨ੍ਹਾਂ ਦਾ ਵਿਰੋਧ ਕੀਤਾ ਜਾਵੇਗਾ। ਸੂਬਾ ਸਕੱਤਰ ਵਿਨੀਤ ਜੋਸ਼ੀ ਨੇ ਕਿਹਾ ਕਿ ਪੰਜਾਬ ਭਾਜਪਾ ਵੀ ਗੁਰੂਧਾਮਾਂ ਨੂੰ ਜੀ.ਐਸ.ਟੀ. ਮੁਕਤ ਕਰਾਉਣ ਦੇ ਹੱਕ ਵਿਚ ਹੈ। ਪੰਜਾਬ ਸਰਕਾਰ ਨੂੰ ਇਹ ਮੁੱਦਾ ਜੀ.ਐਸ.ਟੀ. ਕੌਂਸਲ ਅੱਗੇ ਰੱਖਣਾ ਚਾਹੀਦਾ ਹੈ ਤੇ ਕੈਪਟਨ ਸਰਕਾਰ ਨੂੰ ਆਪਣੇ ਹਿੱਸੇ ਦਾ 50 ਫੀਸਦੀ ਜੀ.ਐਸ.ਟੀ. ਤੁਰਤ ਮੁਆਫ ਕਰਨਾ ਚਾਹੀਦਾ ਹੈ।

### ਭਾਜਪਾ ਆਗੂਆਂ ਨੂੰ ਜ਼ਬਤ ਰੱਖਣ ਦੀ ਸਲਾਹ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਪ੍ਰੋ. ਬਡੂੰਗਰ ਦੇ ਹੱਕ ਵਿਚ ਕਿਹਾ ਕਿ ਮੋਦੀ ਹੋਵੇ ਜਾਂ ਕੋਈ ਹੋਰ, ਕੋਈ ਵੀ ਗੁਰੂ ਘਰਾਂ ਤੋਂ ਉਪਰ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਗਤ ਵੱਲੋਂ ਚੜ੍ਹਾਏ ਪੈਸੇ ਦੀ ਕਦਰ ਅਤੇ ਸ਼ਰਧਾਲੂਆਂ ਦੇ ਹਿੱਤਾਂ ਦੀ ਰਾਖੀ ਕਰਨਾ ਸ਼੍ਰੋਮਣੀ ਕਮੇਟੀ ਤੇ ਇਸ ਦੇ ਅਹੁਦੇਦਾਰਾਂ ਦਾ ਮੁੱਢਲਾ ਫਰਜ਼ ਹੈ। ਭਾਈ ਚਾਵਲਾ ਨੇ ਭਾਜਪਾ ਆਗੂਆਂ ਨੂੰ ਤਾਕੀਦ ਕਰਦਿਆਂ ਕਿਹਾ ਕਿ ਪ੍ਰੋ. ਬਡੂੰਗਰ ਨੇ ਕਿਸੇ ਇਕ ਵਿਅਕਤੀ ਦਾ ਨਾਂ ਨਹੀਂ ਲਿਆ ਬਲਕਿ ਕੇਂਦਰ ਦੀ ਮੋਦੀ ਸਰਕਾਰ ਦੀ ਨੀਤੀ ਦਾ ਵਿਰੋਧ ਕੀਤਾ ਹੈ। ਭਾਜਪਾ ਆਗੂਆਂ ਨੂੰ ਕਮੇਟੀ ਪ੍ਰਧਾਨ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ। ਭਾਈ ਚਾਵਲਾ ਨੇ ਸਪੱਸ਼ਟ ਕੀਤਾ ਕਿ ਮੋਦੀ ਸਰਕਾਰ ਦੀ ਔਰੰਗਜ਼ੇਬ ਨਾਲ ਤੁਲਨਾ ਕਰਨਾ ਜਾਂ ਜਜ਼ੀਆ ਲਾਉਣ ਬਾਰੇ ਬਿਆਨ ਇਸ ਕਰ ਕੇ ਦਿੱਤਾ ਗਿਆ ਸੀ ਕਿਉਂਕਿ ਗੁਰੂ ਸਾਹਿਬਾਨ ਦੇ ਸਮੇਂ ਮੁਗਲ ਹਕੂਮਤ ਨੇ ਵੀ ਅਜਿਹੇ ਕੰਮਾਂ ਨੂੰ ਅੰਜਾਮ ਦਿੱਤਾ ਸੀ।

# ਸਰ ਰਬਿੰਦਰ ਸਿੰਘ ਬਣੇ ਯੂ.ਕੇ. ਕੋਰਟ ਆਫ ਅਪੀਲ ਦੇ ਜੱਜ



**ਲੰਡਨ:** ਯੂ.ਕੇ. ਦੀ ਨਿਆਇਕ ਪ੍ਰਣਾਲੀ ਵਿਚ ਸਭ ਤੋਂ ਸੀਨੀਅਰ ਅਹੁਦਿਆਂ ਵਿਚੋਂ ਇਕ ਉਤੇ ਪਦਉਨਤ ਹੋਇਆ ਇਕ ਬ੍ਰਿਟਿਸ਼ ਸਿੱਖ ਭਾਰਤੀ ਮੂਲ ਦਾ ਪਹਿਲਾ ਜੱਜ ਬਣ ਗਿਆ ਹੈ। ਸੱਤ ਮੈਂਬਰੀ ਯੂ.ਕੇ. ਕੋਰਟ ਆਫ ਅਪੀਲ ਵਿਚ ਸਰ ਰਬਿੰਦਰ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ। ਇੰਗਲੈਂਡ ਦੀ ਸਰਕਾਰ ਨੇ ਇਸ ਹਫਤੇ ਇਹ ਨਵੀਆਂ ਨਿਆਇਕ ਨਿਯੁਕਤੀਆਂ ਕੀਤੀਆਂ ਹਨ। 53 ਸਾਲਾ ਇਸ ਹਾਈ ਕੋਰਟ ਜੱਜ ਨੂੰ ਅਦਾਲਤ ਵਿਚ ਸਫੈਦ ਦਸਤਾਰ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਦਾ ਜਨਮ ਦਿੱਲੀ ਵਿਚ ਹੋਇਆ ਅਤੇ ਉਹ ਆਪਣੇ ਪਰਿਵਾਰ ਨਾਲ ਯੂ.ਕੇ. ਵਿਚ ਆ ਕੇ ਵਸ ਗਏ ਸਨ।

ਉਨ੍ਹਾਂ ਨੇ ਬ੍ਰਿਸਟਲ ਸ਼ਹਿਰ ਦੇ ਇਕ ਉਘੇ ਸਕੂਲ ਵਿਚ ਸਕਾਲਰਸ਼ਿਪ ਹਾਸਲ ਕੀਤੀ ਸੀ ਅਤੇ ਉਨ੍ਹਾਂ ਨੇ ਕਾਨੂੰਨ ਦੀ ਪੜ੍ਹਾਈ ਕੈਂਬਰਿਜ ਯੂਨੀਵਰਸਿਟੀ ਦੇ ਟ੍ਰਿਨਿਟੀ ਕਾਲਜ ਤੋਂ ਕੀਤੀ। ਇਸ ਬਾਅਦ ਉਨ੍ਹਾਂ ਨੇ ਬਰਕਲੇ ਵਿਚ ਯੂਨੀਵਰਸਿਟੀ ਵਿਚ ਕੈਲੀਫੋਰਨੀਆ ਤੋਂ ਪੜ੍ਹਾਈ ਕੀਤੀ। 1986 ਵਿਚ ਉਨ੍ਹਾਂ ਨੇ ਮਾਸਟਰਜ਼ ਇਨ ਲਾਅ ਕੀਤੀ।

ਯੂ.ਕੇ. ਬਾਰ ਪ੍ਰੀਖਿਆ ਲਈ ਸਿੱਖਿਆ ਦਾ ਖਰਚ ਨਾ ਉਠਾ ਸਕਣ ਕਾਰਨ ਉਹ 1986 ਤੋਂ 1988 ਤੱਕ ਯੂਨੀਵਰਸਿਟੀ ਆਫ ਨੌਟਿੰਘਮ ਵਿਚ ਲਾਅ ਦੇ ਲੈਕਚਰਾਰ ਬਣ ਗਏ। ਇਸ ਬਾਅਦ ਉਨ੍ਹਾਂ ਨੇ ਲੰਡਨ ਵਿਚ ਇਨਜ਼ ਆਫ ਕੋਰਟ ਤੋਂ ਵਜ਼ੀਫਾ ਹਾਸਲ ਕੀਤਾ। ਉਨ੍ਹਾਂ ਨੂੰ ਬਾਰ ਲਈ 1989 ਵਿਚ ਸੱਦਾ ਦਿੱਤਾ ਗਿਆ ਅਤੇ 2002 ਵਿਚ ਉਹ ਕੁਈਨਜ਼ ਕੌਂਸਲ ਬਣ ਗਏ।

ਜਸਟਿਸ ਰਬਿੰਦਰ ਸਿੰਘ ਹੁਣ ਅਪੀਲੀ ਅਦਾਲਤ ਦੇ ਬੈਂਚ ਵਿਚ ਸ਼ਾਮਲ ਹੋਣਗੇ, ਜੋ ਇੰਗਲੈਂਡ ਤੇ ਵੇਲਜ਼ ਦੀਆਂ ਉਚ ਅਦਾਲਤਾਂ ਅੰਦਰ ਸਭ ਤੋਂ ਸਿਖਰ ਅਦਾਲਤ ਹੈ। ਇਸ ਅਦਾਲਤ ਵੱਲੋਂ ਹੋਰ ਅਦਾਲਤਾਂ ਜਾਂ ਟ੍ਰਿਬਿਊਨਲਾਂ ਤੋਂ ਆਉਣ ਵਾਲੀਆਂ ਅਪੀਲਾਂ ਉਤੇ ਹੀ ਸੁਣਵਾਈ ਕੀਤੀ ਜਾਂਦੀ ਹੈ।

# ਤਖਤ ਸ੍ਰੀ ਦਮਦਮਾ ਸਾਹਿਬ ਦੀ ਏ.ਸੀ. ਸਰਾਂ ਵਿਚ ਜਿਸਮਫਰੋਸ਼ੀ ਦਾ ਧੰਦਾ ਬੇਨਕਾਬ

**ਬਠਿੰਡਾ:** ਤਖਤ ਸ੍ਰੀ ਦਮਦਮਾ ਸਾਹਿਬ ਦੀ ਏ.ਸੀ. ਸਰਾਂ ਦੇ ਕਮਰੇ ਵਿਚੋਂ 18 ਸਾਲਾ ਕੁੜੀ ਕਾਬੂ ਕੀਤੀ ਗਈ। ਇਸ ਕੁੜੀ ਵੱਲੋਂ ਕੀਤੇ ਖੁਲਾਸੇ ਨੇ ਸਭ ਦੇ ਹੋਸ਼ ਉਡਾ ਦਿੱਤੇ। ਕੁੜੀ ਨੇ ਦੱਸਿਆ ਕਿ ਉਸ ਨੂੰ ਬਠਿੰਡਾ ਦੇ ਦਲਾਲ ਰਾਹੀਂ ਸ਼੍ਰੋਮਣੀ ਕਮੇਟੀ ਦੇ ਤਿੰਨ ਮੁਲਾਜ਼ਮ ਤੇ ਕਾਰਸੇਵਾ ਭੂਰੀ ਵਾਲਿਆਂ ਦੇ ਇੰਚਾਰਜ ਵੱਲੋਂ ਇਕ ਰਾਤ ਲਈ ਲਿਆਂਦਾ ਗਿਆ ਸੀ। ਹਵਸ ਦਾ ਸ਼ਿਕਾਰ ਬਣਾਉਣ ਲਈ ਛੇ ਹਜ਼ਾਰ ਰੁਪਏ ਵਿਚ ਲਿਆਂਦੀ ਇਸ ਕੁੜੀ ਨੂੰ ਇਥੇ ਕਾਰਸੇਵਾ ਭੂਰੀ ਵਾਲਿਆਂ ਵੱਲੋਂ ਤਿਆਰ ਕੀਤੀ ਏਸੀ ਸਰ੍ਹਾਂ 'ਸ੍ਰੀ ਗੁਰੂ ਤੇਗ ਬਹਾਦਰ ਜੀ ਨਿਵਾਸ' ਦੇ ਕਮਰਾ ਨੰਬਰ 312 ਵਿਚ ਠਹਿਰਾਇਆ ਗਿਆ ਸੀ।



ਪੁਲਿਸ ਨੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਕੁਲਦੀਪ ਸਿੰਘ, ਪਾਲ ਸਿੰਘ, ਧਰਮਿੰਦਰ ਸਿੰਘ, ਕਾਰਸੇਵਾ ਭੂਰੀ ਵਾਲਿਆਂ ਦੇ ਇੰਚਾਰਜ ਪਰਗਟ ਸਿੰਘ, ਦਲਾਲ ਧਰਮਾਤਮਾ ਉਰਫ ਧਰਮਾ ਹੈਪੀ ਵਾਸੀ ਬਠਿੰਡਾ ਅਤੇ ਲੜਕੀ ਖਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿਚ ਆਈ.ਪੀ.ਸੀ. ਦੀ ਧਾਰਾ 295 ਏ ਤਹਿਤ ਕੇਸ ਦਰਜ ਕਰ ਕੇ ਗ੍ਰਿਫਤਾਰ ਕਰ ਲਿਆ ਹੈ। ਇਸ ਮਾਮਲੇ ਨਾਲ ਜੁੜੇ ਤਿੰਨੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਮੁਅੱਤਲ ਕਰ ਦਿੱਤੇ ਹਨ। ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਦਾ ਫੋਨ ਆਇਆ ਕਿ ਸਰ੍ਹਾਂ 'ਚ ਕੁੜੀ ਲਿਆਂਦੀ ਗਈ ਹੈ।

ਉਨ੍ਹਾਂ ਮੈਨੇਜਰ ਨੂੰ ਲੈ ਕੇ ਜਦ ਸਰ੍ਹਾਂ 'ਚ ਜਾ ਕੇ ਪੜਤਾਲ ਕੀਤੀ ਤਾਂ ਕਮਰਾ ਨੰਬਰ 312 ਦੀ ਬੁਕਿੰਗ ਬਾਰੇ ਕੋਈ ਐਂਟਰੀ ਨਹੀਂ ਸੀ ਤੇ ਨਾ ਹੀ ਕਮਰਾ ਲੈਣ ਵਾਲੇ ਦਾ ਕੋਈ ਸਬੂਤ ਸੀ ਪਰ ਇਸ ਕਮਰੇ ਵਿਚੋਂ ਇਕ ਜਵਾਨ ਕੁੜੀ ਮਿਲੀ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਬੁਲਾਈ ਪੁਲਿਸ ਵੱਲੋਂ ਪੁੱਛ ਪੜਤਾਲ ਕਰਨ ਉਤੇ ਸਾਰੀ ਕਹਾਣੀ ਸਾਹਮਣੇ ਆਈ।

# ਬਾਰੂਦ ਬਰਾਮਦਗੀ ਦੇ ਮਾਮਲੇ ਵਿਚ ਭਾਈ ਹਰਮਿੰਦਰ ਸਿੰਘ ਬਰੀ

**ਲੁਧਿਆਣਾ:** ਸਥਾਨਕ ਅਦਾਲਤ ਨੇ ਬਰੂਦ ਬਰਾਮਦਗੀ ਦੇ ਮਾਮਲੇ 'ਚ ਭਾਈ ਹਰਮਿੰਦਰ ਸਿੰਘ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ। ਬਾਰੂਦ ਬਰਾਮਦਗੀ ਦੇ ਮਾਮਲੇ 'ਚ ਪੁਲਿਸ ਨੇ 29 ਜੁਲਾਈ 2009 ਨੂੰ ਭਾਈ ਹਰਮਿੰਦਰ ਸਿੰਘ ਖਿਲਾਫ਼ ਕੇਸ ਦਰਜ ਕੀਤਾ ਸੀ। ਪੁਲਿਸ ਵੱਲੋਂ ਉਸ ਪਾਸੋਂ ਬਾਰੂਦ ਮਿਲਣ ਦਾ ਦਾਅਵਾ ਕੀਤਾ ਗਿਆ ਹੈ।

ਭਾਈ ਹਰਮਿੰਦਰ ਸਿੰਘ ਨੂੰ ਅਦਾਲਤ ਨੇ ਸਾਲ 2010 ਵਿਚ ਭਗੌੜਾ ਕਰਾਰ ਦਿੱਤਾ ਸੀ ਪਰ ਉਸ ਤੋਂ ਬਾਅਦ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ, ਸਾਲ 2015 'ਚ ਭਾਈ ਹਰਮਿੰਦਰ ਸਿੰਘ ਨੂੰ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ ਗਿਆ ਸੀ।



# ਦਿਲ ਚੀਜ਼ ਕਿਆ ਹੈ...

ਸ਼ਬਦ ਝਰੋਖਾ
ਬਲਜੀਤ ਬਾਸੀ
ਫੋਨ: 734-259-9353

ਪੁਰਾਣੇ ਜ਼ਮਾਨੇ ਵਿਚ ਦਿਲ ਨੂੰ ਮਨੁੱਖੀ ਭਾਵਨਾਵਾਂ ਦਾ ਸ੍ਰੋਤ ਮੰਨਿਆ ਜਾਂਦਾ ਸੀ। ਇਹ ਰੂਹ, ਆਤਮਾ, ਨੀਅਤ, ਜ਼ਮੀਰ, ਮਨ, ਚਿਤ-ਇੱਥੋਂ ਤੱਕ ਕਿ ਦਿਮਾਗ ਦੀ ਥਾਂ ਲੈਂਦਾ ਹੋਇਆ ਚਿੰਤਨ ਅਤੇ ਬੋਧਿਕਤਾ ਦਾ ਵੀ ਆਸਣ ਮੰਨਿਆ ਜਾਂਦਾ ਸੀ। ਸੰਚਾਰ ਵਜੋਂ ਭਾਸ਼ਾਈ ਵਿਧੀ ਦੇ ਤੌਰ 'ਤੇ ਇਹ ਗੱਲ ਅੱਜ ਤੱਕ ਚਲੀ ਆ ਰਹੀ ਹੈ। ਜ਼ਰਾ ਧਿਆਨ ਦਿਓ, 'ਮੈਂ ਆਪਣੇ ਦਿਲ ਵਿਚ ਸੋਚਿਆ', ਭਲਾ ਦਿਲ ਨਾਲ ਸੋਚੀਦਾ ਹੈ? ਫਿਰ 'ਇਥੇ ਮੇਰਾ ਦਿਲ ਨਹੀਂ ਲਗਦਾ', ਦਿਲ ਤਾਂ ਸਰੀਰ ਦੇ ਅੰਦਰ ਕੈਦ ਪਿਆ ਹੈ, ਇਸ ਨੇ ਬਾਹਰ ਕਿਸ ਕੰਧ ਨਾਲ ਲਗਣਾ ਹੈ? ਥੋੜ੍ਹੇ ਜਿਹੇ ਦਿਮਾਗ ਦੀ ਵੀ ਵਰਤੋਂ ਕਰੀਏ ਤਾਂ ਇਸ ਸਿੱਟੇ 'ਤੇ ਪੁੱਜਾਂਗੇ ਕਿ ਦਰਅਸਲ ਦਿਮਾਗ ਹੀ ਭਾਵਨਾਵਾਂ ਅਤੇ ਅਮੂਰਤ ਚਿੰਤਨ ਦਾ ਪੁੰਜ ਹੈ।

ਦਿਲ ਦੀ ਬਣਤਰ ਅਤੇ ਪ੍ਰਕਾਜ ਇਸ ਤਰ੍ਹਾਂ ਦੇ ਨਹੀਂ ਹਨ ਕਿ ਇਸ ਵਿਚੋਂ ਜਜ਼ਬਾਤ ਫੁੱਟਦੇ ਹੋਣ ਜਾਂ ਸੋਚਾਂ ਫੁਰਦੀਆਂ ਹੋਣ। ਭਾਵਨਾਵਾਂ ਦੇ ਜ਼ੋਰ ਨਾਲ ਦਿਲ ਦੀ ਧੜਕਣ ਵਧ ਜਾਂਦੀ ਹੈ, ਜਿਸ ਕਾਰਨ ਖੂਨ ਦਾ ਦੌਰਾ ਵਧ-ਘਟ ਜਾਂਦਾ ਹੈ। ਕਈ ਵਾਰੀ ਸ਼ੋਕਮਈ ਖਬਰ ਨਾਲ ਦਿਲ ਦੀ ਧੜਕਣ ਇਸ ਕਦਰ ਵਧ ਜਾਂਦੀ ਹੈ ਕਿ ਅਸੀਂ ਅਚੇਤ ਹੀ ਆਪਣਾ ਹੱਥ ਦਿਲ 'ਤੇ ਰੱਖ ਦਿੰਦੇ ਹਾਂ। ਕੁਝ ਲੋਕਾਂ ਦਾ ਅਜਿਹਾ ਵਿਚਾਰ ਹੈ ਕਿ ਦਿਲ ਵੀ ਤੰਤੂਆਂ ਦਾ ਇਕ ਜਾਲ ਹੈ ਜੋ ਸੁਤੰਤਰ ਤੌਰ 'ਤੇ ਦਿਮਾਗ ਦੇ ਕੁਝ ਪ੍ਰਕਾਰਜ ਨਿਭਾਉਂਦਾ ਹੈ। ਇਹ ਗੱਲ ਜ਼ਰੂਰ ਹੈ ਕਿ ਸਾਡੇ ਸਰੀਰ ਦਾ ਸਮੁੱਚਾ ਢਾਂਚਾ ਇਸ ਪ੍ਰਕਾਰ ਜਟਿਲ ਹੈ ਕਿ ਇਹ ਤੰਤੂਆਂ ਨਾਲ ਅੰਤਰ ਸਬੰਧਤ ਹੈ ਤੇ ਮਨੁੱਖੀ ਪ੍ਰਤਿਕ੍ਰਿਆ ਦਾ ਕਾਰਕ ਬਣਦਾ ਹੈ। ਭਾਵਨਾਵਾਂ ਜਾਂ ਸੋਚਾਂ ਦੇ ਉਤਰਾ-ਚੜ੍ਹਾ ਨਾਲ ਸਰੀਰ ਵਿਚ ਬੇਹੱਦ ਰਸਾਇਣਕ, ਤੰਤਵਿਕ ਹਲਚਲ ਮਚਦੀ ਹੈ। ਦਿਮਾਗ ਅਤੇ ਦਿਲ ਦੀ ਅਜਿਹੀ ਸਥਿਤੀ ਸਮਝਣ ਵਾਸਤੇ ਬੇਅੰਤ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਸੇ ਲਈ ਸ਼ਾਇਦ ਇਹ ਸਮਝਿਆ ਜਾਂਦਾ ਹੈ ਕਿ ਦਿਲ ਭਾਵਨਾਵਾਂ ਦਾ ਅੱਡਾ ਹੈ। ਪਰ ਦਿਲ ਸੁਤੰਤਰ ਤੌਰ 'ਤੇ ਚੇਤਨਤਾ ਦਾ ਧਾਰਨੀ ਨਹੀਂ ਹੈ।



ਭਾਸ਼ਾਈ ਬਣਤਰ ਵਿਗਿਆਨਕ ਨਿਸ਼ਚਿਤਤਾ ਦੇ ਸਮਾਨੰਤਰ ਨਹੀਂ ਚਲਦੀ। ਇਹ ਪੀੜ੍ਹੀਓ ਪੀੜ੍ਹੀ ਸ਼ਬਦਾਂ ਤੇ ਉਕਤੀਆਂ ਦੇ ਨਵੇਂ ਅਰਥ ਗ੍ਰਹਿਣ ਕਰਦੀ ਤੇ ਪੁਰਾਣੇ ਵੀ ਨਾਲ ਲਈ ਤੁਰਦੀ ਰਹਿੰਦੀ ਹੈ। ਇਸ ਲਈ ਭਾਸ਼ਾਈ ਵਰਤਾਰੇ ਵਿਚ ਘੜਮੱਸ ਪਿਆ ਰਹਿੰਦਾ ਹੈ। ਇਸ ਘੜਮੱਸ ਵਿਚੋਂ ਹੀ ਸਾਹਿਤ ਜਿਹੀ ਕਲਾ ਦਾ ਵੀ ਜਨਮ ਹੁੰਦਾ ਹੈ। ਅਰਥਾਂ ਦੇ ਨਜ਼ਰੀਏ ਤੋਂ ਦਿਲ ਦੀ ਵਿਸ਼ਾਲਤਾ ਦੇਖੋ: 'ਦਿਲ ਥੋੜ੍ਹਾ ਨਾ ਕਰ', 'ਤੇਰਾ ਤਾਂ ਚਿੜੀ ਜਿੰਨਾ ਦਿਲ ਹੈ', 'ਸ਼ੇਰ ਦਿਲ'। ਸੋ, ਇਥੇ ਦਿਲ ਸ਼ਬਦ ਮਨ, ਚਿੱਤ ਆਦਿ ਦਾ ਸਮਾਨਰਥੀ ਤਾਂ ਹੈ ਹੀ, ਨਾਲ ਹੀ ਕਈ ਇਕ ਭਾਵਨਾਵਾਂ, ਅਹਿਸਾਸਾਂ ਦਾ ਵੀ ਅਰਥਾਵਾਂ ਬਣ ਜਾਂਦਾ ਹੈ। ਦਰਅਸਲ ਦਿਲ ਨੂੰ ਮਨੁੱਖ ਦੇ ਅੰਦਰਲਾ, ਖਾਸ ਤੌਰ 'ਤੇ ਢਿੱਡ ਸਮਝਿਆ ਜਾਂਦਾ ਹੈ। ਇਹ ਗੱਲ ਸਰੀਰ ਦੇ ਹੋਰ ਅੰਦਰਲੇ ਅੰਗਾਂ ਜਿਵੇਂ ਗੁਰਦਾ, ਕਲੇਜਾ ਆਦਿ 'ਤੇ ਵੀ ਲਾਗੂ ਹੁੰਦੀ ਹੈ ਪਰ ਇਸ ਵਿਸ਼ੇ 'ਤੇ ਫਿਰ ਕਦੀ ਆਵਾਂਗੇ।

ਲੋਕਯਾਨ ਅਤੇ ਸਾਹਿਤ ਦਿਲ ਨਾਲ ਲਬਰੇਜ਼ ਹੋਇਆ ਪਿਆ ਹੈ: 'ਦਿਲਾਂ ਨੂੰ ਦਿਲਾਂ ਦਾ ਰਾਹ ਹੁੰਦਾ ਹੈ', 'ਦਿੱਲੀ ਦੇ ਦਿਲਵਾਲੀ, ਮੂੰਹ ਚੋਪੜਿਆ ਪੇਟ ਖਾਲੀ', 'ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ', 'ਦਿਲ ਹੋਵੇ ਚੰਗਾ, ਕਟੋਰੇ ਵਿਚ ਗੰਗਾ' ਇਤਿਆਦਿ। ਕਵਿਤਾ ਵਿਚ ਤਾਂ ਦਿਲ ਦਾ ਵੀ ਆਪਣਾ ਦਿਲ ਹੁੰਦਾ ਹੈ, "ਹਮਦਰਦਾ, ਕਿਉਂ ਨਹੀਂ ਲਗਦਾ, ਮੇਰੇ ਦਿਲ ਦੇ ਦਿਲ ਦਾ ਦਿਲ।" ਕੁਝ ਮੁਹਾਵਰੇ ਵੀ ਹੋ ਜਾਣ: ਦਿਲ ਉਛਲਣਾ, ਦਿਲ ਆ ਜਾਣਾ, ਦਿਲ ਹਾਰਨਾ, ਦਿਲ ਖੱਟਾ ਹੋਣਾ, ਦਿਲ ਕੱਚਾ ਹੋਣਾ, ਦਿਲ ਘਾਊਂ ਮਾਊਂ ਹੋਣਾ, ਦਿਲ 'ਤੇ ਪੱਥਰ ਰੱਖਣਾ, ਦਿਲ ਛੱਡਣਾ, ਦਿਲ ਠਹਿਰਨਾ ਜਾਂ ਠਿਕਾਣੇ ਲੱਗਣਾ, ਦਿਲ ਤੋੜਨਾ, ਦਿਲ ਦੀਆਂ ਦਿਲ ਵਿਚ ਰਹਿਣਾ। ਗਿਣਤੀ ਪੱਖੋਂ ਦਿਲ ਦੇ ਮੁਹਾਵਰੇ ਅੱਖ ਨਾਲ ਮੁਕਾਬਲਾ ਕਰਦੇ ਹਨ।

ਦਿਲ ਸਭ ਤੋਂ ਵੱਧ ਰੁਮਾਂਟਕ ਭਾਵਾਂ ਨਾਲ ਜੁੜਿਆ ਹੋਇਆ ਹੈ, 'ਦਿਲ ਆਵੇ ਗਧੀ 'ਤੇ ਤਾਂ ਪਰੀ ਕੀ ਚੀਜ਼ ਹੈ!' ਦਿਲ ਤਾਂ ਫੈਂਕਿਆ ਵੀ ਜਾਂਦਾ ਹੈ, ਤਦੇ ਤਾਂ ਦਿਲ-ਫੈਂਕ ਸ਼ਬਦ ਬਣਿਆ। ਦਿਲ ਤੋਂ ਬਣੇ ਕੁਝ ਹੋਰ ਸ਼ਬਦ ਹਨ-ਦਿਲਚਸਪ, ਦਿਲਾਸਾ, ਦਿਲਗੀਰ, ਦਿਲਬਰ, ਦਿਲਾਵਰ, ਦਿਲਫਰੇਬ, ਕਮਜ਼ੋਰ ਦਿਲ, ਤੰਗਦਿਲ, ਦਿਲਦਾਰ, ਦਿਲਕਸ਼ ਆਦਿ। ਅਧਿਆਤਮਕ ਕਾਵਿ ਵਿਚ ਇਹ ਸਾਈਂ ਨਾਲ ਜਾ ਜੁੜਦਾ ਹੈ, "ਦਿਲ ਮਹਿ ਸਾਈਂ ਪਰਗਟੈ" (ਭਗਤ ਕਬੀਰ)।

ਜੇ ਇਕ ਪਾਸੇ ਦਿਲ ਨੂੰ ਦਿਮਾਗ ਹੀ ਸਮਝਿਆ ਗਿਆ ਹੈ ਤਾਂ ਦੂਜੇ ਪਾਸੇ ਦਿਲ ਨੂੰ ਦਿਮਾਗ ਦੇ ਟਕਰਾਵੇਂ ਰੂਪ ਵਿਚ ਵੀ ਰੱਖਿਆ ਜਾਂਦਾ ਹੈ। ਦਿਲ ਭਾਵਨਾਵਾਂ ਦਾ ਸ੍ਰੋਤ ਹੈ ਤਾਂ ਦਿਮਾਗ ਸੋਚਾਂ ਦਾ। ਤਾਂ ਹੀ ਕਿਹਾ ਜਾਂਦਾ ਹੈ ਕਿ ਦਿਲ ਉਤੇ ਦਿਮਾਗ ਦਾ ਕਾਬੂ ਰੱਖਿਆ ਜਾਣਾ ਚਾਹੀਦਾ ਹੈ।

ਦਿਲ ਦਾ ਸਮਾਨਾਰਥਕ ਸ਼ਬਦ ਹਿਰਦਾ ਹੈ ਜੋ ਦਿਲ ਤੋਂ ਪੁਰਾਣਾ ਹੈ। ਦਿਲ ਫਾਰਸੀ ਵਲੋਂ ਪੰਜਾਬੀ ਵਿਚ ਆਇਆ ਤੇ ਇਸ ਨੇ ਹਿਰਦੇ ਨੂੰ ਕਾਫੀ ਹੱਦ ਤੱਕ ਖਦੇੜ ਕੇ ਪੰਜਾਬੀਆਂ ਤੇ ਹੋਰ ਭਾਰਤੀਆਂ ਦੇ ਦਿਲ ਜਿੱਤ ਲਏ। ਹੁਣ ਆਮ ਤੌਰ 'ਤੇ ਹਿਰਦਾ ਸ਼ਬਦ ਵਧੇਰੇ ਕਾਵਿਕ ਸੰਦਰਭਾਂ ਵਿਚ ਹੀ ਵਰਤਿਆ ਜਾਂਦਾ ਹੈ। ਗੁਰੂ ਅਰਜਨ ਦੇਵ ਵਲੋਂ ਹਿਰਦਾ ਸ਼ਬਦ ਦੀ ਵਰਤੋਂ ਦੇਖੋ, 'ਹਿਰਦਾ ਸੁਧ ਬ੍ਰਹਮ ਬੀਚਾਰੈ॥' ਹਿਰਦੇ ਦਾ ਹੀ ਇਕ ਰੁਪਾਂਤਰ ਹੈ ਰਿਦਾ, 'ਹਿਰਦੈ ਰਿਦੈ ਨਿਹਾਲ', 'ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ॥' (ਗੁਰੂ ਨਾਨਕ ਦੇਵ)।

ਹਿਰਦਾ ਸ਼ਬਦ ਦਾ ਸੰਸਕ੍ਰਿਤ ਰੂਪ ਹੈ, 'ਹ੍ਰਿਦ'। ਇਸ ਤੋਂ ਹਿੰਦੀ ਆਦਿ ਵਿਚ ਹ੍ਰਿਦਯ ਸ਼ਬਦ ਸਾਹਮਣੇ ਆਉਂਦਾ ਹੈ। ਪੰਜਾਬੀ ਵਿਚ ਇਹ 'ਹਿਰਦਾ' ਰੂਪ ਧਾਰਦਾ ਹੈ ਤਾਂ ਨਾਲ ਦੀ ਨਾਲ 'ਹ' ਧੁਨੀ ਦੇ ਅਲੋਪਣ ਨਾਲ 'ਰਿਦਾ' ਤੇ ਫਿਰ 'ਰਿਦ' ਜਿਹੇ ਸ਼ਬਦ ਬਣਦੇ ਹਨ। ਇਸ ਦਾ ਇਕ ਰੂਪ ਹਿਆਉ ਬਣਿਆ, 'ਹਿਆਉ ਮਹਿਜਾ ਠੰਢੜਾ ਮੁਖਹੁ ਸਚੁ ਅਲਾਇ॥', 'ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ॥' (ਗੁਰੂ ਅਰਜਨ ਦੇਵ)।

ਫਿਰ ਚੰਗੇ ਹਿਰਦੇ ਵਾਲੇ ਲਈ ਸੁਹਿਰਦ ਸ਼ਬਦ ਬਣ ਗਿਆ। ਦਿਲੋਂ ਕੀਤੇ ਸਵਾਗਤ ਲਈ 'ਹਾਰਦਿਕ ਸਵਾਗਤ' ਸ਼ਬਦ ਪ੍ਰਚਲਿਤ ਹੈ। ਹਾਰਦਿਕ ਤਾਂ ਖਾਸ ਨਾਂਵ ਵੀ ਹੁੰਦਾ ਹੈ। ਦਿਲੀ ਖਾਹਿਸ਼ ਦੇ ਅਰਥਾਂ ਵਾਲਾ 'ਸੱਧਰ' ਸ਼ਬਦ ਵੀ ਇਥੇ ਢੁਕਦਾ ਹੈ। ਪੰਜਾਬੀ ਵਿਚ ਇਕ ਸ਼ਬਦ ਚਲਦਾ ਹੈ, 'ਹੁਦਰਾ', ਖਾਸ ਤੌਰ 'ਤੇ 'ਆਪ-ਹੁਦਰਾ' ਜਿਹੇ ਸੰਯੁਕਤ ਸ਼ਬਦ ਵਿਚ। ਇਸ ਦਾ ਅਰਥ ਹੈ, ਦਿਲ ਦੀਆਂ ਚਲਾਉਣ ਵਾਲਾ, ਮਨਮਰਜ਼ੀ ਕਰਨ ਵਾਲਾ। ਇਥੇ 'ਰ' ਅਤੇ 'ਦ' ਧੁਨੀਆਂ ਦਾ ਵਰਣ-ਵਿਪਰੈ ਹੋਇਆ ਹੈ। ਧੁਨੀਆਂ ਦਾ ਉਲਟ-ਪੁਲਟ ਜਾਣਾ ਵੀ ਸ਼ਬਦਾਂ ਦੀ ਆਪ-ਹੁਦਰਾਸ਼ਾਹੀ ਹੀ ਹੈ। ਸ਼ਰਧਾ ਸ਼ਬਦ ਵਿਚ ਵੀ ਹਿਰਦਾ ਹੀ ਵੜਿਆ ਹੋਇਆ ਹੈ। ਇਸ ਤੋਂ ਹੀ ਸ਼ਰਾਧ ਤੇ ਸਰਾਧ ਸਾਹਮਣੇ ਆਏ।

ਹਿਰਦਾ ਸ਼ਬਦ ਦੇ ਹੋਰ ਸਕੇ ਸੋਦਰੇ ਭਾਰੋਪੀ ਭਾਸ਼ਾਵਾਂ ਵਿਚ ਵੀ ਮਿਲਦੇ ਹਨ। ਇਸ ਦਾ ਭਾਰੋਪੀ ਮੂਲ ਹੈ, 'Kerd'. ਇਸ ਤੋਂ ਹੀ ਗਰੀਕ ਸ਼ਬਦ ਕਾਰਡੀਆ ਬਣਿਆ। ਪ੍ਰਾਕ-ਜਰਮਨ ਵਿਚ 'ਕ' ਧੁਨੀ 'ਹ' ਵਿਚ ਬਦਲ ਜਾਂਦੀ ਹੈ, ਇਸ ਲਈ ਕੁਝ ਪਰਿਵਰਤਨਾਂ ਨਾਲ ਇਸ ਨੇ ਅੰਗਰੇਜ਼ੀ ਵਿਚ ਆ ਕੇ Heart ਦਾ ਰੂਪ ਧਾਰ ਲਿਆ। ਅਸੀਂ ਪੰਜਾਬੀ ਵਿਚ ਇਹ ਸ਼ਬਦ ਆਮ ਹੀ ਵਰਤਣ ਲੱਗ ਪਏ ਹਾਂ, ਖਾਸ ਤੌਰ 'ਤੇ 'ਹਾਰਟ ਅਟੈਕ' ਜਾਂ 'ਹਾਰਟ ਫੇਲ੍ਹ ਹੋਣਾ' ਜਿਹੀਆਂ ਉਕਤੀਆਂ ਵਿਚ। ਕਰਡ ਤੋਂ ਗਰੀਕ ਵਿਚ ਬਣਿਆ ਕਾਰਡੀਆ ਲਾਤੀਨੀ, ਫਰਾਂਸੀਸੀ ਸਫਰ ਤੈਅ ਕਰਕੇ ਅੰਗਰੇਜ਼ੀ ਵਿਚ Cardiac ਦੇ ਤੌਰ 'ਤੇ ਪ੍ਰਗਟ ਹੋਇਆ। ਇਸ ਤੋਂ ਅੱਗੇ Cardiology (ਹਿਰਦਾ-ਵਿਗਿਆਨ) ਆਦਿ ਜਿਹੇ ਸ਼ਬਦ ਸਾਹਮਣੇ ਆਏ। ਅੰਗਰੇਜ਼ੀ ਰਿਕਾਰਡ (ਪੰਜਾਬੀ ਰਕਾਟ) ਵਿਚ ਵੀ ਇਹੀ ਕਰਡ ਧਾਤੂ ਬੋਲਦਾ ਹੈ। ਇਹ ਸ਼ਬਦ ਵੀ ਲਾਤੀਨੀ, ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਪੁੱਜਾ। ਇਸ ਵਿਚ ਮੁਢਲਾ ਭਾਵ ਸੀ, ਮਨ ਜਾਂ ਚੇਤੇ ਵਿਚ ਲਿਆਉਣਾ। ਧਿਆਨਯੋਗ ਹੈ ਕਿ ਯੂਰਪੀ ਅਤੇ ਹੋਰ ਭਾਸ਼ਾਵਾਂ ਵਿਚ ਵੀ ਹਰਟ/ਦਿਲ ਨੂੰ ਭਾਵਨਾਵਾਂ ਅਤੇ ਸੋਚਾਂ ਦਾ ਅੱਡਾ ਸਮਝਿਆ ਜਾਂਦਾ ਹੈ।

ਹਥਲੇ ਪ੍ਰਸੰਗ ਵਿਚ ਹਰਟ ਯਾਦਾਸ਼ਤ ਦਾ ਸੋਮਾ ਹੈ। ਅੰਗਰੇਜ਼ੀ ਉਕਤੀ Learn By Heart ਤੋਂ ਇਹ ਗੱਲ ਭਲੀ ਭਾਂਤ ਸਮਝ ਪੈਂਦੀ ਹੈ। ਚੇਤੇ ਵਿਚ ਲਿਆਉਣ ਤੋਂ ਫਿਰ ਰਿਕਾਰਡ ਦੀ ਵਰਤੋਂ ਚੇਤੇ ਵਿਚਲੀ ਗੱਲ ਨੂੰ ਬਿਆਨ ਕਰਨ, ਦੱਸਣ, ਦਰਜ ਕਰਾਉਣ, ਤਵੇ ਵਿਚ ਭਰਨ ਆਦਿ ਦੇ ਅਰਥਾਂ ਵਿਚ ਹੋਣ ਲੱਗੀ। ਅੰਗਰੇਜ਼ੀ ਦਾ Cordial (=ਹਾਰਦਿਕ) ਵੀ ਇਸੇ ਦੀ ਦੇਣ ਹੈ। ਹੋਰ ਜਾਣੇ ਪਛਾਣੇ ਸ਼ਬਦ ਹਨ, Acoord (ਸਮਾਨ ਮਨੋਭਾਵ), Courage (ਦਿਲ ਦੀਆਂ ਭਾਵਨਾਵਾਂ, ਹਿਆਂ), Credit (ਕਿਸੇ ਵਿਚ ਆਪਣਾ ਦਿਲ ਰੱਖਣ, ਯਕੀਨ ਕਰਨ ਦੇ ਭਾਵ ਤੋਂ, ਦਿਲ ਨੂੰ ਦਿਲ ਨਾਲ ਰਾਹ ਹੁੰਦਾ ਹੈ), Credence, Creed (ਮਨ ਦਾ ਯਕੀਨ, ਸ਼ਰਧਾ), Core (ਕੇਂਦਰ, ਦਿਲ ਨੂੰ ਕੇਂਦਰ ਸਮਝਿਆ ਜਾਂਦਾ ਹੈ) ਆਦਿ।

ਅਸੀਂ ਦਿਲ ਤੋਂ ਗੱਲ ਸ਼ੁਰੂ ਕੀਤੀ ਸੀ ਅਤੇ ਦਿਲ 'ਤੇ ਹੀ ਮੁਕਾਉਂਦੇ ਹਾਂ। ਕੁਝ ਭਾਸ਼ਾ-ਵਿਗਿਆਨੀਆਂ ਦਾ ਮਤ ਹੈ ਕਿ ਦਿਲ ਸ਼ਬਦ ਵੀ ਅੰਤਿਮ ਤੌਰ 'ਤੇ Kerd ਧਾਤੂ ਨਾਲ ਹੀ ਜਾ ਜੁੜਦਾ ਹੈ। ਅਜਿਤ ਵਡਨੇਰਕਰ ਨੇ ਰਾਮ ਵਿਲਾਸ ਸ਼ਰਮਾ ਦੀ ਸਹਾਇਤਾ ਨਾਲ ਇਸ ਦੀ ਕੁਝ ਵਿਆਖਿਆ ਕੀਤੀ ਹੈ। ਹਿਰਦਾ ਵਿਚਲੇ 'ਹਰ' ਦੀ ਧੁਨੀ ਅਵੇਸਤਾ ਵਿਚ ਜਾ ਕੇ 'ਜ਼' ਜਿਹੀ ਹੋ ਜਾਂਦੀ ਹੈ। ਅਵੇਸਤਾ ਵਿਚ ਹਿਰਦੇ ਲਈ ਜ਼ਰੇਦਾ ਸ਼ਬਦ ਮਿਲਦਾ ਹੈ। ਕੁਰਦਿਸ਼ ਵਿਚ ਜ਼ਾਰ ਹੈ ਅਤੇ ਬਲੋਚੀ ਵਿਚ ਜ਼ੇਦੇਂ। ਆਰਮੀਨਿਆਈ ਵਿਚ 'ਜ਼' ਧੁਨੀ 'ਸ' ਵਿਚ ਬਦਲ ਜਾਂਦੀ ਹੈ ਤੇ ਸ਼ਬਦ ਸਾਹਮਣੇ ਆਉਂਦਾ ਹੈ, ਸਿਰਤ। ਖੈਰ! ਅਵੇਸਤਾ ਦਾ ਜ਼ਰੇਦਾ ਪਹਿਲਵੀ ਵਿਚ ਦੀਲ ਅਤੇ ਫਿਰ ਫਾਰਸੀ ਵਿਚ ਦਿਲ, ਦੇਲ ਬਣ ਜਾਂਦਾ ਹੈ। ਤਾਜਿਕਿਸਤਾਨ ਦੀ ਇਕ ਕਬੀਲਾਈ ਭਾਸ਼ਾ ਵਿਚ ਇਸ ਦਾ ਰੂਪ ਜ਼ੀਲ ਹੈ ਅਤੇ ਤੁਰਕ ਭਾਸ਼ਾ ਵਿਚ ਜ਼ੇਰਰੀ ਹੈ। ਰਾਮ ਵਿਲਾਸ ਸ਼ਰਮਾ ਨੇ ਸੂਤ੍ਰਕ ਰੂਪ ਵਿਚ ਇਸ ਦਾ ਰੂਪ ਵਿਕਾਸ ਕੁਝ ਇਸ ਤਰ੍ਹਾਂ ਉਲੀਕਿਆ ਹੈ: ਜ਼ਿਰ> ਜਿਰ> ਦਿਰ> ਦਿਲ। ਗੱਲ ਦਿਲ ਨਾਲ ਸੋਚਣ ਵਾਲੀ ਹੈ।

## ਕਾਵਿ ਜਗਤ

### ਰੁਖ

ਹਰੇ-ਭਰੇ ਰੁੱਖਾਂ ਦੀਆਂ ਲਾ ਦੇਈਏ ਕਤਾਰਾਂ
ਆਲ੍ਹਣੇ ਤਾਂ ਆਪੇ ਪੰਛੀ ਪਾ ਲੈਣਗੇ।
ਵੇਖਿਓ ਜੇ ਆਉਂਦੇ ਕਿਵੇਂ ਬੰਨ ਬੰਨ ਡਾਰਾਂ
ਆਲ੍ਹਣੇ ਤਾਂ ਆਪੇ ਪੰਛੀ ਪਾ ਲੈਣਗੇ।

ਖੇਤਾਂ ਦਿਆਂ ਬੰਨਿਆਂ 'ਤੇ ਹਰੇ ਰੁੱਖ ਲਾਈਏ
ਘਰਾਂ ਦਿਆਂ ਵਿਹੜਿਆਂ 'ਚ ਰੁੱਖਾਂ ਨੂੰ ਸਜਾਈਏ
ਝੱਟ ਮੰਨ ਜਾਣਗੀਆਂ ਰੁੱਸੀਆਂ ਬਹਾਰਾਂ,
ਆਲ੍ਹਣੇ ਤਾਂ ਆਪੇ ਪੰਛੀ ਪਾ ਲੈਣਗੇ।

ਰੁੱਖਾਂ ਨਾਲ ਹੋਣੀਆਂ ਸਵੱਛ ਨੇ ਹਵਾਵਾਂ
ਰੁੱਖਾਂ ਉਤੇ ਡੇਰੇ ਲਾਉਣੇ ਘੁੱਗੀਆਂ ਤੇ ਕਾਂਵਾਂ
ਇੱਕ, ਦੋ ਜਾਂ ਚਾਰ ਨਹੀਂ, ਆਉਣਗੇ ਹਜ਼ਾਰਾਂ,
ਆਲ੍ਹਣੇ ਤਾਂ ਆਪੇ ਪੰਛੀ ਪਾ ਲੈਣਗੇ।

ਨਿੱਕੇ ਵੱਡੇ ਬਾਗ ਤੇ ਬਗੀਚੀਆਂ ਬਣਾਈਏ
ਫੁੱਲਾਂ-ਫਲਾਂ ਵਾਲੇ ਸਾਰੇ ਬੂਟੇ ਵਿਚ ਲਾਈਏ
ਬੁਲਬੁਲਾਂ ਗਾਉਣ ਜਿਥੇ ਬੋਲਣ ਗੁਟਾਰਾਂ,
ਆਲ੍ਹਣੇ ਤਾਂ ਆਪੇ ਪੰਛੀ ਪਾ ਲੈਣਗੇ।

ਅੰਬਾਂ, ਜਾਮਣਾਂ 'ਤੇ ਹਰਿਆਲੀ ਜਦੋਂ ਆਵੇਗੀ
ਮੋਰ ਪੈਲਾਂ ਪਾਣਗੇ ਤੇ ਕੋਇਲ ਗੀਤ ਗਾਵੇਗੀ
ਸਾਉਣ ਵਿਚ ਪਈਆਂ ਜਦੋਂ ਨਿੱਕੀਆਂ ਫੁਹਾਰਾਂ,
ਆਲ੍ਹਣੇ ਤਾਂ ਆਪੇ ਪੰਛੀ ਪਾ ਲੈਣਗੇ।

ਹੋ ਕੇ 'ਸੁਰਜੀਤ' ਜਦੋਂ ਰੁੱਖ ਅਸੀਂ ਲਾਵਾਂਗੇ
ਗਰਮੀ 'ਚ ਮੰਜੇ ਜਦੋਂ ਰੁੱਖਾਂ ਥੱਲੇ ਡਾਹਵਾਂਗੇ
ਚਾਰੇ ਪਾਸੇ ਖਿੜ ਪਈਆਂ ਜਦੋਂ ਗੁਲਜ਼ਾਰਾਂ,
ਆਲ੍ਹਣੇ ਤਾਂ ਆਪੇ ਪੰਛੀ ਪਾ ਲੈਣਗੇ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

### ਕਿਰਦਾਰਾਂ ਤੋਂ ਬੌਣੇ ਲੋਕ

ਲੱਖਾਂ ਜੱਗ ਤੇ ਆਏ ਲੱਖਾਂ ਈ ਆਉਣੇ ਲੋਕ,
ਕਲਮ ਤੋਂ ਉਚੇ, ਕਿਰਦਾਰਾਂ ਤੋਂ ਬੌਣੇ ਲੋਕ।
ਜ਼ਿੰਦਗੀ ਦੇ ਹਰ ਪੰਨੇ ਨੂੰ ਮੈਂ ਫੋਲ ਲਿਆ,
ਚੰਗੇ ਥੋੜੇ ਭੁੱਲ ਗਿਆ ਵਿਚ ਲਿਖਾਉਣੇ ਲੋਕ।
ਇਹ ਤਾਂ ਯਾਰੋ ਸਦੀਆਂ ਤੋਂ ਵਰਤਾਰਾ ਹੈ,
ਰੱਬ ਨੇ ਬੰਦ ਨਹੀ ਕਰਨੇ ਇਹੋ ਬਣਾਉਣੇ ਲੋਕ।
ਕਲਮ ਤੋਂ ਉਚੇ ਕਿਰਦਾਰਾਂ ਤੋਂ ਬੌਣੇ ਲੋਕ।

ਜੇ ਕੋਈ ਕਰੇ ਸਲਾਮ ਤਾਂ ਆਖਣ ਬਦਕਾਰੀ,
ਕਦ ਸਮਝਣਗੇ ਇਹ ਅਕਲਾਂ ਤੋਂ ਪੌਣੇ ਲੋਕ।
ਆਪਣੀ ਤੂੰ ਰਫਤਾਰ 'ਚ ਦੌੜ ਲਗਾਈ ਜਾ,
ਦਮ ਹੋਇਆ ਤਾਂ ਤੈਨੂੰ ਮਿਲ ਨਹੀਂ ਪਾਉਣੇ ਲੋਕ।
ਰੱਖ ਹੌਸਲਾ 'ਢਿੱਲੋਂ' ਨਾ ਘਬਰਾਇਆ ਕਰ,
ਚੰਦ ਕੁ ਗੁਜ਼ਰੇ ਹਾਲੇ ਲੱਖਾਂ ਆਉਣੇ ਲੋਕ।

-ਪਰਮਜੀਤ ਸਿੰਘ ਢਿੱਲੋਂ, ਕੈਨੇਡਾ
ਫੋਨ: 647-300-2525

---

### ਗਜ਼ਲ

ਤੇਰਾ ਹਰ ਇਕ ਫੈਸਲਾ ਯਾਰਾ, ਜਰ ਲੈਂਦਾ ਹਾਂ।
ਹਰ ਇਲਜ਼ਾਮ ਹੀ ਆਪਣੇ ਉਪਰ ਧਰ ਲੈਂਦਾ ਹਾਂ।

ਜਦ ਵੀ ਕਿਧਰੇ ਜ਼ੁਲਮ ਨੇ ਤੇਰੇ ਚੇਤੇ ਆਉਂਦੇ,
ਬਿਨ ਮੌਤੇ ਹੀ ਉਸ ਵੇਲੇ ਮੈਂ ਮਰ ਲੈਂਦਾ ਹਾਂ।

ਮੁਰਝਾਏ ਮੁੱਖ ਮੇਰੇ ਨੂੰ, ਨਾ ਪੜ੍ਹ ਲਏ ਕੋਈ,
ਫਿੱਕੀ ਜਿਹੀ ਹਾਸੀ ਦਾ ਪਰਦਾ ਕਰ ਲੈਂਦਾ ਹਾਂ।

ਮਜਬੂਰੀ ਦੀ ਅੱਗ 'ਚ ਸੜਦਿਆਂ ਦੇਖ ਕੇ ਖੁਦ ਨੂੰ,
ਖੁਸ਼ਕ ਹੋਈਆਂ ਮੈਂ ਅੱਖਾਂ ਫੇਰ ਵੀ ਭਰ ਲੈਂਦਾ ਹਾਂ।

ਹਾਸੇ, ਖੁਸ਼ੀਆਂ, ਚਾਅ ਲੁਟਾ ਕੇ ਉਹਤੋਂ 'ਸੈਂਪਲੇ',
ਆਖਰ ਮੌਤ ਰਾਣੀ ਨੂੰ ਵੀ ਮੈਂ ਵਰ ਲੈਂਦਾ ਹਾਂ।

-ਨਾਇਬ ਸਿੰਘ 'ਸੈਂਪਲੇ'
ਫੋਨ: 91-98724-05203

---

### ਰੁਬਾਈ

ਸਹਿਣ, ਨਿਵਣ, ਮਿੱਠਤ ਤੇ ਸੇਵਾ,
ਗੁਰਮਤਿ ਦੀ ਵਡਿਆਈ।
ਲੇਕਿਨ ਨੀਤੀ ਮਜ਼ਹਬੀ ਹੋ ਕੇ,
ਵੱਖਰੀ ਖੇਡ ਰਚਾਈ।
ਸੰਗਤ ਵਿਚ ਕੋਈ ਭਾਂਡੇ ਮਾਂਜੇ,
ਜਾਂ ਕੋਈ ਲਾਵੇ ਝਾੜੂ।
ਸਮਝ ਨਾ ਆਵੇ ਸੇਵਾ ਕਰਦਾ,
ਜਾਂ ਕੋਈ ਸਜਾ ਲਵਾਈ।

-ਗੁਰਮੀਤ ਸਿੰਘ ਬਰਸਾਲ

---

### ਗਜ਼ਲ

ਰੁਖ ਮੋੜ ਹਵਾਵਾਂ ਦੇ ਅਸੀਂ ਉਡਦੇ ਜਾਵਾਂਗੇ।
ਫਿਰਕੇ ਦੀ ਹਨੇਰੀ ਨੂੰ ਠੱਲ ਵਿਖਾਵਾਂਗੇ।
ਸਾਡੇ ਜੇਰੇ ਵੱਡੇ ਨੇ ਜ਼ੁਲਮੀ ਨੂੰ ਮਿਟਾਵਾਂਗੇ,
'ਨੇਰਿਆਂ ਦੇ ਸ਼ਾਹਾਂ ਨੂੰ ਬਣ ਜੁਗਨੂੰ ਹਰਾਵਾਂਗੇ।

ਹੱਕ ਸੱਚ ਦੇ ਰਾਹੀ ਅਸੀਂ ਹੋਰ ਬਣਾਵਾਂਗੇ,
ਜਦ ਜਦ ਵੀ ਰੱਸੇ ਚੁੰਮ ਗਲਾਂ 'ਚ ਪਾਵਾਂਗੇ।

ਟੁੱਟੇ ਹੋਏ ਖ਼ਾਬਾਂ ਨੂੰ ਅਸੀਂ ਫੇਰ ਸਜਾਵਾਂਗੇ,
ਏਕੇ ਦੀਆਂ ਕਲੀਆਂ ਨੂੰ ਕਿਤੇ ਫੇਰ ਉਗਾਵਾਂਗੇ।

ਸੁੱਤੇ ਹੋਏ ਵਾਰਿਸਾਂ ਨੂੰ ਕਬਰਾਂ 'ਚੋਂ ਉਠਾਵਾਂਗੇ,
ਲੱਖਾਂ ਹੀ ਧੀਆਂ ਨੂੰ ਅਸੀਂ ਫੇਰ ਬਚਾਵਾਂਗੇ।

ਬੰਦੇ ਤੋਂ ਬੰਦੇ ਦੀ ਹੁੰਦੀ ਲੁੱਟ ਮਿਟਾਵਾਂਗੇ,
ਸ਼ਹੀਦਾਂ ਜੋ ਚਾਹਿਆ ਸੀ ਉਹ ਮੁਲਕ ਸਜਾਵਾਂਗੇ।

-ਜਤਿੰਦਰ, ਭੁੱਚੋ ਖੁਰਦ
ਫੋਨ: 91-95014-75400

### ਆਜ਼ਾਦੀਏ...

(ਕਿਰਤੀਆਂ-ਕਿਸਾਨਾਂ ਦੀ ਆਜ਼ਾਦੀ ਨੂੰ ਪੁਕਾਰ)

ਸਾਡੇ ਘਰੀਂ ਖੁਸ਼ੀਆਂ ਲਿਆ ਨੀ ਆਜ਼ਾਦੀਏ
ਸਾਡੇ ਘਰੀਂ।
ਸਾਡੇ ਵਿਹੜੇ ਪੈਰ ਵੀ ਪਾ ਨੀ ਆਜ਼ਾਦੀਏ
ਸਾਡੇ ਵਿਹੜੇ।

ਸ਼ਾਹੂਕਾਰਾਂ ਦੇ ਚੁਬਾਰੇ ਨਿੱਤ ਪੈਣ ਲਲਕਾਰੇ ਨੀ
ਕਿਰਤੀ ਕਿਸਾਨ ਤੂੰ ਮੁੱਢ ਤੋਂ ਵਿਸਾਰੇ ਨੀ।
ਪੱਲੇ ਇਨ੍ਹਾਂ ਦੇ ਨੰਗ ਹੀ ਰਿਹਾ ਨੀ ਆਜ਼ਾਦੀਏ
ਸਾਡੇ ਘਰੀਂ...।

ਅਸੀਂ ਹੀ ਤਾਂ ਖਾਧੀਆਂ ਸੀ ਹਿੱਕਾਂ ਵਿਚ ਗੋਲੀਆਂ
ਫਾਂਸੀਆਂ ਚੜ੍ਹੇ ਸੀ ਅਸੀਂ ਬਣ ਬਣ ਟੋਲੀਆਂ।
ਲਾੜੀ ਮੌਤ ਲਈ ਸੀ ਹੱਸ ਕੇ ਵਿਆਹ ਨੀ ਆਜ਼ਾਦੀਏ
ਸਾਡੇ ਘਰੀਂ...।

ਕਾਲੇਪਾਣੀ ਜੇਲ੍ਹਾਂ ਦੇ ਤਸੀਹੇ ਅਸੀਂ ਝੱਲੇ ਸੀ
ਹੋਈਆਂ ਸੀ ਕੁਰਕੀਆਂ, ਰਹਿ ਗਏ 'ਕੱਲੇ ਸੀ।
ਸਾਡੇ ਘਰੀਂ ਉਗ ਪਈ ਸੀ ਘਾਹ ਨੀ ਆਜ਼ਾਦੀਏ
ਸਾਡੇ ਘਰੀਂ...।

ਗੋਰਿਆਂ ਦੇ ਚੁੰਗਲਾਂ 'ਚੋਂ ਮਸੀਂ ਤੈਨੂੰ ਕੱਢਿਆ
ਗੁਲਾਮੀ ਵਾਲਾ ਜੂੜ ਅਸੀਂ ਬੜਾ ਔਖਾ ਵੱਢਿਆ।
ਭੂਰੇ ਹਾਕਮਾਂ ਉਧਾਲ ਲਿਆ ਨੀ ਆਜ਼ਾਦੀਏ
ਸਾਡੇ ਘਰੀਂ...।

ਭਗਤ ਸਰਾਭਾ ਤੈਨੂੰ ਵਿਆਹ ਕੇ ਲਿਆਏ ਸੀ
ਬਰਾਬਰ ਹੱਕਾਂ ਲਈ ਉਨ੍ਹਾਂ ਸੁਪਨੇ ਸਜਾਏ ਸੀ।
ਉਨ੍ਹਾਂ ਸੋਚਾਂ ਤਾਈਂ ਬੂਰ ਨਾ ਪਿਆ ਨੀ ਆਜ਼ਾਦੀਏ
ਸਾਡੇ ਘਰੀਂ...।

ਸੱਚੇ ਸੁੱਚੇ ਹਾਕਮਾਂ ਦੀ ਢਾਣੀ ਕਿੱਥੋਂ ਲੱਭੀਏ
ਲੋਟੂਆਂ ਦੇ ਜੂਲੇ ਹੇਠੋਂ ਕਿਵੇਂ ਤੈਨੂੰ ਕੱਢੀਏ?
'ਸਾਹੀ' ਨੂੰ ਤੂੰ ਦੇ ਸਮਝਾ ਨੀ ਆਜ਼ਾਦੀਏ
ਸਾਡੇ ਘਰੀਂ...।
ਸਾਡੇ ਘਰੀਂ ਖੁਸ਼ੀਆਂ ਲਿਆ ਨੀ ਆਜ਼ਾਦੀਏ, ਸਾਡੇ ਘਰੀਂ।

-ਚਰਨਜੀਤ ਸਿੰਘ ਸਾਹੀ
ਫੋਨ: 317-430-6545

# ਮੈਂ ਚੰਡੀਗੜ੍ਹ ਨੱਚਦੀ ਫਿਰਾਂ




ਕਲਾ ਪਰਿਕਰਮਾ

ਆਮਨਾ ਕੌਰ

ਪੰਜਾਬ ਕਲਾ ਪ੍ਰੀਸ਼ਦ ਦੀ ਮੁਖੀ ਸਤਿੰਦਰ ਸੱਤੀ ਦੀ ਅਗਵਾਈ ਵਿਚ ਐਤਕੀਂ ਚੰਡੀਗੜ੍ਹ ਵਿਚ ਤੀਆਂ ਦਾ ਮੇਲਾ ਲਾਇਆ ਗਿਆ ਅਤੇ ਇਸ ਉਚੇਚੇ ਮੇਲੇ ਦਾ ਹਾਸਲ ਰਹੀ ਉਘੀ ਗਾਇਕਾ ਗੁਰਮੀਤ ਬਾਵਾ ਦੀ ਪੇਸ਼ਕਾਰੀ। ਇਸ ਮੌਕੇ ਉਨ੍ਹਾਂ ਦਾ ਸਾਥ ਉਨ੍ਹਾਂ ਦੀਆਂ ਦੋ ਧੀਆਂ- ਗਲੋਰੀ ਬਾਵਾ ਅਤੇ ਲਾਚੀ ਬਾਵਾ, ਨੇ ਖੂਬ ਦਿੱਤਾ ਅਤੇ ਮਾਵਾਂ-ਧੀਆਂ ਨੇ ਰਲ ਕੇ ਇਕ ਵਾਰ ਤਾਂ ਸਟੇਜ ਉਤੇ ਰੰਗ ਬੰਨ੍ਹ ਕੇ ਰੱਖ ਦਿੱਤਾ। ਸਰੋਤਿਆਂ ਨੂੰ ਇਕ ਵਾਰ ਫਿਰ ਗੁਰਮੀਤ ਬਾਵਾ ਦੀ ਲੰਮੀ ਹੇਕ ਦੀ ਯਾਦ ਆ ਗਈ।

ਦਰਮਿਆਨੇ ਕੱਦ ਅਤੇ ਲੰਮੀ ਹੇਕ ਦੀ ਮਾਲਕ ਗੁਰਮੀਤ ਬਾਵਾ ਦਾ ਜਨਮ 1944 ਵਿਚ ਪਿੰਡ ਕੋਠੇ ਵਿਚ ਉਤਮ ਸਿੰਘ ਅਤੇ ਰਾਮ ਕੌਰ ਦੇ ਘਰੇ ਹੋਇਆ। ਇਹ ਪਿੰਡ ਅੱਜ ਕੱਲ੍ਹ ਗੁਰਦਾਸ ਪੁਰ ਜ਼ਿਲ੍ਹੇ ਵਿਚ ਪੈਂਦਾ ਹੈ। ਗੁਰਮੀਤ ਕੌਰ ਉਦੋਂ ਮਸਾਂ ਦੋ ਸਾਲਾਂ ਦੀ ਸੀ ਜਦੋਂ ਉਸ ਦੀ ਮਾਂ ਰਾਮ ਕੌਰ, ਚਾਰ ਭੈਣਾਂ ਤੇ ਇਕ ਭਰਾ ਨੂੰ ਛੱਡ ਇਸ ਫਾਨੀ ਸੰਸਾਰ ਤੋਂ ਸਦਾ ਲਈ ਰੁਖਸਤ ਹੋ ਗਈ। ਉਸ ਨੂੰ ਉਸ ਦੇ ਪਿਤਾ ਅਤੇ ਦਾਦੀ ਨੇ ਪਾਲਿਆ। ਉਸ ਵਕਤ ਪਿੰਡਾਂ ਵਿਚ ਕੁੜੀਆਂ ਨੂੰ ਪੜ੍ਹਾਉਣ ਦਾ ਰਿਵਾਜ ਨਹੀਂ ਸੀ; ਹੋਰ ਤਾਂ ਹੋਰ ਕੁੜੀਆਂ ਨੂੰ ਵੱਡਿਆਂ ਦੀ ਆਗਿਆ ਤੋਂ ਬਗੈਰ ਬਾਹਰ ਜਾਣ ਦੀ ਵੀ ਆਗਿਆ ਨਹੀਂ ਸੀ ਹੁੰਦੀ, ਪਰ ਗੁਰਮੀਤ ਕੌਰ ਦੇ ਇਰਾਦੇ ਬਹੁਤ ਉਚੇ ਸਨ। ਉਸ ਨੇ ਜੇ.ਬੀ.ਟੀ. ਕੀਤੀ ਅਤੇ ਅਧਿਆਪਕਾ ਲੱਗ ਗਈ। ਆਪਣੇ ਇਲਾਕੇ ਵਿਚ ਅਧਿਆਪਕਾ ਬਣਨ ਵਾਲੀ ਉਹ ਪਹਿਲੀ ਕੁੜੀ ਸੀ। ਅਧਿਆਪਕਾ ਬਣਨ ਦਾ ਸੁਪਨਾ ਉਸ ਨੇ ਸਕੂਲ ਪੜ੍ਹਦਿਆਂ ਲਿਆ ਸੀ ਅਤੇ ਇਹ ਸੁਫਨਾ ਸੱਚ ਹੋ ਗਿਆ ਸੀ।

ਸੰਨ 1968 ਵਿਚ ਗੁਰਮੀਤ ਕੌਰ ਦਾ ਵਿਆਹ ਕਿਰਪਾਲ ਬਾਵਾ ਨਾਲ ਹੋ ਗਿਆ ਅਤੇ ਉਹ ਗੁਰਮੀਤ ਕੌਰ ਤੋਂ ਗੁਰਮੀਤ ਬਾਵਾ ਬਣ ਗਈ। ਕਿਰਪਾਲ ਬਾਵਾ ਨੇ ਉਨ੍ਹਾਂ ਅੰਦਰ ਛੁਪੀ ਸੰਗੀਤ ਕਲਾ ਨੂੰ ਪਛਾਣ ਕੇ ਗੁਰਮੀਤ ਨੂੰ ਗਾਇਕੀ ਲਈ ਪ੍ਰੇਰਨਾ ਸ਼ੁਰੂ ਕੀਤਾ। ਇਹ ਪ੍ਰੇਰਨਾ ਉਸ ਨੂੰ ਆਖਰਕਾਰ ਸੰਗਤਿ ਵਾਲੀ ਸਟੇਜ ਉਤੇ ਲੈ ਆਈ ਅਤੇ ਅੱਜ ਗੁਰਮੀਤ ਬਾਵਾ ਸਮੁੱਚੇ ਜੱਗ-ਜਹਾਨ ਵਿਚ ਮਸ਼ਹੂਰ ਹੈ।

ਗੁਰਮੀਤ ਬਾਵਾ ਮੁਤਾਬਕ ਹੁਣ ਤਕ ਗਾਇਕੀ ਦੇ ਸਫ਼ਰ ਦੌਰਾਨ ਕਈ ਯਾਦਾਂ ਜ਼ਿੰਦਗੀ ਦੇ ਪੱਲੂ ਨਾਲ ਇਸ ਤਰ੍ਹਾਂ ਬੰਨ੍ਹੀਆਂ ਗਈਆਂ ਜਿਨ੍ਹਾਂ ਨੂੰ ਚਾਹ ਕੇ ਵੀ ਨਿਖੇੜਿਆ ਨਹੀਂ ਜਾ ਸਕਦਾ। ਉਹ ਦੱਸਦੀ ਹੈ ਕਿ ਤਬਿਲਿਸੀ ਵਿਚ ਇਕ ਪ੍ਰੋਗਰਾਮ ਤੋਂ ਬਾਅਦ ਕੋਈ ਔਰਤ ਭੱਜੀ ਭੱਜੀ ਉਸ ਕੋਲ ਆਈ ਤੇ ਗਲਵੱਕੜੀ ਵਿਚ ਲੈ ਬੋਲੀ, "ਯੂ ਆਰ ਦਿ ਬਿੱਗ ਲੇਡੀ ਆਫ਼ ਦਿ ਵਰਲਡ। ਯੂਅਰ ਹੋ-ਹੋ-ਹੋ ਇਜ਼ ਫੋਰਟੀ-ਫਾਈਵ ਸੈਕਿੰਡ।" ਉਸ ਨੇ ਆਪਣੇ ਗੁੱਟ ਤੋਂ ਘੜੀ ਉਤਾਰ ਗੁਰਮੀਤ ਬਾਵਾ ਦੀ ਕਲਾਈ 'ਤੇ ਬੰਨ੍ਹ ਦਿੱਤੀ। ਬਾਵਾ ਨੂੰ ਉਸ ਦਿਨ ਪਤਾ ਲੱਗਾ ਕਿ ਉਸ ਦੀ ਹੇਕ ਐਨੀ ਲੰਮੀ ਹੈ। ਇਸ ਗਾਇਕਾ ਦੇ ਘਰ ਤਿੰਨ ਧੀਆਂ (ਲਾਚੀ ਬਾਵਾ, ਪੋਪੀ ਬਾਵਾ ਤੇ ਗਲੋਰੀ ਬਾਵਾ) ਨੇ ਜਨਮ ਲਿਆ ਜਿਨ੍ਹਾਂ ਵਿਚੋਂ ਲਾਚੀ ਬਾਵਾ ਤੇ ਗਲੋਰੀ ਬਾਵਾ ਆਪਣੀ ਮਾਂ ਨਾਲ ਸਟੇਜਾਂ 'ਤੇ ਗਾਉਂਦੀਆਂ ਨਜ਼ਰ ਆਉਂਦੀਆਂ ਹਨ। ਉਨ੍ਹਾਂ ਦੇ ਗਲੇ ਵਿਚ ਵੀ ਆਪਣੀ ਮਾਂ ਵਾਲਾ ਰਸ ਸੁਣਾਈ ਦਿੰਦਾ ਹੈ। ਗੁਰਮੀਤ ਬਾਵਾ ਦੇ ਗਾਏ ਗੀਤ ਜੁਗਨੀ, ਮਿਰਜ਼ਾ, ਢੋਲ ਸੰਮੀ, ਸੁਹਾਗ, ਘੋੜੀਆਂ, ਲੰਮੇ ਗੀਤ, ਬੋਲੀਆਂ ਆਦਿ ਬਹੁਤ ਚਰਚਿਤ ਹੋਏ ਅਤੇ ਵੱਡੀ ਪੱਧਰ ਉਤੇ ਸੁਣੇ ਗਏ।

ਪੰਜਾਬ ਸਰਕਾਰ ਨੇ ਸਾਲ 1991 ਵਿਚ ਉਨ੍ਹਾਂ ਨੂੰ ਸਟੇਟ ਐਵਾਰਡ ਨਾਲ ਨਿਵਾਜਿਆ। ਸਾਲ 2002 ਵਿਚ ਉਨ੍ਹਾਂ ਨੂੰ ਪੰਜਾਬ ਸੰਗੀਤ ਅਕਾਦਮੀ ਦਾ ਸੰਗੀਤ ਇਨਾਮ ਤੇ ਮੱਧ ਪ੍ਰਦੇਸ਼ ਸਰਕਾਰ ਵੱਲੋਂ ਦੇਵੀ ਅਹਿੱਲਿਆ ਇਨਾਮ ਦਿੱਤਾ ਗਿਆ। ਸਾਲ 2008 ਉਨ੍ਹਾਂ ਨੂੰ ਉਨ੍ਹਾਂ ਦੀ ਕਲਾ ਸਦਕਾ ਭਾਸ਼ਾ ਵਿਭਾਗ (ਪੰਜਾਬ ਸਰਕਾਰ) ਵੱਲੋਂ ਸ਼੍ਰੋਮਣੀ ਐਵਾਰਡ ਮਿਲਿਆ। ਉਨ੍ਹਾਂ ਨੂੰ ਦੂਰਦਰਸ਼ਨ 'ਤੇ ਗਾਉਣ ਵਾਲੀ ਪਹਿਲੀ ਗਾਇਕਾ ਦਾ ਮਾਣ ਹਾਸਲ ਹੈ। ਅੱਜ ਕੱਲ੍ਹ ਪੰਜਾਬੀ ਗਾਇਨ ਵਿਚ ਪਏ ਘੜਮੱਸ ਬਾਰੇ ਉਹ ਆਖਦੀ ਹੈ ਕਿ ਗੀਤਕਾਰਾਂ ਅਤੇ ਗਾਇਕਾਂ ਨੂੰ ਪੈਸੇ ਵਾਲੇ ਪਾਸੇ ਭੱਜਣ ਦੀ ਥਾਂ ਕਲਾ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ। ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਇਸ ਨਿਘਾਰ ਲਈ ਸਾਨੂੰ ਕਦੀ ਮੁਆਫ ਨਹੀਂ ਕਰਨਗੀਆਂ। ਉਨ੍ਹਾਂ ਦੀ ਇਹ ਗੱਲ ਸੌ ਫੀਸਦ ਸਹੀ ਹੈ, ਉਨ੍ਹਾਂ ਦੀ ਗਾਇਕੀ ਤੋਂ ਨਵੇਂ ਗਾਇਕ ਸੇਧ ਲੈ ਸਕਦੇ ਹਨ ਅਤੇ ਸਭਿਆਚਾਰ ਨੂੰ ਹੋਰ ਅਮੀਰ ਕਰ ਸਕਦੇ ਹਨ। ਉਨ੍ਹਾਂ ਦੇ ਗੀਤਾਂ ਦਾ ਇਹੀ ਸੱਚਾ ਅਤੇ ਸੁੱਚਾ ਸੁਨੇਹਾ ਹੈ।









*ਗੁਰਮੀਤ ਬਾਵਾ ਦੇ ਵੱਖ ਵੱਖ ਅੰਦਾਜ਼ ਅਤੇ (ਸੱਜੇ) ਇਕ ਸਮਾਗਮ ਦੌਰਾਨ ਚਰਨਾਂ ਵਿਚ ਬੈਠਾ ਗਾਇਕ ਗੁਰਦਾਸ ਮਾਨ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਅਗਸਤ 2017 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-284



*ਮੋਹ ਰਿਹਾ ਚੌਗਿਰਦਾ ਪਹਾੜੀਆਂ ਦਾ,*
*ਕੈਸੀ ਸੁੰਦਰਤਾ ਯਾਰੋ ਤਸਵੀਰ ਦੀ ਐ।*
*ਭੋਲੇ-ਭਾਅ ਅਖਰੋਟ ਸੁਕਾਉਣ ਲੱਗੀ,*
*ਧੀ ਜਾਪਦੀ ਇਹ ਕਸ਼ਮੀਰ ਦੀ ਐ।*

### ਕੈਪਸ਼ਨ ਮੁਕਾਬਲਾ-282



ਧਰਤੀ ਦੇ ਜਾਏ ਆਪਣੇ ਹਮਸਾਏ
ਪੁਲਿਸ ਵਾਲੇ ਨਹੀਂ ਹੁੰਦੇ ਗੈਰ।
ਬਸ ਰਿਸ਼ਵਤਖੋਰੀ ਛੱਡ ਫਰਜ਼ ਨਿਭਾਵਣ
ਨਾ ਢਾਵਣ ਕਿਸੇ 'ਤੇ ਕਹਿਰ।
ਪਗੜੀ ਇੱਜਤ ਸਭ ਦੀ ਸਾਂਝੀ
ਜਾਪੇ ਚੇਤਾ ਰੱਖਦਾ ਇਹ ਵੀਰ।
ਜੀ ਆਖੇ ਅਤੇ ਜੀ ਕਹਾਵੇ
ਬਣਾਵੇ ਪੁਲਿਸ ਦੀ ਨਵੀਂ ਤਸਵੀਰ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***
***ਫੋਨ: 408-912-3438***

---

ਉਤਿਆ ਨਹੀਂ ਹੈ ਆਵਾ ਹਾਲੇ
ਹਰਿਆ ਬੂਟ ਸਦਾ ਲਹਿਰਾਵੇ।
ਵਿਚ ਵਰਦੀ ਦੇ ਸਜਿਆ ਹੋਇਆ
ਪੱਗ ਦੇ ਲਾਉਣੇ ਪੇਚ ਸਿਖਾਵੇ।
ਬਦਨਾਮੀ ਵਾਲਾ ਲੱਗਿਆ ਟਿੱਕਾ
ਨਾਲ ਪ੍ਰੇਮ ਦੇ ਲਾਹੀ ਜਾਵੇ।
***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਪੰਜੇ ਉਂਗਲਾਂ ਇੱਕੋ ਜਿੱਡੀਆਂ ਨਾ ਹੋਣ
ਇਹ ਗੱਲ ਲੋਹੇ 'ਤੇ ਲਕੀਰ।
ਸਿਜਦਾ ਬੰਦੇ ਦੇ ਕੰਮ ਨੂੰ ਹੋਵੇ
ਫਿਰ ਪੁਲਸੀਆ ਹੋਵੇ ਜਾਂ ਫ਼ਕੀਰ।
***-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ***

---

ਪੰਜਾਬ ਪੁਲਿਸ ਦਾ ਅਕਸ ਸੁਧਾਰਨ ਲਈ
ਟਰੈਫਿਕ ਦੇ ਨਿਯਮ ਸਿਖਾਵਾਂ।
ਮਨ 'ਚ ਦਰਦ ਆਪਣਿਆਂ ਦਾ ਰੱਖ ਕੇ
ਤਨਦੇਹੀ ਨਾਲ ਕਰਤੱਵ ਨਿਭਾਵਾਂ।
ਸਿਰੜ ਆਪਣੇ ਨਾਲ ਬਣ ਸੰਤ ਸਿਪਾਹੀ
ਸਮਾਜ ਸੇਵਾ ਨਾਲ ਜਨਤਾ ਦੇ ਕੰਮ ਆਵਾਂ।
ਮੰਢੀਰ ਨਾ ਪਾਵੇ ਲੋਹਟੋਪ, ਨਾ ਬੰਨੇ ਪੱਗ
ਸਿੱਧੇ ਰਸਤੇ ਪਾ ਪੱਗ ਬੰਨਣੀ ਸਿਖਾਵਾਂ।
ਪਰੇਰ ਕੇ ਵਿਗੜਿਆਂ-ਤਿਗੜਿਆਂ ਨੂੰ
ਸਹੀ ਮਾਅਨਿਆਂ 'ਚ 'ਮਾਮਾ' ਅਖਵਾਵਾਂ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਮੁੰਡੇ ਦੇ ਹੱਥ ਦੇਖ ਸਿਰੋਪਾ,
ਪੁਲਸੀਏ ਨੇ ਸੈਨਤ ਨਾਲ ਕੋਲ ਬੁਲਾਇਆ।
ਆ ਕਾਕਾ ਕੇਸਕੀ ਬੰਨਣ ਦੀ
ਤੈਨੂੰ ਮੈਂ ਜੁਗਤ ਸਿਖਾਵਾਂ,
ਐਵੇਂ ਨਾ ਤੂੰ ਫਿਰ ਘਬਰਾਇਆ।
ਭਾਵੇਂ ਵਰਦੀ ਦੇਖ ਕੇ ਡਰਿਆ ਸੀ,
ਐਪਰ ਦੇਖ ਕੇ ਸਿਪਾਹੀ ਦਾ ਮੋਹ,
ਲੱਗਿਆ ਨਾ ਉਹ ਕੋਈ ਪਰਾਇਆ।
***-ਦਵਿੰਦਰ ਕੌਰ***

---

ਲੋਕਾਂ ਐਵੇਂ ਕੀਤੀ ਬਦਨਾਮ ਪੰਜਾਬ ਪੁਲਿਸ
ਚਲਾਨੋਂ ਬਚਣ ਲਈ ਪੱਗ ਬੰਨਣੀ ਸਿਖਾਵੇ।
ਗੁਰੂਆਂ ਪੀਰਾਂ ਦੀ ਦਿੱਤੀ ਇਹ ਨਿਸ਼ਾਨੀ
ਲੱਖਾਂ 'ਚੋਂ ਪੱਗ ਵਾਲਾ ਸਿੱਖ ਪਛਾਣਿਆ ਜਾਵੇ।
ਸੰਤਰੀ ਪੱਗ ਦੇ ਫਾਇਦੇ ਦੱਸੇ
ਗੁਰੂ ਗੋਬਿੰਦ ਸਿੰਘ ਦਾ ਸਿੱਖ ਅਖਵਾਵੇ।
ਕੁਰਬਾਨੀਆਂ ਭਰਿਆ ਇਤਿਹਾਸ ਸਿੱਖੀ ਦਾ
ਐਵੇਂ ਨਹੀਂ ਮਿਲੀ ਬੈਠੇ ਬਿਠਾਏ।
***-ਗਿਆਨੀ ਜਗਜੀਤ ਕੌਰ ਚੰਡੀਗੜ੍ਹ।***

---


ਪੱਗਾਂ ਬੰਨ੍ਹਦੇ ਖੁਦ
ਲਾਹੁੰਦੇ ਪੱਗਾਂ ਦੂਜਿਆਂ ਦੀਆਂ।
ਇਹ ਹੈ ਪੁਲਿਸ ਦਾ ਕਿੱਤਾ
ਚਾਂਗਮਾਰੀ ਸਿਖਲਾਈ 'ਚ
ਹੈ ਸਿਖਾਇਆ ਜਾਂਦਾ
'ਗਾਲ੍ਹ ਕੱਢ ਆਪਣੇ ਆਪ ਨੂੰ ਭੈਣ ਦੀ।'
ਕੀਤਾ ਬਦਨਾਮ ਹੈ ਕਿੱਤਾ।
ਪੜ੍ਹਿਆ ਲਿਖਿਆ ਕਿਉਂ ਨਾ ਹੋਵੇ ਭਾਵੇਂ
ਪੱਥਰ 'ਤੇ ਪਾਣੀ ਦਾ ਅਸਰ ਹੋ ਜੀ ਜਾਂਦਾ।
ਲੱਭਣਗੇ ਕੁਝ ਨੇਕ ਦਿਲ ਵੀ।
ਬਜਾਏ ਕਿ ਪੱਗ ਪੈਰਾਂ 'ਚ ਰੁਲੇ
ਸਿਖਾਉਣਗੇ ਪੱਗ ਦੀ ਇੱਜਤ।
ਪੱਗ ਨਿਸ਼ਾਨੀ ਹੈ ਸੁਹੱਪਣ ਦੀ।
ਬੰਨ੍ਹੀ ਹੋਵੇ ਠੋਕ ਕੇ ਜੇ
ਸਭ ਕਰਦੇ ਸਲਾਮ ਖੜ੍ਹ ਕੇ
ਵੁੱਕਤ ਦੂਣੀ-ਚੌਣੀ ਵਧ ਜਾਂਦੀ।
***-ਦਰਸ਼ਨਪਾਲ ਦੋਸਾਂਝ***

# ਪੈਰਿਸ ਦਾ ਸਟੇਸ਼ਨ ਅਤੇ ਬੰਗਲਾਦੇਸ਼ੀ ਕੁੜੀ



ਪੈਰਿਸ ਦੇ ਰੇਲਵੇ ਸਟੇਸ਼ਨ ਦੀ ਝਲਕ।

ਇਤਿਹਾਸਕ ਨਾਵਲ ਅਤੇ ਕਹਾਣੀਆਂ ਲਿਖਣ ਵਾਲਾ ਉਘਾ ਲਿਖਾਰੀ ਮਨਮੋਹਨ ਬਾਵਾ ਘੋਰ ਘੁਮੱਕੜ ਵੀ ਹੈ। ਜਵਾਨੀ ਵੇਲੇ ਤੋਂ ਹੀ ਉਹ ਵੱਖ ਵੱਖ ਧਰਤੀਆਂ ਗਾਹੁੰਦਾ ਰਿਹਾ ਹੈ। ਸੱਤਰਵਿਆਂ ਵਿਚ ਕੀਤੀ ਕਿਸੇ ਯਾਤਰਾ ਬਾਰੇ ਲਿਖੇ ਆਪਣੇ ਲੇਖ 'ਪੈਰਿਸ ਦਾ ਸਟੇਸ਼ਨ ਅਤੇ ਬੰਗਲਾਦੇਸ਼ੀ ਕੁੜੀ' ਵਿਚ ਉਸ ਨੇ ਪੈਰਿਸ ਦੀ ਇਕ ਯਾਦ ਸਾਂਝੀ ਕੀਤੀ ਹੈ ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ



**ਮਨਮੋਹਨ ਬਾਵਾ**

ਤ੍ਰਿਸ਼ਨਾ ਆਦਮੀ ਨੂੰ ਕਿਥੇ ਕਿਥੇ ਲੈ ਜਾਂਦੀ ਅਤੇ ਕੀ ਕੀ ਕਰਨ ਲਈ ਮਜਬੂਰ ਕਰਦੀ ਹੈ!... ਮੈਨੂੰ ਕਿਸੇ ਯੂਥ ਕਾਨਫਰੰਸ ਵਿਚ ਹਿੱਸਾ ਲੈਣ ਲਈ ਦਿੱਲੀ ਤੋਂ ਲੰਡਨ ਅਤੇ ਵਾਪਸੀ ਦਾ ਹਵਾਈ ਜਹਾਜ਼ ਦਾ ਕਿਰਾਇਆ ਮਿਲ ਗਿਆ। ਉਸੇ ਵੇਲੇ ਮੇਰੀ ਪ੍ਰੇਮਕਾ ਜੋ ਆਪਣੇ ਭਰਾਵਾਂ ਨੂੰ ਮਿਲਣ ਅਮਰੀਕਾ ਗਈ ਹੋਈ ਸੀ, ਨਾਲ ਪ੍ਰੋਗਰਾਮ ਬਣਿਆ ਕਿ ਉਹ ਦਿੱਲੀ ਵਾਪਸ ਆ ਰਹੀ ਹੈ; ਤੇ ਵਾਪਸ ਆਉਂਦਿਆਂ ਉਹ ਮੈਨੂੰ ਪੈਰਿਸ ਵਿਚ ਮਿਲੇਗੀ। ਫਿਰ ਅਸੀਂ ਦੋਵੇਂ ਪੈਰਿਸ ਦੀ ਸੈਰ ਤੋਂ ਬਾਅਦ ਇਕੱਠੇ ਲੰਡਨ ਜਾਵਾਂਗੇ। ਦੂਜਾ ਲਾਲਚ ਇਹ ਹੋ ਗਿਆ ਕਿ ਕੋਈ ਸਸਤੀ ਫਲਾਈਟ ਲੈ ਲਵਾਂ ਅਤੇ ਜੋ ਪੈਸੇ ਬਚਣ, ਉਸ ਨਾਲ ਆਪਣੀ ਸੈਰ ਦਾ ਖਰਚਾ ਕੱਢ ਲਵਾਂ (ਕਾਨਫਰੰਸ ਵਾਲਿਆਂ ਵੱਲੋਂ ਵਧੀਆ ਫਲਾਈਟ ਦੇ ਪੂਰੇ ਪੈਸੇ ਮਿਲ ਜਾਣੇ ਸਨ)।

ਪਹਿਲੀ ਦੁਰਘਟਨਾ ਤਾਂ ਇਹ ਹੋਈ ਕਿ 'ਈਰਾਕ' ਏਅਰਲਾਈਨ ਦੀ ਫਲਾਈਟ ਕਿਸੇ ਕਾਰਨ 'ਮਿਸ' ਹੋ ਗਈ। ਹੁਣ ਕੀ ਕੀਤਾ ਜਾਵੇ? ਪੈਰਿਸ ਦੇ ਹਵਾਈ ਅੱਡੇ 'ਤੇ ਮੈਂ ਆਪਣੀ ਪ੍ਰੇਮਕਾ ਨੂੰ ਜਾ ਕੇ ਮਿਲਣਾ ਸੀ, ਮੇਰੇ ਟ੍ਰੈਵਲ ਏਜੰਟ ਨੇ ਆਪਣੀ 'ਫਲਾਇਟ' ਦੀ ਕਿਤਾਬ ਦੇ ਵਰਕੇ ਫਰੋਲੋ ਅਤੇ ਕਿਹਾ ਕਿ ਅਗਲੀ ਫਲਾਈਟ ਜਨੇਵਾ (ਸਵਿਟਜ਼ਰਲੈਂਡ) ਤੱਕ ਜਾਵੇਗੀ। ਉਥੋਂ ਮੈਂ ਰੇਲ ਗੱਡੀ ਰਾਹੀਂ ਕੁਝ ਘੰਟਿਆਂ ਵਿਚ ਪੈਰਿਸ ਪਹੁੰਚ ਜਾਵਾਂਗਾ।

ਸੋ, ਮੈਂ ਅਗਲੀ ਫਲਾਈਟ ਲੈ ਕੇ ਜਨੇਵਾ ਪਹੁੰਚ ਗਿਆ, ਬਿਨਾਂ ਵੀਜ਼ੇ ਦੇ। ਏਅਰਪੋਰਟ 'ਤੇ ਸਵਿਟਜ਼ਰਲੈਂਡ ਵਾਲਿਆਂ ਰੋਕ ਲਿਆ। ਫਿਰ ਉਨ੍ਹਾਂ ਨੂੰ ਮੇਰੀ ਹਾਲਤ 'ਤੇ ਕੁਝ ਤਰਸ ਆ ਗਿਆ ਅਤੇ ਬਾਰਾਂ ਘੰਟੇ ਦੇ ਅੰਦਰ ਅੰਦਰ ਜਨੇਵਾ ਤੋਂ ਪੈਰਿਸ ਜਾਣ ਵਾਲੀ ਗੱਡੀ ਵਿਚ ਬੈਠ ਕੇ ਚਲੇ ਜਾਣ ਦੀ ਵਾਰਨਿੰਗ ਦੇ ਕੇ ਏਅਰਪੋਰਟ ਤੋਂ ਬਾਹਰ ਕੱਢ ਦਿੱਤਾ। ਪੈਰਿਸ ਪਹੁੰਚ ਕੇ ਕੁਝ ਪਾਕਿਸਤਾਨੀ ਸੈਲਾਨੀਆਂ ਦੀ ਸਹਾਇਤਾ ਨਾਲ ਸਸਤਾ ਜਿਹਾ ਹੋਟਲ ਲੱਭਿਆ ਅਤੇ ਹੋਟਲ ਵਿਚ ਸਮਾਨ ਟਿਕਾ ਕੇ ਆਪਣੀ ਪ੍ਰੇਮਕਾ ਨੂੰ ਰਸੀਵ ਕਰਨ ਏਅਰਪੋਰਟ ਪਹੁੰਚ ਗਿਆ। ਇਨ੍ਹਾਂ ਸਾਰੀਆਂ ਔਕੜਾਂ ਦੇ ਬਾਵਜੂਦ ਮਨ ਵਿਚ ਇਕ ਖੁਸ਼ੀ, ਇਕ ਚਾਅ ਸੀ ਕਿ ਮੈਂ ਆਪਣੀ ਮਹਿਬੂਬਾ ਨੂੰ ਪੈਰਿਸ ਵਿਚ ਮਿਲਾਂਗਾ।

ਪਰ ਲੱਗਦਾ ਸੀ ਕਿ ਮੇਰਾ ਘਰੋਂ ਨਿਕਲਣ ਦਾ ਮਹੂਰਤ ਠੀਕ ਨਹੀਂ ਸੀ। ਉਹ ਨਹੀਂ ਆਈ, ਤੇ ਮੈਂ ਕਈ ਫਲਾਈਟਾਂ ਦੀ ਉਡੀਕ ਕਰਨ ਤੋਂ ਬਾਅਦ ਨਿਰਾਸ਼ ਚਿਤ ਪੈਰਿਸ ਵਾਪਸ ਆ ਗਿਆ। ਇਕ ਦਿਨ ਹੋਰ ਉਥੇ ਰਿਹਾ ਅਤੇ ਅਗਲੀ ਰਾਤ ਸਮਾਨ ਚੁੱਕ ਕੇ ਪੈਰਿਸ ਦੇ ਸਟੇਸ਼ਨ 'ਤੇ ਆ ਪਹੁੰਚਿਆ।

ਯੂਰਪ ਵਿਚ ਵਿਦਿਆਰਥੀਆਂ ਦੀਆਂ ਛੁੱਟੀਆਂ ਕਾਰਨ ਪੈਰਿਸ ਦੇ ਸਟੇਸ਼ਨ 'ਤੇ ਬਹੁਤ ਭੀੜ ਸੀ। ਨੌਜਵਾਨ ਮੁੰਡੇ-ਕੁੜੀਆਂ ਦੀਆਂ ਢਾਣੀਆਂ ਆਪਣੇ ਪਿੱਠੂ ਪਿੱਠ ਨਾਲ ਲਮਕਾਈ ਹਰਲ ਹਰਲ ਕਰਦੀਆਂ ਫਿਰ ਰਹੀਆਂ ਸਨ। ਟਿਕਟ ਘਰ ਸਾਹਮਣੇ ਵੀ ਬਹੁਤ ਭੀੜ ਸੀ। ਬੜੀ ਦੇਰ ਬਾਅਦ ਵਾਰੀ ਆਈ। ਜਦ ਟਿਕਟ ਲੈ ਕੇ ਪਲੇਟਫਾਰਮ 'ਤੇ ਪਹੁੰਚਿਆ ਤਾਂ ਗੱਡੀ ਤੁਰ ਪਈ ਸੀ ਅਤੇ ਮੇਰੇ ਵੇਖਦਿਆਂ ਵੇਖਦਿਆਂ ਮੇਰੇ ਸਾਹਣਿਓਂ ਦੀ ਲੰਘ ਗਈ।

ਮੈਂ ਆਪਣਾ ਸਮਾਨ ਪਿੱਠ 'ਤੇ ਚੁੱਕੀ ਥੱਕੇ ਪੈਰਾਂ ਅਤੇ ਡੁਬਦੇ ਮਨ ਨਾਲ ਵੇਟਿੰਗ ਰੂਮ ਵੱਲ ਤੁਰ ਪਿਆ। ਲੰਡਨ ਜਾਣ ਵਾਲੀ ਉਹ ਆਖਰੀ ਗੱਡੀ ਸੀ। ਅਗਲੀ ਗੱਡੀ ਸਵੇਰੇ ਅੱਠ ਵਜੇ ਜਾਣੀ ਸੀ। ਹੁਣ ਰਾਤ ਦੇ ਗਿਆਰਾਂ ਵਜ ਗਏ ਸਨ ਅਤੇ ਮੁੜ ਕਿਸੇ ਹੋਟਲ ਵਿਚ ਜਾ ਕੇ ਪੌਂਡ ਖਰਚਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਛੋਟਾ ਜਿਹਾ ਵੇਟਿੰਗ ਰੂਮ ਖਚਾਖਚ ਭਰਿਆ ਹੋਇਆ ਸੀ। ਵੇਟਿੰਗ ਰੂਮ ਦੇ ਬਾਹਰ ਮੇਰੇ ਵਰਗੇ ਯਾਤਰੀ ਕੰਧਾਂ ਨਾਲ, ਥੰਮ੍ਹਾਂ ਨਾਲ ਪਿਠ ਟਕਾਈ ਬੈਠੇ ਰਾਤ ਬਿਤਾਉਣ ਦਾ ਯਤਨ ਕਰ ਰਹੇ ਸਨ। ਮੈਂ ਵੀ ਇਕ ਥੰਮ੍ਹ ਦੇ ਸਹਾਰੇ ਬੈਠ ਗਿਆ ਅਤੇ ਓਵਰ ਕੋਟ ਨਾਲ ਆਪਣੇ ਆਪ ਨੂੰ ਢਕਦਿਆਂ ਠੰਢ ਤੋਂ ਬਚਣ ਦਾ ਯਤਨ ਕਰਨ ਲੱਗਾ। ਥੰਮ੍ਹ ਦੇ ਦੂਜੇ ਪਾਸੇ ਛੋਟੇ ਛੋਟੇ ਵਾਲਾਂ ਵਾਲਾ ਮੁੰਡਾ ਜਾਂ ਕੁੜੀ ਆਪਣੇ ਗੋਡਿਆਂ ਵਿਚ ਸਿਰ ਲੁਕਾਈ ਬੈਠਾ ਜਾਂ ਬੈਠੀ ਸੀ।

ਅੱਖਾਂ ਬੰਦ ਕਰ ਕੇ ਮੈਂ ਵੀ ਸੌਣ ਦਾ ਯਤਨ ਕਰਨ ਲੱਗਾ। ਥੋੜ੍ਹੀ ਦੇਰ ਬਾਅਦ ਕਿਸੇ ਦੇ ਰੋਣ ਦੀ ਦੱਬੀ ਦੱਬੀ ਆਵਾਜ਼ ਮੇਰੇ ਕੰਨਾਂ ਵਿਚ ਪਈ। ਮੈਂ ਥੰਮ੍ਹ ਦੇ ਦੂਜੇ ਪਾਸੇ ਬੈਠੇ ਆਕਾਰ ਵਲ ਨਜ਼ਰ ਮਾਰੀ। ਉਸ ਦੇ ਹੌਕਿਆਂ ਨਾਲ ਉਸ ਦੇ ਗੋਡਿਆਂ 'ਤੇ ਪਿਆ ਓਵਰਕੋਟ ਹਿਲ ਰਿਹਾ ਸੀ। ਕੁੜੀ ਦੀ ਆਵਾਜ਼ ਲੱਗ ਰਹੀ ਸੀ। ਪਤਾ ਨਹੀਂ ਕੌਣ ਹੈ? ਮੈਂ ਉਸ ਦੇ ਰੋਣ ਦਾ ਕਾਰਨ ਪੁੱਛਣਾ ਚਾਹੁੰਦਾ ਸਾਂ, ਪਰ ਹਿੰਮਤ ਨਹੀਂ ਸੀ ਪੈ ਰਹੀ। ਕੁੜੀ ਨੇ ਹੌਲੀ ਦੇਣੀ ਸਿਰ ਚੁੱਕਿਆ ਤੇ ਡਰੀਆਂ ਡਰੀਆਂ ਨਜ਼ਰਾਂ ਨਾਲ ਇਧਰ ਉਧਰ ਵੇਖਣ ਲੱਗੀ। ਮੈਂ ਉਸ ਬਾਰੇ ਅਨੁਮਾਨ ਲਾਉਣ ਲੱਗਾ। ਪੱਕਾ ਜਿਹਾ ਰੰਗ, ਸ਼ਾਇਦ ਲੰਕਾ, ਪਾਕਿਸਤਾਨ, ਇੰਡੀਆ ਜਾਂ ਥਾਈਲੈਂਡ ਦੀ ਹੋਵੇ?

"ਮੈਂ ਤੁਹਾਡੀ ਕੁਝ ਮਦਦ ਕਰ ਸਕਦਾ ਹਾਂ?" ਮੈਂ ਅੰਗਰੇਜ਼ੀ ਵਿਚ ਪੁੱਛਿਆ। ਉਸ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ। ਅੱਖਾਂ ਵਿਚ ਅਜੇ ਵੀ ਹੰਝੂ ਛਲਕ ਰਹੇ ਸਨ। ਮੈਂ ਉਸ ਨੂੰ ਆਪਣੇ ਸਾਮਾਨ ਦੀ ਰਾਖੀ ਕਰਨ ਲਈ ਕਹਿ ਕੇ ਗਰਮ ਕਾਫੀ ਦੇ ਦੋ ਪੇਪਰ ਕੱਪ ਲੈ ਆਇਆ। ਕੁੜੀ ਕਾਫੀ ਵਾਲਾ ਕੱਪ ਫੜ ਕੇ ਚੁੱਪ-ਚਾਪ ਪੀਣ ਲੱਗੀ।

"ਕਿਥੋਂ ਦੇ ਰਹਿਣ ਵਾਲੇ ਹੋ?"

ਉਹ ਚੁੱਪ ਰਹੀ।

"ਕਿਥੇ ਜਾਣਾ ਹੈ?"

"ਇੰਗਲੈਂਡ, ਪਰ ਹੁਣ ਪਤਾ ਨਹੀਂ।"

ਹੌਲੀ ਹੌਲੀ ਉਸ ਨੇ ਦੱਸਿਆ ਕਿ ਉਹ ਪੂਰਬੀ ਪਾਕਿਸਤਾਨ (ਜੋ ਬਾਅਦ ਵਿਚ ਬੰਗਲਾਦੇਸ਼ ਬਣਿਆ) ਦੀ ਰਹਿਣ ਵਾਲੀ ਹੈ ਅਤੇ ਕੁਝ ਮਹੀਨਿਆਂ ਦੀ ਬੈਲਗਰੇਡ (ਪਹਿਲਾਂ ਯੁਗੋਸਲਾਵੀਆ ਦਾ ਸ਼ਹਿਰ, ਹੁਣ ਸਰਬੀਆ ਦੀ ਰਾਜਧਾਨੀ) ਵਿਚ ਕਿਸੇ ਟ੍ਰੇਨਿੰਗ ਲਈ ਆਈ ਸੀ। ਟ੍ਰੇਨਿੰਗ ਖਤਮ ਹੋਣ 'ਤੇ ਘਰੋਂ ਖਤ ਆਇਆ ਕਿ ਉਹ ਅਜੇ ਘਰ ਵਾਪਸ ਨਾ ਆਵੇ। ਬੰਗਲਾਦੇਸ਼ ਵਿਚ ਪਾਕਿਸਤਾਨੀ ਫੌਜੀ ਬੜੇ ਜ਼ੁਲਮ ਕਰ ਰਹੇ ਸਨ ਅਤੇ ਲੜਾਈ ਵੀ ਛਿੜ ਗਈ ਹੈ।... ਫਿਰ ਉਹ ਆਪਣੇ ਕਿਸੇ ਦੂਰ ਦੇ ਰਿਸ਼ਤੇਦਾਰ ਕੋਲ ਜਾਣ ਲਈ ਤੁਰ ਗਈ ਜੋ ਇੰਗਲੈਂਡ ਵਿਚ ਕਿਤੇ ਰਹਿੰਦਾ ਸੀ। ਰਸਤੇ ਵਿਚ ਕਿਸੇ ਤੁਰਕੀ ਮੁੰਡੇ ਨਾਲ ਦੋਸਤੀ ਹੋ ਗਈ। ਮਹੀਨਾ ਇਕੱਠੇ ਰਹੇ। ਹੁਣ ਉਹ ਟੈਲੀਫੋਨ ਕਰਨ ਦਾ ਬਹਾਨਾ ਲਾ ਕੇ ਚਲਾ ਗਿਆ ਸੀ ਅਤੇ ਕੁੜੀ ਨੂੰ ਪੂਰਾ ਯਕੀਨ ਸੀ ਕਿ ਉਹ ਵਾਪਸ ਨਹੀਂ ਆਵੇਗਾ। ਦਸ ਘੰਟੇ ਤੋਂ ਵੱਧ ਹੋ ਗਏ ਸਨ ਉਸ ਨੂੰ ਗਿਆਂ।

"ਹੁਣ ਰੋਨੀਂ ਕਿਉਂ ਏਂ? ਚਲਾ ਗਿਆ ਤਾਂ ਚਲਾ ਗਿਆ। ਤੂੰ ਜਿੱਧਰ ਜਾਣ ਲਈ ਤੁਰੀ ਸੀ, ਤੁਰੀ ਜਾ।"

"ਪੈਸੇ ਸਾਰੇ ਖਤਮ ਹੋ ਗਏ।"

"ਇੰਗਲੈਂਡ ਦੀ ਟਿਕਟ ਵੀ ਹੈ ਕਿ ਉਹ ਵੀ ਨਹੀਂ?"

"ਹਾਂ, ਟਿਕਟ 'ਤੇ ਹੈ ਲੰਡਨ ਤੱਕ ਦੀ।"

ਉਨੀ ਦੇਰ ਵਿਚ ਸਾਹਮਣੇ ਦਿਸ ਰਹੇ ਵੇਟਿੰਗ ਰੂਮ ਵਿਚ ਹਫੜਾ-ਦਫੜੀ ਜਿਹੀ ਮੱਚ ਗਈ। ਮੈਂ ਦੇਖਿਆ ਪੁਲਿਸ ਵਾਲੇ ਵੇਟਿੰਗ ਰੂਮ ਵਿਚ ਬੈਠੇ ਲੋਕਾਂ ਨੂੰ ਕੱਢ ਕੇ ਜੰਦਰਾਂ ਮਾਰ ਰਹੇ ਸਨ। ਤਿੰਨ ਚਾਰ ਬੁੱਢੇ ਆਦਮੀ ਤੀਵੀਆਂ ਨੂੰ ਮਰੇ ਹੋਏ ਕੁੱਤੇ ਵਾਂਗ ਘਸੀਟ ਕੇ ਬਾਹਰ ਕੱਢ ਦਿੱਤਾ। ਉਨ੍ਹਾਂ ਨੂੰ ਕੱਢਣ ਤੋਂ ਬਾਅਦ ਪਲੇਟਫਾਰਮ ਉਤੇ ਆਪਣੇ ਆਪਣੇ ਸਲੀਪਿੰਗ ਬੈਗਾਂ ਵਿਚ ਸੁੱਤੇ ਅਤੇ ਬੈਠੇ ਹੋਏ ਲੋਕਾਂ ਨੂੰ ਵੀ ਬਾਹਰ ਕੱਢਣ ਲੱਗੇ। ਇਕ ਅੰਗਰੇਜ਼ ਮੁੰਡੇ ਤੋਂ ਮੈਂ ਪੁੱਛਿਆ ਕਿ ਕਿਉਂ ਕੱਢ ਰਹੇ ਹਨ। ਉਸ ਨੇ ਦੱਸਿਆ ਕਿ ਸਵੇਰੇ ਸੱਤ ਵਜੇ ਤੱਕ ਇਥੋਂ ਕੋਈ ਗੱਡੀ ਨਾ ਜਾਣੀ ਹੈ ਅਤੇ ਨਾ ਆਉਣੀ। ਹੁਣ ਰੇਲਵੇ ਸਟੇਸ਼ਨ ਬੰਦ ਕਰ ਕੇ ਰੇਲਵੇ ਦੇ ਆਦਮੀ ਆਪਣੇ ਆਪਣੇ ਘਰਾਂ ਨੂੰ ਜਾ ਰਹੇ ਹਨ। ਸੁਣ ਕੇ ਕੁੜੀ ਦੇ ਚਿਹਰੇ 'ਤੇ ਫਿੱਕੀ ਜਿਹੀ ਮੁਸਕਾਨ ਆ ਗਈ ਅਤੇ ਉਹ ਅੰਗਰੇਜ਼ੀ ਛੱਡ ਕੇ ਉਰਦੂ ਵਿਚ ਮੈਨੂੰ ਬੋਲੀ, "ਆਓ ਚੱਲੀਏ।"

ਅਸੀਂ ਆਪਣਾ ਸਮਾਨ ਚੁੱਕ ਕੇ ਬਾਕੀਆਂ ਨਾਲ ਬਾਹਰ ਤੁਰ ਪਏ। ਰਾਤ ਦੇ ਬਾਰਾਂ ਵੱਜ ਗਏ ਸਨ। ਬਾਹਰ ਥੋੜ੍ਹਾ ਥੋੜ੍ਹਾ ਮੀਂਹ ਪੈ ਰਿਹਾ ਸੀ ਅਤੇ ਠੰਢੀ ਹਵਾ ਦੇ ਬੁੱਲੇ ਉਡਦੇ ਗਰਮ ਕੱਪੜਿਆਂ ਨੂੰ ਚੀਰਦੇ ਹੋਏ ਸਰੀਰ ਵਿਚ ਕਾਂਬਾ ਛੇੜ ਰਹੇ ਸਨ। ਸਟੇਸ਼ਨ ਦੇ ਬਾਹਰ ਇਕ ਪਾਸੇ ਕਾਰਾਂ-ਮੋਟਰਾਂ ਦੀ ਪਾਰਕਿੰਗ ਲਈ ਛੋਟਾ ਜਿਹਾ ਸ਼ੈਡ ਬਣਿਆ ਹੋਇਆ ਸੀ। ਕੁਝ ਸ਼ੈਡ ਅਜੇ ਬਣ ਰਹੇ ਸਨ। ਸ਼ੈਡਾਂ ਦੇ ਥੱਲੇ ਖੜ੍ਹੇ ਟਰੱਕਾਂ ਦੇ ਡੱਲ੍ਹੇ ਡੀਜ਼ਲ ਵਿਚੋਂ ਬੋਅ ਆ ਰਹੀ ਸੀ। ਅੱਧੇ ਕੁ ਬਣੇ ਇਕ ਸ਼ੈਡ ਥੱਲੇ ਅਸੀਂ ਪੰਦਰਾਂ ਵੀਹ ਬੰਦੇ ਆ ਕੇ ਆਪਣੀਆਂ ਆਪਣੀਆਂ ਥਾਵਾਂ ਮੱਲ ਕੇ ਬੈਠ ਗਏ, ਵੱਖਰੇ ਵੱਖਰੇ ਝੁੰਡਾਂ ਜਿਹਾਂ ਵਿਚ।

ਨੇੜੇ ਬੈਠੇ ਇਕ ਝੁੰਡ ਵਿਚੋਂ ਆਵਾਜ਼ ਆਈ, "ਸਤਿ ਸ੍ਰੀ ਅਕਾਲ ਜੀ।"

ਮੈਂ ਖੁਸ਼ ਹੁੰਦਿਆਂ ਅਤੇ ਸਤਿ ਸ੍ਰੀ ਅਕਾਲ ਦਾ ਜਵਾਬ ਦੇਂਦਿਆਂ ਪੁੱਛਿਆ, "ਕਿਧਰੋਂ ਆ ਰਹੇ ਹੋ?"

"ਪੰਜਾਬ ਤੋਂ।"

"ਜਲੰਧਰੋਂ ਜਾਂ ਅੰਬਰਸਰੋਂ?"

"ਅਸੀਂ ਦੂਜੇ ਪੰਜਾਬ ਤੋਂ ਆ ਰਹੇ ਹਾਂ। ਦੋ ਲਾਹੌਰ ਤੋਂ, ਦੋ ਗੁਜਰਾਂਵਾਲੇ ਤੋਂ।"

ਅਸੀਂ ਪਾਕਿਸਤਾਨ-ਹਿੰਦੋਸਤਾਨ ਬਾਰੇ ਗੱਲਾਂ ਕਰਨ ਲੱਗੇ। ਨਾਲੋ-ਨਾਲ ਉਹ ਅੰਗਰੇਜ਼ਾਂ ਨੂੰ ਗਾਲ੍ਹਾਂ ਵੀ ਕੱਢਦੇ ਜਾ ਰਹੇ ਸਨ: "ਸਾਲੇ ਹਰਾਮਜ਼ਾਦੇ, ਸੌ ਸਾਲ ਸਾਡੇ ਉਤੇ ਹਕੂਮਤ ਕਰਦੇ ਰਹੇ। ਹੁਣ ਅਸੀਂ ਇਨ੍ਹਾਂ ਦੇ ਦੇਸ ਮਜ਼ਦੂਰੀ ਵੀ ਕਰਨ ਜਾਈਏ ਤਾਂ ਧੱਕੇ ਮਾਰਦੇ ਨੇ...।"

"ਇਥੇ ਸਟੇਸ਼ਨ 'ਤੇ ਵੀ ਧੱਕੇ ਮਾਰਦੇ ਨੇ। ਇਸ ਤਰ੍ਹਾਂ ਆਪਣੇ ਮੁਲਕ ਵਿਚ ਕਦੇ ਨਹੀਂ ਹੋਇਆ। ਆਪਣੇ ਮੁਲਕ ਦੀ ਕਦਰ ਵੀ ਬਾਹਰ ਜਾ ਕੇ ਪੈਂਦੀ ਏ।" ਦੂਜਾ ਪਾਕਿਸਤਾਨੀ ਬੋਲਿਆ।

ਉਨ੍ਹੀਂ ਦਿਨੀਂ (1972 ਵਿਚ) ਇੰਗਲੈਂਡ ਦਾ ਐਂਟਰੀ ਪਰਮਿਟ ਜਾਂ ਵੀਜ਼ਾ ਲੈ ਕੇ ਜਾਣ ਦੀ ਲੋੜ ਨਹੀਂ ਸੀ। ਪਤਾ ਲੱਗਾ ਕਿ ਜਦੋਂ ਫਰਾਂਸ ਤੋਂ ਇੰਗਲੈਂਡ ਜਾਣ ਲਈ ਪਾਣੀ ਦੇ ਜਹਾਜ਼ ਵਿਚ ਚੜ੍ਹਾਂਗੇ ਤਾਂ ਜਹਾਜ਼ ਵਿਚ ਹੀ ਐਂਟਰੀ ਪਰਮਿਟ ਦੇਣਗੇ, ਪਰ ਇਹ ਵੀ ਜ਼ਰੂਰੀ ਨਹੀਂ ਸੀ ਕਿ ਸਾਰਿਆਂ ਨੂੰ ਐਂਟਰੀ ਪਰਮਿਟ ਮਿਲ ਹੀ ਜਾਵੇ।

ਕੁੜੀ ਨੇ ਮੇਰੇ ਵੱਲ ਸਵਾਲੀਆਂ ਨਜ਼ਰਾਂ ਨਾਲ ਤੱਕਿਆ। ਮੈਂ ਉਸ ਨੂੰ ਦੱਸਿਆ ਕਿ ਮੈਂ ਯੂਥ-ਹੋਸਟ ਐਸੋਸੀਏਸ਼ਨ ਦੀ ਕਾਨਫਰੰਸ ਦਾ ਡੈਲੀਗੇਟ ਬਣ ਕੇ ਜਾ ਰਿਹਾ ਹਾਂ। ਮੇਰੇ ਕਾਗਜ਼ ਪੂਰੇ ਤੇ ਪੱਕੇ ਹਨ, ਪਰ ਕੁੜੀ ਨੂੰ ਚਿੰਤਾ ਸੀ ਕਿ ਜੇ ਉਸ ਨੂੰ ਐਂਟਰੀ ਨਾ ਮਿਲੀ ਤਾਂ ਉਹ ਕੀ ਕਰੇਗੀ। ਹੁਣ ਤਾਂ ਉਸ ਕੋਲ ਵਾਪਸ ਜਾਣ ਲਈ ਵੀ ਪੈਸੇ ਨਹੀਂ ਸਨ ਬਚੇ।

"ਤੁਸੀਂ ਮੈਨੂੰ ਆਪਣੀ ਮਹਿਬੂਬਾ ਕਹਿ ਕੇ ਆਪਣੇ ਨਾਲ ਨਹੀਂ ਲਿਜਾ ਸਕਦੇ?" ਉਸ ਨੇ ਤਰਲਾ ਮਾਰਦੇ ਆਖਿਆ। ਮੈਨੂੰ ਉਸ ਦੀ ਇਸ ਮਜਬੂਰੀ ਉਤੇ ਤਰਸ ਆਉਣ ਲੱਗਾ। ਉਸ ਦੀਆਂ ਅੱਖਾਂ ਭਰੀਆਂ ਅਤੇ ਆਵਾਜ਼ ਭਾਰੀ ਸੀ। ਫੇਰ ਮੇਰੇ ਬੁੱਲ੍ਹਾਂ 'ਤੇ ਵਿਅੰਗਮਈ ਮੁਸਕਾਨ ਆ ਗਈ ਅਤੇ ਮੈਂ ਉਸ ਨੂੰ ਆਪਣੀ ਮਹਿਬੂਬਾ ਦੇ ਪੈਰਿਸ ਨਾ ਪਹੁੰਚਣ ਦੀ ਮਾਯੂਸੀ ਬਾਰੇ ਦੱਸਿਆ, "ਮੈਨੂੰ ਨਾ ਮਹਿਬੂਬਾ ਕਹਿਣ ਵਿਚ ਹਰਜ ਹੈ ਅਤੇ ਨਾ ਥੋੜ੍ਹੀ ਦੇਰ ਲਈ ਬਣਾਉਣ ਵਿਚ, ਪਰ ਇਹ ਅੰਗਰੇਜ਼ ਬੜੇ ਚਲਾਕ ਅਤੇ ਸਮਝਦਾਰ ਹੁੰਦੇ ਨੇ। ਸ਼ਕਲ ਅਤੇ ਗੱਲ ਕਰਨ ਦੇ ਤਰੀਕੇ ਤੋਂ ਹੀ ਪਛਾਣ ਜਾਂਦੇ ਹਨ ਕਿ ਬੰਦਾ ਸੱਚ ਬੋਲ ਰਿਹਾ ਹੈ ਕਿ ਝੂਠ। ਉਨ੍ਹਾਂ ਹੋਰ ਜੇ ਕੁਝ ਨਹੀਂ, ਪਾਸਪੋਰਟ ਵੇਖਦਿਆਂ ਹੀ ਸਮਝ ਲੈਣਾ ਏਂ ਸਭ ਕੁਝ। ਤੇਰੇ ਪਾਸਪੋਰਟ 'ਤੇ ਫਰਾਂਸ ਪਹੁੰਚਣ ਦੀ ਕਿਸੇ ਹੋਰ ਦਿਨ ਦੀ ਮੋਹਰ ਹੋਵੇਗੀ ਅਤੇ ਮੇਰੇ 'ਤੇ ਕਿਸੇ ਹੋਰ ਦਿਨ ਦੀ...।"

ਕਿਸੇ ਤਰ੍ਹਾਂ ਜਾਗਦੇ, ਕੰਬਦੇ ਅਤੇ ਗੱਲਾਂ ਕਰਦੇ ਸਾਰੀ ਰਾਤ ਬੀਤ ਗਈ। ਅਗਲੀ ਸਵੇਰ ਪਹਿਲੀ ਗੱਡੀ ਵਿਚ ਬੈਠ ਕੇ 'ਕੈਲੇ' ਪਹੁੰਚ ਗਏ ਜਿਥੇ ਇੰਗਲੈਂਡ ਜਾਣ ਲਈ ਜਹਾਜ਼ ਤਿਆਰ ਖੜ੍ਹਾ ਸੀ। ਜਹਾਜ਼ ਐਡਾ ਵੱਡਾ ਸੀ ਕਿ ਉਸ ਵਿਚ ਕਾਰਾਂ ਤਾਂ ਕੀ, ਰੇਲ ਗੱਡੀ ਵੀ ਪੂਰੀ ਦੀ ਪੂਰੀ ਖੜ੍ਹੀ ਹੋ ਸਕਦੀ ਸੀ। ਜਹਾਜ਼ ਦੇ ਡੈਕ 'ਤੇ ਕੁਰਸੀਆਂ ਪਈਆਂ ਸਨ। ਅਸੀਂ ਕੁਝ ਦੇਰ ਜਹਾਜ਼ 'ਤੇ ਖੜ੍ਹੇ ਹੋ ਕੇ ਸਮੁੰਦਰ ਦਾ ਨਜ਼ਾਰਾ ਵੇਖਦੇ ਰਹੇ। ਫੇਰ ਕੁਰਸੀਆਂ 'ਤੇ ਆ ਬੈਠੇ। ਕੁਝ ਦੇਰ ਬਾਅਦ ਲਾਊਡ ਸਪੀਕਰ ਤੋਂ ਆਵਾਜ਼ ਆਈ ਕਿ ਸਾਰੇ ਜਣੇ ਪਾਸਪੋਰਟ ਲੈ ਕੇ ਐਂਟਰੀ ਦੀ ਮੋਹਰ ਲਵਾ ਲੈਣ।

ਜਹਾਜ਼ ਬੜੀ ਤੇਜ਼ੀ ਨਾਲ ਸਮੁੰਦਰ ਦੀਆਂ ਲਹਿਰਾਂ ਚੀਰਦਾ ਜਾ ਰਿਹਾ ਸੀ ਅਤੇ ਜਹਾਜ਼ ਦੇ ਡੈਕ 'ਤੇ ਆਦਮੀਆਂ ਤੀਵੀਆਂ ਦੀ ਲੰਮੀ ਕਤਾਰ ਲੱਗੀ ਹੋਈ ਸੀ। ਜਦੋਂ ਅਸੀਂ ਕੈਬਿਨ ਦੇ ਬੂਹੇ ਕੋਲ ਪਹੁੰਚੇ ਤਾਂ ਘਬਰਾਹਟ ਕਾਰਨ ਬੰਗਲਾਦੇਸ਼ੀ ਕੁੜੀ ਨੂੰ ਚੱਕਰ ਆਉਣ ਲੱਗੇ ਅਤੇ ਉਸ ਨੇ ਮੇਰੇ ਕੋਟ ਦੀ ਬਾਂਹ ਘੁਟ ਕੇ ਫੜ ਲਈ।

ਕੈਬਿਨ ਅੰਦਰ ਦੋ ਅੰਗਰੇਜ਼ ਅਫ਼ਸਰ ਬੈਠੇ ਸਨ। ਮੇਰੇ ਕਾਗਜ਼ ਅਤੇ ਪਾਸਪੋਰਟ ਵੇਖ ਦੇ ਉਨ੍ਹਾਂ ਝਟ ਠੱਪਾ ਲਾ ਦਿੱਤਾ। ਫੇਰ ਮੇਰੇ ਨਾਲ ਬੈਠੀ ਕੁੜੀ ਵੱਲ ਵੇਖਦਿਆਂ ਪੁੱਛਿਆ, "ਇਹ ਤੇਰੀ ਫਰੈਂਡ ਹੈ ਜਾਂ...?" ਮੈਂ ਉਸ ਨੂੰ ਆਖਿਆ ਕਿ ਨਾ ਇਹ ਮੇਰੀ ਫਰੈਂਡ ਹੈ, ਨਾ ਮਹਿਬੂਬਾ। ਇਕ ਹਾਲਾਤ ਦੀ ਮਾਰੀ ਔਰਤ ਹੈ। ਫੇਰ ਮੈਂ ਉਸ ਨੂੰ ਉਸ ਦੀ ਸਾਰੀ ਕਹਾਣੀ ਸੱਚੋ ਸੱਚ ਦੱਸ ਦਿੱਤੀ, ਜਿੰਨੀ ਕੁ ਮੈਨੂੰ ਪਤਾ ਸੀ। ਫੇਰ ਮੈਂ ਉਸ ਨੂੰ ਆਖਿਆ ਕਿ ਉਨ੍ਹਾਂ ਅਖਬਾਰਾਂ ਵਿਚ ਪੜ੍ਹਿਆ ਹੀ ਹੋਵੇਗਾ ਕਿ ਪੂਰਬੀ ਪਾਕਿਸਤਾਨ (ਪੂਰਬੀ ਬੰਗਾਲ) ਵਿਚ ਲੜਾਈ ਚੱਲ ਰਹੀ ਹੈ। ਜੇ ਉਨ੍ਹਾਂ ਇਸ ਨੂੰ ਐਂਟਰੀ ਦੇ ਦਿੱਤੀ ਤਾਂ ਇਹ ਸੁੱਖੀ-ਸਾਂਦੀ ਆਪਣੇ ਰਿਸ਼ਤੇਦਾਰ ਕੋਲ ਪਹੁੰਚ ਜਾਵੇਗੀ। ਨਹੀਂ ਤਾਂ ਪੈਰਿਸ ਵਿਚ 'ਪਰਾਸ' ਬਣਨ ਦੇ ਇਲਾਵਾ ਹੋਰ ਕੋਈ ਰਸਤਾ ਨਹੀਂ...।

ਅੰਗਰੇਜ਼ਾਂ ਨੇ ਮੇਰੀ ਗੱਲ ਦੀ ਸਚਾਈ ਦੀ ਤਸਦੀਕ ਕਰਨ ਲਈ ਉਸ ਦੇ ਕੁਝ ਕਾਗਜ਼ ਵੇਖੇ-ਯੂਗੋਸਲਾਵੀਆ ਦੀ ਟ੍ਰੇਨਿੰਗ ਆਦਿ ਦੇ; ਫੇਰ ਉਨ੍ਹਾਂ ਇਕ ਦੂਜੇ ਵੱਲ ਵੇਖਿਆ ਅਤੇ ਐਂਟਰੀ ਦਾ ਠੱਪਾ ਲਾਉਂਦਿਆਂ ਆਖਿਆ, "ਮੈਨੂੰ ਇਹ ਠੱਪਾ ਲਾਉਂਦਿਆਂ ਖੁਸ਼ੀ ਹੋ ਰਹੀ ਹੈ।"

#

## ਜ਼ਿੰਦਗੀ ਚਲਦੀ ਰਹੀ

ਖੁਸ਼ੀ ਲੱਭਦੀ ਰਹੀ, ਜ਼ਿੰਦਗੀ ਟੁਰਦੀ ਰਹੀ,  
ਦਿਨ ਨਿਕਲਦੇ ਰਹੇ ਅਤੇ ਖੁਰਦੀ ਰਹੀ।  
ਬੋਟ ਖਾਹਿਸ਼ਾਂ ਦੇ ਭੁੱਖੇ ਵਿਲਕਦੇ ਰਹੇ,  
ਰੋਟੀ ਖ਼ਾਬਾਂ ਦੀ ਉਡਦਿਆਂ ਭੁਰਦੀ ਰਹੀ।  
ਨਜ਼ਰ ਰਸਤਿਆਂ ਨੂੰ ਪੂਰਾ ਨਾ ਜਾਣ ਸਕੀ,  
ਰਾਹ ਪੁੱਛਦੀ ਰਹੀ, ਮੌਤ ਮੁੜਦੀ ਰਹੀ।  
ਕੰਢੇ ਭੁਰਦੇ ਰਹੇ, ਨਦੀ ਵਹਿੰਦੀ ਰਹੀ,  
ਕੱਚੀ ਉਮਰਾਂ ਦੀ ਮਿੱਟੀ ਵੀ ਰੁੜ੍ਹਦੀ ਰਹੀ।  
ਕਿੰਨੇ ਸੂਰਜਾਂ ਨੂੰ ਫੜਿਆ ਰੋਸ਼ਨੀ ਲਈ,  
ਕਈ ਕੋਨਿਆਂ ਲਈ ਫਿਰ ਵੀ ਥੁੜਦੀ ਰਹੀ।  
ਘਰ ਸ਼ੀਸ਼ੇ ਦਾ ਮੈਂ ਵੀ ਬਣਾਇਆ ਹੈ,  
ਭੀੜ ਫ਼ੜ ਕੇ ਪੱਥਰ, ਬਸ ਕੁੜਦੀ ਰਹੀ।

-ਦਿਲਜੋਧ ਸਿੰਘ ਵਿਸਕਾਨਸਿਨ

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਚੁੱਪ ਦਾ ਦਰਦ

ਲੁੱਟ ਲਿਆ ਬਚਪਨ, ਲੁੱਟ ਲਏ ਲੋਕੀਂ, ਲੁੱਟੀ ਗਈ ਕਿਸਾਨੀ।  
ਆਪੇ ਕਹਿਣ ਆਬਾਦ ਕਰਾਂਗੇ, ਆਪਣੇ ਪਾਉਣ ਵਿਰਾਨੀ।  
ਲੀਡਰ ਦੇ ਮੂੰਹ ਛਿੱਕਲੀ ਆਈ, ਅੱਖਾਂ ਪੱਥਰ ਹੋਈਆਂ,  
ਚਿੱਟਾ ਤੇ ਸਲਫਾਸ ਨਿਗਲਦੀ, ਕਿੱਥੇ ਦਿਸੇ ਜਵਾਨੀ?  
ਹਾਕਮ ਦਾ ਢਿੱਡ ਤੌੜੇ ਜਿੱਡਾ, ਅੰਨਦਾਤੇ ਦਾ ਭੁੱਖਾ।  
ਦਿਨ ਲੰਘਦਾ ਹੁਣ ਕੋਈ ਨ੍ਹੀਂ ਦਿਸਦਾ, ਬਿਨ ਮਰਨੇ ਤੋਂ ਸੁੱਕਾ।  
ਗਲੀਆਂ 'ਚ ਪੁੱਤ ਗੋਦੀ ਚੁੱਕ ਕੇ, ਭੀਖ ਮੰਗਦੀਆਂ ਮਾਈਆਂ।  
ਇਨ੍ਹਾਂ ਨਾਲੋਂ ਹੁਣ ਵੱਧ ਕੀਮਤੀ, ਹੋਈਆਂ ਫੰਡਰ ਗਾਈਆਂ।  
ਬਿਨ ਦਾਰੂ ਦੇ ਕਿੱਦਾਂ ਹਟ ਜੂ, ਢਿੱਡ ਵਿਚ ਉਠਦੀ ਸੂਲ?  
ਖੋਰੇ ਕੀਹਦੀ ਹਿੱਕ ਵਿਚ ਧਸ ਜੂ, ਭੂਤਰਿਆ ਤ੍ਰਿਸ਼ੂਲ।  
ਭਗਵੇਂ ਬਾਣੇ ਪਾ ਕੇ ਬੰਦੇ, ਧਰਮੀ ਉਂਜ ਅਖਵਾਉਂਦੇ ਨੇ।  
ਅੰਦਰਖਾਤੇ ਇਸ਼ਕ-ਮੁਸ਼ਕ ਦੀਆਂ, ਮੌਜਾਂ ਖੂਬ ਉਡਾਉਂਦੇ ਨੇ।  
ਨਕਲੀ ਗੁਰੂ ਤੇ ਨਕਲੀ ਚੇਲੇ, ਡੇਰੇ ਬਣ ਗਏ ਅਸਲੀ ਨੇ।  
ਅੰਦਰ ਵਾੜ ਕੇ ਦਾਤ ਪੁੱਤਰ ਦੀ, ਦੇਂਦੇ ਬਾਬੇ ਨਸਲੀ ਨੇ।  
ਧਰਮ ਸਥਾਨਾਂ ਨਾਲ 'ਭੌਰੇ', ਪਿੰਡ ਦੀਆਂ ਭਰੀਆਂ ਰਾਹਾਂ ਨੇ।  
ਦਿਨ ਚੜ੍ਹਦੇ ਨੂੰ ਹਰ ਵਿਹੜੇ ਕਿਉਂ, ਕੂਕ ਉਠਦੀਆਂ ਧਾਹਾਂ ਨੇ?

# ਗੁਰਬਾਣੀ ਦੇ ਸ਼ਬਦੀ ਅਰਥ ਬਨਾਮ ਭਾਵ ਅਰਥ

**ਗੁਰਮਤਿ ਵਿਚਾਰ**

***ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਕੋਈ ਗੱਲ ਸਮਝਾਉਣ ਲਈ ਥਾਂ ਥਾਂ ਮਿਸਾਲਾਂ ਦਿੱਤੀਆਂ ਗਈਆਂ ਹਨ ਪਰ ਕਈ ਭੁੱਲੜ ਸਿੱਖ ਇਨ੍ਹਾਂ ਮਿਸਾਲਾਂ ਦਾ ਮਕਸਦ ਅਤੇ ਭਾਵ ਸਮਝਣ ਦੀ ਥਾਂ ਇਨ੍ਹਾਂ ਦੇ ਸ਼ਬਦੀ ਅਰਥ ਕਰ ਬੈਠਦੇ ਹਨ ਜਿਸ ਨਾਲ ਗੱਲ ਦੇ ਭਾਵ ਹੀ ਉਲਟ ਹੋ ਜਾਂਦੇ ਹਨ। ਆਪਣੇ ਇਸ ਲੇਖ ਵਿਚ ਲੇਖਕ ਗੁਰਮੀਤ ਸਿੰਘ ਬਰਸਾਲ ਨੇ ਇਹੋ ਗੱਲ ਨਿਖਾਰਨ ਦਾ ਯਤਨ ਕੀਤਾ ਹੈ ਕਿ ਜੇ ਅੱਖਰੀ ਅਰਥ ਲਈਏ ਤਾਂ ਸ਼ੱਕ ਹੁੰਦਾ ਹੈ ਕਿ ਕੀ ਗੁਰਬਾਣੀ ਦਾ ਅੱਖਰ ਅੱਖਰ ਸੱਚ ਹੈ! ਪਰ ਜੇ ਭਾਵ ਅਰਥ ਲਈਏ ਤਾਂ ਇਹ ਸ਼ੰਕਾ ਨਵਿਰਤ ਹੋ ਜਾਂਦੀ ਹੈ। -ਸੰਪਾਦਕ***

ਅਸੀਂ ਲੋਕ ਨਾ ਕਿਸੇ ਦੀ ਪੂਰੀ ਗੱਲ ਸੁਣਦੇ ਹਾਂ ਅਤੇ ਨਾ ਅਗਲੇ ਦੀ ਭਾਵਨਾ ਸਮਝਦੇ ਹਾਂ, ਬਸ ਕਹੇ ਗਏ ਸ਼ਬਦ ਦੇ ਅੱਖਰੀ ਅਰਥ ਕਰ ਖੁਦ ਨੂੰ ਸਮਝ ਆ ਰਹੇ ਅਰਥਾਂ ਅਨੁਸਾਰ ਝੱਟ ਜੱਜ ਹੋਣ ਦਾ ਪ੍ਰਗਟਾਵਾ ਕਰ ਦਿੰਦੇ ਹਾਂ। ਕੀ ਗੁਰਬਾਣੀ ਦਾ ਅੱਖਰ ਅੱਖਰ ਸੱਚ ਹੈ? ਇਹ ਪੜ੍ਹ ਕੇ ਕਈਆਂ ਦੇ ਮਨ ਵਿਚ ਖਿਆਲ ਆਉਣਗੇ ਕਿ ਕੀ ਲਿਖਣ ਵਾਲੇ ਨੂੰ ਗੁਰਬਾਣੀ ਦੇ ਅੱਖਰ ਅੱਖਰ ਸੱਚ ਹੋਣ 'ਤੇ ਕੋਈ ਸ਼ੱਕ ਹੈ? ਜਦ ਕਿ ਸਵਾਲ ਤਾਂ ਇਹ ਹੈ ਕਿ ਗੁਰਬਾਣੀ ਦੇ ਅੱਖਰ ਅੱਖਰ ਸੱਚ ਹੋਣ ਦਾ ਭਾਵ ਕੋਈ ਕਿਵੇਂ ਲੈਂਦਾ ਹੈ।

ਜਿਸ ਤਰ੍ਹਾਂ ਰੱਬ ਦੀ ਹੋਂਦ ਦੇ ਸਵਾਲ 'ਤੇ ਪ੍ਰਸ਼ਨ ਕਰਤਾ ਦੀ ਭਾਵਨਾ ਸਮਝਣ ਦੀ ਲੋੜ ਹੈ

**ਗੁਰਮੀਤ ਸਿੰਘ ਬਰਸਾਲ**
E-mail: gsbarsal@gmail.com

ਕਿ ਉਹ ਅਨਮਤਾਂ ਵਾਲੇ, ਅਸਮਾਨ ਵਿਚ ਸਵਰਗਾਂ/ਨਰਕਾਂ/ਜਮਦੂਤਾਂ ਦੇ ਵਿਭਾਗ ਅਨੁਸਾਰ ਉਪਰ ਬੈਠ ਕੇ ਕੰਟਰੋਲ ਕਰਨ ਵਾਲੇ ਕਿਸੇ ਅਖੌਤੀ ਰੱਬ ਦੀ ਗੱਲ ਕਰਦਾ ਹੈ ਜਾਂ ਗੁਰਬਾਣੀ ਵਾਲੇ, ਕਾਲ ਰਹਿਤ/ਨਿਰੰਤਰ ਇਕ ਸਾਰ ਵਹਿ ਰਹੇ/ਸੈਭੰ/ਅਜੂਨੀ/ਕਿਰਤ ਵਿਚ ਸਮਾਏ ਰੱਬ ਦੀ। ਕਿਉਂਕਿ ਇਕ ਸੋਚ ਵਾਲੇ ਰੱਬ ਦਾ ਆਸਤਕ ਦੂਜੀ ਸੋਚ ਲਈ ਨਾਸਤਕ ਬਣ ਜਾਂਦਾ ਹੈ।

ਗੁਰਬਾਣੀ ਵਿਚ ਮਨੁੱਖ ਨੂੰ ਸਰਬ ਖੇਤਰੀ ਸੇਧ ਦੇ ਕੇ, ਗੁਰ ਸਿੱਖਿਆਵਾਂ ਨੂੰ ਜੀਵਨ ਵਿਚ ਅਪਨਾ ਕੇ, ਜ਼ਿੰਦਗੀ ਨੂੰ ਸਫਲ ਕਰਨ/ਵਰਤਣ ਲਈ ਆਖਿਆ ਗਿਆ ਹੈ। ਇਹ ਸਿਖਿਆਵਾਂ ਅੱਵਲ ਦਰਜੇ ਦੀ ਸ਼ਾਇਰੀ/ਕਾਵਿ/ਰਾਗਾਂ ਵਿਚ ਦਰਜ ਹਨ। ਕਵਿਤਾ ਵਿਚ ਸਿਖਿਆ ਦੇਣ ਦੇ ਵੀ ਵੱਖ ਵੱਖ ਤਰੀਕੇ ਹਨ। ਕਈ ਵਾਰ ਸਿੱਧਿਆਂ ਹੀ ਅਤੇ ਕਈ ਵਾਰ ਪ੍ਰਚਲਿਤ ਪ੍ਰਸੰਗਾਂ ਦੀ ਵਰਤੋਂ ਕਰਕੇ। ਗੁਰਬਾਣੀ ਵਿਚ ਗੁਰ ਸਿਧਾਂਤ ਨੂੰ ਸਮਝਾਉਣ ਲਈ ਕਈ ਵਾਰ ਮੁਹਾਵਰੇ ਅਤੇ ਪ੍ਰਚਲਿਤ ਧਾਰਨਾਵਾਂ ਵਰਤੀਆਂ ਗਈਆਂ ਹਨ। ਅਜਿਹੇ ਮੁਹਾਵਰੇ ਜਾਂ ਸਮਾਜ ਵਿਚ ਪ੍ਰਚਲਿਤ ਹੋ ਚੁਕੀਆਂ ਧਾਰਨਾਵਾਂ ਗੁਰਬਾਣੀ ਦਾ ਸਿਧਾਂਤ ਨਹੀਂ ਹਨ ਸਗੋਂ ਕੇਵਲ ਸਮਝਾਉਣ ਲਈ ਮਿਸਾਲਾਂ ਹੀ ਹਨ। ਕਈ ਵਾਰ ਕਿਸੇ ਸ਼ਬਦ ਦੇ ਅਰਥ ਕਰਦੇ ਸਮੇਂ ਪੂਰੇ ਸ਼ਬਦ ਦੇ ਅਗਲੇ ਪਿਛਲੇ ਸ਼ਬਦਾਂ ਦੇ ਅਰਥ ਜਾਣੇ ਬਿਨਾ ਅਰਥਾਤ ਸਮੁੱਚੇ ਪ੍ਰਸੰਗ ਨੂੰ ਜਾਣੇ ਬਿਨਾ, ਅਰਥਾਂ ਦੇ ਅਨਰਥ ਹੋ ਜਾਣੇ ਸੁਭਾਵਿਕ ਹੁੰਦੇ ਹਨ।

ਗੁਰਬਾਣੀ ਕਾਵਿ ਰੂਪ ਵਿਚ ਲਿਖੀ ਗਈ ਹੈ। ਕਵਿਤਾ ਦਾ ਸੰਦੇਸ਼ ਜਾਣਨ ਲਈ ਕਵਿਤਾ ਦੀ ਜਾਣਕਾਰੀ ਵੀ ਚਾਹੀਦੀ ਹੈ। ਬਹੁਤ ਸਾਰੀ ਕਵਿਤਾ ਤਾਂ ਹਰ ਇਕ ਦੀ ਸਿੱਧਿਆਂ ਹੀ ਸਮਝ ਪੈ ਜਾਂਦੀ ਹੈ ਪਰ ਕਦੇ ਅਜਿਹਾ ਵੀ ਹੁੰਦਾ ਹੈ ਕਿ ਪੜ੍ਹਨ ਵਾਲਾ, ਲਿਖਣ ਵਾਲੇ ਦੀ ਲਿਖਤ ਨਾਲ ਇਨਸਾਫ ਨਹੀਂ ਕਰ ਪਾਉਂਦਾ, ਸਗੋਂ ਖੁਦ ਨੂੰ ਸਮਝ ਆ ਰਹੇ ਅਰਥ ਹੀ ਕੱਢ ਬੈਠਦਾ ਹੈ। ਇਸ ਲਈ ਗੁਰਬਾਣੀ ਕਾਵਿ ਤਾਂ ਹੋਰ ਵੀ ਜ਼ਿਆਦਾ ਧਿਆਨ ਮੰਗਦਾ ਹੈ। ਸਾਡੇ ਕੀਤੇ ਗੁਰਬਾਣੀ ਦੇ ਅਰਥ ਕਈ ਵਾਰ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ। ਅਜਿਹੇ ਸਮੇਂ ਵਿਚਾਰਨ ਵਾਲੀ ਗੱਲ ਕੇਵਲ ਇਹ ਹੈ ਕਿ

***ਗੁਰਬਾਣੀ ਵਿਚ ਅਨੇਕਾਂ ਪੁਰਾਣੇ ਪ੍ਰਚਲਿਤ ਹੋਏ ਸ਼ਬਦ ਮਿਲਦੇ ਹਨ ਪਰ ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਪੁਰਾਣੇ ਨਹੀਂ, ਸਗੋਂ ਨਵੇਂ ਅਰਥ ਦਿੱਤੇ ਹਨ। ਜਿਵੇਂ ਸਵਰਗ, ਨਰਕ, ਸੱਚਖੰਡ, ਬੈਕੁੰਠ, ਭੂਤ, ਪਰੇਤ, ਸਿਮਰਣ, ਜਪਣਾ, ਨਾਮ, ਹੁਕਮ, ਧਰਮਰਾਜ, ਆਵਾਗਉਣ, ਜਨਮ, ਮਰਣ, ਚਉਰਾਸੀ ਲੱਖ ਜੂਨਾਂ, ਦਰਗਾਹ, ਜਮਰਾਜ, ਚਿਤਰਗੁਪਤ, ਜਾਪ, ਦਸਵਾਂ ਦੁਆਰ, ਤ੍ਰਿਕੁੱਟੀ, ਆਤਮਾ, ਬ੍ਰਹਮ ਗਿਆਨੀ, ਸੰਤ, ਸਾਧ ਆਦਿ ਪਰ ਅਸੀਂ ਗੁਰੂ ਦੇ ਸੁਝਾਏ ਅਰਥਾਂ ਦੀ ਥਾਂ ਬਿਪਰੀ ਅਰਥ ਕਰ ਸਾਰੇ ਮਜ਼ਹਬਾਂ/ਵਰਗਾਂ ਤੋਂ ਨਿਆਰੀ ਗੁਰਬਾਣੀ ਨੂੰ ਵੀ ਬਿਪਰਵਾਦ ਹੀ ਸਾਬਤ ਕਰੀ ਜਾ ਰਹੇ ਹਾਂ।***

ਕਿਸੇ ਵੀ ਰੂਪ ਵਿਚ ਅਰਥ ਗੁਰਬਾਣੀ ਦੇ ਮੂਲ ਉਪਦੇਸ਼ ਦੇ ਉਲਟ ਨਹੀਂ ਹੋਣੇ ਚਾਹੀਦੇ ਅਤੇ ਨਾ ਹੀ ਬਿਪਰੀ/ਪੁਰਾਣਿਕ/ਵੈਦਿਕ ਹੋਣੇ ਚਾਹੀਦੇ ਹਨ ਕਿਉਂਕਿ ਬਾਣੀਕਾਰ ਅਜਿਹੀ ਪ੍ਰਣਾਲੀ ਦੇ ਸਦਾ ਵਿਰੁਧ ਰਹੇ ਹਨ।

ਗੁਰਬਾਣੀ ਕੋਈ ਕਰਮਕਾਂਡ ਕਰਨ ਵਾਲਾ ਮੰਤਰ ਨਹੀਂ ਸਗੋਂ ਇਕ ਜੀਵਨ ਜਾਚ ਹੈ। ਇਸ ਵਿਚ ਜੀਵਨ ਦੇ ਹਰ ਪਹਿਲੂ ਦੀਆਂ ਸਿਖਿਆਵਾਂ ਹਨ ਜਿਨ੍ਹਾਂ 'ਤੇ ਚੱਲ ਕੇ ਅਸੀਂ ਆਪਣਾ ਜੀਵਨ ਸਫਲ ਕਰ ਸਕਦੇ ਹਾਂ। ਕਈ ਵਾਰ ਅਸੀਂ ਛੋਟੀਆਂ ਛੋਟੀਆਂ ਗੱਲਾਂ ਵੱਲ ਇਸ਼ਾਰਾ ਕਰਕੇ ਆਖਦੇ ਹਾਂ ਕਿ ਗੁਰਬਾਣੀ ਇਸ ਵਿਸ਼ੇ 'ਤੇ ਸੇਧ ਕਿਉਂ ਨਹੀਂ ਦਿੰਦੀ। ਜਦ ਕਿ ਸਮਝਣ ਵਾਲੀ ਗੱਲ ਇਹ ਹੀ ਹੁੰਦੀ ਹੈ ਕਿ ਗੁਰਬਾਣੀ ਸੇਧ ਤਾਂ ਦਿੰਦੀ ਹੈ ਪਰ ਕਿਸੇ ਵੱਡੇ ਅੰਦਾਜ਼ ਨਾਲ ਸਿਧਾਂਤ ਰੂਪ ਵਿਚ। ਸਿਧਾਂਤ ਸਮਝ ਅਸੀਂ ਹਰ ਗੱਲ ਦਾ ਨਿਰਣਾ ਖੁਦ ਕਰਨਾ ਹੁੰਦਾ ਹੈ। ਮਿਸਾਲ ਵਜੋਂ ਅਗਰ ਕੋਈ ਕਹੇ ਕਿ ਗੁਰਬਾਣੀ ਖਾਣ-ਪਕਾਉਣ ਦੀ ਹਰ ਵਸਤੂ ਬਾਰੇ ਜਾਂ ਵੱਖ ਵੱਖ ਤਰ੍ਹਾਂ ਦੇ ਨਸ਼ੇ ਬਾਰੇ ਕਿਉਂ ਨਹੀਂ ਕੁਝ ਕਹਿੰਦੀ? ਜਦ ਕਿ ਗੁਰਬਾਣੀ ਵਿਚ ਸਪੱਸ਼ਟ ਹੈ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥੧॥ ਰਹਾਉ॥
(ਪੰਨਾ 16)

ਜਿਤੁ ਪੀਤੈ ਮਤ ਦੂਰ ਹੋਇ
ਬਰਲ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ
ਖਸਮਹੁ ਧਕੇ ਖਾਇ॥ (ਪੰਨਾ 554)

ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ, ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਸ਼ਾਮਲ ਹੈ ਜੋ ਵੱਖ ਵੱਖ ਜਗ੍ਹਾ ਅਤੇ ਵੱਖ ਵੱਖ ਸਮੇਂ ਵਿਚਰੇ। ਸਮੇਂ, ਹਾਲਾਤ ਅਤੇ ਜਗ੍ਹਾ ਅਨੁਸਾਰ ਉਨ੍ਹਾਂ ਦੀ ਬੋਲੀ, ਲਹਿਜਾ ਅਤੇ ਲਿਖਣਸ਼ੈਲੀ ਬਦਲਦੀ ਰਹੀ ਪਰ ਸਿਧਾਂਤ ਇਕ ਹੀ ਰਿਹਾ। ਹਾਲਾਤ ਅਨੁਸਾਰ ਕੁਝ ਗੁਰੂ ਸਾਹਿਬਾਨ ਨੇ ਬਾਣੀ ਲਿਖੀ ਅਤੇ ਕੁਝ ਗੁਰੂ ਪਹਿਲਾਂ ਲਿਖੀ ਬਾਣੀ ਦਾ ਪ੍ਰਚਾਰ ਕਰਦੇ ਰਹੇ। ਧਰਮ ਦੇ ਪ੍ਰਚਾਰ ਲਈ ਉਸ ਸਮੇਂ ਲੋਕਾਂ ਵਿਚ ਅਨੇਕਾਂ ਇਤਿਹਾਸਕ-ਮਿਥਿਹਾਸਕ ਕਹਾਣੀਆਂ ਪ੍ਰਚਲਿਤ ਸਨ। ਜਿਸ ਇਲਾਕੇ ਵਿਚ ਜਿਹੜੀ ਕਥਾ ਪ੍ਰਚਲਿਤ ਹੁੰਦੀ ਸੀ, ਬਾਣੀਕਾਰਾਂ ਨੇ ਉਸੇ ਨੂੰ ਮਿਸਾਲ ਬਣਾ, ਉਥੋਂ ਦੇ ਹੀ ਹਵਾਲੇ ਲੈ ਕੇ ਸੱਚ ਦੀ ਗੱਲ ਸਮਝਾਈ। ਸਥਾਨਕ ਪ੍ਰਚਲਿਤ ਹਵਾਲਿਆਂ ਰਾਹੀਂ ਗੱਲ ਕਰਨੀ/ਸਮਝਾਉਣੀ ਆਸਾਨ ਹੁੰਦੀ ਹੈ। ਗੁਰਬਾਣੀ ਵਿਚ ਬਹੁਤ ਸਾਰੇ ਇਤਿਹਾਸਕ-ਮਿਥਿਹਾਸਕ ਹਵਾਲਿਆਂ ਦਾ ਜ਼ਿਕਰ ਕੇਵਲ ਇਸੇ ਕਾਰਨ ਹੈ:

ਲੰਕਾ ਗਢੁ ਸੋਨੇ ਕਾ ਭਇਆ॥
ਮੂਰਖੁ ਰਾਵਨੁ ਕਿਆ ਲੇ ਗਇਆ॥੩॥
ਕਹਿ ਕਬੀਰ ਕਿਛੁ ਗੁਨੁ ਬੀਚਾਰਿ॥
ਚਲੇ ਜੁਆਰੀ ਦੁਇ ਹਥ ਝਾਰਿ॥੪॥
(ਪੰਨਾ 1157)

ਵਿਚਾਰਨ ਵਾਲੀ ਗੱਲ ਹੈ ਕਿ ਇਥੇ ਕਿਸੇ ਸੋਨੇ ਦੀ ਲੰਕਾ (ਇੱਕ ਦੇਸ਼) ਜਾਂ ਸੋਨੇ ਦੇ ਕਿਲੇ ਦੀ ਪੁਸ਼ਟੀ ਨਹੀਂ ਕੀਤੀ ਜਾ ਰਹੀ ਸਗੋਂ ਪ੍ਰਚਲਿਤ ਹੋਈ ਕਹਾਣੀ ਦਾ ਹਵਾਲਾ ਦੇ ਕੇ ਭਗਤ ਜੀ ਸਮਝਾਉਂਦੇ ਹਨ, ਹੇ ਦੁਨੀਆਂ ਦੇ ਲੋਕੋ! ਤੁਹਾਡੀਆਂ ਕਹਾਣੀਆਂ ਅਨੁਸਾਰ ਸੋਨੇ ਦੀ ਲੰਕਾ ਜਾਂ ਸੋਨੇ ਦੇ ਕਿਲੇ ਵਾਲਾ ਰਾਵਣ ਵੀ ਹੱਥ ਝਾੜ ਕੇ ਚਲਾ ਗਿਆ। ਸੋ ਲੋਕਾਂ ਨੂੰ ਉਨ੍ਹਾਂ ਵਿਚ ਪ੍ਰਚਲਿਤ ਸਾਖੀ ਦੀ ਹੀ ਮਿਸਾਲ ਨਾਲ ਚੰਗੇ ਗੁਣ ਵਿਚਾਰ ਕੇ ਧਾਰਨ ਦੀ ਗੱਲ ਸਮਝਾਈ ਗਈ ਹੈ, ਨਾ ਕਿ ਰਾਵਣ ਜਾਂ ਉਸ ਦੇ ਸੋਨੇ ਦੇ ਕਿਲੇ ਦੀ ਪੁਸ਼ਟੀ ਕਰਕੇ ਉਸ 'ਤੇ ਮੋਹਰ ਲਾਈ ਗਈ ਹੈ। ਹੁਣ ਜੇ ਕੋਈ ਇਹ ਆਖੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਲੰਕਾ ਵਿਚਲੇ ਸੋਨੇ ਦੇ ਕਿਲੇ ਦਾ ਜ਼ਿਕਰ ਹੈ ਅਤੇ ਗੁਰਬਾਣੀ ਅੱਖਰ ਅੱਖਰ ਸੱਚ ਹੈ ਤਾਂ ਵਿਚਾਰ ਤਾਂ ਕਰਨੀ ਹੀ ਪਵੇਗੀ!

ਇਸੇ ਤਰ੍ਹਾਂ ਇਤਿਹਾਸਕ-ਮਿਥਿਹਾਸਕ ਪਾਤਰਾਂ, ਰਾਜਿਆਂ ਜਾਂ ਅਵਤਾਰਾਂ ਦੇ ਨਾਂਵਾਂ ਅਤੇ ਕੁਝ ਪ੍ਰਚਲਿਤ ਘਟਨਾਵਾਂ ਦਾ ਜ਼ਿਕਰ ਉਨ੍ਹਾਂ ਦੀ ਹੋਂਦ ਸਬੰਧਤ ਪ੍ਰਚਾਰੀ ਗਈ ਘਟਨਾ 'ਤੇ ਮੋਹਰ ਵਜੋਂ ਨਹੀਂ ਸਗੋਂ ਸਮਝਾਉਣ ਲਈ ਵਰਤੀਆਂ ਗਈਆਂ ਮਿਸਾਲਾਂ ਜਾਂ ਹਵਾਲਿਆਂ ਵਜੋਂ ਹੈ। ਗਨਕਾ, ਪ੍ਰਹਿਲਾਦ, ਧਰੂ, ਹਰਨਾਖਸ, ਅਜਾਮਲ, ਬਾਲਮੀਕ, ਸੁਦਾਮਾ, ਬਿਦਰ, ਰਾਜਾ ਜਨਕ, ਗੋਰਖ ਨਾਥ, ਭੰਗਰਨਾਥ, ਭਰਥਰ ਜੋਗੀ, ਮਸੰਦਰ, ਕੰਸ, ਇੰਦਰ, ਅਹੱਲਿਆ ਆਦਿ ਅਨੇਕਾਂ ਦਾ ਜ਼ਿਕਰ ਵੀ ਇੰਜ ਹੀ ਹੈ। ਜਦੋਂ ਗੁਰਬਾਣੀ ਦਾ ਰੱਬ ਅਕਾਲ ਹੈ ਤਾਂ ਪ੍ਰਚਲਿਤ ਹੋਏ ਕ੍ਰਿਸ਼ਨ, ਰਾਮਚੰਦਰ, ਸ਼ਿਵ, ਪਾਰਬਤੀ ਅਤੇ ਅਨੇਕਾਂ ਹੋਰਾਂ ਦਾ ਜ਼ਿਕਰ ਮਨੁੱਖਾਂ ਵਾਂਗ ਹੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿਚ ਅਸਲ ਉਪਦੇਸ਼ ਅਕਸਰ ਰਹਾਉ ਵਾਲੀ ਪੰਗਤੀ ਵਿਚ ਜਾਂ ਅਖੀਰ ਵਿਚ ਹੁੰਦਾ ਹੈ ਜਦ ਕਿ ਬਾਕੀ ਸਤਰਾਂ ਉਸ ਰਹਾਉ ਵਾਲੇ ਗੁਰ ਸਿਧਾਂਤ 'ਤੇ ਪਹੁੰਚਣ ਲਈ ਪ੍ਰਚਲਿਤ ਮਾਨਤਾਵਾਂ ਵਜੋਂ ਵੀ ਹੋ ਸਕਦੀਆਂ ਹਨ:

***ਗੁਰਬਾਣੀ ਵਿਚ ਅਨੇਕਾਂ ਸ਼ਬਦ ਹਨ ਜਿਨ੍ਹਾਂ ਵਿਚ ਜਾਨਵਰਾਂ-ਪੰਛੀਆਂ ਆਦਿ ਦਾ ਜ਼ਿਕਰ ਹੈ। ਇਨ੍ਹਾਂ ਦੀਆਂ ਮਿਸਾਲਾਂ ਰਾਹੀਂ ਇਨਸਾਨ ਨੂੰ ਕਿਸੇ ਖਾਸ ਤਰ੍ਹਾਂ ਦੇ ਵਧੀਆ ਗੁਣ ਧਾਰਨ ਦੀ ਤਾਕੀਦ ਕੀਤੀ ਗਈ ਹੈ ਅਤੇ ਇਨਸਾਨ ਦੇ ਅਵਗੁਣਾਂ ਨੂੰ ਪਸ਼ੂ ਬਿਰਤੀਆਂ ਆਖ ਸੁਧਰਨ ਦੀ ਤਾਕੀਦ ਕੀਤੀ ਗਈ ਹੈ। ਕਈ ਸ਼ਬਦਾਂ ਵਿਚ ਕੁਝ ਭੈੜੇ ਕਰਮਾਂ ਕਾਰਨ ਇਨਸਾਨ ਅੰਦਰ ਵੱਖ ਵੱਖ ਪਸ਼ੂਆਂ ਦੇ ਜਨਮ ਲੈਣ ਦਾ ਵੀ ਜ਼ਿਕਰ ਹੈ ਜਾਂ ਕਹਿ ਲਵੋ ਅਜਿਹੇ ਇਨਸਾਨ ਨੂੰ ਪਸ਼ੂ ਜੀਵਨ ਹੀ ਆਖਿਆ ਗਿਆ ਹੈ।***

ਅੰਤਿ ਕਾਲਿ ਜੋ ਲਛਮੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥
ਅਰੀ ਬਾਈ ਗੋਬਿਦ
ਨਾਮੁ ਮਤਿ ਬੀਸਰੈ॥ ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ
ਪੀਤੰਬਰੁ ਵਾ ਕੇ ਰਿਦੈ ਬਸੈ॥੫॥
(ਪੰਨਾ 526)

ਪਹਿਲੀ ਗੱਲ ਅਜਿਹੇ ਮਰਨ ਉਪਰੰਤ ਆਵਾਗਵਣ ਦਾ ਸਿਧਾਂਤ ਗੁਰਮਤਿ ਅਨੁਸਾਰੀ ਨਹੀਂ ਹੈ। ਗੁਰਮਤਿ ਮਰਨ ਉਪਰੰਤ ਨਹੀਂ ਸਗੋਂ ਜਿਉਂਦੇ ਜੀ ਆਵਾਗਵਣ ਵਿਚ ਫਸੇ ਮਨੁੱਖ ਨੂੰ ਸੁਚੇਤ ਕਰਦੀ ਹੈ। ਸੋ ਇਹ ਅੰਤ ਕਾਲ ਵਾਲੀਆਂ ਸਤਰਾਂ ਉਸ ਵੇਲੇ ਦੀਆਂ ਪ੍ਰਚਲਿਤ ਧਾਰਨਾਵਾਂ ਹਨ ਪਰ ਭਗਤ ਤ੍ਰਿਲੋਚਨ ਪ੍ਰਚਲਿਤ ਹੋਈਆਂ ਮਿਸਾਲਾਂ ਦਾ ਜ਼ਿਕਰ ਕਰ ਰਹਾਉ ਵਾਲੀ ਪੰਗਤੀ ਵਿਚ ਕਦੀ ਵੀ ਰੱਬ ਨੂੰ ਨਾ ਵਿਸਾਰਨ ਦੀ ਤਾਕੀਦ ਕਰਦੇ ਹਨ। ਪਰ ਇਥੇ ਅੱਖਰ ਅੱਖਰ ਸੱਚ ਕਹਿਣ ਵਾਲੇ ਬਿਪਰੀ ਆਵਾਗਵਣ ਨੂੰ ਹੀ ਸੱਚ ਜਾਣ ਬਹਿੰਦੇ ਹਨ। ਇਸੇ ਕਾਰਨ ਮਰਨ ਉਪਰੰਤ ਆਵਾਗਵਣ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਖ ਬਿਪਰੀ ਪ੍ਰਚਾਰ ਕਰੀ ਜਾਂਦੇ ਹਨ।

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ॥
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ॥ (ਪੰਨਾ 7)

ਇਥੇ ਵੀ ਮਿਥਿਹਾਸਕ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਗੱਲ ਹੈ। ਬਿਪਰ ਅਨੁਸਾਰ ਬ੍ਰਹਮਾ ਸੰਸਾਰ ਨੂੰ ਪੈਦਾ ਕਰਨ, ਵਿਸ਼ਨੂੰ ਪਾਲਣਾ ਕਰਨ ਅਤੇ ਮਹੇਸ਼ (ਸ਼ਿਵ) ਸੰਘਾਰ ਕਰਨ ਵਾਲਾ ਹੈ। ਅੱਖਰ ਅੱਖਰ ਸੱਚ ਕਹਿਣ ਵਾਲੇ ਪ੍ਰਚਲਿਤ ਬਿਪਰੀ ਮਨੌਤਾਂ ਨੂੰ ਵੀ ਗੁਰਬਾਣੀ ਦਾ ਸੱਚ ਮੰਨ ਬੈਠਦੇ ਹਨ। ਭਗਤ ਨਾਮਦੇਵ ਟੋਡੀ ਰਾਗ 'ਚ ਲਿਖਦੇ ਹਨ:

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥
ਜਲ ਕੀ ਮਾਛੁਲੀ ਚਰੈ ਖਜੂਰਿ॥੧॥
ਕਾਂਇ ਰੇ ਬਕਬਾਦੁ ਲਾਇਓ॥
ਜਿਨਿ ਹਰਿ ਪਾਇਓ
ਤਿਨਹਿ ਛਪਾਇਓ॥੧॥ ਰਹਾਉ॥
(ਪੰਨਾ 718)

ਇਥੇ ਜਲ ਕੀ ਮਾਛੁਲੀ ਦਾ ਖਜੂਰ ਚੜ੍ਹਨਾ ਮੁਹਾਵਰੇ ਵਜੋਂ ਵਰਤਿਆ ਹੈ, ਭਾਵ ਹਰ ਜਗ੍ਹਾ ਰਮੇ ਰੱਬ ਨੂੰ ਕਿਸੇ ਖਾਸ ਥਾਂ ਜਾ ਕੇ ਲੱਭਣ ਵਾਲਿਆਂ ਨੂੰ ਮੱਛੀ ਖਜੂਰ 'ਤੇ ਚਾੜ੍ਹ ਲੱਭਣ ਵਾਲੇ ਕੰਮ ਵਜੋਂ ਸਮਝਾਇਆ ਹੈ। ਸ਼ਬਦੀ ਅਰਥਾਂ ਵਾਲੇ ਜਾਂ ਅੱਖਰ ਅੱਖਰ ਸੱਚ ਕਹਿਣ ਵਾਲੇ ਕੀ ਮੱਛੀ ਨੂੰ ਖਜੂਰ 'ਤੇ ਹੀ ਚਾੜ੍ਹਨਗੇ? ਕੀ ਉਹ ਆਖਣਗੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਤਾਂ ਮੱਛੀ ਜਰੂਰ ਹੀ ਖਜੂਰ ਚੜ੍ਹੀ ਹੋਵੇਗੀ?

ਭਗਤ ਕਬੀਰ ਗਉੜੀ ਰਾਗ ਵਿਚ ਲਿਖਦੇ ਹਨ:

ਐਸੋ ਅਚਰਜੁ ਦੇਖਿਓ ਕਬੀਰ॥
ਦਧਿ ਕੈ ਭੋਲੈ ਬਿਰੋਲੈ ਨੀਰੁ॥੧॥ ਰਹਾਉ॥
ਹਰੀ ਅੰਗੂਰੀ ਗਦਹਾ ਚਰੈ॥
ਨਿਤ ਉਠਿ ਹਾਸੈ ਹੀਗੈ ਮਰੈ॥੧॥
ਮਾਤਾ ਭੈਸਾ ਅੰਮੁਹਾ ਜਾਇ॥
ਕੁਦਿ ਕੁਦਿ ਚਰੈ ਰਸਾਤਲਿ ਪਾਇ॥੨॥
ਕਹੁ ਕਬੀਰ ਪਰਗਟੁ ਭਈ ਖੇਡ॥
ਲੇਲੇ ਕਉ ਚੂਘੈ ਨਿਤ ਭੇਡ॥੩॥
ਰਾਮ ਰਮਤ ਮਤਿ ਪਰਗਟੀ ਆਈ॥
ਕਹੁ ਕਬੀਰ ਗੁਰਿ ਸੋਝੀ ਪਾਈ॥੪॥
(ਪੰਨਾ 326)

ਇਥੇ ਵੀ ਭਗਤ ਕਬੀਰ ਨਾਂਵਾਂ ਦੇ ਭਾਵ ਅਰਥਾਂ ਵਿਚ ਸਮਝਾਉਂਦੇ ਹਨ। ਸਿੱਧੇ ਹੀ ਸ਼ਬਦੀ ਅਰਥ ਗੁਰਮਤਿ ਅਤੇ ਕੁਦਰਤ ਦੇ ਨਿਯਮਾਂ ਤੋਂ ਦੂਰ ਲੈ ਜਾਂਦੇ ਹਨ। ਅਜਿਹੇ ਅਰਥਾਂ ਵਾਲੇ ਕਰਾਮਾਤੀ ਕਹਾਣੀ ਘੜ ਕੇ ਲੇਲਿਆਂ ਨੂੰ ਭੇਡਾਂ ਚੁੰਘਣ ਲਾ ਦਿੰਦੇ ਹਨ।

ਅਖੀ ਬਾਝਹੁ ਵੇਖਣਾ
ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ
ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ
ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ
ਤਉ ਖਸਮੈ ਮਿਲਣਾ॥੧॥ (ਪੰਨਾ 139)

ਇਸ ਸ਼ਬਦ ਦੇ ਵੀ ਭਾਵ ਅਰਥ ਅਕਾਲ ਪੁਰਖ ਨਾਲ ਇਕ ਮਿਕ ਹੋਣ ਲਈ ਇੰਦਰੀਆਂ ਨੂੰ ਮਨਮਤਿ ਛੱਡ ਕੇ ਗੁਰਮਤਿ ਮਾਰਗ 'ਤੇ ਚੱਲਣ ਲਈ ਪ੍ਰੇਰਦੇ ਹਨ। ਸ਼ਬਦੀ ਅਰਥਾਂ ਵਾਲੇ ਤਾਂ ਅਲੌਕਿਕ ਸਾਖੀਆਂ ਹੀ ਘੜਨਗੇ।

ਤੈ ਸਾਹਿਬ ਕੀ ਬਾਤ ਜਿ ਆਖੈ
ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ
ਵਿਣੁ ਸਿਰ ਸੇਵ ਕਰੀਜੈ॥ (ਪੰਨਾ 558)

ਇਥੇ ਵੀ ਭਾਵ ਅਰਥਾਂ ਅਨੁਸਾਰ ਆਪਾ ਖਤਮ ਕਰਨ ਦੀ ਗੱਲ ਹੈ, ਸਿਰ ਵੱਢ ਕੇ ਸੇਵਾ ਕਰਨ ਦੀ ਨਹੀਂ ਜੋ ਸ਼ਬਦੀ ਅਰਥਾਂ ਵਾਲੇ ਕਰਨਗੇ।

ਗੁਰਬਾਣੀ ਵਿਚ ਅਨੇਕਾਂ ਸ਼ਬਦ ਹਨ ਜਿਨ੍ਹਾਂ ਵਿਚ ਜਾਨਵਰਾਂ-ਪੰਛੀਆਂ ਆਦਿ ਦੇ ਹਵਾਲੇ ਨਾਲ ਇਨਸਾਨ ਨੂੰ ਵਧੀਆ ਗੁਣ ਧਾਰਨ ਦੀ ਤਾਕੀਦ ਕੀਤੀ ਗਈ ਹੈ ਅਤੇ ਇਨਸਾਨ ਦੇ ਅਵਗੁਣਾਂ ਨੂੰ ਪਸ਼ੂ ਬਿਰਤੀਆਂ ਆਖ ਸੁਧਰਨ ਦੀ ਤਾਕੀਦ ਕੀਤੀ ਗਈ ਹੈ। ਕਈ ਸ਼ਬਦਾਂ ਵਿਚ ਕੁਝ ਭੈੜੇ ਕਰਮਾਂ ਕਾਰਨ ਇਨਸਾਨ ਵਿਚ ਵੱਖ ਵੱਖ ਪਸ਼ੂਆਂ ਦੇ ਜਨਮ ਲੈਣ ਦਾ ਵੀ ਜ਼ਿਕਰ ਹੈ ਜਾਂ ਕਹਿ ਲਵੋ ਅਜਿਹੇ ਇਨਸਾਨ ਨੂੰ ਪਸ਼ੂ ਜੀਵਨ ਹੀ ਆਖਿਆ ਗਿਆ ਹੈ। ਫਰੀਦ ਜੀ ਸੂਹੀ ਰਾਗ ਵਿਚ ਲਿਖਦੇ ਹਨ:

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥
(ਪੰਨਾ 794)

ਫਰੀਦ ਜੀ ਕੋਇਲ ਨੂੰ ਸਵਾਲ ਕਰਦੇ ਹਨ ਅਤੇ ਕੋਇਲ ਅੱਗੋਂ ਜਵਾਬ ਦਿੰਦੀ ਹੈ।

ਹੁਣ ਜੇ ਕੋਈ ਇਹ ਕਹੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਅੱਖਰ ਅੱਖਰ ਸੱਚ ਹੈ, ਇਸ ਲਈ ਉਸ ਵੇਲੇ ਕੋਇਲਾਂ ਜਰੂਰ ਗੱਲਾਂ ਕਰਦੀਆਂ ਹੋਣਗੀਆਂ। ਹੁਣ ਉਹ ਇਹ ਜਾਨਣ ਦੀ ਤਿਆਰ ਹੀ ਨਾ ਹੋਣ ਕਿ ਇਹ ਭਗਤ ਜੀ ਦਾ ਸਵਾਲ-ਜਵਾਬ ਦੀ ਸ਼ੈਲੀ ਵਿਚ ਕਾਵਿ ਲਿਖਣ ਦਾ ਤਰੀਕਾ ਹੈ। ਇਹੋ ਤਰੀਕਾ ਗੁਰੂ ਨਾਨਕ ਸਾਹਿਬ ਵੀ ਜਪੁਜੀ ਵਿਚ ਵਰਤਦੇ ਹਨ:

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ॥ (ਸਵਾਲ)
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥੧॥ (ਜਵਾਬ)

ਗੁਰਬਾਣੀ ਵਿਚ ਬੇਅੰਤ ਮੁਹਾਵਰੇ ਵਰਤੇ ਗਏ ਹਨ। ਮੁਹਾਵਰਿਆਂ ਦੇ ਵੀ ਸ਼ਬਦੀ ਅਰਥਾਂ ਦੀ ਜਗ੍ਹਾ ਭਾਵ ਸਮਝਣ ਦੀ ਲੋੜ ਹੁੰਦੀ ਹੈ। ਅੱਖਰ ਅੱਖਰ ਸੱਚ ਆਖਣ ਵਾਲੇ ਇਥੇ ਵੀ ਅਕਸਰ ਉਲਝ ਜਾਂਦੇ ਹਨ।

ਤਾਤੀ ਵਾਉ ਨ ਲਗਈ
ਪਾਰਬ੍ਰਹਮ ਸਰਣਾਈ॥ (ਪੰਨਾ 819)

'ਤਾਤੀ ਵਾਉ ਨਾ ਲੱਗਣੀ' ਮੁਹਾਵਰਾ ਹੈ ਜਿਸ ਦਾ ਅਰਥ ਗਰਮ ਹਵਾ ਤੋਂ ਨਹੀਂ ਸਗੋਂ ਦੁੱਖਾਂ ਤਕਲੀਫਾਂ ਤੋਂ ਮੁਕਤ ਹੋਣਾ ਹੈ।

ਗੁਰ ਕੇ ਚਰਣ ਧੋਇ ਧੋਇ ਪੀਵਾ॥੧॥
(ਪੰਨਾ 239)

ਗੁਰ ਕੇ ਚਰਣ ਧੋਇ ਧੋਇ ਪੀਣ ਤੋਂ ਭਾਵ ਗੰਦਾ ਪਾਣੀ ਪੀਣ ਤੋਂ ਨਹੀਂ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਦੇ ਮਨੁੱਖਾਂ ਵਾਂਗ ਚਰਣ ਹਨ। ਇਸ ਮੁਹਾਵਰੇ ਦਾ ਅਰਥ ਗੁਰੂ ਦੀ ਬਾਣੀ ਨੂੰ ਸਮਝ ਵਿਚਾਰ ਕੇ ਜੀਵਨ 'ਚ ਲਾਗੂ ਕਰਨ ਤੋਂ ਹੈ।

ਸਾਧ ਕੀ ਧੂਰਿ ਕਰਹੁ ਇਸਨਾਨੁ॥
(ਪੰਨਾ 283)

ਸਾਧ ਸੰਗਤ ਵਿਚ ਬੈਠ ਗੁਰਮਤਿ ਵਿਚਾਰਾਂ ਸਿੱਖਣ/ਸਮਝਣ ਦੀ ਗੱਲ ਹੈ, ਨਾ ਕਿ ਸਾਧਾਂ ਦੀ ਮਿੱਟੀ ਨਾਲ ਇਸ਼ਨਾਨ ਦੀ।

ਫਰੀਦਾ ਰੋਟੀ ਮੇਰੀ ਕਾਠ ਕੀ
ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ
ਘਣੇ ਸਹਨਿਗੇ ਦੁਖ॥੨੮॥ (ਪੰਨਾ 1379)

ਕਾਠ ਦੀ ਰੋਟੀ ਤੋਂ ਭਾਵ ਸਖਤ ਮਿਹਨਤ ਦੀ ਰੋਟੀ ਹੈ ਨਾ ਕਿ ਲਕੜੀ ਦੀ ਰੋਟੀ, ਜੈਸਾ ਕਿ ਸ਼ਬਦੀ ਅਰਥਾਂ ਵਾਲੇ ਸਾਖੀਕਾਰ ਆਖਦੇ ਹਨ।

ਲੰਕਾ ਸਾ ਕੋਟੁ ਸਮੁੰਦ ਸੀ ਖਾਈ॥
ਤਿਹ ਰਾਵਨ ਘਰ ਖਬਰਿ ਨ ਪਾਈ॥੧॥
ਕਿਆ ਮਾਗਉ ਕਿਛੁ ਥਿਰੁ ਨ ਰਹਾਈ॥
ਦੇਖਤ ਨੈਨ ਚਲਿਓ
ਜਗੁ ਜਾਈ॥੧॥ ਰਹਾਉ॥
ਇਕੁ ਲਖੁ ਪੂਤ ਸਵਾ ਲਖੁ ਨਾਤੀ॥
ਤਿਹ ਰਾਵਨ ਘਰ ਦੀਆ ਨ ਬਾਤੀ॥੨॥
ਚੰਦੁ ਸੂਰਜੁ ਜਾ ਕੇ ਤਪਤ ਰਸੋਈ॥
ਬੈਸੰਤਰੁ ਜਾ ਕੇ ਕਪਰੇ ਧੋਈ॥੩॥
ਗੁਰਮਤਿ ਰਾਮੈ ਨਾਮਿ ਬਸਾਈ॥
ਅਸਥਿਰੁ ਰਹੈ ਨ ਕਤਹੂੰ ਜਾਈ॥੪॥
ਕਹਤ ਕਬੀਰ ਸੁਨਹੁ ਰੇ ਲੋਈ॥
ਰਾਮ ਨਾਮ ਬਿਨੁ ਮੁਕਤਿ ਨ ਹੋਈ॥੫॥
(ਪੰਨਾ 481)

ਕਬੀਰ ਜੀ ਇਸ ਹਵਾਲੇ ਨਾਲ ਇਤਿਹਾਸ-ਮਿਥਿਹਾਸ 'ਤੇ ਮੋਹਰ ਨਹੀਂ ਲਾ ਰਹੇ ਬਲਕਿ ਲੋਕਾਂ ਵਿਚ ਪ੍ਰਚਲਿਤ ਹੋ ਚੁਕੀ ਧਾਰਨਾ ਦਾ ਹੀ ਹਵਾਲਾ ਦੇ ਕੇ ਰਹਾਉ ਦੀ ਪੰਗਤੀ ਰਾਹੀਂ ਦੱਸਦੇ ਹਨ, ਐ ਦੁਨੀਆਂ ਦੇ ਲੋਕੋ! ਜਿਵੇਂ ਕਿ ਤੁਸੀਂ ਉਪਰੋਕਤ ਗੱਲਾਂ ਮੰਨਦੇ ਹੋ ਕਿ ਅਜਿਹਾ ਸ਼ਕਤੀਸ਼ਾਲੀ ਰਾਵਣ ਵੀ ਲੰਕਾ ਛੱਡ ਗਿਆ, ਸੋ ਸੰਸਾਰ ਥਿਰ ਨਹੀਂ ਹੈ, ਸਭ ਕੁਝ ਚਲਿਆ ਜਾ ਰਿਹਾ ਹੈ।

ਕੇਸਾ ਕਾ ਕਰਿ ਚਵਰੁ ਢੁਲਾਵਾ
ਚਰਣ ਧੂੜਿ ਮੁਖਿ ਲਾਈ॥੧॥ ਰਹਾਉ॥
(ਪੰਨਾ 748)

ਇਥੇ ਵੀ ਗੱਲ ਮੁਹਾਵਰੇ ਵਿਚ ਸਤਿਕਾਰ

*(ਬਾਕੀ ਅਗਲੇ ਸਫੇ 'ਤੇ)*

# ਬਸ ਆ ਲੱਗੀ...

**ਅਜ ਪੰਜਾਬ ਦਰਦੀਆਂ ਨੂੰ ਇਹ ਚਿੰਤਾ ਵੱਢ-ਵੱਢ ਖਾ ਰਹੀ ਹੈ ਕਿ ਆਬੋ-ਹਵਾ ਦੇ ਪ੍ਰਦੂਸ਼ਣ ਵਿਚ ਗ੍ਰਸੇ ਪੰਜਾਬ ਨੂੰ ਕਿਵੇਂ ਬਚਾਇਆ ਜਾਵੇ? ਸਨਅਤਕਾਰਾਂ ਅਤੇ ਸਿਆਸੀ ਆਗੂਆਂ ਦੀ ਲਾਲਸਾ ਇਸ ਪ੍ਰਦੂਸ਼ਣ ਨੂੰ ਰੋਕਣ ਦੀ ਥਾਂ ਵਧਾਉਣ ਦੇ ਰਾਹ ਪਈ ਹੋਈ ਹੈ। ਇਸ ਲੇਖ ਵਿਚ ਲੇਖਿਕਾ ਨੇ ਪੰਜਾਬ ਦਰਦੀਆਂ ਨੂੰ ਗੁਹਾਰ ਲਾਈ ਹੈ, ਆਓ, ਸਾਰੇ ਰਲ ਕੇ ਆਪਣੇ ਪੰਜਾਬ ਨੂੰ ਫਿਰ ਤੋਂ ਹਰਿਆ ਭਰਿਆ, ਤੰਦਰੁਸਤ, ਖੁਸ਼ਹਾਲ ਬਣਾਉਣ ਲਈ ਆਪੋ ਆਪਣਾ ਯੋਗਦਾਨ ਪਾਈਏ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਪੁਰਖਿਆਂ 'ਤੇ ਮਾਣ ਕਰ ਸਕਣ। -ਸੰਪਾਦਕ**

ਆਪਣਿਆਂ ਨੂੰ ਗੁਆ ਕੇ ਕਿੰਨੀ ਕੁ ਦੇਰ ਅਸੀਂ ਇਸ 'ਬਸ ਆ ਲੱਗੀ' ਘਸੀ ਪਿਟੀ ਧਾਰਨਾ ਨੂੰ ਸੱਥਰ 'ਤੇ ਬੈਠੇ ਕਹਿ ਆਪਣੇ ਦਿਲ ਨੂੰ ਝੂਠੀਆਂ ਤਸੱਲੀਆਂ ਦਿੰਦੇ ਰਹਾਂਗੇ। ਇਹ ਆਪਣੀ ਜ਼ਿੰਮੇਵਾਰੀ ਤੋਂ ਭਗੌੜੇ ਹੋਣ ਵਾਲੀ ਗੱਲ ਹੈ। ਇਹ ਅੱਜ ਘਰ ਘਰ ਦੀ ਕਹਾਣੀ ਬਣ ਚੁਕੀ ਹੈ। ਭਾਵੇਂ ਸਮੁੱਚੀ ਡਾਕਟਰੀ ਪ੍ਰਕ੍ਰਿਆ ਨੂੰ ਤਾਂ ਨਹੀਂ ਇਸ ਕਟਹਿਰੇ ਵਿਚ ਖੜਾ ਕੀਤਾ ਜਾ ਸਕਦਾ ਪਰ ਬਹੁਗਿਣਤੀ ਡਾਕਟਰਾਂ ਨੇ ਇਸ ਮਾਨਵੀ ਕਿੱਤੇ ਨੂੰ ਲਾਲਚ ਤੇ ਭ੍ਰਿਸ਼ਟਾਚਾਰ ਦੇ ਅੱਡੇ ਚਾੜ੍ਹ ਦਿੱਤਾ ਹੈ। ਇਹੋ ਕਾਰਨ ਹੈ ਕਿ ਮਾੜਾ-ਧੀੜਾ ਤਾਂ ਇਸ ਗੁੰਝਲਦਾਰ ਚਿਕਿਤਸਾ ਪ੍ਰਕ੍ਰਿਆ ਦੇ ਚੱਕਰ ਵਿਚ ਪੈਣ ਤੋਂ ਕੰਨੀ ਹੀ ਕਤਰਾਉਂਦਾ ਹੈ। ਟੈਸਟਾਂ ਦੀ ਲੰਬੀ ਪ੍ਰਕ੍ਰਿਆ ਹੀ ਮਰੀਜ



**ਸੁਕੰਨਿਆ ਭਾਰਦਵਾਜ**
*bhardwaj.sukanya@gmail.com*

ਦੀ ਅੱਧੀ ਜਾਨ ਲੈ ਲੈਂਦੀ ਹੈ। ਪਹਿਲੇ ਇਲਾਜ ਤੋਂ ਹੋਏ ਸਿਹਤ ਨਿਰੀਖਣਾਂ ਨੂੰ ਨਵਾਂ ਡਾਕਟਰ ਨਹੀਂ ਮੰਨਦਾ, ਉਹ ਆਪਣੀ ਮਨਪਸੰਦ ਦੀ ਲੈਬ ਤੋਂ ਦੁਬਾਰਾ ਕਰਵਾਉਂਦਾ ਹੈ, ਜਿਥੇ ਉਸ ਨੇ ਆਪਣਾ ਹਿੱਸਾ ਪੱਤੀ ਕੀਤਾ ਹੁੰਦਾ ਹੈ। ਅਗਰ ਰੱਬ ਨਾ ਕਰੇ ਤੀਜੀ ਚੌਥੀ ਥਾਂ ਜਾਣਾ ਪੈ ਜਾਵੇ ਤਾਂ ਉਥੇ ਫਿਰ ਇਹ ਸਾਰੇ ਟੈਸਟ ਦੁਬਾਰਾ ਕਰਵਾਏ ਜਾਂਦੇ ਹਨ, ਜਿਸ ਨਾਲ ਮਰੀਜ ਦਾ ਬਹੁਤ ਸਾਰਾ ਸਮਾਂ ਤੇ ਮਿਹਨਤ ਦੀ ਕਮਾਈ ਬਰਬਾਦ ਹੋ ਜਾਂਦੀ ਹੈ, ਇਲਾਜ ਹਾਲੇ ਬਕਾਇਆ ਹੈ।

ਉਘੇ ਚਿੰਤਕ ਤੇ ਬਾਬਾ ਫਰੀਦ ਯੂਨੀਵਰਸਟੀ, ਫਰੀਦਕੋਟ ਦੇ ਸਾਬਕਾ ਰਜਿਸਟਰਾਰ ਡਾ. ਪਿਆਰੇ ਲਾਲ ਗਰਗ ਦਾ ਕਹਿਣਾ ਹੈ ਕਿ ਐਲੋਪੈਥੀ ਦਵਾਈਆਂ ਦਾ 20 ਸਾਲ ਹੋਰ ਸਮਾਂ ਹੈ ਇਸ ਦੀ ਥਾਂ ਕੋਈ ਨਵੀਂ ਇਲਾਜ ਵਿਧਾ ਅਪਨਾਉਣੀ ਪਵੇਗੀ ਕਿਉਂਕਿ ਮੌਜੂਦਾ ਐਲੋਪੈਥਿਕ ਇਲਾਜ ਵਿਧਾ ਮਰੀਜ ਨੂੰ ਕਿਸੇ ਕੰਢੇ ਨਹੀਂ ਲਾਉਂਦੀ ਸਗੋਂ ਮੌਤ ਦੇ ਹੋਰ ਨੇੜੇ ਆਉਣ ਵਿਚ ਹੀ ਮਦਦ ਕਰਦੀ ਹੈ। ਪੰਜਾਬ ਵਿਚ ਫੈਲੇ ਹਵਾ, ਪਾਣੀ, ਖਾਧ ਖੁਰਾਕਾਂ ਦੇ ਪ੍ਰਦੂਸ਼ਣ ਅਤੇ ਸਰਕਾਰੀ ਤੰਤਰ ਦੀ ਨਾਕਾਮੀ ਨੇ ਲੋਕਾਂ ਦੀ ਭਰੋਸੇਯੋਗਤਾ ਨੂੰ ਹੀ ਖਤਮ ਕਰ ਦਿੱਤਾ ਹੈ। ਉਹ ਕਿਸ 'ਤੇ ਯਕੀਨ ਕਰਨ! ਲੰਬਾ ਸਮਾਂ ਦਵਾਈਆਂ ਵਰਤਣ ਦੇ ਬਾਵਜੂਦ ਮਰੀਜ ਨੂੰ ਕੋਈ ਫਾਇਦਾ ਨਹੀਂ ਹੁੰਦਾ। ਸਰਜਰੀ ਨੂੰ ਛੱਡ ਕੇ ਡਾਇਗਨੋਜ਼ ਪੱਖੋਂ ਅਜੋਕੀ ਐਲੋਪੈਥੀ ਮੈਡੀਕਲ ਪ੍ਰਕ੍ਰਿਆ ਨਾਂਹ ਪੱਖੀ ਰੋਲ ਹੀ ਨਿਭਾ ਰਹੀ ਹੈ।

ਪੰਜਾਬ ਕੈਂਸਰ, ਦਿਲ, ਪੇਟ, ਹੈਪੇਟਾਇਟਸ, ਜੋੜਾਂ, ਗੋਡਿਆਂ ਦੇ ਰੋਗ ਨਾਲ ਪੂਰੀ ਤਰਾਂ ਗ੍ਰਸਤ ਹੈ। ਨਾ ਕੇਵਲ ਬਠਿੰਡਾ, ਪੂਰੀ ਮਾਲਵਾ ਬੈਲਟ ਕੈਂਸਰ ਦੀ ਮਾਰ ਹੇਠ ਹੈ। ਉਥੋਂ ਇੱਕ ਗੱਡੀ ਬੀਕਾਨੇਰ (ਰਾਜਸਥਾਨ) ਲਈ ਚਲਦੀ ਹੈ ਜਿਸ ਦਾ ਨਾਂ ਹੀ 'ਕੈਂਸਰ ਟਰੇਨ' ਪੈ ਗਿਆ ਹੈ। ਇਸ ਤੋਂ ਵੱਡਾ ਦੁਖਾਂਤ ਕੀ ਹੋਵੇਗਾ? ਇਹ ਨਹੀਂ ਕਿ ਉਥੇ ਮਰੀਜ ਤੰਦਰੁਸਤ ਹੋ ਜਾਂਦੇ ਹਨ ਬਲਕਿ ਉਹ ਸਸਤਾ ਤੇ ਕਈ ਵਾਰ ਪਹਿਲੀ ਸਟੇਜ 'ਤੇ ਕੁਝ ਰਾਹਤ ਦੇਣ ਵਾਲਾ ਹੁੰਦਾ ਹੈ, ਇਸ ਲਈ ਲੋਕ ਬੀਕਾਨੇਰ ਨੂੰ ਤਰਜੀਹ ਦਿੰਦੇ ਹਨ। ਪਰ ਇਸ ਕੈਂਸਰ ਟਰੇਨ ਵਿਚ ਅਕਸਰ ਤਿਲ ਸਿੱਟਣ ਨੂੰ ਥਾਂ ਨਹੀਂ ਹੁੰਦੀ ਤੇ ਮਰੀਜ ਟਰੇਨ ਦੇ ਫਰਸ਼ 'ਤੇ ਹੀ ਲੇਟ ਕੇ ਸਫਰ ਕਰਦੇ ਹਨ। ਇਸ ਲਈ ਲੁਧਿਆਣਾ ਤੋਂ ਜਾਂਦੇ ਗੰਦੇ ਨਾਲੇ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਜਿਸ ਵਿਚ ਫੈਕਟਰੀਆਂ ਦਾ ਪ੍ਰਦੂਸ਼ਿਤ ਪਾਣੀ ਪੈਂਦਾ ਹੈ। ਚੋਣਾਂ ਦੇ ਸਮੇਂ ਇਸ ਨਾਲੇ ਖਿਲਾਫ ਆਵਾਜ਼ ਕੁਝ ਦੇਰ ਲਈ ਥੋੜ੍ਹੀ ਉਚੀ ਉਠਦੀ ਹੈ ਪਰ ਸਰਕਾਰਾਂ ਬਣਦੇ ਹੀ ਠੰਢੇ ਬਸਤੇ ਹਵਾਲੇ ਹੋ ਜਾਂਦੀ ਹੈ। ਲੋਕ ਭੁਗਤਦੇ ਹਨ।

ਬਠਿੰਡਾ ਬੈਲਟ ਨੂੰ ਤਾਂ ਨਸ਼ੇ, ਕਿਸਾਨ ਖੁਦਕੁਸ਼ੀਆਂ ਤੇ ਕੈਂਸਰ ਨੇ ਉਂਜ ਹੀ ਵਿਹਲਾ ਕਰ ਛੱਡਿਆ ਹੈ! ਹਾਲਤ ਤਾਂ ਇਹ ਹੈ ਕਿ ਲੋਕ ਅਨਪੜ੍ਹਤਾ ਤੇ ਸਭਿਆਚਾਰਕ-ਸਮਾਜਕ ਦਬਾਅ ਹੇਠ ਇਹ ਮੰਨਣ ਲਈ ਤਿਆਰ ਨਹੀਂ ਕਿ ਉਹ ਭਿਆਨਕ ਬਿਮਾਰੀਆਂ ਦੀ ਜਕੜ ਵਿਚ ਹਨ। ਬਹੁਗਿਣਤੀ ਦਾ ਕਹਿਣਾ ਹੈ ਕਿ ਅਜਿਹਾ ਹੋਣ ਨਾਲ ਉਨ੍ਹਾਂ ਦੇ ਧੀਆਂ-ਪੁੱਤਾਂ ਦੇ ਕਾਰਜ ਨਹੀਂ ਹੋਣੇ। ਬਹੁਤਾ ਤਾਂ 'ਕੈਂਸਰ ਟਰੇਨ' ਤੋਂ ਹੀ ਪਤਾ ਲਗਦਾ ਹੈ ਕਿ ਕਿਸ ਕਿਸ ਘਰ ਮੁਰਦੇਹਾਣੀ ਛਾਉਣ ਵਾਲੀ ਹੈ।

ਇਸ ਸਮੁੱਚੇ ਵਰਤਾਰੇ ਲਈ ਸਰਕਾਰਾਂ ਦੇ ਨਾਲ ਨਾਲ ਖੁਦ ਅਸੀਂ ਵੀ ਘੱਟ ਜ਼ਿੰਮੇਵਾਰ ਨਹੀਂ। ਅਸੀਂ ਧਰਤੀ ਹੇਠਲਾ ਸ਼ੁੱਧ ਪਾਣੀ ਮੁਕਾ ਲਿਆ ਹੈ। ਚੱਪੇ ਚੱਪੇ 'ਤੇ ਬੋਰ ਕਰਕੇ ਪਾਣੀ ਦੀ ਤੀਜੀ ਤਹਿ ਨੂੰ ਜਾ ਹੱਥ ਲਾਇਆ ਹੈ। ਅੰਧਾ ਧੁੰਦ ਕੀਟਨਾਸ਼ਕ, ਨਕਲੀ ਰੇਹਾਂ ਪਾ ਕੇ ਧਰਤੀ ਦੀ ਸਿਹਤ ਨੂੰ ਖਰਾਬ ਕਰ ਲਿਆ ਹੈ। ਖੁਸ਼ਹਾਲੀ ਤੇ ਸਿਹਤਯਾਬੀ ਦੇ ਸਾਰੇ ਰਸਤੇ ਬੰਦ ਕਰ ਲਏ ਹਨ।

ਪ੍ਰਦੂਸ਼ਿਤ ਵਾਤਾਵਰਣ ਨੇ ਪੰਜਾਬ ਵਾਸੀਆਂ ਨੂੰ ਰੋਗਾਂ ਦੀ ਗ੍ਰਿਫਤ ਵਿਚ ਲੈ ਲਿਆ ਹੈ। ਉਤੋਂ ਸਿਤਮਜ਼ਰੀਫੀ ਇਹ ਕਿ ਵਾਤਾਵਰਣ ਪ੍ਰੇਮੀਆਂ, ਖੁਦ ਲੋਕਾਂ ਤੇ ਸਰਕਾਰਾਂ ਦਾ ਇਧਰਲੇ ਪਾਸੇ ਧਿਆਨ



ਨਹੀਂ। ਕਦੋਂ ਤਕ 'ਬਸ ਆ ਲੱਗੀ...' ਦੇ ਸਹਾਰੇ ਆਪਣੇ ਆਪ ਨੂੰ ਝੂਠੀਆਂ ਤਸੱਲੀਆਂ ਦਿੰਦੇ ਰਹਾਂਗੇ? ਅੱਜ ਇਹ ਘਰ ਘਰ ਦਾ ਵਰਤਾਰਾ ਬਣ ਚੁਕਾ ਹੈ। ਲੋਕ ਨਾ ਮੁਰਾਦ ਰੋਗਾਂ ਦੀ ਜਕੜ ਤੋਂ ਸਿਹਤਯਾਬੀ ਲਈ ਕਥਿਤ ਮਾਹਰ ਡਾਕਟਰੀ ਪ੍ਰਕ੍ਰਿਆ ਨਾਲ ਦੋ ਚਾਰ ਹੋ ਰਹੇ ਹਨ।

ਕਣਕ-ਝੋਨਾ ਬੀਜਣ ਦੀ ਅੰਨੀ ਹੋੜ ਲੱਗੀ ਹੈ ਤੇ ਕਿਸਾਨ ਘਰ ਦੀਆਂ ਲੋੜ ਜੋਗੀਆਂ ਦਾਲਾਂ-ਸਬਜੀਆਂ ਬੀਜਣ ਤੋਂ ਵੀ ਇਨਕਾਰੀ ਹੈ। ਉਹ ਡੰਗ ਦੀ ਸਬਜੀ ਵੀ ਸ਼ਹਿਰੋਂ ਲੈ ਕੇ ਆਉਂਦਾ ਹੈ ਜੋ ਵੱਧ ਝਾੜ ਲੈਣ ਲਈ ਅੰਨ੍ਹੇਵਾਹ ਕੀੜੇਮਾਰ ਦਵਾਈਆਂ, ਨਕਲੀ ਖਾਦਾਂ ਤੇ ਟੀਕਿਆਂ ਨਾਲ ਤਿਆਰ ਕੀਤੀ ਹੁੰਦੀ ਹੈ। ਨੌਜੁਆਨ ਬੱਚੀਆਂ ਵਿਚ ਹਾਰਮੋਨ ਦੀ ਗੜਬੜ ਹੋ ਰਹੀ ਹੈ ਤੇ ਚਿਹਰਿਆਂ 'ਤੇ ਦਾੜ੍ਹੀਆਂ ਆ ਰਹੀਆਂ ਹਨ। ਔਰਤਾਂ 'ਚ ਬੱਚੇ ਜਣਨ ਦੀ ਸਮਰੱਥਾ ਘਟਦੀ ਜਾ ਰਹੀ ਹੈ। ਰਹਿੰਦੀ ਕਸਰ ਸਮੈਕ ਹੈਰੋਇਨ ਨੇ ਕੱਢ ਦਿੱਤੀ ਹੈ।

ਦੁੱਧ ਦੀਆਂ ਨਦੀਆਂ ਵਹਾਉਣ ਵਾਲਾ ਪੰਜਾਬ ਅੱਜ ਰੇਗਿਸਤਾਨ ਵੱਲ ਵੱਧ ਰਿਹਾ ਹੈ। ਨਹਿਰੀ ਪਾਣੀ ਤੋਂ ਵਾਂਝਾ ਹੈ। ਨਦੀਆਂ ਸੂਏ ਖਾਲਿਆਂ ਵਿਚ ਝੋਨੇ ਦੇ ਸੀਜਨ ਸਮੇਂ ਪਾਣੀ ਛੱਡਿਆ ਜਾਂਦਾ ਹੈ ਜੋ ਟੇਲ ਦੇ ਪਿੰਡਾਂ ਤਕ ਤਾਂ ਪਹੁੰਚਦਾ ਹੀ ਨਹੀਂ ਪਰ ਮਾਲੀਏ ਲਈ ਸਰਕਾਰੀ ਵਿਭਾਗ ਜਿਮੀਂਦਾਰਾਂ ਦੀ 'ਢਿਬਰੀ ਟੈਟ' ਕਰ ਦਿੰਦੇ ਹਨ। ਪਿੰਡਾਂ ਦੇ ਛੱਪੜ ਲੋਕਾਂ ਨੇ ਪੂਰ ਲਏ ਹਨ। ਬਾਰਸ਼ਾਂ ਦਾ ਪਾਣੀ ਸਾਂਭਣ ਦਾ ਕੋਈ ਪ੍ਰਬੰਧ ਨਹੀਂ। ਐਸ ਵਾਈ ਐਲ ਵਰਗੀਆਂ ਨਹਿਰਾਂ ਕੱਢ ਕੇ ਪਾਣੀ ਹਰਿਆਣਾ-ਰਾਜਸਥਾਨ ਨੂੰ ਭੇਜਣ ਲਈ ਸਰਕਾਰਾਂ ਕਾਹਲੀਆਂ ਨੇ। ਪੰਜਾਬ ਪਾਣੀ ਕਿਥੋਂ ਲਵੇ?

ਦੂਜੇ ਪਾਸੇ ਅਮਰੀਕਾ, ਕੈਨੇਡਾ, ਇੰਗਲੈਂਡ, ਜਰਮਨੀ, ਆਸਟ੍ਰੇਲੀਆ ਵਰਗੇ ਦੇਸ਼ ਹਨ ਜਿਥੇ ਸ਼ੁੱਧ ਪਾਣੀ ਦੀ ਕੋਈ ਕਮੀ ਨਹੀਂ। ਉਥੇ ਪ੍ਰਾਇਮਰੀ ਸਿੱਖਿਆ ਤੋਂ ਹੀ ਬੱਚਿਆਂ ਨੂੰ ਬਿਜਲੀ, ਪਾਣੀ, ਹਵਾ ਦੀ ਸਹੀ ਵਰਤੋਂ ਤੇ ਧਰਤੀ ਦੀ ਸਿਹਤ ਨੂੰ ਸੰਭਾਲਣ ਲਈ ਕੀ ਉਪਰਾਲੇ ਕੀਤੇ ਜਾਣ? ਬਾਰੇ ਪੂਰੀ ਤਰ੍ਹਾਂ ਜਾਗਰੂਕ ਕੀਤਾ ਜਾਂਦਾ ਹੈ। ਧਰਤੀ ਦਾ ਇੰਨਾ ਸਤਿਕਾਰ ਕਿ ਕੁੱਤੇ ਨੂੰ ਬਾਹਰ ਘੁਮਾਉਣ ਵਾਲਾ ਉਸ ਦੇ ਮਲ ਨੂੰ ਹੱਥ ਵਿਚ ਫੜੇ ਲਿਫਾਫੇ ਨਾਲ ਚੁੱਕ ਕੇ ਕੂੜੇਦਾਨ ਵਿਚ ਪਾਉਂਦਾ ਹੈ, ਖੁੱਲ੍ਹਾ ਨਹੀਂ ਪਿਆ ਰਹਿਣ ਦਿੰਦਾ। ਪਲਾਸਟਿਕ, ਬੋਤਲਾਂ, ਡੱਬੇ ਆਦਿ ਤੇ ਹੋਰ ਕੂੜਾ ਵੱਖੋ ਵੱਖਰੇ ਕੂੜੇਦਾਨਾਂ ਵਿਚ ਪਾ ਕੇ ਰੀ-ਸਾਇਕਲ ਲਈ ਭੇਜਿਆ ਜਾਂਦਾ ਹੈ। ਘਰ ਦਾ ਵੇਸਟ ਪਾਣੀ ਤਾਂ ਕੀ, ਬਾਰਸ਼ਾਂ ਦਾ ਪਾਣੀ ਵੀ ਵੇਸਟ ਨਹੀਂ ਹੋਣ ਦਿੱਤਾ ਜਾਂਦਾ, ਸਭ ਰੀ-ਸਾਇਕਲ ਲਈ ਜਾਂਦਾ ਹੈ।

ਪ੍ਰਦੂਸ਼ਿਤ ਆਬੋ ਹਵਾ ਨਾਲ ਅਸੀਂ ਤਾਂ ਵਾਤਾਵਰਣ ਦੇ ਵਕੀਲ ਜਾਨਵਰ, ਇੱਲਾਂ, ਚਿੜੀਆਂ, ਘੁੱਗੀਆਂ, ਗੁਟਾਰਾਂ, ਕਬੂਤਰ-ਸਭ ਖਤਮ ਕਰ ਲਏ ਹਨ। ਕਾਂ ਦੀ ਨਸਲ ਵੀ ਖਤਮ ਹੋਈ ਸਮਝੋ। ਧਰਤੀ ਵਿਚੋਂ ਗੰਡੋਇਆ ਲਗਭਗ ਖਤਮ ਹੋ ਚੁਕਾ ਹੈ। ਮੁੱਲ ਖਰੀਦ ਕੇ ਗੰਡੋਇਆ ਜ਼ਮੀਨ ਵਿਚ ਪਾ ਰਹੇ ਹਾਂ ਜੋ ਇਸ ਗੈਰਸਿਹਤਮੰਦ ਮਾਹੌਲ ਵਿਚ ਪਲਣਾ ਮੁਸ਼ਕਿਲ ਹੈ। ਪੰਛੀ ਤਾਂ ਪੰਜਾਬ ਤੋਂ ਉਂਜ ਹੀ ਬੇਮੁਖ ਹੋ ਗਏ ਹਨ। ਨਵੇਂ ਤਾਂ ਕੀ ਲਾਉਣੇ, ਅਸੀਂ ਪਹਿਲੇ ਲੱਗੇ ਦਰੱਖਤਾਂ 'ਤੇ ਵੀ ਆਰਾ ਫੇਰਨ ਨੂੰ ਕਾਹਲੇ ਹੋਏ ਪਏ ਹਾਂ। ਜੰਗਲ, ਰੱਖਾਂ, ਦਰੱਖਤਾਂ ਤੇ ਪਾਣੀ ਦੇ ਸਰੋਤਾਂ ਨੂੰ ਖਤਮ ਕਰਕੇ ਪੰਛੀਆਂ ਨੂੰ ਰਿਝਾਉਣ ਲਈ ਤਥਾਕਥਿਤ ਸਮਾਜ ਸੇਵੀਆਂ ਵਲੋਂ ਲੱਕੜੀ/ਪਲਾਸਟਿਕ ਦੇ ਬਣੇ ਆਲ੍ਹਣੇ ਵੰਡੇ ਜਾਂਦੇ ਹਨ, ਤਾਂ ਕਿ ਅਖਬਾਰ ਵਿਚ ਫੋਟੋ ਲਗ ਸਕੇ। ਅਸੀਂ ਕਿਹੜੇ ਰਾਹ ਪੈ ਗਏ ਹਾਂ?

ਸਰਕਾਰਾਂ ਦੇ ਨਾਲ ਨਾਲ ਲੋਕਾਂ ਨੂੰ ਵੀ ਅੱਗੇ ਆਉਣਾ ਪਵੇਗਾ। ਉਂਜ ਕਿਤੇ ਕਿਤੇ ਲੋਕਾਂ ਨੇ ਸਰਕਾਰਾਂ ਉਪਰ ਟੇਕ ਛੱਡ ਕੇ ਆਪਣੇ ਉਪਰਾਲੇ ਵੀ ਅਰੰਭੇ ਹਨ। ਜਗਰਾਉਂ ਤਹਿਸੀਲ ਵਿਚ ਰਾਏਕੋਟ ਦੇ ਨੇੜੇ ਪਿੰਡ ਚਕਰ ਆਲੇ-ਦੁਆਲੇ ਦੇ ਪਿੰਡਾਂ ਲਈ ਚਾਨਣ ਮੁਨਾਰਾ ਹੈ। ਉਥੋਂ ਦੇ ਬਾਸ਼ਿੰਦਿਆਂ ਤੇ ਪਰਵਾਸੀ ਵੀਰਾਂ ਨੇ ਪਿੰਡ ਦੀ ਨੁਹਾਰ ਬਦਲੀ ਹੈ। ਇਸੇ ਤਰ੍ਹਾਂ ਮਹਾਂਰਾਸ਼ਟਰ ਵਿਚ ਪੂਨੇ ਦੇ ਨੇੜੇ ਪਿੰਡ ਹਿਬੜੇ ਬਾਜ਼ਾਰ ਹੈ ਜਿਥੇ ਪਿੰਡ ਦੇ ਲੋਕਾਂ ਨੇ ਨਾਂ ਕੇਵਲ ਰੋਗਾਂ ਤੋਂ ਨਿਜਾਤ ਪਾਈ ਹੈ ਬਲਕਿ ਪਿੰਡ ਦੀ ਜੀਅ ਪ੍ਰਤੀ ਆਮਦਨ ਵੀ ਵਧਾਈ ਹੈ। ਉਨ੍ਹਾਂ ਸ਼ਰਤ ਲਾਈ ਹੈ ਕਿ ਕੋਈ ਉਨ੍ਹਾਂ ਦੇ ਪਿੰਡ ਵਿਚੋਂ ਇੱਕ ਵੀ ਮੱਛਰ ਫੜ੍ਹ ਕੇ ਦਿਖਾਏ, ਉਹ ਇਨਾਮ ਦੇਣਗੇ, ਜਦੋਂਕਿ ਪੰਜਾਬ ਵਿਚ ਡੇਂਗੂ, ਮਲੇਰੀਆ, ਸਵਾਇਨ ਫਲੂ ਤੇ ਕਈ ਕਿਸਮ ਦੇ ਫਲੂ ਅਤੇ ਕਈ ਜਾਨਲੇਵਾ ਮੌਸਮੀ ਬਿਮਾਰੀਆਂ ਹਰ ਸਾਲ ਆ ਦਸਤਕ ਦਿੰਦੀਆਂ ਨੇ। ਮੱਛਰ ਪੋਹ-ਮਾਘ ਵਿਚ ਵੀ ਖਤਮ ਨਹੀਂ ਹੁੰਦਾ।

ਸਰਕਾਰ ਤੇ ਸੂਬੇ ਦੀ ਜਨਤਾ ਨੂੰ ਚਾਹੀਦਾ ਹੈ ਕਿ ਦਵਾਈਆਂ 'ਤੇ ਟੇਕ ਰੱਖਣ ਦੀ ਥਾਂ ਕੁਝ ਕੁ ਉਤਮ ਬਚਾਓ ਕਾਰਜ ਅਪਨਾ ਕੇ ਸਮਾਜ ਨੂੰ ਰੋਗ ਗ੍ਰਸਤ ਹੋਣ ਤੋਂ ਬਚਾਇਆ ਜਾਵੇ। ਜਿਵੇਂ ਪਿੰਡਾਂ-ਸ਼ਹਿਰਾਂ ਦੀ ਗੰਦਗੀ ਤੋਂ ਬਾਇਓਮਾਸ ਪਲਾਂਟ ਲਾ ਕੇ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਗੰਦੇ ਤੇ ਬਾਰਸ਼ਾਂ ਦੇ ਪਾਣੀ ਨੂੰ ਇੱਕ ਥਾਂ ਇਕੱਠਾ ਕਰਕੇ ਰੀ-ਸਾਇਕਲ ਕਰਕੇ ਖੇਤਾਂ ਤੇ ਪੀਣ ਲਈ ਵਰਤਿਆ ਜਾ ਸਕਦਾ ਹੈ। ਪਿੰਡਾਂ ਦੇ ਛੱਪੜਾਂ, ਨਹਿਰਾਂ, ਸੂਇਆਂ ਨੂੰ ਮੁੜ ਸੁਰਜੀਤ ਕਰਕੇ ਧਰਤੀ ਹੇਠਲੇ ਪਾਣੀ ਦੀ ਪੂਰਤੀ ਕੀਤੀ ਜਾ ਸਕਦੀ ਹੈ। ਇੰਜ ਵਾਤਾਵਰਣ ਵੀ ਸ਼ੁੱਧ ਰਹੇਗਾ ਤੇ ਕੁਝ ਹੱਦ ਤਕ ਰੋਗਾਂ ਤੋਂ ਵੀ ਨਿਜਾਤ ਮਿਲੇਗੀ।

ਸੋ ਆਓ, ਸਾਰੇ ਰਲ ਕੇ ਲੀਹੋਂ ਲੱਥੇ ਆਪਣੇ ਪੰਜਾਬ ਨੂੰ ਲੀਹ 'ਤੇ ਲਿਆਉਣ ਲਈ, ਫਿਰ ਤੋਂ ਹਰਿਆ ਭਰਿਆ, ਤੰਦਰੁਸਤ, ਖੁਸ਼ਹਾਲ ਬਣਾਉਣ ਲਈ ਆਪੋ ਆਪਣਾ ਯੋਗਦਾਨ ਪਾਈਏ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਪੁਰਖਿਆਂ 'ਤੇ ਮਾਣ ਕਰ ਸਕਣ।

## ਗੁਰਬਾਣੀ ਦੇ ਸ਼ਬਦੀ ਅਰਥ ਬਨਾਮ ਭਾਵ ਅਰਥ

*(ਪਿਛਲੇ ਸਫੇ ਦੀ ਬਾਕੀ)*

ਤੇ ਨਿਮਰਤਾ ਦੀ ਹੈ, ਨਾ ਕਿ ਸੱਚ ਮੁੱਚ ਹੀ ਦੇ ਕੇਸਾਂ ਦਾ ਚੌਰ ਜਾਂ ਚਰਨ ਧੂੜ ਮੁੱਖ ਲਾਉਣ ਦੀ ਗੱਲ ਹੈ।

ਸੁਇਨ ਕਟੋਰੀ ਅੰਮ੍ਰਿਤ ਭਰੀ॥
ਲੈ ਨਾਮੈ ਹਰਿ ਆਗੈ ਧਰੀ॥੨॥
(ਪੰਨਾ 1163)

ਕੀ ਭਗਤ ਨਾਮਦੇਵ ਇੰਨੇ ਅਮੀਰ ਸਨ ਕਿ ਸੋਨੇ ਦੀਆਂ ਕਟੋਰੀਆਂ ਵਿਚ ਰੱਬ ਨੂੰ ਦੁੱਧ ਪਿਆਉਂਦੇ ਸਨ? ਨਾਮਦੇਵ ਜੀ ਦਾ ਰੱਬ ਅਜਿਹਾ ਅਨਮਤੀ ਨਹੀਂ ਸੀ। ਅਸਲ ਵਿਚ ਬੁੱਧੀ ਨੂੰ ਸੱਚੇ ਗਿਆਨ ਨਾਲ ਭਰਨ ਦੀ ਗੱਲ ਹੈ।

ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥
ਮ੍ਰਿਗਛਾਲਾ ਪਰ ਬੈਠੇ ਕਬੀਰ॥੨॥
(ਪੰਨਾ 1162)

ਕਬੀਰ ਜੀ ਸੱਚ ਦੇ ਗਿਆਨ ਨਾਲ ਕਰਮ ਕਾਂਡ ਦੀਆਂ ਜੰਜੀਰਾਂ ਟੁੱਟਣ ਦੀ ਗੱਲ ਕਰਦੇ ਹਨ।

ਗੁਰਬਾਣੀ ਵਿਚ ਅਨੇਕਾਂ ਪੁਰਾਣੇ ਪ੍ਰਚਲਿਤ ਹੋਏ ਸ਼ਬਦ ਮਿਲਦੇ ਹਨ ਪਰ ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਨਵੇਂ ਅਰਥ ਦਿੱਤੇ ਹਨ। ਜਿਵੇਂ ਸਵਰਗ, ਨਰਕ, ਸੱਚਖੰਡ, ਬੈਕੁੰਠ, ਭੂਤ, ਪਰੇਤ, ਸਿਮਰਣ, ਜਪਣਾ, ਨਾਮ, ਹੁਕਮ, ਧਰਮਰਾਜ, ਆਵਾਗਉਣ, ਆਤਮਾ, ਜਨਮ, ਮਰਣ, ਚਉਰਾਸੀ ਲੱਖ ਜੂਨਾਂ, ਜਾਪ, ਦਰਗਾਹ, ਜਮਰਾਜ, ਚਿਤਰਗੁਪਤ, ਦਸਵਾਂ ਦੁਆਰ, ਤ੍ਰਿਕੁੱਟੀ, ਬ੍ਰਹਮ ਗਿਆਨੀ, ਸੰਤ, ਸਾਧ ਆਦਿ ਪਰ ਅਸੀਂ ਗੁਰੂ ਦੇ ਸੁਝਾਏ ਅਰਥਾਂ ਦੀ ਥਾਂ ਬਿਪਰੀ ਅਰਥ ਕਰ ਸਾਰੇ ਮਜਹਬਾਂ/ਵਰਗਾਂ ਤੋਂ ਨਿਆਰੀ ਗੁਰਬਾਣੀ ਨੂੰ ਵੀ ਬਿਪਰਵਾਦ ਹੀ ਸਾਬਤ ਕਰੀ ਜਾ ਰਹੇ ਹਾਂ।

ਅੱਜ ਕਲ ਅਸੀਂ ਗੁਰਬਾਣੀ ਵਿਚ ਆਏ ਮੁਹਾਵਰਿਆਂ ਵਜੋਂ ਅਵਤਾਰਾਂ, ਰਾਜਿਆਂ, ਦੇਵੀ, ਦੇਵਤਿਆਂ ਆਦਿ ਦੇ ਨਾਂਵਾਂ ਨੂੰ ਗੁਰੂ ਵਲੋਂ ਇਨ੍ਹਾਂ ਦੀ ਹੋਂਦ ਅਤੇ ਸਬੰਧਤ ਪ੍ਰਚਾਰੀ ਗਈ ਘਟਨਾ 'ਤੇ ਮੋਹਰ ਜਾਣ ਕੇ, ਅਸਲ ਗੁਰਬਾਣੀ ਸਿਧਾਂਤਾਂ ਨੂੰ ਛੱਡ ਕੇ ਅਨਮਤਾਂ ਦੇ ਗ੍ਰੰਥਾਂ ਵਿਚੋਂ ਇਨ੍ਹਾਂ ਦੇ ਪਾਠ ਲੱਭਦੇ ਫਿਰਦੇ ਹਾਂ। ਜਾਪਦਾ ਹੈ, ਅਨਮਤੀ ਅਵਤਾਰਾਂ ਦੇ ਗ੍ਰੰਥਾਂ ਵਾਂਗ ਜਾਨਵਰਾਂ-ਪੰਛੀਆਂ ਦੇ ਗੁਣਾਂ-ਔਗੁਣਾਂ ਵਾਲੀਆਂ ਮਿਸਾਲਾਂ ਕਾਰਨ ਵੀ ਭਵਿੱਖ ਵਿਚ ਪੰਚ ਤੰਤਰ ਦੀਆਂ ਕਹਾਣੀਆਂ ਦੇ ਪਾਠ ਇਹ ਕਹਿ ਕੇ ਕੀਤੇ-ਕਰਾਏ ਜਾਣਗੇ ਕਿ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦਾ ਜ਼ਿਕਰ ਕਰਕੇ ਇਸ਼ਾਰਾ ਕੀਤਾ ਹੈ, ਜਦ ਕਿ ਪੂਰੀ ਕਹਾਣੀ ਇਸ ਗ੍ਰੰਥ (ਪੰਚ-ਤੰਤਰ) ਵਿਚ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਅਤੇ ਪੰਚ-ਤੰਤਰ ਇੱਕ ਹੀ ਗੱਲ ਹੈ, ਜਿਹਾ ਕਿ ਅੱਜ ਕਲ ਬਿਪਰੀ ਗ੍ਰੰਥਾਂ ਨੂੰ ਵੀ ਗੁਰਬਾਣੀ ਅਨੁਕੂਲ ਸਾਬਤ ਕਰਨ ਲਈ ਕੀਤਾ ਜਾ ਰਿਹਾ ਹੈ।

ਅੰਤ ਵਿਚ ਅਸੀਂ ਦੇਖਦੇ ਹਾਂ ਕਿ ਗੁਰਬਾਣੀ ਦਾ ਅੱਖਰ ਅੱਖਰ ਸੱਚ ਦਾ ਭਾਵ ਗੁਰਬਾਣੀ ਦੇ ਹਰ ਉਪਦੇਸ਼-ਸਿੱਖਿਆ ਅਤੇ ਸਿਧਾਂਤਾਂ-ਆਦਰਸ਼ਾਂ ਦਾ ਅੱਖਰ ਅੱਖਰ ਸੱਚ ਹੋਣਾ ਹੈ ਜੋ ਕਿ ਅਨੰਤ ਕਾਲ ਤੱਕ ਹਮੇਸ਼ਾ ਸੱਚ ਰਹੇਗਾ ਜਦ ਕਿ ਸਿਖਿਆ ਦੇਣ ਲਈ ਵਰਤੀ ਜਾ ਰਹੀ ਭਾਸ਼ਾ ਅਤੇ ਤਰੀਕਿਆਂ ਦੇ ਅੱਖਰ ਅੱਖਰ ਸੱਚ ਹੋਣ ਦਾ ਭਾਵ ਤਾਂ ਹਰ ਇਤਿਹਾਸਕ-ਮਿਥਿਹਾਸਕ ਪਾਤਰ, ਮੁਹਾਵਰੇ, ਮਿਸਾਲਾਂ, ਮਿੱਥਾਂ ਆਦਿ ਨੂੰ ਵੀ ਗੁਰਬਾਣੀ ਦਾ ਸੱਚ ਸਮਝਣ ਦਾ ਭੁਲੇਖਾ ਖਾਣਾ ਹੀ ਹੈ।

# ਕਰਤੇ ਕੁਦਰਤੀ ਮੁਸਤਾਕੁ

**ਤਿਲੰਗ ਮਹਲਾ ੫ ਘਰੁ ੩**
ਕਰਤੇ ਕੁਦਰਤੀ ਮੁਸਤਾਕੁ॥
ਦੀਨ ਦੁਨੀਆ ਏਕ ਤੂਹੀ
ਸਭ ਖਲਕ ਹੀ ਤੇ ਪਾਕੁ॥ ਰਹਾਉ॥
ਖਿਨ ਮਾਹਿ ਥਾਪਿ ਉਥਾਪਦਾ
ਆਚਰਜ ਤੇਰੇ ਰੂਪ॥
ਕਉਣੁ ਜਾਣੈ ਚਲਤ ਤੇਰੇ
ਅੰਧਿਆਰੇ ਮਹਿ ਦੀਪ॥
ਖੁਦਿ ਖਸਮ ਖਲਕ ਜਹਾਨ
ਅਲਹ ਮਿਹਰਵਾਨ ਖੁਦਾਇ॥
ਦਿਨਸੁ ਰੈਣਿ ਜਿ ਤੁਧੁ ਅਰਾਧੇ
ਸੋ ਕਿਉ ਦੋਜਕਿ ਜਾਇ॥
ਅਜਰਾਈਲੁ ਯਾਰੁ ਬੰਦੇ
ਜਿਸੁ ਤੇਰਾ ਆਧਾਰੁ॥
ਗੁਨਹ ਉਸ ਕੇ ਸਗਲ ਆਫੂ
ਤੇਰੇ ਜਨ ਦੇਖਹਿ ਦੀਦਾਰੁ॥
ਦੁਨੀਆ ਚੀਜ ਫਿਲਹਾਲ ਸਗਲੇ
ਸਚੁ ਸੁਖ ਤੇਰਾ ਨਾਉ॥
ਗੁਰ ਮਿਲਿ ਨਾਨਕ ਬੂਝਿਆ
ਸਦਾ ਏਕਸੁ ਗਾਉ॥

ਗੁਰੂ ਅਰਜਨ ਦੇਵ ਜੀ ਉਸ ਮਿਹਰਬਾਨ ਪ੍ਰਭੂ ਦੀ ਉਸਤਤ ਕਰਦੇ ਆਖਦੇ ਹਨ, ਕਰਤੇ ਕੁਦਰਤੀ ਮੁਸਤਾਕੁ, ਹੇ ਕਰਤਾ ਪੁਰਖ, ਹੇ ਕਰਤਾਰ ਤੇਰੀ ਕੁਦਰਤ ਭਾਵ ਤੇਰੀ ਇਸ ਬਣਾਈ ਰਚਨਾ ਨੂੰ ਵੇਖ ਕੇ ਮੈਂ ਤੇਰੇ ਦਰਸ਼ਨ ਦਾ ਚਾਹਵਾਨ ਹੋ ਗਿਆ ਹਾਂ; ਮੇਰੀ ਦੀਨ ਅਤੇ ਦੁਨੀਆਂ ਦੀ ਦੌਲਤ ਬਸ ਤੂੰ ਹੀ ਹੈਂ। ਹੇ ਪ੍ਰਭੂ, ਜੋ ਸਾਰੀ ਖਲਕਤ ਵਿਚ ਰਹਿ ਕੇ ਵੀ ਨਿਰਲੇਪ ਰਹਿੰਦਾ ਹੈਂ।

ਖਿਨ ਮਾਹਿ ਥਾਪਿ ਉਥਾਪਦਾ
ਆਚਰਜ ਤੇਰੇ ਰੂਪ॥
ਕਉਣੁ ਜਾਣੈ ਚਲਤ ਤੇਰੇ
ਅੰਧਿਆਰੇ ਮਹਿ ਦੀਪ॥

ਗੁਰਦੇਵ ਪਿਤਾ ਆਖਦੇ ਹਨ, ਹੇ ਕਰਣ ਹਾਰ ਕਰਤਾਰ ਜੀਉ! ਤੂੰ ਇਕ ਖਿਨ ਭਾਵ ਛਿਣ ਵਿਚ ਹੀ ਜੀਵਾਂ ਨੂੰ ਬਣਾ ਕੇ ਨਾਸ ਭੀ ਕਰ ਦਿੰਦਾ ਹੈਂ; ਤੇਰੇ ਸਰੂਪ ਅਸਚਰਜ ਭਾਵ ਹੈਰਾਨ ਕਰ ਦੇਣ ਵਾਲੇ ਹਨ। ਹੇ ਮੇਰੇ ਮਿਹਰਬਾਨ ਪ੍ਰਭ ਜੀਓ, ਕੋਈ ਵੀ ਜੀਵ ਤੇਰੇ ਕੌਤਕ ਨੂੰ ਕਦੀ ਵੀ ਸਮਝ ਨਹੀਂ ਸਕਦਾ। ਇਸ ਅਗਿਆਨ ਦੇ ਹਨੇਰੇ ਵਿਚ ਤੂੰ ਆਪ ਹੀ ਜੀਵਾਂ ਵਾਸਤੇ ਚਾਨਣ ਹੈਂ, ਪ੍ਰਭ ਜੀਓ।

ਖੁਦਿ ਖਸਮ ਖਲਕ ਜਹਾਨ
ਅਲਹ ਮਿਹਰਵਾਨ ਖੁਦਾਇ॥
ਦਿਨਸੁ ਰੈਣਿ ਜਿ ਤੁਧੁ ਅਰਾਧੇ
ਸੋ ਕਿਉ ਦੋਜਕਿ ਜਾਇ॥

ਸਤਿਗੁਰੂ ਪਿਤਾ ਇਨ੍ਹਾਂ ਪੰਕਤੀਆਂ ਵਿਚ ਕਰਤਾ ਪੁਰਖ ਪਰਮਾਤਮਾ ਦੀ ਉਸਤਤ ਕਰਦੇ ਹਨ, ਹੇ ਅੱਲਾ, ਹੇ ਮਿਹਰਬਾਨ ਖੁਦਾ, ਇਸ ਸਾਰੀ ਖਲਕਤ, ਸਾਰੇ ਜਹਾਨ ਦਾ ਤੂੰ ਆਪ ਹੀ ਮਾਲਕ ਹੈਂ; ਹੇ ਪਰਮੇਸ਼ਵਰ ਪਿਤਾ ਜੀਓ, ਜਿਹੜਾ ਮਨੁਖ ਦਿਨ ਰਾਤ ਨਿਰੰਤਰ ਤੈਨੂੰ ਅਰਾਧਦਾ ਹੈ, ਤੇਰਾ ਸਿਮਰਨ ਕਰਦਾ ਹੈ, ਉਹ ਦੋਜਖ ਵਿਚ ਕਿਵੇਂ ਜਾ ਸਕਦਾ ਹੈ!

## ਗੁਰਬਾਣੀ ਗਿਆਨ

ਅਜਰਾਈਲੁ ਯਾਰੁ ਬੰਦੇ
ਜਿਸੁ ਤੇਰਾ ਆਧਾਰੁ॥
ਗੁਨਹ ਉਸ ਕੇ ਸਗਲ ਆਫੂ
ਤੇਰੇ ਜਨ ਦੇਖਹਿ ਦੀਦਾਰੁ॥

ਗੁਰਦੇਵ ਪਿਤਾ ਜਗਤ ਦੇ ਮਾਲਕ, ਕੁਦਰਤ ਦੇ ਕਾਦਰ ਪਰਮੇਸ਼ਵਰ ਪ੍ਰਭੂ ਦੀ ਸਿਫਤ ਸਾਲਾਹ ਕਰਦੇ ਆਖਦੇ ਹਨ, ਹੇ ਮਿਹਰਵਾਨ ਪ੍ਰਭ ਜੀਓ ਜਿਸ ਮਨੁੱਖ ਨੂੰ ਤੇਰਾ ਓਟ ਆਸਰਾ ਮਿਲ ਜਾਂਦਾ ਹੈ, ਅਜਰਾਈਲ ਭਾਵ ਮੌਤ ਦਾ ਫਰਿਸ਼ਤਾ ਉਸ ਦਾ ਮਿੱਤਰ ਬਣ ਜਾਂਦਾ ਹੈ; ਉਸ ਮਨੁੱਖ ਨੂੰ ਮੌਤ ਦਾ ਡਰ ਨਹੀਂ ਰਹਿੰਦਾ। ਹੇ ਪ੍ਰਭੂ, ਤੇਰੇ ਸੇਵਕ ਵੇਖਦੇ ਹਨ ਕਿ ਉਸ ਮਨੁਖ ਦੇ ਸਾਰੇ ਗੁਨਾਹ ਬਖਸ਼ ਦਿੱਤੇ ਜਾਂਦੇ ਹਨ।

ਦੁਨੀਆ ਚੀਜ ਫਿਲਹਾਲ ਸਗਲੇ
ਸਚੁ ਸੁਖ ਤੇਰਾ ਨਾਉ॥
ਗੁਰ ਮਿਲਿ ਨਾਨਕ ਬੂਝਿਆ
ਸਦਾ ਏਕਸੁ ਗਾਉ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਆਖਦੇ ਹਨ, ਹੇ ਪ੍ਰਭੂ ਦੁਨੀਆਂ ਦੇ ਹੋਰ ਸਾਰੇ ਪਦਾਰਥ ਤਾਂ ਛਿਣ ਪਲ ਵਿਚ ਹੀ ਨਾਸ਼ ਹੋ ਜਾਣ ਵਾਲੇ ਹਨ; ਸਚੁ ਸੁਖੁ ਤੇਰਾ ਨਾਉ, ਸਦਾ ਕਾਇਮ ਰਹਿਣ ਵਾਲਾ ਸੁਖ ਤਾਂ ਤੇਰਾ ਨਾਮ ਜਪਿਆਂ ਹੀ ਮਿਲਦਾ ਹੈ। ਇਹ ਨਾਨਕ ਆਖਦਾ ਹੈ, ਇਸ ਗੱਲ ਦੀ ਸਮਝ ਵੀ ਮੈਨੂੰ ਗੁਰੂ ਨੂੰ ਮਿਲ ਕੇ ਹੀ ਆਈ ਹੈ, ਇਸ ਲਈ ਮੈਂ ਸਦਾ ਉਸ ਇਕ ਪ੍ਰਭੂ ਦੇ ਗੁਣ ਹੀ ਗਾਉਂਦਾ ਰਹਿੰਦਾ ਹਾਂ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

**ਪਰਦੇਸ ਪੁੱਜਣ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ**



**ਸ਼ੌਰਟ ਕੱਟ ਵਾਇਆ ਲੌਂਗ ਰੂਟ-2**

**ਅਮਰੀਕ ਸਿੰਘ ਬਲ**
ਫੋਨ: 34602835897

# ਬੇਗਾਨੀ ਧਰਤੀ ਬੇਗਾਨੇ ਲੋਕ

*ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਉਹਨੇ ਜਿਸ ਤਰ੍ਹਾਂ ਸ਼ਬਦਾਂ ਅਤੇ ਘਟਨਾਵਾਂ ਦੀ ਤਫਸੀਲ ਰਾਹੀਂ ਪਿੜ ਬੰਨ੍ਹਿਆ ਹੈ, ਉਹ ਲਾਮਿਸਾਲ ਹੈ। ਇਹ ਘਟਨਾਵਾਂ ਮੂੰਹ-ਜ਼ੋਰ ਅਤੇ ਅੱਥਰੀਆਂ ਹਨ, ਪਰ ਨਾਲ ਹੀ ਪਰਵਾਜ਼ ਭਰਨ ਲਈ ਤਾਂਘਦੀ ਜ਼ਿੰਦਗੀ ਦੇ ਪੈਰੀਂ ਪਹਾੜ ਬੱਝਣ ਦਾ ਦਰਦ ਵੀ ਹੰਢਾਅ ਰਹੀਆਂ ਹਨ... ਤੇ ਪੈਰੀਂ ਬੱਝੇ ਪਹਾੜ ਨਾਲ ਲੈ ਕੇ ਉਡਣਾ ਅਜੇ ਤਕ ਕਿਸੇ ਦੇ ਹਿੱਸੇ ਤਾਂ ਨਹੀਂ ਆਇਆ, ਪਰ ਅਮਰੀਕ ਨੂੰ ਸ਼ਾਇਦ ਇਸ ਪਹਾੜ ਸਣੇ ਉਡਣਾ ਪਿਆ! ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਦੂਜੀ ਕਿਸ਼ਤ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ*

## ਤੁਸੀਂ ਪੜ੍ਹ ਚੁੱਕੇ ਹੋ...

*ਟ੍ਰੈਵਲ ਏਜੰਟ ਵੱਲੋਂ ਤੁਰੰਤ ਦਿੱਲੀ ਪੁੱਜਣ ਦੇ ਸੁਨੇਹੇ ਨਾਲ ਨੌਜਵਾਨ ਅਮਰੀਕ ਸਿੰਘ ਬਲ ਦਾ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਵਾਲਾ ਸਫਰ ਸ਼ੁਰੂ ਹੋ ਜਾਂਦਾ ਹੈ। ਉਹਨੂੰ ਪਹਿਲਾ ਵੱਡਾ ਝਟਕਾ ਉਸ ਵਕਤ ਲੱਗਦਾ ਹੈ ਜਦੋਂ ਅਗਲੇ ਸਫਰ ਉਤੇ ਚੜ੍ਹਨ ਤੋਂ ਪਹਿਲਾਂ ਅਗਲੇ ਜਣੇ, ਕੇਸ ਕਟਵਾਉਣ ਲਈ ਕਹਿ ਸੁਣਾਉਂਦੇ ਹਨ। ਇਉਂ ਦਿੱਲੀ ਉਹਨੂੰ ਹੈਰਾਨਗੀ ਬਣ ਕੇ ਟੱਕਰਦੀ ਹੈ। ਇਸ ਨਾਲ ਕੱਲ੍ਹ, ਅੱਜ ਅਤੇ ਭਲਕ ਦੀਆਂ ਸੋਚਾਂ ਵਿਚ ਲਟਕੇ ਨੌਜਵਾਨ ਦਾ ਉਹ ਸਫਰ ਸ਼ੁਰੂ ਹੋ ਜਾਂਦਾ ਹੈ ਜਿਸ ਨੇ ਉਸ ਨੂੰ ਅੰਤਾਂ ਦੇ ਮਾੜੇ ਦੌਰ ਵਿਚੋਂ ਲੰਘਾਉਣਾ ਸੀ। ਹੁਣ ਪੜ੍ਹੋ ਇਸ ਤੋਂ ਅੱਗੇ...*

ਸਵੇਰ ਨੂੰ ਸਾਡਾ ਜਹਾਜ਼ 6 ਕੁ ਘੰਟਿਆਂ ਵਿਚ ਤਕਰੀਬਨ 45 ਕੁ ਕਿਲੋਮੀਟਰ ਅਸਮਾਨ ਚੀਰਦਾ, ਆਪਣੀ ਸਫਲ ਕਾਰਗੁਜ਼ਾਰੀ ਦੇ ਗਰੂਰ ਵਿਚ ਅਫਰੀਕਾ ਮਹਾਂਦੀਪ ਵਿਚ ਇਥੋਪੀਆ ਦੀ ਰਾਜਧਾਨੀ ਐਡੀਸ ਅਬਾਬਾ ਦੀ ਜ਼ਮੀਨ ਨੂੰ ਆਪਣੇ ਪਹੀਆਂ ਥੱਲੇ ਰੌਂਦ ਰਿਹਾ ਸੀ। ਏਅਰਲਾਈਨ ਵਲੋਂ ਸ਼ਾਨਦਾਰ ਹੋਟਲ ਵਿਚ 24 ਘੰਟੇ ਦਾ ਆਰਾਮ ਦਿੱਤਾ ਗਿਆ। ਸ਼ਾਨਦਾਰ ਤੇ ਜਾਨਦਾਰ ਖਾਣੇ 'ਚ ਮੀਟ-ਮਾਸ ਦੇ ਵੱਡ-ਆਕਾਰੀ ਟੁਕੜਿਆਂ ਦੀ ਕੁਝ ਜ਼ਿਆਦਾ ਹੀ ਭਰਮਾਰ ਸੀ। ਅਸੀਂ ਦਾਲ-ਫੁਲਕੇ ਵਾਲੇ ਲੋਕ... ਦੇਖਣ 'ਚ ਸਾਦੇ ਤੇ ਨਾਜ਼ੁਕ ਕਿਸਮ ਦੇ ਇਕ-ਦੋ ਪਕਵਾਨਾਂ ਨੂੰ ਤਰਜੀਹ ਦਿੱਤੀ। ਰਿਹਾਇਸ਼ਗਾਹਾਂ ਬਹੁਤ ਬਿਹਤਰ ਤਰ੍ਹਾਂ ਦੀਆਂ ਸਨ; ਕੋਈ ਕਮੀ ਨਹੀਂ, ਸਭ ਕੁਝ ਵਧੀਆ!

ਛੇ ਪ੍ਰਾਣੀਆਂ ਦੀ ਟੋਲੀ ਤਫਰੀਹਨ ਆਸ-ਪਾਸ ਘੁੰਮਦੀ ਰਹੀ। ਔਸਤਨ ਵੱਡੇ ਸ਼ਹਿਰਾਂ ਵਾਂਗ ਠੀਕ-ਠਾਕ ਸ਼ਹਿਰ ਸੀ। ਕਾਲਿਆਂ ਦੀ ਧਰਤੀ 'ਤੇ ਸੈਲਾਨੀ ਗੋਰਾ ਰੰਗ ਵੀ ਕਾਫੀ ਲਰਜ਼ ਰਿਹਾ ਸੀ। ਇਹ ਇਕ ਦਿਨ ਸ਼ਾਨਦਾਰ ਤਰੀਕੇ ਨਾਲ ਲੰਘਿਆ। ਦੂਜੇ ਰੋਜ਼, ਦੂਜੀ ਉਡਾਣ 65 ਕੁ ਕਿਲੋਮੀਟਰ ਦੂਰ ਅਫਰੀਕਾ ਦੇ ਪੱਛਮ-ਦੱਖਣ ਸਿਰੇ ਦੇ ਅਜਨਬੀ ਮੁਲਕ 'ਕੋਸਤਾ ਦੇ ਮਾਰਫਿਲ' ਦੇ ਸ਼ਹਿਰ ਅਬੀਦ ਜਾਨ ਦੇ ਏਅਰਪੋਰਟ 'ਤੇ ਉਤਰੀ। ਉਥੇ ਸਭ ਤੋਂ ਪਹਿਲਾਂ ਤਾਂ ਸਵਾਗਤ ਦੇ ਨਾਂ 'ਤੇ ਇਕ ਕਮਰੇ ਵਿਚ ਸਾਡੇ ਸਭ ਦੇ ਪੁੜਿਆਂ 'ਤੇ ਇੰਜੈਕਸ਼ਨ ਠੋਕਿਆ ਗਿਆ। ਪਤਾ ਨਹੀਂ ਇਸ ਕਰ ਕੇ ਕਿ ਸਾਨੂੰ ਕੋਈ ਬਿਮਾਰੀ ਨਾ ਲੱਗ ਜਾਵੇ, ਜਾਂ ਸ਼ਾਇਦ ਅਸੀਂ ਕੋਈ ਬਿਮਾਰੀ ਉਨ੍ਹਾਂ ਨੂੰ ਨਾ ਲਾ ਦੇਈਏ। ਅਸੀਂ ਪੁੜੇ ਮਲਦੇ, ਡਾਕਟਰਾਂ ਦੀਆਂ ਵਿਅੰਗਾਤਮਕ, ਮੁਸਕਾਂਦੀਆਂ ਨਜ਼ਰਾਂ ਤੋਂ ਸੰਗਦੇ-ਝਿਜਕਦੇ ਛੇਤੀ ਛੇਤੀ ਉਥੋਂ ਨਿਕਲੇ।

ਏਅਰਲਾਈਨ ਦਾ ਆਫਿਸ ਬੰਦ ਹੋਣ ਕਰ ਕੇ ਸਾਨੂੰ ਉਡੀਕ ਘਰ ਵਿਚ ਹੀ ਲੰਮਾ ਇੰਤਜ਼ਾਰ ਕਰਨਾ ਪੈਣਾ ਸੀ, ਅਗਲੀ ਉਡਾਣ ਅਗਲੇ ਰੋਜ਼ ਸੀ। ਅਸੀਂ ਚਿਹਰਿਆਂ 'ਤੇ ਅਜੀਬ ਤਰ੍ਹਾਂ ਦੇ ਸਵਾਲੀਆ, ਦੋਚਿਤੀ ਤੇ ਪ੍ਰੇਸ਼ਾਨੀਜ਼ਦਾ ਜਿਹੇ ਰਲੇ-ਮਿਲੇ ਹਾਵ-ਭਾਵ ਚਿਪਕਾਈ, ਆਉਂਦੇ-ਜਾਂਦੇ ਲੋਕਾਂ ਨੂੰ ਦੇਖਦੇ, ਮੂੰਹ ਅੱਡੀ ਜਹਾਜ਼ਾਂ ਦੇ ਨਾਲ-ਨਾਲ ਉਪਰ-ਥੱਲੇ ਜਾਂਦੇ ਸਿਰਾਂ ਨਾਲ ਜਾਹਿਲਾਂ ਵਾਂਗ ਵਕਤ-ਕਟੀ ਕਰਦੇ ਰਹੇ। ਉਹ ਰਾਤ ਕੁਰਸੀਆਂ 'ਤੇ ਬੈਠ ਕੇ, ਟੇਢੇ-ਮੇਢੇ ਪੈ ਕੇ ਗੁਜ਼ਾਰੀ। ਪਿਛਲੇ ਦਿਨ-ਰਾਤ ਜਿੰਨੇ ਚੰਗੇ ਲੰਘੇ ਸਨ, ਇਹ ਉਨੇ ਹੀ ਘਟੀਆ। ਇਕ ਸਰਦਾਰ ਜੀ ਕੀਨੀਆ ਤੋਂ ਇੰਡੀਆ ਜਾ ਰਹੇ ਸਨ। ਪਤਾ ਲੱਗਾ ਕਿ ਕੀਨੀਆ ਵਿਚ ਇੰਡੀਅਨਾਂ ਦੀ ਗਿਣਤੀ ਅਤੇ ਕਾਰੋਬਾਰ ਕਾਫੀ ਫੈਲੇ ਹੋਏ ਸਨ। ਅਸੀਂ ਮੂੰਹ ਬਿਚਕਾਏ- ਸਾਨੂੰ ਕੀ! ਅਸੀਂ ਤਾਂ ਉਸ ਤੋਂ ਕਿਤੇ ਜ਼ਿਆਦਾ ਬਿਹਤਰੀਨ ਮੁਲਕਾਂ 'ਚ ਜਾਣਾ ਸੀ!

ਅਗਲੇ ਦਿਨ ਦੂਸਰੇ 4 ਸਾਥੀ ਕਿਸੇ ਹੋਰ ਫਲਾਈਟ ਵਿਚ ਉਡ ਗਏ। ਮੈਂ ਤੇ ਲੋਪੋ ਵੀ ਝਿਜਕਦੇ-ਹਿਚਕਦੇ ਬਰਕੀਨਾ ਫਾਸੋ ਵਾਲੇ ਛੋਟੇ ਜਿਹੇ ਜਹਾਜ਼ ਵਿਚ ਜਾ ਬੈਠੇ। ਅੰਦਰ ਕਾਲਿਆਂ ਦੇ ਹਿਸਾਬ ਨਾਲ ਸਿਰਫ ਅਸੀਂ ਹੀ ਦੋ ਗੋਰੇ ਯਾਤਰੀ ਸਾਂ। ਜਹਾਜ਼ ਦੇ ਆਕਾਰ ਤੇ ਹਾਲਤ ਤੋਂ ਸਾਫ ਜ਼ਾਹਿਰ ਸੀ ਕਿ ਅਸੀਂ ਕਿਸੇ ਗਰੀਬੜੇ ਜਿਹੇ ਮੁਲਕ ਜਾ ਰਹੇ ਹਾਂ ਜੋ ਬੜੇ ਜੋਸ਼ੋ-ਖਰੋਸ਼ ਨਾਲ ਦੋ-ਚਾਰ ਹਲਕੇ-ਫੁਲਕੇ ਜਹਾਜ਼ਾਂ ਦਾ ਇੰਤਜ਼ਾਮ ਕਰ ਬੈਠਾ ਸੀ। ਰਸਤੇ ਵਿਚ ਬੋਬੋ ਵਿਚ ਦੋ ਘੰਟੇ ਰੁਕੇ। ਅਖੀਰ ਬਰਕੀਨਾ ਫਾਸੋ ਦੇ ਸ਼ਹਿਰ ਉਗਾ-ਡੂਗੂ ਦੇ ਮਸਕੀਨ-ਗਰੀਬ ਅਦਨਾ ਜਿਹੇ ਏਅਰਪੋਰਟ 'ਤੇ ਰੱਬ-ਰੱਬ ਕਰਦੇ ਜਾ ਉਤਰੇ। ਤਰਸਯੋਗ ਹਾਲਤ ਵਾਲਾ ਇਹ ਜਹਾਜ਼ ਜਦੋਂ ਵੀ ਉਡਣ ਲੱਗਦਾ, ਲੱਗਦਾ ਸੀ, ਇਸ ਤੋਂ ਸਹੀ ਉਡਿਆ ਨਹੀਂ ਜਾਣਾ... ਤੇ ਜਦੋਂ ਉਤਰਦਾ ਸੀ ਤਾਂ ਲੱਗਦਾ ਸੀ, ਸਹੀ ਉਤਰਿਆ ਨਹੀਂ ਜਾਣਾ; ਪਰ ਕੁਲ ਮਿਲਾ ਕੇ ਉਹ ਉਡਿਆ ਵੀ ਸਹੀ ਤੇ ਉਤਰਿਆ ਵੀ ਸਹੀ। ਰੱਬ ਤੋਂ ਬਾਅਦ ਅਸੀਂ ਉਸ ਦੇ ਜਾਂਬਾਜ਼ ਪਾਇਲਟ ਦੇ ਤਹੇ-ਦਿਲ ਤੋਂ ਸ਼ੁਕਰਗੁਜ਼ਾਰ ਸਾਂ।

ਉਥੇ ਇਬਰਾਹੀਮ ਨਾਂ ਦੇ ਹਬਸ਼ੀ ਨੇ ਸਾਨੂੰ ਸਾਡੇ ਨਾਂਵਾਂ ਨਾਲ ਪੁਕਾਰਿਆ ਤੇ ਪੰਜਾਬੀ ਵਿਚ ਥੋੜ੍ਹੀ ਗੱਲ ਕੀਤੀ। ਅਸੀਂ ਖਚਰਾ ਜਿਹਾ ਹੱਸੇ, "ਇਹ ਵੀ ਕਿਤੇ ਪੰਜਾਬੀਆਂ ਦੇ ਅੰਦਰ ਦਿਨ-ਰਾਤ ਇਕ ਕਰਦਾ ਰਿਹਾ ਹੋਣਾ...!" ਖੁੱਲ੍ਹੇ ਵਿਚ ਦਫਤਰ ਵਿਛਾਈ ਬੈਠੇ ਸਟਾਫ ਨਾਲ ਖਾਨਾਪੂਰੀ ਕਰ ਕੇ ਬਾਹਰ ਟੈਕਸੀ ਵਿਚ ਜਾ ਬੈਠੇ। ਗਰੀਬੀ ਚਾਰੇ ਪਾਸੇ ਝਲਕ ਰਹੀ ਸੀ। ਟੈਕਸੀ ਸੜਕ ਦੇ ਟੋਇਆਂ ਤੋਂ ਬਚਦੀ-ਬਚਾਉਂਦੀ ਸ਼ਹਿਰੋਂ ਬਾਹਰ ਪੇਂਡੂ ਜਿਹੇ ਇਲਾਕੇ ਵਿਚ ਜਾ ਖੜ੍ਹੀ ਹੋਈ। ਅਫਰੀਕੀ ਲੋਕ ਗਰੀਬੀ ਵਿਚ ਜਿਉਂਦੇ ਰਹਿਣ ਲਈ ਜੀਅ-ਤੋੜ ਕੋਸ਼ਿਸ਼ ਵਿਚ ਲੱਗੇ ਹੋਏ ਸਨ। ਅਸੀਂ ਹੈਰਾਨ ਹੋਏ ਸੋਚ ਰਹੇ ਸਾਂ- ਯੂਰਪ ਜਾਂਦੇ ਜਾਂਦੇ ਇਹ ਕਿਥੇ ਆ ਪਹੁੰਚੇ?

ਟੈਕਸੀ ਵਾਲੇ ਨੂੰ ਸੀਫੇ (ਸਥਾਨਕ ਕਰੰਸੀ) ਦੇ ਕੇ ਖੁੱਲ੍ਹੇ-ਡੁੱਲ੍ਹੇ ਘਰ 'ਚ ਦਾਖਲ ਹੋਏ। ਅੰਦਰ ਅਜੇ ਨਾਂ ਦਾ ਪੰਜਾਬੀ ਮਿਲਿਆ ਜਿਸ ਬਾਰੇ ਬਾਅਦ 'ਚ ਪਤਾ ਲੱਗਾ ਕਿ ਸਾਰੀ ਗੇਮ ਵਿਚ ਇਹ ਵੀ ਹਿੱਸੇਦਾਰ ਸੀ। ਉਹ ਨਵਾਂ ਸ਼ਹਿਰ ਦਾ ਸੀ। ਇਥੋਂ ਅੱਗੇ ਮਾਲੀ ਨਾਂ ਦੇ ਮੁਲਕ ਵਿਚ ਮੁੰਡਿਆਂ ਨੂੰ ਬੱਸਾਂ-ਟੈਕਸੀਆਂ ਦੇ ਜ਼ਰੀਏ ਭੇਜਣ ਦੀ ਜ਼ਿੰਮੇਦਾਰੀ ਉਸ ਦੀ ਸੀ।

ਮੈਂ ਤੇ ਲੋਪੋ ਨਹਾ-ਧੋ ਤੇ ਰੋਟੀ ਖਾ ਕੇ ਟੀ.ਵੀ. ਅੱਗੇ ਬੈਠ ਗਏ। ਪੰਜਾਬੀ ਗੀਤ, ਪੰਜਾਬੀ ਵਿਰਸਾ ਦੇਖ ਕੇ ਦਿਲ ਨੂੰ ਕੁਝ ਹੋਣ ਲੱਗਿਆ, ਸੋਚਾਂ ਨੇ ਉਲਝਾ ਲਿਆ। ਆਪਣਾ ਮੁਲਕ, ਮਿੱਟੀ, ਲੋਕ, ਰਿਸ਼ਤੇ, ਘਰ ਸਭ ਕੁਝ ਛੱਡ ਕੇ ਕਿਥੇ ਆ ਗਏ ਸਾਂ! ਕਿਥੇ ਕਿਥੇ ਧੱਕੇ ਖਾਣੇ ਸਨ ਤੇ ਕਿਥੇ ਕਿਥੇ ਜਾਣਾ ਸੀ? ਦਿਲ ਕਾਹਲਾ ਪੈਂਦਾ ਗਿਆ ਕਿ ਮੈਂ ਸਭ ਕੁਝ ਗੁਆ ਕੇ ਕੁਝ ਨਹੀਂ ਪਾ ਸਕਾਂਗਾ!

ਮੈਨੂੰ ਲੱਗਾ, ਇਕਲਾਪਾ ਮੈਨੂੰ ਚਾਰੇ ਪਾਸਿਓਂ ਘੇਰਨ ਲੱਗ ਪਿਆ ਸੀ। ਪਤਾ ਨਹੀਂ ਫਿਰ ਕਿੰਨੀ ਮੁੱਦਤ ਮਗਰੋਂ ਆਪਣੇ ਘਰ ਵਾਪਿਸ ਮੁੜਨਾ ਸੀ। ਜੇ ਪਾਸਪੋਰਟ ਨਾਲ ਦੋ ਲੱਖ ਰੁਪਏ ਐਡਵਾਂਸ ਨਾ ਦਿੱਤੇ ਹੁੰਦੇ ਤਾਂ ਹੋ ਸਕਦਾ ਸੀ, ਮੈਂ ਘਰੋਂ ਹੀ ਨਾ ਤੁਰਦਾ, ਕਿਉਂਕਿ ਮੇਰੇ ਵਰਗੇ ਥੋੜ੍ਹ-ਦਿਲੇ ਵਾਸਤੇ ਘਰ ਤੋਂ ਦੂਰ ਹੋਣਾ ਬਹੁਤ ਕਠਿਨ ਸੀ। ਆਪਣੀਆਂ ਤੇ ਘਰ ਦੀਆਂ ਲੋੜਾਂ-ਮਜਬੂਰੀਆਂ ਨੇ ਮੈਨੂੰ ਬੇਵਸ ਕਰ ਦਿੱਤਾ। ਸਮੁੰਦਰਾਂ ਤੋਂ ਪਾਰ ਬਿਗਾਨਿਆਂ ਵਿਚ ਇਕੱਲੇਪਣ ਦੀ ਸਜ਼ਾ ਭੁਗਤਣ ਦੀ ਸ਼ੁਰੂਆਤ ਹੋ ਚੁੱਕੀ ਸੀ। ਜਿਵੇਂ ਤਾਜ਼ੀ ਸੱਟ 'ਚ ਤਕਲੀਫ ਜ਼ਿਆਦਾ ਨਹੀਂ ਹੁੰਦੀ, ਬਾਅਦ ਵਿਚ ਦਰਦ ਜ਼ੋਰ ਫੜਦਾ ਜਾਂਦਾ ਹੈ, ਉਸੇ ਤਰ੍ਹਾਂ ਤਿੰਨ ਦਿਨ ਪੁਰਾਣੀ ਲੱਗੀ ਵਿਛੋੜੇ ਦੀ ਸੱਟ 'ਚੋਂ ਹੁਣ ਚੀਸਾਂ ਉਠਣੀਆਂ ਸ਼ੁਰੂ ਹੋ ਗਈਆਂ ਸਨ।

ਅਜੇ ਕੋਲ ਸੋਨੂੰ ਨਾਂ ਦਾ ਮੁੰਡਾ ਜੋ ਰੋਟੀ-ਪਾਣੀ ਦਾ ਪ੍ਰਬੰਧ ਕਰਦਾ ਸੀ, 7-8 ਮਹੀਨਿਆਂ ਤੋਂ ਬੰਦੀਆਂ ਵਾਂਗ ਰਹਿ ਰਿਹਾ ਸੀ। ਉਸ ਨੇ ਦਰਦਮਈ ਲਹਿਜ਼ੇ 'ਚ ਦੱਸਿਆ ਕਿ ਇੰਡੀਆ ਵਾਲੇ ਏਜੰਟ ਪੈਸੇ ਮਾਰ ਗਏ ਸਨ। ਹੁਣ ਉਹ ਨਾ ਅੱਗੇ ਜਾ ਸਕਦਾ ਸੀ, ਨਾ ਪਿੱਛੇ। ਪਿੱਛੇ ਤਾਂ ਨਹੀਂ, ਕਿਉਂਕਿ ਉਸ ਲਈ ਅਤੇ ਘਰਦਿਆਂ ਲਈ ਹੋਰ ਕੋਈ ਮਾਫਿਕ ਰਾਹ ਨਹੀਂ ਸੀ। ਏਜੰਟ ਆਸ ਬੰਨ੍ਹਾ ਦਿੰਦੇ ਕਿ ਛੇਤੀ ਅੱਧੀ ਅਦਾਇਗੀ ਕਰ ਦਿਆਂਗੇ ਤੇ ਬਾਕੀ ਘਰਦੇ ਕਰਨਗੇ, ਫਿਰ ਹੀ ਉਹ ਅੱਗੇ ਜਾ ਸਕੇਗਾ। ਪਿੱਛੇ ਗਿਆ ਤਾਂ ਏਜੰਟਾਂ ਨੂੰ ਬਹਾਨਾ ਮਿਲ ਜਾਏਗਾ ਕਿ ਖਰਚੇ ਦੇ ਤੌਰ 'ਤੇ ਐਡਵਾਂਸ ਮਿਲੇ ਪੈਸੇ ਖਤਮ। ਸੋਨੂੰ ਕੁਰਲਾਇਆ, "ਮੈਂ ਤਾਂ ਨਾ ਜੀਂਦਾ ਹਾਂ, ਨਾ ਮਰਿਆ। ਇਥੇ ਨੌਕਰਾਂ ਵਾਂਗ ਹਾਂ, ਉਹ ਵੀ ਬਿਨਾ ਤਨਖਾਹ ਤੋਂ...!" ਅਸੀਂ ਹਮਦਰਦੀ ਜਤਾਈ, ਪਰ ਨਾਲ ਹੀ ਖੌਫ ਜਿਹਾ ਸਿਰ ਚੁੱਕਣ ਲੱਗਾ: ਕਿਤੇ ਸਾਡੀ ਹਾਲਤ ਵੀ ਨਾ ਉਸ ਵਰਗੀ ਹੋਵੇ! ਦੋ-ਤਿੰਨ ਦਿਨ ਹੋਰ ਉਥੇ ਠੀਕ-ਠਾਕ ਗੁਜ਼ਰ ਗਏ।

ਸਵੇਰੇ 7 ਕੁ ਵਜੇ ਅਸੀਂ ਕੱਚੇ ਤੇ ਛੋਟੇ ਜਿਹੇ ਬੱਸ ਅੱਡੇ 'ਚ ਖੜ੍ਹੇ ਸਾਂ, ਜਿਥੋਂ ਬੱਸ ਨੇ ਅਗਲੇ ਮੁਕਾਮ 'ਤੇ ਲਿਜਾਣਾ ਸੀ। ਦੇਰ ਹੋਣ ਕਾਰਨ ਬਿਨਾ ਰੋਟੀ ਖਾਧਿਆਂ ਹੀ ਇਬਰਾਹੀਮ ਸਾਨੂੰ ਇਥੇ ਲੈ ਆਇਆ ਸੀ। ਲੋਪੋ ਕੋਲ 12-13 ਸੌ ਰੁਪਏ ਸਨ, ਜਿਨ੍ਹਾਂ ਬਦਲੇ ਸੀਫੇ (ਸਥਾਨਕ ਕਰੰਸੀ) ਲੈਣ ਲਈ ਉਸ ਨੇ ਅਜੇ ਨੂੰ ਫੜਾਏ, ਪਰ ਅਜੇ ਨੇ ਬੇਕਾਰ ਚੀਜ਼ ਵਾਂਗ ਨੋਟ ਇਕ ਪਾਸੇ ਸੁੱਟ ਕੇ ਕਿਹਾ, "ਇੰਡੀਅਨ ਕਰੰਸੀ ਦੀ ਕੋਈ ਕੀਮਤ ਨਹੀਂ ਇਥੇ। ਹੋਰ ਮੁੰਡੇ ਵੀ ਇਥੇ ਛੱਡ ਜਾਂਦੇ ਨੇ।" ਫਿਰ ਉਸ ਨੇ 5000 ਸੀਫੇ ਦੇ ਕੇ ਬੜੀ ਦਿਆਨਤਦਾਰੀ ਨਾਲ ਕਿਹਾ, "ਬਾਰਡਰ 'ਤੇ ਕੁਝ ਟੈਕਸ ਲੱਗਦਾ ਏ, ਬਾਕੀ ਖਾਣ-ਪੀਣ 'ਤੇ ਖਰਚ ਲੈਣੇ।" ਅੱਡੇ ਤੋਂ ਇਕ ਬੋਤਲ ਪਾਣੀ ਤੇ ਬਿਸਕੁਟ ਖਰੀਦੇ ਤਾਂ ਪਤਾ ਲੱਗ ਗਿਆ ਕਿ ਹਜ਼ਾਰਾਂ ਦੀ ਗਿਣਤੀ 'ਚ ਨਜ਼ਰ ਆਉਂਦੇ ਸੀਫੇ ਸਾਡੇ ਕੁਝ ਕੁ ਸੌ ਰੁਪਏ ਦੇ ਤੁਲ ਨੇ। ਬੱਸ ਤੁਰ ਪਈ ਤੇ ਸਾਡੀ ਮੰਜ਼ਿਲ ਕੀ ਸੀ? ਸਿਰਫ ਇਹ ਕਿ ਬੱਸ ਦਾ ਆਖਰੀ ਸਟੌਪ ਸਾਡਾ ਹੀ ਸਟੌਪ ਹੈ ਅਤੇ ਉਥੇ ਦਾ ਕੋਈ ਫੋਨ ਨੰਬਰ ਸੀ ਜੋ ਸਾਡੇ ਲਈ ਨਵੇਂ ਨਿਰਦੇਸ਼ ਜਾਰੀ ਕਰੇਗਾ।

ਉਗਾ-ਡੂਗੂ 'ਚੋਂ ਨਿਕਲ ਕੇ ਬੱਸ ਜ਼ਿਆਦਾਤਰ ਘੱਟ ਆਬਾਦੀ ਦੇ ਇਲਾਕਿਆਂ 'ਚੋਂ ਗੁਜ਼ਰਦੀ ਰਹੀ। ਕਦੀ ਕਿਤੇ ਕੱਚੇ ਘਰਾਂ ਦਾ ਵਿਰਲਾ ਜਿਹਾ ਇਕੱਠ ਨਜ਼ਰ ਆ ਜਾਂਦਾ ਸੀ ਤੇ ਕਾਫੀ ਦੇਰ ਬਾਅਦ ਕਿਸੇ ਪਿੰਡ ਦਾ ਅੱਡਾ ਰਾਹ 'ਚ ਦੇਖਣ ਨੂੰ ਮਿਲਦਾ। ਖੇਤੀਬਾੜੀ ਦੀ ਹਾਲਤ ਪਤਲੀ ਸੀ। ਕਿਤੇ ਵਿਰਲਾ ਵਿਰਲਾ ਝੋਨਾ ਸੀ, ਕਿਤੇ ਵਿਰਲੀ ਵਿਰਲੀ ਮੱਕੀ। ਪਾਣੀ ਦੀ ਕਾਫੀ ਕਮੀ ਲੱਗਦੀ ਸੀ। ਹਾਂ, ਅੰਬਾਂ ਦੇ ਦਰਖਤ ਕਾਫੀ ਸਨ ਤੇ ਹਰ ਪਾਸੇ ਸਨ। ਟਰੈਫਿਕ ਵਾਲੀ ਕੋਈ ਗੱਲ ਖਾਸ ਨਹੀਂ ਸੀ, ਸਾਧਾਰਨ, ਬਹੁਤ ਘੱਟ।

ਥਾਂ ਥਾਂ ਆਦਿਵਾਸੀ ਜਿਹੇ ਲੋਕ ਪੁਰਾਣੇ ਤਰੀਕਿਆਂ ਨਾਲ ਜੀਵਨ ਸੰਘਰਸ਼ ਵਿਚ ਪਛੜਦੇ, ਪਰ ਡਟੇ ਨਜ਼ਰ ਆਉਂਦੇ ਸਨ। ਦਰਅਸਲ ਉਨ੍ਹਾਂ ਦੀਆਂ ਜ਼ਰੂਰਤਾਂ ਵੀ ਤਾਂ ਹਾਲਾਤ ਨਾਲ ਸਮਝੌਤਾ ਕਰ ਗਈਆਂ ਸਨ। ਸ਼ਾਇਦ ਤਾਂ ਹੀ ਉਨ੍ਹਾਂ ਦੇ ਚਿਹਰਿਆਂ 'ਤੇ ਸਥਾਈ ਤੌਰ 'ਤੇ ਰਹਿਣ ਵਾਲੀ ਕੋਈ ਨਾਰਾਜ਼ਗੀ ਜਾਂ ਬੇਵਸੀ ਨਜ਼ਰ ਨਹੀਂ ਆਈ। ਕਿਸੇ ਥਾਂ ਬੱਸ ਰੁਕਦੀ ਤਾਂ ਕੁੜੀਆਂ-ਬੁੜ੍ਹੀਆਂ, ਬੱਚੇ ਪੈਕਟਾਂ ਵਿਚ ਪਾਣੀ, ਅੰਬ ਤੇ ਹੋਰ ਉਰਾ-ਪਰਾ ਲੈ ਕੇ ਤਾਕੀਆਂ ਨਾਲ ਆ ਜੁੜਦੇ ਤੇ ਸਥਾਨਕ ਬੋਲੀ ਵਿਚ ਹੋਕੇ ਦੇਣ ਲੱਗ ਪੈਂਦੇ। ਬਿਜਲੀ ਛੋਟੇ ਪਿੰਡਾਂ ਤਕ ਨਹੀਂ ਸੀ ਪਹੁੰਚੀ। ਸਾਫ ਦਿਖਦਾ ਸੀ ਕਾਫੀ ਪਛੜਿਆ ਮੁਲਕ ਹੈ। ਇਕ ਗੋਰਾ ਬਜ਼ੁਰਗ ਜੋੜਾ, ਦੋ ਕੁ ਹੋਰ ਵਿਦੇਸ਼ੀ ਚਿਹਰੇ ਤੇ ਦੋ ਅਸੀਂ ਹੀ ਸਾਂ; ਬਾਕੀ ਕਾਲਿਆਂ ਨਾਲ ਭਰੀ ਬੱਸ ਵਿਚ ਰੰਗ ਵੱਲੋਂ ਵੱਖਰੇ ਨਜ਼ਰ ਆਉਂਦੇ। ਗਰਮੀ ਤੇ ਪਿਆਸ ਦੀ ਵਜ੍ਹਾ ਨਾਲ ਪਾਣੀ ਖਤਮ ਹੋ ਗਿਆ ਸੀ ਤੇ ਭੁੱਖ ਕਾਰਨ ਬਿਸਕੁਟ। ਪਾਣੀ ਹੋਰ ਖਰੀਦਣ ਦੀ ਮਜਾਲ ਨਹੀਂ ਹੋਈ ਕਿ ਬਾਰਡਰ 'ਤੇ ਕਿਤੇ ਸੀਫੇ ਘਟ ਨਾ ਜਾਣ!

ਤਕਰੀਬਨ 3 ਕੁ ਵਜੇ ਕਿਸੇ ਸ਼ਹਿਰ ਤੋਂ ਬੱਸ ਬਦਲ ਗਈ। ਬੱਸ ਦਾ ਬੇਹੱਦ ਲੰਮਾ ਸਫਰ ਤੇ ਉਹ ਵੀ ਇੰਨੀ ਗਰਮੀ ਵਿਚ! ਉਲਟੀਆਂ ਕਰ ਚੁੱਕਿਆ ਸਾਂ, ਪੇਟ ਦੀ ਹਾਲਤ ਖਰਾਬ ਹੋ ਗਈ ਸੀ। ਸਫਰ ਮੇਰੇ ਲਈ ਹਰ ਪਾਸਿਓਂ ਗੈਰ ਮਾਫਿਕ ਤੇ ਨਾਗਵਾਰ ਗੁਜ਼ਰਿਆ। ਬੱਸ ਸ਼ਾਮ 7 ਕੁ ਵਜੇ ਬਾਰਡਰ ਚੈਕਿੰਗ-ਪੋਸਟ 'ਤੇ ਰੁਕੀ। ਹਾਲਾਂਕਿ ਸਾਡੇ ਕੋਲ ਵੀਜ਼ਾ ਸੀ, ਫਿਰ ਵੀ ਮਨ 'ਚ ਉਤੇਜਨਾ ਸੀ। ਸਾਨੂੰ ਕੀ ਪਤਾ ਸੀ ਅਸੀਂ ਕਿਹੜੇ ਵੇਲੇ, ਕਿਹੜੀ ਜਗ੍ਹਾ 'ਤੇ ਨਾਜਾਇਜ਼ ਘੁਸਪੈਠੀਏ ਹੋ ਜਾਣਾ ਸੀ। ਖੈਰ! ਫੌਜੀਆਂ ਨੂੰ 4000 ਸੀਫੇ ਬਤੌਰ ਟੈਕਸ-ਫੀਸ ਵਗੈਰਾ ਦੇ ਕੇ ਅੱਗੇ ਤੁਰ ਪਏ। ਮਤਲਬ! ਫਿਲਹਾਲ ਅਸੀਂ ਲੀਗਲ ਯਾਤਰੀ ਸਾਂ, ਖਾਲਿਸ ਸੈਲਾਨੀ ਜੋ ਇਨ੍ਹਾਂ ਗਰੀਬੜੇ ਮੁਲਕਾਂ 'ਚ ਖਬਰੇ ਕੀ ਦੇਖਣ ਆ ਗਏ ਸਾਂ!

ਹੁਣ ਇਕ ਬੋਤਲ ਪਾਣੀ ਖਰੀਦਣ ਤੋਂ ਬਾਅਦ 100 ਸੀਫੇ ਸਾਡੇ ਕੋਲ ਰਹਿ ਗਏ ਸੀ। ਭੁੱਖੇ-ਪਿਆਸੇ ਪੇਟਾਂ 'ਚੋਂ ਅਜੇ ਲਈ ਗਾਲ੍ਹਾਂ ਦਾ ਛਰਾਟਾ ਨਿਕਲਿਆ ਜੋ ਕੁਝ ਕੁ ਸੀਫੇ ਦੇ ਕੇ ਖਾਣ-ਪੀਣ ਦੇ ਖਰਚ ਲਈ ਕਿਸੇ ਖੁੱਲ੍ਹੀ ਦਾਅਵਤ ਵਾਂਗ ਅਹਿਸਾਨ ਜਤਾ ਰਿਹਾ ਸੀ। ਮੇਰੇ ਕੋਲ 90 ਕੁ ਅਮਰੀਕਨ ਡਾਲਰ ਸਨ, ਪਰ ਉਨ੍ਹਾਂ ਬਦਲੇ ਸੀਫੇ ਕਿਤਿਉਂ ਵੀ ਨਾ ਮਿਲ ਸਕੇ। ਸ਼ਾਮ ਤਕ ਭੁੱਖ-ਪਿਆਸ ਨਾਲ ਸਾਡੀ ਹਾਲਤ ਬਦਤਰ ਹੋ ਗਈ।

ਲੋਪੋ ਕੁਝ ਜ਼ਿਆਦਾ ਬੋਲਦਾ ਸੀ, ਨਹੀਂ ਸ਼ਾਇਦ; ਕਾਫੀ ਜ਼ਿਆਦਾ ਬੋਲਦਾ ਸੀ। ਸ਼ੁਰੂ ਦੇ ਦੋ-ਤਿੰਨ ਦਿਨ ਉਸ ਦੇ ਮਸਖਰੇ ਵਤੀਰੇ ਨੇ ਉਸ ਦੀ ਹਰ ਤਰ੍ਹਾਂ ਦੀ ਬੇਕਾਰ ਗੱਲ ਨੂੰ ਵੀ ਮਹਿਸੂਸ ਨਹੀਂ ਸੀ ਹੋਣ ਦਿੱਤਾ, ਫਿਰ ਹੌਲੀ ਹੌਲੀ ਲੱਗਣ ਲੱਗਾ ਕਿ ਉਹ ਤਕਰੀਬਨ ਕੰਨ ਖਾਣ ਤਕ ਪਹੁੰਚ ਜਾਂਦਾ ਸੀ। ਹੁਣ ਹਾਲਾਤ ਇਹ ਸਨ ਕਿ ਬਹੁਤ ਜ਼ਿਆਦਾ ਉਚੇ ਲਹਿਜ਼ੇ ਤੇ ਬੇਲੋੜੇ ਸ਼ਬਦਾਂ ਵਿਚ ਕੀਤੀ ਚੰਗੀ ਗੱਲ ਵੀ ਮੈਨੂੰ ਬਕਵਾਸ ਲੱਗਣੀ ਸ਼ੁਰੂ ਹੋ ਗਈ ਸੀ। ਬਹਰਹਾਲ, ਮੈਂ ਆਪਣਾ ਇਕੱਲਾਪਨ ਵੀ ਝੱਲ ਰਿਹਾ ਸਾਂ, ਬੱਸ ਦਾ ਘਟੀਆ ਸਫਰ ਵੀ ਅਤੇ ਲੋਪੋ ਦੀ ਬਕ ਬਕ ਵੀ।

ਬੱਸ ਕਿਸੇ ਉਜਾੜ 'ਚੋਂ ਲੰਘ ਰਹੀ ਸੀ। ਸ਼ਾਮ ਦੇ ਘੁਸਮੁਸੇ ਨੇ ਆਪਣੀ ਚਾਦਰ ਵਿਚ ਸ੍ਰਿਸ਼ਟੀ ਦਾ ਨਿਸ਼ਚਿਤ ਹਿੱਸਾ ਸਮੇਟਣਾ ਸ਼ੁਰੂ ਕਰ ਦਿੱਤਾ ਸੀ। ਪਿੱਛੇ, ਪਰ੍ਹੇ ਕਿਤੇ ਗੋਲੀ ਚੱਲਣ ਦੀ ਆਵਾਜ਼ ਸੁਣੀ। ਹਨੇਰੇ ਵਿਚ ਕਿਸੇ ਨੂੰ ਕੁਝ ਦਿਖਾਈ ਨਹੀਂ ਦਿੱਤਾ। ਫਿਰ ਕਾਫੀ ਪਰਿਓਂ ਜੀਪ ਬੇਹੱਦ ਰਫਤਾਰ ਨਾਲ ਸਾਡੀ ਬੱਸ ਵੱਲ ਵਧਦੀ ਨਜ਼ਰ ਆਈ। ਘਬਰਾ ਕੇ ਸਾਰੇ ਜਣੇ ਸੀਟਾਂ 'ਤੇ ਟੇਢੇ ਜਿਹੇ ਹੋ ਗਏ। ਫਿਰ ਧਮਾਕੇ ਹੋਏ, ਬੱਸ ਦੇ ਦੋ ਸ਼ੀਸ਼ੇ ਟੁੱਟ ਗਏ। ਬੱਸ ਨੇ ਹੋਰ ਤੇਜ਼ੀ ਫੜ ਲਈ। ਬਾਰਡਰ ਤੋਂ ਆਰਮੀ ਦੇ ਦੋ ਜਵਾਨ ਚੜ੍ਹੇ ਸਨ। ਉਨ੍ਹਾਂ ਨੇ ਜਵਾਬੀ ਫਾਇਰਿੰਗ ਖੋਲ੍ਹ ਦਿੱਤੀ। ਹੁਣ ਜੀਪ ਹੌਲੀ ਹੋ ਕੇ ਪਿੱਛੇ ਰਹਿ ਗਈ ਸੀ। ਸਭ ਦੇ ਸਾਹਾਂ 'ਚ ਸਾਹ ਮੁੜੇ। ਸ਼ਾਇਦ ਇਸੇ ਲਈ ਹਿਫਾਜ਼ਤੀ ਇੰਤਜ਼ਾਮ ਹੁੰਦਾ ਸੀ। ਸ਼ਾਇਦ ਲੁਟੇਰੇ ਵੀਰਾਨ ਥਾਂਵਾਂ 'ਤੇ ਵਾਹਨ ਲੁੱਟ ਲੈਂਦੇ ਸਨ। ਚੰਬਲ ਘਾਟੀ ਦਾ ਕੋਈ ਟੁਕੜਾ ਇਥੇ ਵੀ ਸਰਗਰਮ ਸੀ। ਕੋਈ ਗੰਭੀਰ ਹਾਦਸਾ ਹੋਣੋਂ ਟਲ ਗਿਆ ਸੀ, ਪਰ ਇਸ ਦੌਰਾਨ ਇਕ ਗੱਲ ਚੰਗੀ ਵੀ ਹੋ ਗਈ, ਲੋਪੋ ਦੀ ਲਗਾਤਾਰ ਚਲਦੀ ਬਕ ਬਕ ਬੰਦ ਹੋ ਗਈ।

ਅਸੀਂ ਰਾਤ ਡੇਢ ਕੁ ਵਜੇ ਆਪਣੇ ਆਖਰੀ ਸਟੌਪ ਸ਼ਹਿਰ ਬਮਾਕੋ (ਮਾਲੀ) ਵਿਚ ਜਾ ਉਤਰੇ। ਪੰਜਾਬ 'ਤੋਂ ਤਕਰੀਬਨ 9000 ਕਿਲੋਮੀਟਰ ਦੂਰ। ਅਲਜੀਰੀਆ, ਨਾਈਜਰ, ਬਰਕੀਨਾ ਫਾਸੋ, ਕੋਤ ਦਿ'ਵੌਰ, ਗਿਨੀ, ਸੈਨੇਗਲ, ਮੁਰਤਾਨੀਆ ਮੁਲਕਾਂ ਨਾਲ ਘਿਰੇ ਇਸ ਮੁਲਕ (ਜੋ ਅਫਰੀਕਾ ਦੇ ਗਰੀਬ ਮੁਲਕਾਂ 'ਚ ਸ਼ਾਮਿਲ ਹੈ) ਦੀ ਸਰਜ਼ਮੀਨ 'ਤੇ ਗੁਆਚੀਆਂ ਦੋ ਹਲਕਾਨ 'ਗਾਂਵਾਂ' ਡੌਰ-ਭੌਰ ਖੜ੍ਹੀਆਂ ਸਨ ਅਤੇ ਉਹ ਜਾਨ ਕੱਢ ਦੇਣ ਵਾਲੀ ਇਸ ਸੂਚਨਾ ਤੋਂ ਅਣਭੋਲ ਤੇ ਅਵੇਸਲੀਆਂ ਸਨ ਕਿ ਸਪੇਨ ਹਾਲੇ ਵੀ ਢਾਈ-ਤਿੰਨ ਹਜ਼ਾਰ ਕਿਲੋਮੀਟਰ ਦੂਰ ਹੈ ਤੇ ਇਹ ਸਫਰ ਹਵਾਈ ਤਾਂ ਹਰਗਿਜ਼ ਨਹੀਂ ਹੋਣਾ।

ਸਾਡੇ ਫੋਨ ਦੇ ਜਵਾਬ ਵਿਚ ਦੋ ਪੰਜਾਬੀ ਮੁੰਡੇ ਮੋਟਰਸਾਈਕਲ 'ਤੇ ਲੈਣ ਆ ਗਏ। ਕਾਫੀ ਖੁੱਲ੍ਹੇ ਤੇ ਸ਼ਾਨਦਾਰ ਮਕਾਨ 'ਚ ਪਹੁੰਚੇ, ਜਿਥੇ ਸਮੁੱਚੀ ਗੇਮ ਦਾ ਮੁੱਖ ਕਰਤਾ-ਧਰਤਾ ਸਤਨਾਮ ਨਾਂ ਦਾ ਏਜੰਟ ਐਯਾਸ਼ੀ ਭਰਿਆ ਜੀਵਨ ਬਿਤਾਉਂਦਾ ਨਜ਼ਰ

*(ਬਾਕੀ ਅਗਲੇ ਸਫੇ 'ਤੇ)*



**ਇਥੋਪੀਆ ਦੀ ਰਾਜਧਾਨੀ ਐਡੀਸ ਅਬਾਬਾ ਦਾ ਦਿਲਕਸ਼ ਨਜ਼ਾਰਾ। ਇਥੇ ਲਿਖਾਰੀ ਦੇ ਜਹਾਜ਼ ਦਾ ਪਹਿਲਾ ਉਤਾਰਾ ਸੀ।**

ਆਇਆ। ਸਾਨੂੰ ਭੁੱਖਿਆਂ ਨੂੰ ਰੋਟੀ ਨਸੀਬ ਹੋਈ। ਦੋਹਾਂ ਨੇ ਦਿੱਲੀ ਦੇ ਏਜੰਟਾਂ ਦੀ ਭੇਜੀ ਅਮਾਨਤ 7-7 ਹਜ਼ਾਰ ਡਾਲਰ ਉਸ ਨੂੰ ਸੌਂਪ ਦਿੱਤੀ। ਏਜੰਟ ਹਰ ਤਰ੍ਹਾਂ ਦਾ ਮੁਮਕਿਨ ਅਨੰਦ ਮਾਣ ਰਿਹਾ ਸੀ। ਇਕ ਹੱਥ ਵਿਚ ਸ਼ਰਾਬ, ਇਕ ਵਿਚ ਕਬਾਬ। ਜਦ ਇਕ ਹੱਥ ਜ਼ਰਾ ਵਿਹਲਾ ਹੁੰਦਾ ਤਾਂ ਸ਼ਬਾਬ ਨੂੰ ਕਲਾਵੇ ਵਿਚ ਧੂਹ ਲੈਂਦਾ। ਮਹਿਜ਼ ਫੋਨਾਂ ਦੇ ਜ਼ਰੀਏ ਲੱਖਾਂ-ਕਰੋੜਾਂ ਦਾ ਧੰਦਾ ਚੱਲ ਰਿਹਾ ਸੀ। ਕੋਈ ਦੌੜ-ਭੱਜ ਨਹੀਂ, ਨੁਕਸਾਨ ਹੋਣ ਦਾ ਕੋਈ ਚਾਂਸ ਨਹੀਂ, ਕੋਈ ਫ਼ਿਕਰ ਵੀ ਨਹੀਂ। ਬਸ ਸਾਡੇ ਵਰਗੇ ਸ਼ਤਰੰਜ ਦੇ ਮੋਹਰੇ ਇਧਰੋਂ ਉਧਰ ਰੱਖਣੇ ਹੁੰਦੇ ਨੇ। ਅੱਗਿਓਂ ਹੋਰਾਂ ਨੇ ਖੇਡ ਦਿਖਾਉਣੀ ਹੁੰਦੀ ਹੈ, ਅਖ਼ੀਰ 'ਤੇ ਹਮੇਸ਼ਾ ਜਿੱਤ ਹੁੰਦੀ ਹੈ। ਸਾਨੂੰ ਸਫ਼ਰ ਦੇ ਥੱਕਿਆਂ ਨੂੰ ਨੀਂਦ ਨੇ ਤੁਰੰਤ ਆਪਣੇ ਆਗੋਸ਼ ਵਿਚ ਲੈ ਲਿਆ।

ਸਵੇਰੇ ਨਹਾ-ਧੋ ਕੇ ਉਨ੍ਹਾਂ ਦੇ ਉਸ ਟਿਕਾਣੇ 'ਤੇ ਪਹੁੰਚੇ ਜਿਥੇ 50 ਕੁ ਦੇ ਕਰੀਬ ਪੰਜਾਬੀ ਤੇ ਇਕਾ-ਦੁੱਕਾ ਹਰਿਆਣਵੀ ਡੇਰਾ ਜਮਾਈ ਬੈਠੇ ਸਨ। ਉਚੀ ਚਾਰਦੀਵਾਰੀ ਦੇ ਵਿਚਕਾਰ ਕਾਫੀ ਵੱਡਾ ਦੋ-ਮੰਜ਼ਿਲਾ ਮਕਾਨ ਸੀ ਜਿਸ ਦੇ ਹੇਠਲੇ 6 ਵੱਡੇ ਕਮਰਿਆਂ ਵਿਚ 16-17 ਸਾਲ ਤੋਂ 42-43 ਸਾਲ ਤਕ ਦੇ ਮੁੰਡੇ ਤੇ ਬੰਦੇ ਗੁਜ਼ਰ-ਬਸਰ ਕਰ ਰਹੇ ਸਨ। ਮਕਾਨ ਤੋਂ ਬਾਹਰ ਜਾਣ ਦੀ ਸਖ਼ਤ ਮਨਾਹੀ ਸੀ। ਸ਼ੋਰ-ਸ਼ਰਾਬਾ ਬਿਲਕੁਲ ਮਨ੍ਹਾ। ਖਾਣੇ ਦਾ ਬਹੁਤ ਮਾੜਾ ਹਾਲ ਸੀ। ਦਾਲ ਤੇ ਚਾਹ ਪਤਲੇਪਨ ਵਿਚ ਇੰਨੀਆਂ ਸਮਾਨ ਸਨ ਕਿ ਰੰਗ ਤੋਂ ਪਤਾ ਲੱਗਦਾ ਸੀ ਕਿ ਕਿਹੜੀ ਚਾਹ ਹੈ ਤੇ ਕਿਹੜੀ ਦਾਲ। ਰੋਟੀਆਂ ਗਿਣ ਕੇ ਦੋ। ਜਿਨ੍ਹਾਂ ਕੁਝ ਮੁੰਡਿਆਂ ਦੇ ਹੱਥ ਉਥੇ ਦਾ ਨਿਜ਼ਾਮ ਸੀ, ਉਹ ਚੋਰੀ ਚੋਰੀ ਜੋ ਚਾਹੇ, ਜਿੰਨਾ ਚਾਹੇ ਖਾਂਦੇ ਰਹਿੰਦੇ। ਉਥੇ ਕੌਣ ਕਹਿਣ ਵਾਲਾ ਸੀ? ਇਹੀ ਤਾਂ ਇਨਸਾਨੀ ਫ਼ਿਤਰਤ ਹੈ: ਜੰਗਲੀਪੁਣਾ। ਤਿੰਨ-ਚਾਰ ਦਿਨਾਂ 'ਚ ਹੀ ਦਿਲ ਗਹਿਰਾ ਉਦਾਸ ਹੋ ਗਿਆ। ਯਾਦਾਂ ਦੇ ਸਾਏ, ਵਜੂਦ ਨੂੰ ਆਪਣੇ ਕਲਾਵੇ 'ਚ ਸਮੇਟਣ ਲੱਗ ਪਏ। ਭੀੜ ਵਿਚ ਇਕੱਲਾਪਨ ਹੋਰ ਜ਼ਿਆਦਾ ਮਹਿਸੂਸ ਹੋਣ ਲੱਗ ਪਿਆ। ਇਸ ਅਜਨਬੀ ਥਾਂ 'ਤੇ ਮੁੰਡੇ ਹਜ਼ਾਰਾਂ ਤਰ੍ਹਾਂ ਦੇ ਇੰਦਰਧਨੁਸ਼ੀ ਰੰਗਾਂ ਦੇ ਸੁਫ਼ਨੇ ਨੈਣਾਂ 'ਚ ਸਮੋਈ, ਆਪਣੇ ਭਵਿੱਖ ਦੇ ਅਨਜਾਣ ਹਾਦਸਿਆਂ ਦਾ ਬੇਤਕੱਲੁਫ਼-ਮਿਜ਼ਾਜੀ ਨਾਲ ਇੰਤਜ਼ਾਰ ਕਰ ਰਹੇ ਸਨ।

86 (ਛਿਆਸੀ) ਨਾਂ ਦਾ ਮੁੰਡਾ ਆਪਣੇ ਖ਼ਾਸ ਚੇਲੇ-ਚਾਟੜਿਆਂ ਦੀ ਮਦਦ ਨਾਲ ਪ੍ਰਬੰਧ ਚਲਾਉਂਦਾ ਸੀ। ਸਿਰਫ਼ ਉਨ੍ਹਾਂ ਨੂੰ ਹੀ ਖੁੱਲ੍ਹ ਸੀ। ਉਹ ਦੂਜਿਆਂ ਤੋਂ ਵਧੀਆ ਤੇ ਜ਼ਿਆਦਾ ਖਾਣਾ ਖਾ ਸਕਦੇ ਨੇ, ਘਰ ਤੋਂ ਬਾਹਰ ਵੀ ਘੁੰਮ-ਫਿਰ ਸਕਦੇ ਨੇ, ਹੋਰਨਾਂ ਦਾ ਨਿੱਜੀ ਸਮਾਨ ਪਹਿਲ ਦੇ ਆਧਾਰ 'ਤੇ ਵਰਤ ਸਕਦੇ ਨੇ, ਦੂਜਿਆਂ ਦੇ ਨੋਟਾਂ ਨੂੰ ਸੀਫੇ ਬਦਲਾਉਣ ਦਰਮਿਆਨ ਮਨਚਾਹੀ ਕਮਿਸ਼ਨ ਖਾ ਸਕਦੇ ਨੇ।

ਛਿਆਸੀ ਦੀ 'ਚਾਲੂ ਗੰਜੇ ਮਾਮੇ' ਨਾਲ ਕਾਫੀ ਨਿਭਦੀ ਸੀ। ਦੇਖਣ ਵਾਲਾ ਪਹਿਲੀ ਨਜ਼ਰੇ ਹੀ ਫ਼ੈਸਲਾ ਕਰ ਸਕਦਾ ਸੀ ਕਿ ਮਾਮਾ ਚਾਲੂ ਤੇ ਕਾਈਆਂ ਹੈ। ਰਿਹਾ ਸ਼ੱਕ ਉਦੋਂ ਦੂਰ ਹੋ ਜਾਂਦਾ ਜਦੋਂ ਉਹ ਕਮੀਨਗੀ ਭਰਿਆ ਹਾਸਾ ਹੱਸਦਾ। ਉਹ ਦੋਵੇਂ ਅੰਬ ਚੂਪਣ ਦੇ ਬਹੁਤ ਸ਼ੌਕੀਨ ਸਨ, ਅੰਬ ਭਾਵੇਂ ਹਰੇ ਰੰਗ ਦੇ ਹੋਣ, ਤੇ ਭਾਵੇਂ 'ਕਾਲੇ ਰੰਗ' ਦੇ। ਹੋਰਾਂ ਤੋਂ ਠੱਗੇ ਸੀਫੇ ਅਜਿਹੇ ਕੰਮਾਂ 'ਤੇ ਹੀ ਖ਼ਰਚ ਹੁੰਦੇ ਸਨ। ਚਾਲੂ ਮਾਮੇ ਨੇ ਇਕ ਵਾਰ ਕੁਲਦੀਪ 'ਟੈਂਪੂ' (ਜੋ ਭੁਲੇਖੇ ਨਾਲ ਰੱਬ ਹੱਥੋਂ ਕੁੜੀ ਬਣਦੀ ਬਣਦੀ ਮੁੰਡਾ ਬਣ ਗਿਆ ਸੀ) ਨਾਲ ਅਨੈਤਿਕ ਵਤੀਰਾ ਕਰਨ ਦੀ ਕੋਸ਼ਿਸ਼ 'ਚ ਰੌਲਾ ਬਣਾ ਛੱਡਿਆ। ਏਜੰਟ ਵੀ ਅਖੀਰ ਚਾਲੂ ਮਾਮੇ ਨੂੰ ਲਾਹਨਤਾਂ ਪਾ ਗਏ, ਫਿਰ ਵੀ ਉਸ ਦੇ ਹਾਸੇ ਦਾ ਬੇਸ਼ਰਮ ਲਹਿਜ਼ਾ ਕਹਿੰਦਾ ਸੀ ਕਿ ਉਹ ਆਪਣੀ ਕਿਸਮ ਦਾ ਇਕੋ-ਇਕ ਢੀਠ ਹੈ। ਲੋਪੋ ਪਹਿਲੇ ਦਿਨ ਹੀ ਮੇਰਾ ਸਾਥ ਛੱਡ ਕੇ ਹੋਰ ਮੁੰਡਿਆਂ 'ਚ ਜਾ ਬੈਠਾ ਸੀ। ਮੈਨੂੰ ਵੀ ਜ਼ਿਆਦਾ ਨਹੀਂ ਰੜਕਿਆ, ਉਹ ਕਿਹੜਾ ਕੋਈ ਸਕਾ ਸੀ। ਫਿਰ ਮੈਂ ਵੈਸੇ ਵੀ ਅਜਨਬੀਆਂ ਜਾਂ ਨਵਿਆਂ ਨਾਲ ਛੇਤੀ ਕਿਤੇ ਨਹੀਂ ਸੀ ਘੁਲ-ਮਿਲ ਪਾਉਂਦਾ। ਮੈਂ ਇਕੱਲ-ਖੋਰਾ ਭਾਵੇਂ ਇਥੇ ਸੌਂ ਜਾਵਾਂ ਭਾਵੇਂ ਉਥੇ, ਇਕੋ ਹੀ ਗੱਲ ਸੀ।

ਛਿਆਸੀ ਨੂੰ ਜ਼ਿੰਮੇਵਾਰੀ ਸੌਂਪੀ ਸੀ ਰਾਜੇਸ਼ ਨੇ ਜੋ ਸਤਨਾਮ ਦਾ ਕਾਰੋਬਾਰ ਸੰਭਾਲਦਾ ਸੀ। ਇਥੋਂ ਅੱਗੇ ਕਿਹੜੇ ਕਿਹੜੇ ਬੰਦੇ, ਕਦੋਂ ਕਦੋਂ ਜਾਣੇ ਨੇ, ਇਹ ਸਭ ਉਹੀ ਤੈਅ ਕਰਦਾ ਸੀ। ਇੰਡੀਅਨ ਏਜੰਟਾਂ ਦੇ ਰਸੂਖ਼ ਅਤੇ ਪਹੁੰਚੀਆਂ ਅਦਾਇਗੀਆਂ ਦੇ ਮਾਪਦੰਡ ਤੈਅ ਕਰਦੇ ਸਨ ਕਿ ਕੌਣ, ਕਿਹੜੇ ਜਾਣ ਵਾਲੇ ਗਰੁੱਪ ਦਾ ਹਿੱਸਾ ਹੋਵੇਗਾ। ਕਈ ਮੁੰਡੇ 6-7 ਮਹੀਨਿਆਂ ਤੋਂ ਇਥੇ ਹੀ ਫਸੇ ਬੈਠੇ ਸਨ, ਕਿਉਂਕਿ ਉਨ੍ਹਾਂ ਦੇ ਪਿਛਲੇ ਏਜੰਟਾਂ ਨੇ ਪੂਰਾ ਭੁਗਤਾਨ ਨਹੀਂ ਸੀ ਕੀਤਾ। ਕਿਸੇ ਦੇ ਕੀਤੇ ਦੀ ਸਜ਼ਾ ਕੋਈ ਹੋਰ ਭੁਗਤ ਰਿਹਾ ਸੀ। ਦੁਖੀ ਮੁੰਡਿਆਂ ਦੇ ਦੁੱਖ ਸੁਣ ਕੇ ਦਿਲ ਨੂੰ ਧੁੜਕੂ ਜਿਹਾ ਲੱਗ ਜਾਂਦਾ ਕਿ ਮੈਂ ਵੀ ਕਿਤੇ ਪਿੱਛੇ ਨਾ ਰਹਿ ਜਾਵਾਂ। ਪਹਿਲੀ ਵਾਰੀ 'ਚ ਨੰਬਰ ਨਾ ਲੱਗਾ ਤਾਂ ਦੂਜੀ ਵਾਰੀ ਮਹੀਨੇ ਬਾਅਦ ਆਉਣੀ ਸੀ।

ਪੰਜ ਕੁ ਦਿਨ ਬਹੁਤ ਔਖੇ ਲੰਘੇ। ਮੇਰੇ ਦਿਲ ਨੇ ਉਦੋਂ ਕੁਝ ਧਰਵਾਸ ਧਰਿਆ ਜਦ ਫੋਨ 'ਤੇ ਘਰਦਿਆਂ ਨੇ ਦੱਸਿਆ, "ਤੇਰੀ ਸਾਰੀ ਪੇਮੈਂਟ 6 ਲੱਖ ਰੁਪਏ ਪਹਿਲਾਂ ਹੀ ਕਰ ਦਿੱਤੀ ਸੀ। ਫਿਰ ਤੇਰਾ ਏਜੰਟ ਮੇਜਰ ਵੀ ਸਤਨਾਮ ਦਾ ਖਾਸ ਬੰਦਾ ਹੈ, ਤੇਰਾ ਨੰਬਰ ਜ਼ਰੂਰ ਪਹਿਲੇ ਗਰੁੱਪ 'ਚ ਹੋਊਗਾ...।" ਫਿਰ ਮਕਾਨ ਵਿਚ ਖੁਸ਼ਖ਼ਬਰੀ ਪਹੁੰਚੀ ਕਿ 13 ਮਈ ਨੂੰ 39 ਮੁੰਡਿਆਂ ਨੇ ਯੂਰਪ ਵੱਲ ਕੂਚ ਕਰਨਾ ਹੈ।

13 ਤਰੀਕ ਦੀ ਉਥਲ-ਪੁਥਲ ਵਿਚ ਉਲਝੇ ਘਰ ਵਿਚ 12 ਤਰੀਕ ਨੂੰ ਪੁਲਿਸ ਨੇ ਛਾਪਾ ਮਾਰਿਆ। ਸਭ ਨੂੰ ਹੱਥਾਂ ਪੈਰਾਂ ਦੀ ਪੈ ਗਈ। ਆਵਾਜ਼ਾਂ ਗੂੰਜੀਆਂ: "ਭੱਜ ਜਾਓ, ਦੌੜ ਲਓ, ਰਾਤ ਨੂੰ ਮੁੜ ਆਇਓ...।" ਜਿਹੜਾ ਜਿਹੜੀ ਹਾਲਤ ਵਿਚ ਸੀ, ਜਿਸ ਦਾ ਜਿਧਰ ਮੂੰਹ ਸੀ, ਦੌੜ ਪਿਆ।

ਅਸੀਂ 4-5 ਜਣੇ ਉਜਾੜ, ਟਿੱਲਿਆਂ 'ਚ ਭੁੱਖਣ-ਭਾਣੇ ਭਟਕਦੇ ਰਹੇ। ਸ਼ਾਮ ਗਈ, ਚੌਕਸੀ ਵਰਤਦੇ ਘਰ ਮੁੜੇ। ਜਿਹੜੇ ਮੁੰਡੇ ਘਿਰ ਗਏ ਸੀ, ਰਾਜੇਸ਼ ਨੇ ਆ ਕੇ ਸੀਫੇ ਜਾਂ ਫਰਾਂਕ ਦੇ ਕੇ ਛੁਡਾ ਲਏ। ਅਸਲ ਵਿਚ ਹੋਣਾ ਕੁਝ ਖ਼ਾਸ ਨਹੀਂ ਸੀ; ਜਿੰਨੇ ਨਗ ਹੱਥ ਆਉਣੇ ਸਨ, ਉਨੇ ਜ਼ਿਆਦਾ ਸੀਫੇ ਦੇਣੇ ਪੈਣੇ ਸੀ, ਖ਼ਤਮ ਵੀਜ਼ਿਆਂ ਵਾਲਿਆਂ ਦੇ ਥੋੜ੍ਹੇ ਜ਼ਿਆਦਾ। ਆਖਿਰ ਕਾਲਿਆਂ ਦੇ ਮੁਲਕ 'ਚੋਂ ਹੋ ਕੇ ਵਗਦੀ ਗੰਗਾ ਵਿਚ ਹੱਥ ਧੋਣ ਦਾ ਹੱਕ ਉਨ੍ਹਾਂ ਦਾ ਵੀ ਤਾਂ ਬਣਦਾ ਸੀ!

ਅਗਲੇ ਦਿਨ ਦੀ ਤਿਆਰੀ ਵਿਚ ਉਤੇਜਨਾਵਾਂ ਅਤੇ ਫਿਕਰ ਆਪਸ 'ਚ ਗਡ-ਮਡ ਹੋ ਕੇ ਘਰ ਦੀ ਫ਼ਿਜ਼ਾ ਨੂੰ ਬੋਝਲ ਜਿਹਾ ਬਣਾ ਗਏ, ਕਿਉਂਕਿ 39 ਜਾਣ ਵਾਲਿਆਂ ਦੇ ਨਾਂਵਾਂ ਦਾ ਰਹੱਸ ਬਦਸਤੂਰ ਬਣਿਆ ਹੋਇਆ ਸੀ। ਅਗਲੀ ਸਵੇਰ ਉਪਰੋਥਲੀ 7-8 ਹੋਰ ਮੁੰਡਿਆਂ ਦੇ ਆਗਮਨ ਨਾਲ ਮੁਕਾਬਲਾ ਹੋਰ ਵੀ ਸਖ਼ਤ ਹੋਣ ਦੀ ਉਮੀਦ ਬਣ ਗਈ ਸੀ।

ਮਾਲੀ (ਬਮਾਕੋ) ਤੋਂ ਸਪੇਨ ਤਕ ਦਾ ਸਫ਼ਰ ਤਿੰਨ ਹਿੱਸਿਆਂ ਵਿਚ ਲਗਾਤਾਰ ਗਤੀਸ਼ੀਲ ਰਹਿੰਦਾ ਸੀ। ਇਕ ਗਰੁੱਪ ਜੋ ਫਿਲਹਾਲ ਚਾਲੇ ਪਾਉਣ ਲਈ ਤਿਆਰ-ਬਰ-ਤਿਆਰ ਹੁੰਦਾ ਏ; ਦੂਜਾ ਮੋਰੱਕੋ ਦੀਆਂ ਹੱਦਾਂ ਪਾਰ ਕਰ ਕੇ ਮਿਥੀਆਂ ਥਾਂਵਾਂ ਵੱਲ ਰਵਾਨਾ ਹੋ ਰਿਹਾ ਹੁੰਦਾ ਏ ਅਤੇ ਤੀਜਾ, ਦੋ ਮਹੀਨੇ ਪਹਿਲੇ ਗਰੁਪ ਦੇ ਕੁਝ ਖੁਸ਼ਕਿਸਮਤ ਸਪੇਨ ਦੇ ਕੈਂਪਾਂ ਵਿਚ ਦਾਖਲ ਹੋ ਚੁੱਕੇ ਹੁੰਦੇ ਨੇ। ਬਾਕੀ ਬਦਨਸੀਬ ਅਸਫ਼ਲ ਡੌਂਕੀਆਂ ਦੀ ਵਜ੍ਹਾ ਨਾਲ ਪੁਲਿਸ ਹੱਥੇ ਚੜ੍ਹ ਕੇ ਸਾਰੇ ਮੋਰੱਕੋ ਵਿਚ ਖਿੱਲਰੇ, ਭਟਕਦੇ ਫਿਰ ਰਹੇ ਹੁੰਦੇ ਨੇ।

ਦੋ ਰਸਤਿਆਂ ਜ਼ਰੀਏ ਸਫ਼ਰ ਹੁੰਦਾ ਸੀ। ਇਕ ਅਲਜ਼ੀਰੀਆ ਦੇ ਰਸਤੇ ਆਰਾਮ-ਸਬਰ ਨਾਲ 32 ਜਣਿਆਂ ਦਾ ਜੱਥਾ ਮੋਰੱਕੋ ਤਕ ਜ਼ਿਆਦਾ ਸਮਾਂ ਲੈ ਕੇ ਪਹੁੰਚਦਾ ਸੀ। ਦੂਜੇ ਰਸਤੇ 39 ਜਣਿਆਂ ਦਾ ਟੋਲਾ ਚਲਦਾ ਹੈ, ਤੇ ਕੁਝ ਦਿਨ ਪਹਿਲਾਂ ਪਹੁੰਚ ਜਾਂਦਾ ਸੀ ਮੋਰੱਕੋ; ਪਰ ਮੋਰੱਕੋ ਦੀ ਘੁਸਪੈਠ ਗ਼ੈਰਕਾਨੂੰਨੀ ਸੀ ਤੇ ਖ਼ਤਰਨਾਕ ਵੀ। ਇੰਨੀ ਕੁ ਮੋਟੀ ਮੋਟੀ ਜਾਣਕਾਰੀ ਕੁਝ ਮੁੰਡਿਆਂ ਨੂੰ ਸੀ, ਪਰ ਇਸ ਸਭ ਦੀਆਂ ਬਰੀਕੀਆਂ ਮੈਨੂੰ ਤੇ ਹੋਰਾਂ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਕਿਹੜੇ ਰਾਹਾਂ 'ਤੇ, ਕਿਹੜੇ ਵਾਹਨਾਂ 'ਤੇ, ਕਿਹੜੇ ਹਾਲਾਤ ਵਿਚ, ਕਿੰਨਾ ਲੰਮਾ ਤੇ ਕਿੰਨੇ ਦਿਨਾਂ ਦਾ ਸਫ਼ਰ ਹੋਣਾ ਸੀ। ਇਹ ਜਾਣਕਾਰੀਆਂ ਸਾਨੂੰ 'ਡੌਂਕੀ' ਦੀ ਪ੍ਰਕਿਰਿਆ 'ਚੋਂ ਗੁਜ਼ਰ ਕੇ ਪ੍ਰਾਪਤ ਹੋਈਆਂ ਸਨ। ਫਿਲਹਾਲ ਮੈਨੂੰ ਇਸ ਵਕਤ ਇਹ ਵੀ ਅੰਦਾਜ਼ਾ ਨਹੀਂ ਸੀ ਕਿ ਅਸੀਂ ਅਫ਼ਰੀਕਾ ਮਹਾਂਦੀਪ ਦੀ ਕਿਸ ਨੁੱਕਰੇ ਬੈਠੇ ਹਾਂ, ਸਪੇਨ ਤੋਂ ਕਿੰਨੀ ਦੂਰ ਹਾਂ ਤੇ ਕਿੰਨੇ ਕੁ ਦਿਨਾਂ ਵਿਚ ਮੰਜ਼ਿਲ 'ਤੇ ਪਹੁੰਚਾਂਗੇ। ਅਸਲ ਵਿਚ ਤਾਂ ਮੈਂ 'ਡੌਂਕੀ' ਦਾ ਨਾਂ ਹੀ ਸੁਣਿਆ ਸੀ, ਇਸ ਦੀ ਖ਼ਾਸ ਜਾਣਕਾਰੀ ਨਹੀਂ ਸੀ। ਫਿਰ ਮੈਨੂੰ ਤਾਂ ਇਲਮ ਵੀ ਨਹੀਂ ਸੀ ਕਿ ਮੈਂ ਡੌਂਕੀ ਜ਼ਰੀਏ ਸਪੇਨ ਜਾਣਾ ਹੈ।

ਬਕੌਲ ਡੈਡੀ- ਏਜੰਟ ਮੇਜਰ ਦੇ ਭਰਪੂਰ ਵਿਸ਼ਵਾਸ ਦਿੰਦੇ ਸ਼ਬਦ ਇੰਜ ਸਨ: "ਜ਼ਿਆਦਾ ਸਫ਼ਰ ਜਹਾਜ਼ ਦਾ ਏ, ਦੋ-ਚਾਰ ਦਿਨ ਜੀਪਾਂ 'ਤੇ ਸਿਰਫ਼ ਰਾਤ ਦੇ ਕੁਝ ਘੰਟੇ, ਫਿਰ ਸਿੱਧਾ... ਠਾਹ ਸਪੇਨ।" ਕਿੰਨਾ ਸਹਿਜ ਬਣਾ ਦਿੱਤਾ ਸੀ ਉਸ ਨੇ ਸਭ ਕੁਝ ਅਤੇ ਅਸੀਂ ਵੀ ਇੰਨ-ਬਿੰਨ ਉਹੀ ਸਮਝੀ ਬੈਠੇ ਸਾਂ। ਇਸ ਸਫ਼ਰ ਵਾਸਤੇ ਮਾਨਸਿਕ ਤੌਰ 'ਤੇ ਮੈਂ ਤਿਆਰ ਨਹੀਂ ਸੀ।

ਉਥੇ 9-10 ਮੁੰਡੇ ਅਜਿਹੇ ਵੀ ਸਨ ਜਿਨ੍ਹਾਂ ਤੋਂ ਉਨ੍ਹਾਂ ਦੇ ਏਜੰਟ ਨੇ 8-9 ਲੱਖ ਰੁਪਏ ਮਾਂਜ ਕੇ, ਲੀਗਲ ਤਰੀਕੇ ਨਾਲ ਸਿੱਧੇ ਸਪੇਨ ਪਹੁੰਚਾਉਣ ਦਾ ਲਾਰਾ ਲਾਇਆ ਸੀ। ਉਹ ਏਜੰਟ ਨੂੰ ਧੜੀ-ਧੜੀ ਦੀਆਂ ਗਾਲ੍ਹਾਂ ਕੱਢਦੇ, ਘਰਦਿਆਂ ਅੱਗੇ ਰੋਂਦੇ ਤੇ ਵਕਤ ਨੂੰ ਕੋਸਦੇ ਹੁਣ ਅੱਖਾਂ ਪਾੜੀ, ਬਦਤਰ ਹਾਲਾਤ ਦੇਖਣ ਅਤੇ ਝੱਲਣ ਤੋਂ ਸਿਵਾ ਹੋਰ ਕੀ ਕਰ ਸਕਦੇ ਸਨ?

13 ਤਰੀਕ ਦੀ ਸ਼ਾਮ ਨੂੰ 39 ਨਾਂ ਲਾਟਰੀ ਨਿਕਲਣ ਵਾਂਗ ਸੁਣਾ ਦਿੱਤੇ ਗਏ। ਜਿਸ ਦਾ ਨਾਂ ਬੋਲਿਆ ਗਿਆ, ਉਸ ਦਾ ਚਿਹਰਾ ਖਿੜਦਾ ਗਿਆ। ਬਾਕੀ ਚਿਹਰੇ ਫੱਕ ਹੋ ਗਏ, ਕੁਝ ਤਾਂ ਰੋ ਪਏ। ਉਨ੍ਹਾਂ ਪਿੱਛੇ ਏਜੰਟਾਂ ਅਤੇ ਘਰਾਂ ਨੂੰ ਫੋਨ ਖੜਕਾਏ, ਪਰ ਆਖਰੀ ਫ਼ੈਸਲੇ ਵਾਂਗ ਸਭ ਕੁਝ ਤੈਅ ਸੀ, ਬਿਨਾ ਕਿਸੇ ਬਦਲਾਓ ਦੇ।

ਮੈਂ ਸਕੂਨ ਦਾ ਮੀਲ ਲੰਮਾ ਸਾਹ ਲਿਆ-ਮੈਂ ਵੀ ਗਰੁੱਪ ਦਾ ਹਿੱਸਾ ਸਾਂ। 39 ਵੇਂ ਨੰਬਰ 'ਤੇ ਬੋਲੇ ਨਾਂ ਵਾਲੇ ਨੇ ਤਾਂ ਇੰਜ ਜ਼ਾਹਿਰ ਕੀਤਾ, ਜਿਵੇਂ ਮਰਨ ਕਿਨਾਰੇ ਪਏ ਨੂੰ ਜ਼ਿੰਦਗੀ ਮਿਲ ਗਈ ਹੋਵੇ। ਏਜੰਟਾਂ ਦੇ ਆਦੇਸ਼ ਸਨ ਕਿ ਨਾਲ ਇਕ ਬੈਗ ਵਿਚ ਬਹੁਤ ਜ਼ਰੂਰੀ ਸਮਾਨ ਹੀ ਲੈ ਕੇ ਜਾਣਾ ਹੈ, ਕੋਈ ਇੰਡੀਅਨ ਨਿਸ਼ਾਨੀ, ਕਰੰਸੀ, ਲਾਇਸੈਂਸ, ਸਨਾਖ਼ਤੀ ਕਾਰਡ, ਕੜਾ ਵਗੈਰਾ ਕੁਝ ਵੀ ਨਹੀਂ। ਵਿਸ਼ੇਸ਼ ਪਛਾਣ ਕਾਰਨ ਡੀਪੋਰਟ ਕੀਤਾ ਜਾ ਸਕਦਾ ਸੀ।

ਸ਼ਾਮ ਹੋਰ ਗਹਿਰਾ ਗਈ ਤਾਂ ਚੁੱਪ-ਚਾਪ ਤਿੰਨ ਖਟਾਰਾ ਬਖਤਰਬੰਦ ਵੈਨਾਂ ਵਿਚ 39 ਜਣੇ ਲੱਦ ਕੇ ਬੱਸ ਅੱਡੇ ਪਹੁੰਚਾਏ ਗਏ। ਸਭ ਨੂੰ ਮੁਸਤੈਦੀ ਨਾਲ ਬੱਸ ਵਿਚ ਬਿਠਾ ਦਿੱਤਾ ਗਿਆ। ਬੱਸ ਕਿਸੇ ਅਗਿਆਤ ਦਿਸ਼ਾ ਵੱਲ ਚੱਲ ਪਈ। ਇਕ-ਦੋ ਥਾਂ ਪਿਸ਼ਾਬ ਵਗੈਰਾ ਲਈ ਤੇ ਇਕ ਵਾਰ ਪੁਲਿਸ ਨਾਕੇ 'ਤੇ ਬੱਸ ਰੁਕੀ (ਅੱਗੇ ਜਾਂਦੀ ਜੀਪ ਵਿਚ ਜ਼ਿੰਮੇਵਾਰ ਮਾਲਕਾਂ ਨੇ ਰਿਸ਼ਵਤ ਨਾਲ ਖ਼ਾਨਾਪੂਰੀ ਨਿਭਾਅ ਦਿੱਤੀ ਸੀ)।

ਤੜਕੇ ਜਦੋਂ ਬੱਸ ਆਖਰੀ ਵਾਰ ਰੁਕੀ ਤਾਂ ਸਭ ਨੂੰ ਥੱਲੇ ਉਤਾਰ ਲਿਆ ਗਿਆ। ਅੰਬਰ 'ਤੇ ਤਾਰੇ ਧੁੰਦਲੇ ਪੈ ਚਲੇ ਸਨ, ਹਲਕੀ ਹਲਕੀ ਪਹੁ ਫੁਟ ਰਹੀ ਸੀ। ਸਾਡੇ ਸਾਹਮਣੇ ਹਰ ਪਾਸੇ ਜਿਵੇਂ ਰੇਤ ਦਾ ਸਮੁੰਦਰ ਫੈਲਿਆ ਹੋਇਆ ਸੀ। ਛੋਟੇ ਛੋਟੇ ਟਿੱਲੇ ਇੰਜ ਲੱਗਦੇ ਸਨ, ਜਿਵੇਂ ਰੇਤ ਦੀਆਂ ਛੱਲਾਂ ਨੇ ਮਚਲ ਕੇ ਉਛਾਲ ਭਰੀ ਸੀ ਤਾਂ ਵਕਤ ਉਸੇ ਪਲ ਠਹਿਰ ਗਿਆ ਹੋਵੇ ਤੇ ਲਹਿਰਾਂ ਉਥੇ ਹੀ ਪਥਰਾ ਗਈਆਂ ਹੋਣ। ਰੇਤ ਦੇ ਸਾਗਰ ਕੰਢੇ ਖੁੱਲ੍ਹੇ ਡਾਲੇ ਵਾਲੀਆਂ ਦੋ ਲੈਂਡ ਰੋਵਰ ਮਜ਼ਬੂਤ ਜੀਪਾਂ ਆਪਣੇ ਚਾਰ ਮਲਾਹਾਂ ਸਮੇਤ ਖੜ੍ਹੀਆਂ ਸਨ। ਇਸ਼ਾਰਾ ਹੋਇਆ, ਸਭ ਕੁੱਦ-ਫਾਂਦ ਕੇ, ਇਕ-ਦੂਜੇ 'ਚ ਫਸ-ਧਸ ਕੇ, ਜੀਪਾਂ ਵਿਚ ਫਿਟ ਹੋ ਗਏ। ਬੈਗ ਸਭ ਦਿਆਂ ਥੱਲਿਆਂ ਦੇ ਥੱਲੇ ਗੁੰਮ ਹੋ ਗਏ।

ਮਲਾਹਾਂ ਨੇ ਰੇਸਾਂ 'ਤੇ ਪੈਰ ਨੱਪ ਦਿੱਤੇ, ਲੈਂਡ ਰੋਵਰ 'ਕਿਸ਼ਤੀਆਂ' ਪੂਰੀ ਰਫ਼ਤਾਰ ਨਾਲ ਰੇਤ ਦੇ ਸਮੁੰਦਰ ਵਿਚ ਠਿੱਲ੍ਹ ਪਈਆਂ। ਜੀਪਾਂ ਇੰਨੀਆਂ ਖੁੱਲ੍ਹੀਆਂ ਨਹੀਂ ਸਨ। ਇਕ ਵਿਚ 20, ਦੂਜੀ ਵਿਚ 19 ਜਣੇ ਇਕ-ਦੂਜੇ ਨੂੰ ਫੜੀ, ਬਹੁਤ ਤੰਗ, ਬਹੁਤ ਔਖੇ ਬੈਠੇ ਸਨ। ਫਿਰ ਵੀ ਤਸੱਲੀ ਸੀ ਕਿ ਸਫ਼ਰ ਰਾਤ ਜਾਂ ਘੁਸਮੁਸੇ ਦਾ ਹੀ ਸੀ, ਦਿਨੇ ਆਰਾਮ, ਫਿਰ ਉਹ ਵੀ ਦੋ-ਤਿੰਨ ਦਿਨਾਂ ਦਾ ਹੀ। ਕੋਈ ਦਿਲਾਸਾ ਸੀ ਕਿ ਕੱਲ੍ਹ ਪਰਸੋਂ ਨੂੰ ਕਿਸੇ ਮੁਕਾਮ 'ਤੇ ਪਹੁੰਚ ਜਾਵਾਂਗੇ। ਜੀਪਾਂ ਪੂਰੀ ਗਤੀ ਨਾਲ ਉਛਲਦੀਆਂ ਰੇਤ 'ਤੇ ਤੈਰ ਰਹੀਆਂ ਸਨ। ਅਨਿਸ਼ਚਿਤਾਵਾਂ ਨਾਲ ਘਿਰਿਆ ਸਫ਼ਰ ਬੜੇ ਜੋਸ਼ੋ-ਖਰੋਸ਼ ਨਾਲ ਸ਼ੁਰੂਆਤ ਫੜ ਗਿਆ ਸੀ।

ਅਸੀਂ ਅਫ਼ਰੀਕੀ ਦੁਨੀਆ ਦੇ ਨਕਸ਼ੇ ਕਦੇ ਬਰੀਕੀ ਨਾਲ ਨਹੀਂ ਸੀ ਖੰਗਾਲੇ, ਵਰਨਾ ਸਾਨੂੰ ਭਲੀ-ਭਾਂਤ ਅੰਦਾਜ਼ਾ ਹੋ ਜਾਣਾ ਸੀ ਕਿ ਸਾਲ ਦੇ ਸਭ ਤੋਂ ਗਰਮ ਮਹੀਨਿਆਂ ਦੌਰਾਨ, ਦੁਨੀਆ ਦੇ ਸਭ ਤੋਂ ਵੱਡੇ ਤੇ ਸਭ ਤੋਂ ਵੱਧ ਤਾਪਮਾਨ ਵਾਲੇ ਰੇਗਿਸਤਾਨ 'ਸਹਾਰਾ' ਨੂੰ ਪਾਰ ਕਰਨ ਦਾ ਸਿੱਧਾ ਜਿਹਾ ਮਤਲਬ ਸੀ, ਖ਼ੁਦ ਨੂੰ ਮੌਤ ਦੇ ਜਬਾੜਿਆਂ ਵਿਚ ਸੁੱਟਣਾ! ਸਾਨੂੰ ਕੀ ਪਤਾ ਸੀ ਅਗਲੇ ਦਰਜਨ ਕੁ ਭਰ ਦਿਨ-ਰਾਤ ਦਾ ਮੌਤ ਵਾਲਾ ਸਫ਼ਰ ਭੁੱਖ-ਪਿਆਸ, ਅਤਿ ਦੀ ਗਰਮੀ ਭੁਗਤ ਕੇ ਹੀ ਮੋਰੱਕੋ ਦੇ ਬਾਰਡਰ 'ਤੇ ਅਪੜਨਾ ਸੀ। ਜੀਪਾਂ ਉਸ ਵਿਕਰਾਲ, ਵਿਰਾਟ 'ਸਹਾਰਾ' ਦੇ ਇਕ ਕਿਨਾਰੇ ਤੋਂ ਪ੍ਰਵੇਸ਼ ਕਰ ਚੁੱਕੀਆਂ ਸਨ ਜਿਸ ਨੇ ਅਗਲੇ ਕੁਝ ਦਿਨਾਂ ਵਿਚ ਸਾਨੂੰ ਮਾਰਨ ਦੀ ਹਰ ਜੀਅ-ਤੋੜ ਕੋਸ਼ਿਸ਼ ਕਰਨੀ ਸੀ ਅਤੇ ਸਖ਼ਤ ਨਾਪਸੰਦ ਘੁਸਪੈਠ ਦੇ ਤੌਰ 'ਤੇ ਜਾਂ ਉਸ ਦੀ ਸ਼ਾਂਤੀ ਭੰਗ ਕਰਨ ਦੀ ਸਜ਼ਾ ਦੇ ਤੌਰ 'ਤੇ ਜਾਂ ਫਿਰ ਬਲੀ ਦੇ ਤੌਰ 'ਤੇ ਸਾਡੇ ਵਿਚੋਂ ਘੱਟੋ-ਘੱਟ ਇਕ ਜਣੇ ਨੂੰ ਸਾਹਾਂ ਸਮੇਤ ਸਬੂਤੇ ਦਾ ਸਬੂਤਾ ਨਿਗਲ ਜਾਣਾ ਸੀ। *(ਚੱਲਦਾ)*

***ਅਸੀਂ ਰਾਤ ਡੇਢ ਕੁ ਵਜੇ ਆਪਣੇ ਆਖ਼ਰੀ ਸਟੌਪ ਸ਼ਹਿਰ ਬਮਾਕੋ (ਮਾਲੀ) ਵਿਚ ਜਾ ਉਤਰੇ। ਪੰਜਾਬ 'ਤੋਂ ਤਕਰੀਬਨ 9000 ਕਿਲੋਮੀਟਰ ਦੂਰ। ਅਲਜੀਰੀਆ, ਨਾਈਜਰ, ਬਰਕੀਨਾ ਫਾਸੋ, ਕੋਤ ਦਿ'ਵੱਾਰ, ਗਿਨੀ, ਸੈਨੇਗਲ, ਮੁਅਰਤਾਨੀਆ ਮੁਲਕਾਂ ਨਾਲ ਘਿਰੇ ਇਸ ਮੁਲਕ (ਜੋ ਅਫ਼ਰੀਕਾ ਦੇ ਗ਼ਰੀਬ ਮੁਲਕਾਂ 'ਚ ਸ਼ਾਮਿਲ ਹੈ) ਦੀ ਸਰਜ਼ਮੀਨ 'ਤੇ ਗੁਆਚੀਆਂ ਦੋ ਹਲਕਾਨ 'ਗਾਂਵਾਂ' ਡੌਰ-ਭੌਰ ਖੜ੍ਹੀਆਂ ਸਨ ਅਤੇ ਉਹ ਜਾਨ ਕੱਢ ਦੇਣ ਵਾਲੀ ਇਸ ਸੂਚਨਾ ਤੋਂ ਅਣਭੋਲ ਤੇ ਅਵੇਸਲੀਆਂ ਸਨ ਕਿ ਸਪੇਨ ਹਾਲੇ ਵੀ ਢਾਈ-ਤਿੰਨ ਹਜ਼ਾਰ ਕਿਲੋਮੀਟਰ ਦੂਰ ਹੈ ਤੇ ਇਹ ਸਫ਼ਰ ਹਵਾਈ ਤਾਂ ਹਰਗਿਜ਼ ਨਹੀਂ ਹੋਣਾ।***




*ਮਾਲੀ ਦੇ ਸ਼ਹਿਰ ਬਮਾਕੋ ਦਾ ਹਵਾਈ ਅੱਡਾ।*

## ਅੰਨਦਾਤੇ

ਕਦੇ ਕੋਈ ਬੀਮਾਰੀ ਤੇ ਕਦੇ ਆਵੇ ਮੱਛਰ ਚਿੱਟਾ,
ਕਦੇ ਔੜ ਲਗੇ ਤੇ ਕਦੇ ਲਗ ਜਾਵੇ ਯਾਰੋ ਡੋਬਾ।
ਕੈਸੀ ਕਿਸਮਤ ਕਿਰਸਾਨ ਦੀ ਤੂੰ ਲਿਖੀ ਓ ਰੱਬਾ,
ਕਦੇ ਰੁਲਦਾ ਮੰਡੀਆਂ ਵਿਚ ਕਦੇ ਰੋਕੇ ਰੇਲ ਦਾ ਡੱਬਾ।

ਟਾਇਮ ਤੇ ਮਿਲੇ ਨਾ ਡਾਇਆ, ਨਾ ਹੀ ਯੂਰੀਆਂ ਮਿਲਦਾ,
ਕਦੇ ਨਕਲੀ ਦਵਾਈ ਤੇ ਕਦੇ ਰੋਣਾ ਨਕਲੀ ਬੀਜ ਦਾ।
ਹੱਡ ਭੰਨਵੀਂ ਮਿਹਨਤ ਦਾ ਮੁੱਲ ਸਰਕਾਰ ਵੀ ਨਾ ਦਿੰਦੀ,
ਆਖਰ 'ਤੇ ਆ ਕੇ ਮਾਰ ਯਾਰੋ ਕੁਦਰਤ ਦੀ ਵੀ ਹੈ ਪੈਂਦੀ।

ਫੋਕੀ ਸ਼ਾਨ ਲਈ ਕਰੇ, ਇਹ ਜ਼ਿਆਦਾ ਲੋਕ ਵਿਖਾਵਾ,
ਪੈਲੀ ਗਹਿਣੇ ਧਰ-ਧਰ ਤੋਰੀ ਜਾਵੇ ਹਰ ਮੁਕਾਲਾਵਾ।
ਚਲੇ ਘਰ ਦਾ ਖਰਚਾ, ਚੜ੍ਹੀ ਜਾਵੇ ਸ਼ਾਹੂਕਾਰ ਦਾ ਕਰਜ਼ਾ,
ਪੇਸ਼ ਕੋਈ ਨਾ ਚੱਲੇ ਫਿਰ ਇਹ ਖ਼ੁਦਕੁਸ਼ੀਆਂ ਭੀ ਕਰਦਾ।

ਪਤਾ ਨਹੀਂ ਉਹ ਕਿਹੜੇ ਜੱਟ ਨੇ ਜੋ ਗੀਤਾਂ 'ਚ ਦਿਖ ਦੇ,
ਇਨ੍ਹਾਂ ਨੂੰ ਸੁਣ-ਸੁਣ ਪੁੱਤ ਜੱਟਾਂ ਦੇ ਹੁਣ ਜਾਣ ਵਿਗੜਦੇ।
ਅੱਧੀ ਕੁ ਜਵਾਨੀ ਤਾਂ ਹੁਣ ਭੈੜੇ ਨਸ਼ਿਆਂ ਨੇ ਵੀ ਖਾ ਲਈ,
ਵੇਖ ਬੇਰੁਜ਼ਗਾਰੀ ਬਾਕੀ ਵਿਦੇਸ਼ਾਂ ਨੂੰ ਜਾਣ ਲਈ ਕਾਹਲੀ।

ਧੋਖੇਬਾਜ਼ ਏਜੰਟਾਂ ਕੋਲੋਂ ਕਈ ਤਾਂ ਜਾਂਦੇ ਨੇ ਫਿਰ ਠੱਗੇ,
ਬਾਹਰ ਪਹੁੰਚ ਕੇ ਕਰਨ ਗ਼ੁਲਾਮੀ ਤੇ ਖਾਈ ਜਾਣ ਧੱਕੇ।
ਬਾਂਹ ਇਨ੍ਹਾਂ ਦੀ ਆ ਕੇ, ਮਨਦੀਪ ਕੋਈ ਤਾਂ ਹੁਣ ਫੜ੍ਹੇ,
ਦੁੱਖ-ਸੁੱਖ 'ਚ ਆ ਕੇ ਅੰਨਦਾਤੇ ਨਾਲ ਮੋਢਾ ਲਾ ਖੜ੍ਹੇ।

*-ਮਨਦੀਪ ਗਿੱਲ ਧੜਾਕ, ਮੋਹਾਲੀ*
*ਫੋਨ: 91-99881-11134*

---

## ਨਸ਼ਈ ਆਸ਼ਕ

ਅਮਲੀ ਮਹੀਂਵਾਲ ਦਾ, ਕਾਨੇ ਵਾਂਗ ਸਰੀਰ।
ਕਿਥੋਂ ਆਪਣਾ ਦੇਊਗਾ, ਸੋਹਣੀ ਨੂੰ ਪੱਟ ਚੀਰ।
ਬੱਕੀ ਉਪਰੋਂ ਡਿੱਗਿਆ, ਮਿਰਜਾ ਚਿੱਟਾ ਖਾ,
ਸਾਹਿਬਾਂ ਧਾਹਾਂ ਮਾਰ ਕੇ, ਸੱਦੇ ਵੀਰ-ਸ਼ਮੀਰ।
ਰਾਂਝਾ ਖਾ ਕੇ ਗੋਲੀਆਂ, ਡੁੱਬਾ ਵਿਚ ਦਰਿਆ,
ਸੈਦਾ ਵਿਆਹ ਕੇ ਲੈ ਗਿਆ, ਅਮਰੀਕਾ ਨੂੰ ਹੀਰ।

ਪੁੰਨੂ ਬੋਤਲ ਲੈ ਲਈ, ਘਰ ਦਾ ਵੇਚ ਕਬਾੜ,
ਸੱਸੀ ਤਪਦੇ ਥਲਾਂ 'ਚ, ਚੁੰਨੀ ਲੀਰੋ-ਲੀਰ।
ਇੰਦਰ ਬਾਣੀਆ ਵੇਚਦਾ, ਨਸ਼ੇ ਦੇ ਕੈਪਸੂਲ,
ਬੇਗੋ ਦੇ ਡਰੱਗ ਅਫਸਰ ਮਾਮੇ ਦਾ ਪਵਾਇਆ ਸੀਰ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

## ਗੋਰੇ ਦੇਸ਼ ਦੀਆਂ

ਗੋਰੇ ਦੇਸ਼ ਦੀਆਂ
ਚਿੱਟੀਆਂ ਗੋਰੀਆਂ,
ਮਿੱਠੀਆਂ ਸ਼ਹਿਦ
ਜਿਵੇਂ ਗੰਨੇ ਦੀਆਂ ਪੋਰੀਆਂ।

ਲੰਮ-ਸਲੰਮੀਆਂ
ਦੁੱਧ-ਬਰਫ ਨਹਾਤੀਆਂ,
ਸੂਹਾ ਗੋਰਾ ਰੰਗ
ਨਿਰੀ ਅੱਗਾਂ ਚੁਆਤੀਆਂ।

ਸੁਨਹਿਰੀ ਲੰਮੇ ਵਾਲ
ਹਿੱਕਾਂ 'ਤੇ ਪਲਮਦੇ,
ਬਿਲੌਰੀ ਅੱਖਾਂ ਨੀਲ-ਝੀਲ
ਜਾਮ ਕੋਈ ਛਲਕਦੇ।

ਪਤਲੀਆਂ ਪਤੰਗ
ਚਾਲ ਵੇਖ ਵੇਖ ਦੰਗ,
ਲੱਟੂ ਜਾਏ ਕੁਬੇਰ
ਬੰਦਾ ਬਣ ਜਾਏ ਮਲੰਗ।

ਖਾਣਾ-ਪੀਣਾ ਮੌਜਾਂ
ਕੋਈ ਦੂਸਰਾ ਨਾ ਸੋਗ,
ਲਾਉਣ ਖੁਸ਼ੀ ਜਾਮ
ਸਮਾਜ ਸੋਚਣੀ ਅਰੋਗ।

ਰੋਮੀਓ-ਜੂਲੀਅਟ
ਨਾ ਕੋਈ ਬੰਧਨ ਬੰਧਾਨ,
ਫਿਕਰ ਨਾ ਕੋਈ
ਨਾ ਮਾਪੇ ਪ੍ਰੇਸ਼ਾਨ।

ਹੁਣੇ... ਹੁਣੇ ਆਖਦੇ
ਇਹ 'ਹੁਣ' ਸਾਡੇ ਨਾਲ,
ਭੂਤ ਨਾ ਭਵਿੱਖ
ਨਾ ਚਿੰਤਾ ਕੋਈ ਕਾਲ।

ਔਰਤ ਮਰਦ ਚਾਹੇ
ਬੱਚਾ ਬਿਰਧ ਜਵਾਨ,
ਜਦ ਤੱਕ ਜ਼ਿੰਦਗੀ
ਹੱਸ ਮਾਣਨ ਜਹਾਨ।

*-ਪ੍ਰੋ. ਮਨਜੀਤ ਸ਼ਿਕਾਗੋ*
*ਫੋਨ: 940-603-7294*

## ਫਰਕ

ਕੋਈ ਪਹਾੜ
ਸੰਗੀਨ ਦੀ ਨੋਕ ਤੋਂ ਵੱਡਾ ਨਹੀਂ ਹੈ।
ਕੋਈ ਅੱਖ ਛੋਟੀ
ਨਹੀਂ ਹੈ ਸਮੁੰਦਰ ਤੋਂ।
ਇਹ ਸਿਰਫ ਸਾਡੀ
ਉਡੀਕ ਦਾ ਫਰਕ ਹੈ
ਜੋ ਕਦੇ ਸਾਨੂੰ ਲੋਹੇ
ਕਦੇ ਲਹਿਰਾਂ ਨਾਲ ਜੋੜਦੀ ਹੈ।

---

## ਰੋਟੀ ਅਤੇ ਸੰਸਦ

ਇਕ ਆਦਮੀ, ਰੋਟੀ ਵੇਲਦਾ ਹੈ
ਇਕ ਆਦਮੀ ਰੋਟੀ ਖਾਂਦਾ ਹੈ
ਇਕ ਤੀਜਾ ਆਦਮੀ ਵੀ ਹੈ
ਜੋ ਨਾ ਰੋਟੀ ਵੇਲਦਾ ਹੈ, ਨਾ ਖਾਂਦਾ ਹੈ
ਉਹ ਸਿਰਫ ਰੋਟੀ ਨਾਲ ਖੇਡਦਾ ਹੈ।
ਮੈਂ ਪੁਛਦਾ ਹਾਂ,
ਇਹ ਤੀਜਾ ਆਦਮੀ ਕੌਣ ਹੈ?
ਮੇਰੇ ਦੇਸ਼ ਦੀ ਸੰਸਦ ਮੌਨ ਹੈ।

*-ਧੂਮਿਲ*
*ਅਨੁਵਾਦ: ਮੁਲਖ ਸਿੰਘ ਪਿੱਪਲੀ*

# ਪਹਿਲੇ ਐਟਮ ਬੰਬ ਦਾ ਸਫਰ

**72ਵੀਂ ਵਰ੍ਹੇਗੰਢ 'ਤੇ**

***72 ਸਾਲ ਪਹਿਲਾਂ ਦੂਜੀ ਵਿਸ਼ਵ ਜੰਗ ਸਮੇਂ ਅਮਰੀਕਾ ਵਲੋਂ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਉਤੇ ਸੁੱਟੇ ਗਏ ਦੁਨੀਆਂ ਦੇ ਪਹਿਲੇ ਐਟਮ ਬੰਬ ਵਲੋਂ ਮਚਾਈ ਗਈ ਤਬਾਹੀ ਅੱਜ ਵੀ ਲੋਕ ਮਨਾਂ 'ਤੇ ਨਸ਼ਤਰ ਵਾਂਗ ਉਕਰੀ ਹੋਈ ਹੈ। ਖੁਦ ਅਮਰੀਕਨਾਂ ਨੂੰ ਵੀ ਇਸ ਤਬਾਹੀ ਉਤੇ ਪਛਤਾਵਾ ਹੈ। 6 ਅਗਸਤ ਨੂੰ ਇਸ ਤਬਾਹੀ ਦੀ ਵਰ੍ਹੇਗੰਢ ਆ ਰਹੀ ਹੈ। ਇਸ ਮੌਕੇ ਸ. ਮਝੈਲ ਸਿੰਘ ਸਰਾਂ ਦਾ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

**ਮਝੈਲ ਸਿੰਘ ਸਰਾਂ**
singh.majhail@gmail.com

6 ਅਗਸਤ 1945 ਨੂੰ ਸਵੇਰੇ ਸਵਾ ਅੱਠ ਵਜੇ ਉਸ ਵਕਤ ਦਾ ਦੁਨੀਆਂ ਦਾ ਸਭ ਤੋਂ ਵੱਡਾ ਤੇ ਮਾਰੂ ਹਥਿਆਰ ਐਟਮ ਬੰਬ, ਜਿਸ ਦਾ ਨਾਮ ਲਿਟਲ ਬੁਆਏ (ਨਿੱਕਾ ਕਾਕਾ) ਸੀ, ਅਮਰੀਕਾ ਨੇ ਜਪਾਨ ਦੇ ਸ਼ਹਿਰ ਹੀਰੋਸ਼ੀਮਾ 'ਤੇ ਸੁੱਟਿਆ ਜਿਸ ਦੇ ਫੱਟਣ ਸਾਰ ਕੁਝ ਹੀ ਸਕਿੰਟਾਂ ਵਿਚ 70,000 ਲੋਥਾਂ ਦਾ ਸੱਥਰ ਵਿਛ ਗਿਆ। ਦੋ ਮੀਲ ਦੇ ਘੇਰੇ ਵਿਚ ਜੋ ਵੀ ਆਇਆ ਗੱਡੀ, ਮੋਟਰ, ਕਾਰ, ਬਿਲਡਿੰਗ, ਦਰਖਤ, ਖੰਭਾ, ਫਿਸ਼ਿੰਗ ਬੋਟ ਵਗੈਰਾ-ਸਭ ਅੱਖ ਦੇ ਫੋਰ ਵਿਚ ਤਬਾਹ ਹੋ ਗਿਆ। ਐਟਮ ਬੰਬ ਦੇ ਫੱਟਣ ਨਾਲ ਅੱਗ ਦਾ ਜੋ ਗੋਲਾ ਬਣਿਆ, ਉਸ ਦਾ ਤਾਪਮਾਨ 6,000 ਡਿਗਰੀ ਸੀ ਤੇ ਉਹ 20 ਮੀਲ ਪ੍ਰਤੀ ਸੈਕਿੰਡ ਦੀ ਸਪੀਡ ਨਾਲ ਫੈਲਿਆ। ਉਸ ਦੀ ਚਮਕ ਸੂਰਜ ਦੀ ਚਮਕ ਨਾਲੋਂ ਦਸ ਗੁਣਾ ਵੱਧ ਸੀ ਤੇ ਜਿਸ ਕਿਸੇ ਤੋਂ ਕਈ ਮੀਲ ਦੂਰੋਂ ਵੀ ਉਸ ਗੋਲੇ ਨੂੰ ਸਿੱਧੀ ਅੱਖ ਨਾਲ ਦੇਖ ਹੋ ਗਿਆ, ਨਾਲ ਹੀ ਅੱਖਾਂ ਤੋਂ ਅੰਨਾ ਹੋ ਗਿਆ। ਕੁਝ ਦੇ ਡੇਲੇ ਪਿਘਲ ਕੇ ਬਾਹਰ ਡਿੱਗ ਪਏ, ਅੱਖ ਦੇ ਫੋਰ ਵਿਚ ਬੰਦੇ ਧੂੰਏਂ 'ਚ ਬਦਲ ਕੇ ਭਾਫ ਵਾਂਗ ਉਡ ਗਏ। ਜਿਵੇਂ ਜਿਵੇਂ ਅੱਗ ਦਾ ਗੋਲਾ ਫੈਲਦਾ ਗਿਆ, ਸੜਕਾਂ 'ਤੇ ਤੁਰੇ ਜਾਂਦੇ ਬੰਦੇ ਕੋਲੇ ਬਣਦੇ ਗਏ, ਬੜੀ ਦਰਦਨਾਕ ਮੌਤ ਮਰ ਰਹੇ ਸਨ।

ਤਬਾਹੀ ਦਾ ਮੰਜ਼ਰ ਇਸ ਤਰ੍ਹਾਂ ਸੀ ਕਿ ਸਰੀਰ ਦੇ ਅੰਦਰੂਨੀ ਅੰਗ ਬਾਹਰ ਨਿਕਲੇ ਉਬਲਦੇ ਪਏ ਸਨ, ਕਈਆਂ ਦੇ ਚਿਹਰੇ ਪਿਘਲ ਗਏ, ਬਾਹਾਂ ਮੋਢਿਆਂ ਤੋਂ ਝੜ ਕੇ ਸਰੀਰ ਤੋਂ ਵੱਖ ਹੋ ਗਈਆਂ, ਸਰੀਰ ਤੋਂ ਚਮੜੀ ਇੱਦਾਂ ਉਧੜ ਕੇ ਲਮਕ ਗਈ ਜਿਵੇਂ ਲੀਰਾਂ ਟੰਗੀਆਂ ਹੋਣ। ਹਰ ਚੀਜ਼ ਜਲ ਰਹੀ ਸੀ, ਟੂਟੀਆਂ ਵਿਚੋਂ ਪਾਣੀ ਉਬਲਦਾ ਨਿਕਲਦਾ ਸੀ, ਐਟਮ ਬੰਬ ਤੋਂ ਨਿਕਲਦੀਆਂ ਗਾਮਾ ਰਿਸ਼ਮਾਂ ਤੇ ਰੇਡੀਓ ਐਕਟਿਵ ਰਿਸ਼ਮਾਂ ਨੇ ਸਰੀਰ ਨੂੰ ਜਲਣ ਲਾ ਦਿੱਤਾ। ਸਭ ਤੋਂ ਵੱਧ ਦਰਦਨਾਕ ਮੌਤ ਸੀ ਗਰਭਵਤੀ ਬੀਬੀਆਂ ਦੀ, ਦੋ ਮੀਲ ਦੇ ਘੇਰੇ ਵਿਚ ਕਈ ਬੀਬੀਆਂ ਦੇ ਪੇਟ ਪਾਟ ਕੇ ਬੱਚੇ ਬਾਹਰ ਡਿੱਗ ਪਏ। ਜ਼ਹਿਰੀਲੀਆਂ ਗੈਸਾਂ ਨੇ ਗਰਭ ਵਿਚ ਪਲ ਰਹੇ ਬੱਚਿਆਂ ਨੂੰ ਮਾਂਵਾਂ ਦੇ ਪੇਟ ਵਿਚ ਹੀ ਮਾਰ ਦਿੱਤਾ ਪਰ ਡਾਕਟਰੀ ਸਹੂਲਤਾਂ ਨਾ ਮਿਲਣ ਕਰਕੇ ਮਾਂਵਾਂ ਦੇ ਪੇਟ ਵਿਚੋਂ ਮਰੇ ਬੱਚਿਆਂ ਨੂੰ ਨਾ ਕੱਢਣ ਕਰਕੇ ਉਨ੍ਹਾਂ ਦੀ ਮੌਤ ਤਿਲ ਤਿਲ ਕਰਕੇ ਹੋਈ। ਜਿੰਨੀ ਤਬਾਹੀ ਇਸ ਐਟਮ ਬੰਬ ਨਾਲ ਹੋਈ, ਉਹ ਬੰਬ ਬਣਾਉਣ ਵਾਲਿਆਂ ਦੀ ਉਮੀਦ ਮੁਤਾਬਿਕ ਹੋਈ, ਸ਼ਾਇਦ ਉਸ ਤੋਂ ਵੀ ਵੱਧ, ਕਿਉਂਕਿ ਬਿਲਡਿੰਗਾਂ ਦੇ ਮਲਬੇ ਥੱਲੇ ਮਰਨ ਵਾਲਿਆਂ ਦੀ ਗਿਣਤੀ ਵੀ ਹਜ਼ਾਰਾਂ ਵਿਚ ਸੀ। ਐਟਮ ਬੰਬ ਦੀ ਮਾਰ ਹੇਠ ਆਏ ਜ਼ਖਮੀ ਸਾਲਾਂ ਤੱਕ ਤਕਲੀਫ ਨਾਲ ਮਰਦੇ ਰਹੇ। ਇਸ ਪਹਿਲੇ ਐਟਮ ਬੰਬ ਨਾਲ ਕੋਈ ਡੇਢ ਲੱਖ ਮੌਤਾਂ ਹੋਈਆਂ ਤੇ ਆਰਥਿਕ ਤਬਾਹੀ ਕਈ ਖਰਬਾਂ ਨੂੰ ਅੱਪੜ ਗਈ। ਐਟਮ ਬੰਬ ਡਿੱਗਣ ਤੋਂ ਪਹਿਲਾਂ ਹੀਰੋਸ਼ੀਮਾ ਵਿਚ 90,000 ਬਿਲਡਿੰਗਾਂ ਸਨ, ਪਿਛੋਂ 28,000 ਹੀ ਬਚੀਆਂ। ਬੰਬ ਡਿੱਗਣ ਤੋਂ ਪਹਿਲਾਂ ਉਥੇ 200 ਡਾਕਟਰ ਸਨ, ਜਿਨ੍ਹਾਂ ਵਿਚੋਂ 18 ਹੀ ਬਚੇ, 1800 ਨਰਸਾਂ ਵਿਚੋਂ 175 ਬਚੀਆਂ।

**ਤਬਾਹੀ ਦਾ ਮੰਜ਼ਰ ਇਸ ਤਰ੍ਹਾਂ ਸੀ ਕਿ ਸਰੀਰ ਦੇ ਅੰਦਰੂਨੀ ਅੰਗ ਬਾਹਰ ਨਿਕਲੇ ਉਬਲਦੇ ਪਏ ਸਨ, ਕਈਆਂ ਦੇ ਚਿਹਰੇ ਪਿਘਲ ਗਏ, ਬਾਹਾਂ ਮੋਢਿਆਂ ਤੋਂ ਝੜ ਕੇ ਸਰੀਰ ਤੋਂ ਵੱਖ ਹੋ ਗਈਆਂ, ਸਰੀਰ ਤੋਂ ਚਮੜੀ ਇੱਦਾਂ ਉਧੜ ਕੇ ਲਮਕ ਗਈ ਜਿਵੇਂ ਲੀਰਾਂ ਟੰਗੀਆਂ ਹੋਣ। ਹਰ ਚੀਜ਼ ਜਲ ਰਹੀ ਸੀ, ਟੂਟੀਆਂ ਵਿਚੋਂ ਪਾਣੀ ਉਬਲਦਾ ਨਿਕਲਦਾ ਸੀ, ਐਟਮ ਬੰਬ ਤੋਂ ਨਿਕਲਦੀਆਂ ਗਾਮਾ ਰਿਸ਼ਮਾਂ ਤੇ ਰੇਡੀਓ ਐਕਟਿਵ ਰਿਸ਼ਮਾਂ ਨੇ ਸਰੀਰ ਨੂੰ ਜਲਣ ਲਾ ਦਿੱਤਾ। ਸਭ ਤੋਂ ਵੱਧ ਦਰਦਨਾਕ ਮੌਤ ਸੀ ਗਰਭਵਤੀ ਬੀਬੀਆਂ ਦੀ, ਦੋ ਮੀਲ ਦੇ ਘੇਰੇ ਵਿਚ ਕਈ ਬੀਬੀਆਂ ਦੇ ਪੇਟ ਪਾਟ ਕੇ ਬੱਚੇ ਬਾਹਰ ਡਿੱਗ ਪਏ।**

ਇਸ ਸਭ ਤੋਂ ਵੱਧ ਤਬਾਹਕੁਨ ਬੰਬ ਬਣਾਉਣ ਦਾ ਸਫਰ ਕਦੋਂ ਤੇ ਕਿਉਂ ਸ਼ੁਰੂ ਹੋਇਆ? ਐਟਮ ਬੰਬ ਆਈਨਸਟਾਈਨ ਦੀ ਖੋਜ ਦੇ ਆਧਾਰ 'ਤੇ ਬਣਾਇਆ ਗਿਆ। ਆਈਨਸਟਾਈਨ ਜਰਮਨੀ ਵਿਚ ਪੈਦਾ ਹੋਇਆ ਸੀ ਤੇ ਯਹੂਦੀ ਸੀ। 1933 ਵਿਚ ਜਦੋਂ ਜਰਮਨੀ ਵਿਚ ਹਿਟਲਰ ਨੇ ਯਹੂਦੀ ਲੋਕਾਂ 'ਤੇ ਦਬਾਉ ਦੀ ਨੀਤੀ ਸ਼ੁਰੂ ਕੀਤੀ ਤਾਂ ਆਈਨਸਟਾਈਨ ਅਮਰੀਕਾ ਆ ਗਿਆ, ਕਿਉਂਕਿ ਉਹ ਇੱਕ ਵੱਡਾ ਭੌਤਿਕ ਵਿਗਿਆਨੀ ਸੀ ਤੇ ਉਸ ਦੀ ਨੇੜਤਾ ਅਮਰੀਕਾ ਦੇ ਪ੍ਰੈਜ਼ੀਡੈਂਟ ਫ੍ਰੈਂਕਲਿਨ ਰੂਜ਼ਵੈਲਟ ਨਾਲ ਵੀ ਹੋ ਗਈ ਸੀ। ਪਹਿਲੀ ਸਤੰਬਰ 1939 ਨੂੰ ਹਿਟਲਰ ਨੇ ਪੋਲੈਂਡ 'ਤੇ ਹਮਲਾ ਕਰਕੇ ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਕਰ ਦਿੱਤੀ। ਆਈਨਸਟਾਈਨ ਨੇ ਇੱਕ ਚਿੱਠੀ ਪ੍ਰੈਜ਼ੀਡੈਂਟ ਨੂੰ ਲਿਖੀ ਜੋ ਉਹਨੇ ਆਪਣੇ ਅਤੇ ਰੂਜ਼ਵੈਲਟ ਦੇ ਇੱਕ ਸਾਂਝੇ ਦੋਸਤ ਅਲੈਗਜ਼ੈਂਡਰ ਰਾਹੀਂ ਵ੍ਹਾਈਟ ਹਾਊਸ ਪ੍ਰੈਜ਼ੀਡੈਂਟ ਨੂੰ 12 ਅਕਤੂਬਰ 1939 ਨੂੰ ਭੇਜੀ, ਜਿਸ ਵਿਚ ਉਸ ਨੇ ਦੱਸਿਆ ਕਿ ਜਰਮਨੀ ਨੇ ਚੈਕੋਸਲੋਵਾਕੀਆ ਵਿਚ ਯੂਰੇਨੀਅਮ ਖਾਣਾਂ 'ਤੇ ਕਬਜ਼ਾ ਕਰ ਕੇ ਛੇਤੀ ਹੀ ਬਰਲਿਨ ਵਿਚ ਕਾਇਜ਼ਰ ਵਿਲਹੈਲਮ ਸੰਸਥਾ ਵਿਚ ਐਟਮ ਬੰਬ ਬਣਾਉਣ ਦੀ ਤਿਆਰੀ ਕਰ ਲਈ ਹੈ ਜੋ ਕਿਸੇ ਵੀ ਮੁਲਕ ਦੀ ਤਬਾਹੀ ਪਲਾਂ ਵਿਚ ਕਰ ਦੇਵੇਗਾ।

ਪ੍ਰੈਜ਼ੀਡੈਂਟ ਰੂਜ਼ਵੈਲਟ ਨੇ ਅਲੈਗਜ਼ੈਂਡਰ ਕੋਲੋਂ ਇਸ ਯੂਰੇਨੀਅਮ ਤੇ ਐਟਮ ਬੰਬ ਬਾਰੇ ਜਾਣਕਾਰੀ ਲਈ ਕਿ ਇਹ ਕੀ ਚੀਜ਼ਾਂ ਹਨ! ਸਭ ਕੁਝ ਸੁਣਨ 'ਤੇ ਰੂਜ਼ਵੈਲਟ ਨੇ ਪੁੱਛਿਆ, ਕੀ ਹਿਟਲਰ ਅਮਰੀਕਾ ਨੂੰ ਵੀ ਤਬਾਹ ਕਰ ਸਕਦਾ? ਉਹਦੇ 'ਹਾਂ' ਕਹਿਣ 'ਤੇ ਰੂਜ਼ਵੈਲਟ ਨੇ ਉਸੇ ਵਕਤ ਆਪਣੇ ਨਿਜੀ ਸਹਾਇਕ ਰਿਟਾਇਰਡ ਆਰਮੀ ਜਰਨੈਲ ਪਾਲ ਵਾਟਸਨ ਨੂੰ ਬੁਲਾਇਆ ਤੇ ਹੁਕਮ ਕੀਤਾ, "ਇਸ 'ਤੇ ਕਾਰਵਾਈ ਅਰੰਭੀ ਜਾਵੇ।" ਬਸ 12 ਅਕਤੂਬਰ 1939 ਨੂੰ ਦਿੱਤੇ ਰੂਜ਼ਵੈਲਟ ਦੇ ਇਸ ਨਿੱਕੇ ਜਿਹੇ ਹੁਕਮ ਨਾਲ ਦੁਨੀਆਂ ਦੇ ਸਭ ਤੋਂ ਤਬਾਹਕੁਨ ਹਥਿਆਰ ਦੇ ਜਨਮ ਦੀ ਨੀਂਹ ਰੱਖੀ ਗਈ ਜਿਹਨੂੰ ਹਿਟਲਰ ਦੀ ਫਾਸ਼ੀਵਾਦ ਤਾਕਤ ਨੂੰ ਰੋਕਣ ਲਈ ਵਰਤਣਾ ਸੀ ਪਰ ਵਕਤ ਨੇ ਤਬਾਹੀ ਕਰਵਾ ਦਿੱਤੀ ਜਪਾਨ ਦੀ।

ਐਟਮ ਬੰਬ ਬਾਰੇ ਗੱਲ ਅਗਾਂਹ ਤੋਰਨ ਤੋਂ ਪਹਿਲਾਂ ਇੱਕ ਗੱਲ ਜ਼ਰੂਰ ਕਰਨੀ ਚਾਹਾਂਗਾ ਕਿ ਅਮਰੀਕਾ ਆਪਣੇ ਆਪ ਨੂੰ ਦੂਜੇ ਵਿਸ਼ਵ ਯੁੱਧ ਵਿਚ ਧਿਰ ਬਣ ਕੇ ਨਹੀਂ ਪਾਉਣਾ ਚਾਹੁੰਦਾ ਸੀ। ਇਹਦਾ ਸਬੂਤ ਖੁਦ ਅਲੈਗਜ਼ੈਂਡਰ ਸੀ। ਉਹ ਵਾਲ ਸਟਰੀਟ ਦਾ ਵੱਡਾ ਆਰਥਿਕ ਮਾਹਿਰ ਸੀ ਜਿਸ ਦੀ ਸਲਾਹ ਰੂਜ਼ਵੈਲਟ ਅਕਸਰ ਅਮਰੀਕਾ ਨੂੰ 1933 ਦੇ ਮਹਾਂ ਮੰਦੀ ਦੇ ਦੌਰ ਵਿਚੋਂ ਕੱਢਣ ਲਈ ਲੈਂਦਾ ਸੀ। ਉਹਦੀ ਇਹ ਦੂਰਦ੍ਰਿਸ਼ਟੀ ਸੀ ਕਿ ਜਰਮਨੀ ਨੇ ਪੋਲੈਂਡ 'ਤੇ ਜੋ ਹਮਲਾ ਕੀਤਾ ਹੈ, ਉਸ ਨੇ ਛੇਤੀ ਹੀ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈ ਕੇ ਵਿਸ਼ਵ ਯੁੱਧ ਦਾ ਰੂਪ ਧਾਰ ਲੈਣਾ ਹੈ ਤੇ ਵਾਲ ਸਟਰੀਟ ਲਈ ਆਉਣ ਵਾਲਾ ਵਕਤ ਅਮਰੀਕਾ ਦੇ ਅੰਤਰਰਾਸ਼ਟਰੀ ਵਪਾਰ ਲਈ ਸਭ ਤੋਂ ਵਧੀਆ ਰਹਿਣ ਵਾਲਾ ਹੈ, ਤੇ ਵਪਾਰ ਹੋਣਾ ਚਾਹੀਦਾ ਹੈ, ਲੜਾਈ ਨਾਲ ਸਬੰਧਤ ਅਸਲੇ ਅਤੇ ਨਵੀਂ ਤਕਨਾਲੋਜੀ ਵਾਲੇ ਬੰਬਾਂ ਦਾ। ਉਤੋਂ ਸੋਨੇ 'ਤੇ ਸੁਹਾਗਾ ਬਣ ਗਿਆ ਆਈਨਸਟਾਈਨ ਦਾ ਐਟਮ ਬੰਬ ਬਣਾਉਣ ਵਾਲਾ ਰੂਜ਼ਵੈਲਟ ਦੇ ਨਾਂ ਲਿਖਿਆ ਖਤ। ਬਸ ਉਹਨੇ ਇਸ ਖਤ ਨੂੰ ਵਪਾਰਕ ਨਜ਼ਰੀਏ ਦੇ ਭੇਦ ਨੂੰ ਲੁਕਾ ਕੇ ਸੁਰੱਖਿਅਤ ਨਜ਼ਰੀਏ ਤੋਂ ਪੇਸ਼ ਕਰਕੇ ਪ੍ਰੈਜ਼ੀਡੈਂਟ ਤੋਂ ਮਨਹਟਨ ਪ੍ਰਾਜੈਕਟ ਦੀ ਮਨਜ਼ੂਰੀ ਦਿਵਾ ਕੇ ਦੇਸ਼ ਵਿਚ ਵੱਖ ਵੱਖ ਥਾਂਵਾਂ 'ਤੇ ਅਸਲੇ ਦੇ 30 ਵੱਡੇ ਕਾਰਖਾਨੇ ਸਭ ਤੋਂ ਵੱਧ ਪੂੰਜੀ ਲਾ ਕੇ ਲਗਵਾਏ। ਇਨ੍ਹਾਂ ਵਿਚੋਂ ਹੀ ਇੱਕ ਸੀ, ਨਿਊ ਮੈਕਸੀਕੋ ਦਾ ਲਾਸ ਆਲਮੋਸ, ਜਿਥੇ ਐਟਮ ਬੰਬ ਬਣਾਇਆ ਜਾਣਾ ਸੀ। ਅਮਰੀਕਾ ਦਾ ਇਰਾਦਾ ਐਟਮ ਬੰਬ ਬਣਾ ਕੇ ਖੁਦ ਕਿਸੇ ਦੇਸ਼ ਖਿਲਾਫ ਵਰਤਣ ਦਾ ਘੱਟ ਪਰ ਵੇਚ ਕੇ ਆਪਣੀ ਮਰਜ਼ੀ ਮੁਤਾਬਿਕ ਕਿਸੇ ਦੇਸ਼ 'ਤੇ ਸੁੱਟਵਾਉਣ ਦਾ ਵੱਧ ਸੀ।

7 ਦਸੰਬਰ 1941 ਤੱਕ ਅਮਰੀਕਾ ਸਿੱਧੇ ਰੂਪ ਵਿਚ ਦੂਜੇ ਵਿਸ਼ਵ ਯੁੱਧ ਵਿਚ ਸ਼ਾਮਿਲ ਨਹੀਂ ਸੀ ਭਾਵੇਂ ਉਹ ਬ੍ਰਿਟੇਨ ਦੀ ਯੂਰਪ ਵਿਚ ਜਰਮਨੀ ਵਿਰੁਧ ਅਸਿੱਧੀ ਪੂਰੀ ਇਮਦਾਦ ਕਰ ਰਿਹਾ ਸੀ ਤੇ ਪੈਸਿਫਿਕ ਸਾਗਰ ਵਿਚ ਜਪਾਨ ਦੀਆਂ ਫੌਜਾਂ ਵਲੋਂ ਕੀਤੀ ਜਾਂਦੀ ਬਰਬਾਦੀ ਬਾਰੇ ਪੂਰੀ ਤਰ੍ਹਾਂ ਫਿਕਰਮੰਦ ਸੀ। ਇਸ ਦੇ ਮੱਦੇਨਜ਼ਰ ਅਮਰੀਕਾ ਨੇ ਆਪਣੀ ਨੇਵੀ ਦੇ ਵੱਡੇ ਜਹਾਜ਼ ਕੈਲੀਫੋਰਨੀਆ ਬੇਸ ਤੋਂ ਹਵਾਈ ਪਰਲ ਹਰਬਰ 'ਤੇ ਲੈ ਆਂਦੇ ਤਾਂ ਕਿ ਜਪਾਨੀ ਫੌਜ 'ਤੇ ਨਜ਼ਰ ਰੱਖੀ ਜਾ ਸਕੇ, ਪਰ ਇਸ ਤੋਂ ਪਹਿਲਾਂ ਕਿ ਕੋਈ ਕਰਵਾਈ ਹੁੰਦੀ, ਜਪਾਨ ਨੇ 7 ਦਸੰਬਰ ਨੂੰ ਸਵੇਰ ਸਾਰ 353 ਹਵਾਈ ਜਹਾਜ਼ਾਂ ਨਾਲ ਪਰਲ ਹਰਬਰ 'ਤੇ ਅਚਨਚੇਤ ਵੱਡਾ ਹਵਾਈ ਹਮਲਾ ਕਰਕੇ ਅਮਰੀਕਾ ਦਾ ਬਹੁਤ ਵੱਡਾ ਨੁਕਸਾਨ ਕਰ ਦਿੱਤਾ। ਅਗਲੇ ਹੀ ਦਿਨ ਪ੍ਰੈਜ਼ੀਡੈਂਟ ਰੂਜ਼ਵੈਲਟ ਦੇ ਜਪਾਨ ਖਿਲਾਫ ਯੁੱਧ ਦੇ ਐਲਾਨ ਨਾਲ ਅਮਰੀਕਾ ਦੂਜੇ ਵਿਸ਼ਵ ਯੁੱਧ ਵਿਚ ਸ਼ਾਮਿਲ ਹੋ ਗਿਆ। ਪਰਲ ਹਾਰਬਰ 'ਤੇ ਜਾਪਾਨੀ ਹਮਲੇ ਬਾਰੇ ਵੀ ਕੁਝ ਗੁਝੇ ਭੇਦ ਰਹੇ ਹਨ ਜੋ ਅੱਜ ਤੱਕ ਵੀ ਕਾਇਮ ਹਨ, ਉਵੇਂ ਹੀ ਜਿਵੇਂ 9/11 ਦੇ ਟਵਿਨ ਟਾਵਰਜ਼ 'ਤੇ ਹੋਏ ਹਮਲੇ ਬਾਰੇ।

ਮਨਹਟਨ ਪ੍ਰਾਜੈਕਟ ਦੇ ਬਾਕੀ ਸਾਰੇ ਅਸਲਾ ਕਾਰਖਾਨੇ ਵੱਖ ਵੱਖ ਥਾਂਵਾਂ 'ਤੇ ਵੱਡੇ ਛੋਟੇ ਅਬਾਦੀ ਵਾਲੇ ਸ਼ਹਿਰਾਂ ਵਿਚ ਹੀ ਲੱਗੇ ਪਰ ਐਟਮ ਬੰਬ ਬਣਾਉਣ ਲਈ ਐਹੋ ਜਿਹੀ ਸੁੰਨ ਮਸਾਣ ਜਗ੍ਹਾ ਦੀ ਭਾਲ ਕੀਤੀ ਜਾ ਰਹੀ ਸੀ ਜੋ ਅਬਾਦੀ ਤੇ ਅੰਤਰਰਾਸ਼ਟਰੀ ਬਾਰਡਰ ਤੋਂ ਦੂਰ ਸੁਰਖਿਅਤ ਹੋਵੇ। ਅਖੀਰ ਨਿਊ ਮੈਕਸੀਕੋ ਸੂਬੇ ਵਿਚ ਸੈਂਟਾ ਫੇ ਤੋਂ ਕੋਈ ਤੀਹ ਮੀਲ ਦੂਰ ਲਾਸ ਅਲਮਾਸ ਮੁੰਡਿਆਂ ਦਾ ਸਕੂਲ ਤੇ ਨਾਲ ਲਗਦੀ 8900 ਏਕੜ ਜ਼ਮੀਨ 4,40,000 ਡਾਲਰ ਵਿਚ ਖਰੀਦ ਕੇ ਦਸੰਬਰ 1942 ਵਿਚ ਨਵੀਂ ਲੈਬਾਰਟਰੀ ਬਣਾਉਣ ਦਾ ਠੇਕਾ ਦੇ ਦਿੱਤਾ ਤੇ ਇਸ ਲਈ ਕੈਲੀਫੋਰਨੀਆ ਯੂਨੀਵਰਸਿਟੀ ਨਾਲ ਸਾਰਾ ਸਾਮਾਨ ਸਪਲਾਈ ਕਰਨ ਦਾ ਕੰਟਰੈਕਟ ਵੀ ਕਰ ਲਿਆ। ਲਾਸ ਅਲਮਾਸ ਨੂੰ ਕੋਈ ਖਾਸ ਸੜਕ ਨਹੀਂ ਸੀ ਜਾਂਦੀ, ਬਸ ਅੱਗੇ ਜੰਗਲ ਤੇ ਇੱਕ ਪਾਸੇ ਪਹਾੜੀਆਂ ਸਨ। ਸਭ ਤੋਂ ਅਹਿਮ ਸੀ ਬਿਜਲੀ ਤੇ ਪਾਣੀ ਦਾ ਪ੍ਰਬੰਧ, ਇਸ ਦਾ ਸਾਰਾ ਬੰਦੋਬਸਤ ਤੇ ਨਿਗਰਾਨੀ ਅਮਰੀਕੀ ਫੌਜ ਦਾ ਜਰਨੈਲ ਕਰ ਰਿਹਾ ਸੀ ਤੇ ਲੈਬਾਰਟਰੀ ਦਾ ਪ੍ਰਬੰਧਕ ਬਰਕਲੇ ਯੂਨੀਵਰਸਿਟੀ ਦਾ ਫਿਜ਼ਿਕਸ ਦਾ ਪ੍ਰੋਫੈਸਰ ਓਪਨਹੀਮਰ ਨੂੰ ਲਾਇਆ ਗਿਆ। ਕਿਸੇ ਵੀ ਅਮਰੀਕੀ ਲੋਕਲ ਨਾਗਰਿਕ ਨੂੰ ਇਹਦੀ ਕੋਈ ਸੂਹ ਨਹੀਂ ਸੀ ਕਿ ਇਨ੍ਹਾਂ ਜੰਗਲਾਂ ਵਿਚ ਕੀ ਬਣ ਰਿਹਾ ਹੈ। ਬੱਸ ਐਨਾ ਕੁ ਜਾਣਦੇ ਸੀ ਕਿ ਫੌਜ ਆਪਣੀ ਕੋਈ ਫੌਜੀ ਸਿਖਲਾਈ ਦੀ ਕਾਰਵਾਈ ਕਰ ਰਹੀ ਹੈ। ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਦੁਨੀਆਂ ਦਾ ਸਭ ਤੋਂ ਤਬਾਹਕੁਨ ਬੰਬ ਇਨ੍ਹਾਂ ਜੰਗਲਾਂ ਵਿਚੋਂ ਬਣ ਕੇ ਨਿਕਲਣਾ ਹੈ।

ਬਸ ਥੋੜੇ ਅਰਸੇ ਵਿਚ ਹੀ ਇਹ ਲਾਸ ਅਲਮਾਸ ਜਿਹੜਾ ਇੱਕ ਜੰਗਲੀ ਪਛੜਿਆ ਇਲਾਕਾ ਸੀ, ਅਮਰੀਕਾ ਦੇ ਨਾਲ ਨਾਲ ਯੂਰਪ ਦੇ ਨੋਬਲ ਇਨਾਮ ਜੇਤੂ ਸਾਇੰਸਦਾਨਾਂ ਨਾਲ ਭਰ ਗਿਆ। ਓਪਨਹੀਮਰ ਨੇ ਆਪ ਦੇਸ਼ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਵਿਚ ਜਾ ਕੇ ਉਚ ਕੋਟੀ ਦੇ ਸਾਇੰਸਦਾਨਾਂ ਤੇ ਇੰਜੀਨੀਅਰਾਂ ਨੂੰ ਪ੍ਰੇਰ ਕੇ ਲਾਸ ਅਲਮਾਸ ਨੈਸ਼ਨਲ ਲੈਬੋਰਟਰੀ ਵਿਚ ਲਿਆਂਦਾ ਤੇ ਐਟਮ ਬੰਬ, ਜੋ ਉਦੋਂ ਤੱਕ ਥਿਊਰੀ ਤੱਕ ਸੀਮਿਤ ਸੀ, ਨੂੰ ਵਿਹਾਰਕ ਰੂਪ ਦੇ ਦਿੱਤਾ। ਦੂਜੇ ਵਿਸ਼ਵ ਯੁੱਧ ਵਿਚ ਅਮਰੀਕਾ ਦੀ ਸਰਦਾਰੀ ਕਾਇਮ ਕਰਨਾ ਜਿਥੇ ਬੜਾ ਔਖਾ ਸੀ, ਉਥੇ ਇਹਨੂੰ ਗੁਪਤ ਰੱਖਣਾ ਹੋਰ ਵੀ ਮੁਸ਼ਕਿਲ ਸੀ ਕਿਉਂਕਿ ਸਟਾਲਿਨ ਖੁਦ ਛੇਤੀ ਤੋਂ ਛੇਤੀ ਐਟਮ ਬੰਬ ਬਣਾ ਕੇ ਸਾਰੇ ਸੰਸਾਰ ਵਿਚ ਧਾਕੜ ਬਣਨਾ ਚਾਹੁੰਦਾ ਸੀ। ਉਹਦੇ ਜਾਸੂਸ ਲਾਸ ਅਲਮਾਸ ਲੈਬਾਰਟਰੀ ਵਿਚ ਵੀ ਪਹੁੰਚ ਗਏ ਸਨ।

1943 ਦੌਰਾਨ ਇਸ ਲੈਬਾਰਟਰੀ ਵਿਚ ਐਟਮ ਦੇ ਤਰ੍ਹਾਂ ਤਰ੍ਹਾਂ ਦੇ ਤਜ਼ਰਬੇ ਹੁੰਦੇ ਰਹੇ ਤੇ 1944 ਦੇ ਅੱਧ ਤੱਕ ਐਟਮ ਬੰਬ ਦਾ ਰੂਪ ਪ੍ਰਗਟ ਹੋਣ ਲੱਗ ਪਿਆ। ਇਸ ਨੂੰ ਅੰਤਿਮ ਛੋਹ ਦੇਣ ਲਈ ਨਿਊ ਮੈਕਸੀਕੋ ਦੇ ਰੇਗਿਸਤਾਨ ਵਿਚ ਮਿਲਟਰੀ ਦੀ ਸ਼ੂਟਿੰਗ ਰੇਂਜ ਅਲਮੋਗੋਰਡੋ ਵਿਚ ਇੱਕ ਸੁੰਨੇ ਘਰ ਨੂੰ ਬੰਬ ਅਸੈਂਬਲੀ ਲਈ ਚੁਣਿਆ ਗਿਆ। ਮਈ 1945 ਤੱਕ ਤਿੰਨ ਐਟਮ ਬੰਬ ਤਿਆਰ ਹੋ ਚੁੱਕੇ ਸਨ। ਦੋ ਜਪਾਨ 'ਤੇ ਸੁੱਟੇ ਗਏ ਤੇ ਤੀਜਾ ਅਜੇ ਟੈਸਟ ਕਰਨਾ ਸੀ। ਐਟਮ ਬੰਬ ਬਣਾਉਣ ਵਾਲਿਆਂ ਲਈ ਵੱਡੀ ਮੁਸ਼ਕਿਲ ਇਹ ਸੀ ਕਿ ਇਸ ਦਾ ਤਜ਼ਰਬਾ ਕਿਵੇਂ ਕੀਤਾ ਜਾਵੇ ਕਿਉਂਕਿ ਇਹਦੇ ਕਾਰਨ ਹੋਣ ਵਾਲੇ ਨੁਕਸਾਨ ਦਾ ਕੋਈ ਅਨੁਮਾਨ ਨਹੀਂ ਸੀ। ਇਹ ਵੀ ਨਹੀਂ ਸੀ ਪਤਾ ਕਿ ਟੈਸਟ ਸਫਲ ਹੋ ਜਾਊ ਜਾਂ ਨਹੀਂ।

ਪਹਿਲਾਂ ਇਸ ਐਟਮ ਬੰਬ ਨੂੰ ਇੱਕ 215 ਟਨ ਖਾਸ ਲੋਹੇ ਦੇ ਬਣਵਾਏ ਬਕਸੇ ਵਿਚ ਰੱਖ ਕੇ ਟੈਸਟ ਕਰਨ ਦਾ ਫੈਸਲਾ ਹੋਇਆ ਪਰ ਬਾਅਦ ਵਿਚ ਓਪਨਹੀਮਰ ਨੇ ਇਸ ਨੂੰ ਨਾ ਮਨਜ਼ੂਰ ਕਰ ਦਿੱਤਾ ਕਿਉਂਕਿ ਉਹ ਇਸ ਨੂੰ ਬਾਹਰ ਖੁੱਲ੍ਹੇ ਵਿਚ ਕਰਕੇ ਇਹਦੇ ਨਿਕਲਣ ਵਾਲੇ ਨਤੀਜਿਆਂ ਨੂੰ ਪਰਖਣਾ ਚਾਹੁੰਦਾ ਸੀ। ਅੰਤ ਵਿਚ ਸੌ ਫੁੱਟ ਉਚਾ ਚਾਰ ਖੰਭਿਆਂ ਵਾਲਾ ਪਲੈਟਫਾਰਮ ਲੈਬਾਰਟਰੀ ਤੋਂ ਦੋ ਮੀਲ ਦੀ ਦੂਰੀ 'ਤੇ ਬਣਾਇਆ ਗਿਆ ਜਿਸ 'ਤੇ ਐਟਮ ਬੰਬ ਨੂੰ ਰੱਖ ਕੇ ਚਲਾਇਆ ਜਾਣਾ ਸੀ। 16 ਜੁਲਾਈ 1945 ਸਵੇਰੇ 4 ਵਜੇ ਦਾ ਦਿਨ ਟੈਸਟ ਲਈ ਮਿਥਿਆ ਗਿਆ। ਇਹ ਰੇਗਿਸਤਾਨ ਦਾ ਏਰੀਆ 20 ਮੀਲ ਜਰਬ 19 ਮੀਲ ਦਾ ਸੀ ਜਿਥੇ ਕੋਈ ਵੀ ਵਸੋਂ ਨਹੀਂ ਸੀ, ਨਾ ਕੋਈ ਜਾਨਵਰ। ਚਿੱਟਾ ਰੇਤਾ ਸੀ ਸਾਰੇ ਪਾਸੇ, ਇਹਤੋਂ ਬਾਹਰ ਵੀ ਵਸੋਂ ਨਾਂਮਾਤਰ ਹੀ ਸੀ। ਇਸੇ ਕਰਕੇ ਇਹ ਜਗ੍ਹਾ ਟੈਸਟ ਲਈ ਚੁਣੀ ਗਈ।

ਐਟਮ ਬੰਬ ਟੈਸਟ ਦਾ ਨਾਂ ਓਪਨਹੀਮਰ ਨੇ ਟ੍ਰਿਨਟੀ ਰਖਿਆ। ਨਾਂ ਰੱਖਣ ਪਿਛੇ ਵੀ ਕਾਰਨ ਸੀ, ਪਈ ਸ਼ਾਇਦ ਬਾਈਬਲ ਵਿਚ ਕਿਤੇ ਲਿਖਿਆ ਹੈ ਕਿ ਰੱਬ ਦੇ ਤਿੰਨ ਗੁਣ ਹੁੰਦੇ ਹਨ ਤੇ ਉਹ ਸਿਵਾਏ ਰੱਬ ਦੇ ਹੋਰ ਕੋਈ ਨਹੀਂ ਜਾਣਦਾ। ਇਸ ਨੂੰ ਈਸਾਈ ਟ੍ਰਿਨਟੀ ਕਹਿੰਦੇ ਹਨ ਮਤਲਬ ਇੱਕ ਭੇਦ, ਤੇ ਇਹ ਐਟਮ ਬੰਬ ਵੀ ਓਪਨਹੀਮਰ ਮੁਤਾਬਿਕ ਇੱਕ ਭੇਦ ਹੀ ਸੀ। ਜਿਥੇ ਟੈਸਟ ਹੋਣਾ ਸੀ, ਉਹ ਜ਼ੀਰੋ ਪੁਆਇੰਟ ਸੀ। ਉਸ ਤੋਂ 10 ਮੀਲ ਦੂਰ ਬੇਸ ਕੈਂਪ ਬਣਾਇਆ ਗਿਆ ਤੇ ਤਿੰਨ ਵੱਖ ਵੱਖ ਦਿਸ਼ਾਵਾਂ ਵੱਲ ਜ਼ੀਰੋ ਪੁਆਇੰਟ ਤੋਂ ਪੰਜ ਮੀਲ ਦੀ ਦੂਰੀ 'ਤੇ ਜ਼ਮੀਨਦੋਜ਼ ਬੰਕਰ ਬਣਾਏ ਗਏ ਜਿਥੋਂ ਚੋਟੀ ਦੇ ਸਾਇੰਸਦਾਨਾਂ ਨੇ ਬੰਬ ਫੱਟਣ ਪਿਛੋਂ ਤਜ਼ਰਬੇ ਕਰਕੇ ਦੱਸਣੇ ਸਨ ਕਿ ਇਹ ਕਿੰਨਾ ਕੁ ਮਾਰੂ ਹੈ! ਦਰਅਸਲ ਇਹ ਸਾਇੰਸਦਾਨਾਂ ਤੋਂ ਵੱਧ ਮੌਤ ਦੇ ਫਰਿਸ਼ਤੇ ਹੀ ਸਨ ਜਿਨ੍ਹਾਂ ਨੇ ਉਹ ਕੁਝ ਬਣਾ ਲਿਆ ਸੀ ਜਿਸ ਨੇ ਚੁਟਕੀ ਵਿਚ ਹੀ ਲੱਖਾਂ ਜਾਨਾਂ ਲੈ ਲੈਣੀਆਂ ਸਨ। ਓਪਨਹੀਮਰ ਨੇ ਧਮਾਕੇ ਤੋਂ ਬਾਅਦ ਕਿਹਾ ਸੀ ਕਿ ਉਹਨੇ ਐਨੀ ਤਾਕਤ ਲੈ ਲਈ ਹੈ ਕਿ ਧਰਤੀ 'ਤੇ ਨਰਕ ਬਣਾ ਸਕਦਾ ਸੀ ਪਰ ਸਵਰਗ 'ਤੇ ਉਹਦਾ ਕੋਈ ਕੰਟਰੋਲ ਨਹੀਂ ਸੀ। ਧਮਾਕੇ ਵਾਲੀ ਸਾਰੀ ਰਾਤ ਓਪਨਹੀਮਰ ਨੂੰ ਨੀਂਦ ਨਹੀਂ ਆਈ ਤੇ ਉਹ ਕਾਫੀ ਦਾ ਕੱਪ ਤੇ ਕੱਪ ਨਾਲ ਸਿਗਾਰ ਪੀਈ ਜਾਂਦਾ ਸੀ। ਬੇਚੈਨੀ ਉਹਨੂੰ ਇਸ ਕਰਕੇ ਵੀ ਹੋ ਰਹੀ ਸੀ ਕਿ ਰਾਤ ਮੌਸਮ ਬਹੁਤ ਖਰਾਬ ਰਿਹਾ, ਮੀਂਹ ਤੇ ਹਨੇਰੀ ਚੱਲਦੀ ਸੀ ਜੋ ਕਿ ਐਟਮ ਬੰਬ ਦੇ ਧਮਾਕੇ ਵਿਚ ਰੁਕਾਵਟ ਬਣਦੀ ਜਾ ਰਹੀ ਸੀ ਪਰ ਉਸ 'ਤੇ ਫੌਜ ਦਾ ਇੰਨਾ ਦਬਾਅ ਸੀ ਕਿ ਹਰ ਹਾਲਤ ਵਿਚ ਇਹ ਟੈਸਟ ਹੋਣਾ ਹੀ ਚਾਹੀਦਾ ਹੈ, ਕਿਉਂਕਿ ਪ੍ਰੈਜ਼ੀਡੈਂਟ ਹੈਰੀ ਟਰੂਮੈਨ ਉਸ ਵਕਤ ਜਰਮਨੀ ਦੇ ਸ਼ਹਿਰ ਪੋਟਸਡੈਮ ਵਿਚ ਸਟਾਲਿਨ ਤੇ ਚਰਚਿਲ ਨਾਲ ਜਰਮਨੀ ਦੇ ਹਥਿਆਰ ਸੁੱਟਣ ਪਿਛੋਂ ਦੀ ਯੁੱਧ ਨੀਤੀ 'ਤੇ ਵਿਚਾਰ ਕਰ ਰਿਹਾ ਸੀ। ਉਦੋਂ ਤੱਕ ਸਟਾਲਿਨ ਆਪਣੇ ਆਪ ਨੂੰ ਵੱਧ ਤਾਕਤਵਰ ਸਮਝ ਰਿਹਾ ਸੀ। ਉਦਾਂ ਵੀ ਸਟਾਲਿਨ ਹੈਰੀ ਟਰੂਮੈਨ ਨੂੰ ਆਪਣੇ ਪੱਧਰ ਦਾ ਕੌਮਾਂਤਰੀ ਲੀਡਰ ਨਹੀਂ ਸੀ ਸਮਝਦਾ ਕਿਉਂਕਿ ਉਹ ਥੋੜ੍ਹਾ ਚਿਰ ਪਹਿਲਾਂ ਹੀ ਪ੍ਰੈਜ਼ੀਡੈਂਟ ਰੂਜ਼ਵੈਲਟ ਦੀ ਅਚਾਨਕ ਹੋਈ ਮੌਤ ਪਿਛੋਂ ਹੀ ਪ੍ਰੈਜ਼ੀਡੈਂਟ ਬਣਿਆ ਸੀ ਅਤੇ ਇੰਗਲੈਂਡ ਵਿਚ ਚਰਚਿਲ ਦੀ ਪਾਰਟੀ ਚੋਣਾਂ ਹਾਰਨ ਕਰਕੇ ਉਸ ਦੀ ਤਾਕਤ ਵੀ ਨਾਂਹ ਬਰਾਬਰ ਹੋ ਗਈ ਸੀ।

ਅਮਰੀਕਾ ਤੇ ਰੂਸ ਭਾਵੇਂ ਮਿੱਤਰ ਦੇਸ਼ਾਂ ਵਾਂਗ ਦੂਜੇ ਵਿਸ਼ਵ ਯੁੱਧ ਵਿਚ ਲੜੇ ਪਰ ਸਟਾਲਿਨ ਜਰਮਨੀ ਨੂੰ ਹਰਾਉਣ ਕਰਕੇ ਹੀਰੋ ਵਜੋਂ ਪੇਸ਼ ਆਉਂਦਾ ਸੀ ਅਤੇ ਅੱਗੋਂ ਪੈਸਿਫਿਕ ਫਰੰਟ 'ਤੇ ਅਮਰੀਕਾ ਨੂੰ ਚੁਣੌਤੀ ਦੇਣ ਦੀ ਤਾਕ ਵਿਚ ਸੀ। ਟਰੂਮੈਨ, ਜਿਹਨੂੰ ਕੁਝ ਚਿਰ ਪਹਿਲਾਂ ਹੀ ਐਟਮ ਬੰਬ ਬਾਰੇ ਦੱਸਿਆ ਗਿਆ ਸੀ, ਚਾਹੁੰਦਾ ਸੀ ਕਿ ਇਸੇ ਮੀਟਿੰਗ ਵਿਚ ਸਟਾਲਿਨ ਨੂੰ ਦੱਸ ਦੇਵੇ ਕਿ ਸਾਡੇ ਕੋਲ ਉਹ ਹਥਿਆਰ ਹੈ ਜੋ ਕਿਸੇ ਹੋਰ ਕੋਲ ਨਹੀਂ। ਇਸ ਕਰਕੇ ਓਪਨਹੀਮਰ ਨੂੰ ਧਮਾਕਾ ਟਾਲਣਾ ਮੁਸ਼ਕਿਲ ਹੋ ਰਿਹਾ ਸੀ। ਮੌਸਮ ਦੇ ਮੱਦੇਨਜ਼ਰ ਧਮਾਕਾ 4 ਵਜੇ ਦੀ ਥਾਂ 5:30 'ਤੇ ਕਰਨ ਦਾ ਫੈਸਲਾ ਕੀਤਾ ਗਿਆ। 4 ਵਜੇ ਤੋਂ ਬਾਅਦ ਮੌਸਮ ਠੀਕ ਹੋ ਗਿਆ ਤੇ 5 ਵਜੇ ਬੰਬ ਨੂੰ ਰੀਮੋਟ ਨਾਲ ਜਗਾ ਦਿੱਤਾ ਕਿਉਂਕਿ ਇਹਦੇ ਠੀਕ ਅੱਧੇ ਘੰਟੇ ਬਾਅਦ ਇਹਨੇ ਫੱਟ ਜਾਣਾ ਸੀ। ਜ਼ੀਰੋ ਪੁਆਇੰਟ 'ਤੇ ਪਹਿਰਾ ਦੇ ਰਹੇ 5 ਫੌਜੀਆਂ ਨੂੰ ਹੁਕਮ ਕੀਤਾ ਕਿ ਫੌਰਨ ਬੇਸ ਕੈਂਪ ਪਹੁੰਚੋ।

5 ਵਜੇ ਉਲਟੀ ਗਿਣਤੀ ਸ਼ੁਰੂ ਹੋਈ, ਲਾਊਡ ਸਪੀਕਰ 'ਤੇ 5:25 ਬੋਲਿਆ ਗਿਆ ਜੋ ਬੇਸ ਕੈਂਪ ਤੇ ਤਿੰਨਾਂ ਹੀ ਬੰਕਰਾਂ ਵਿਚ ਸੁਣਿਆ। ਕਿਸੇ ਨੂੰ ਸਿੱਧਾ ਧਮਾਕਾ ਦੇਖਣ ਦੀ ਇਜਾਜ਼ਤ ਨਹੀਂ ਸੀ। ਸਭ ਨੂੰ ਮੂਧੇ ਮੂੰਹ ਲੰਮੇ ਪੈਣ ਦਾ ਹੁਕਮ ਸੀ, ਸਿਰਫ ਜਿਨ੍ਹਾਂ ਸਾਇੰਸਦਾਨਾਂ ਨੇ ਇਹਦੇ ਪ੍ਰਭਾਵਾਂ ਨੂੰ ਦੱਸਣਾ ਸੀ, ਉਨ੍ਹਾਂ ਨੂੰ ਹੀ ਇੱਕ ਖਾਸ ਸ਼ੀਸ਼ੇ ਦਿੱਤੇ ਗਏ ਸਨ ਦੇਖਣ ਲਈ, ਉਹ ਵੀ ਬੰਕਰਾਂ ਵਿਚੋਂ ਹੀ। ਸਾਰੇ ਸਾਇੰਸਦਾਨ ਇੱਕ ਜਗ੍ਹਾ 'ਤੇ ਨਹੀਂ ਰੱਖੇ ਗਏ ਸਨ ਕਿਉਂਕਿ ਖਦਸ਼ਾ ਸੀ ਕਿ ਐਟਮ ਬੰਬ ਫੱਟਣ ਸਾਰ ਪਤਾ ਨਹੀਂ ਇਹ ਕਿੰਨੇ ਇਲਾਕੇ ਨੂੰ ਖਤਮ ਕਰ ਦੇਵੇ। ਜੇ ਸਾਰੇ ਇੱਕਠੇ ਹੀ ਮਾਰੇ ਗਏ ਤਾਂ ਕੌਣ ਦੱਸੇਗਾ ਇਹਦੇ ਪ੍ਰਭਾਵ ਬਾਰੇ ਕਿ ਕੀ ਹੋਇਆ ਸੀ। ਜਿਉਂ ਜਿਉਂ ਉਲਟੀ ਗਿਣਤੀ ਘਟਦੀ ਗਈ, ਓਪਨਹੀਮਰ ਦੇ ਬੇਚੈਨੀ ਨਾਲ ਢਿੱਡ ਦਰਦ ਹੋਣੀ ਸ਼ੁਰੂ ਹੋ ਗਈ। ਉਹਦੇ ਲਈ ਇੱਕ ਇੱਕ ਪਲ ਔਖਾ ਹੁੰਦਾ ਜਾ ਰਿਹਾ ਸੀ। ਜਦੋਂ 5:05 ਬੋਲਿਆ ਤਾਂ ਉਸ ਇੱਕ ਵਾਰ ਫਿਰ ਆਪਣੇ ਬੰਕਰ ਵਿਚੋਂ ਬਾਹਰ ਨਿਕਲ ਕੇ 5 ਮੀਲ ਦੂਰ ਸੌ ਫੁੱਟ ਉਚੇ ਪਏ ਆਪਣੇ ਬਣਾਏ ਐਟਮ ਬੰਬ ਵੱਲ ਦੇਖਿਆ। ਉਸ ਵਕਤ ਸਵੇਰ ਦਾ ਮੌਸਮ ਬੜਾ ਸੁਹਾਵਣਾ ਹੋਇਆ ਪਿਆ ਸੀ ਕਿਉਂਕਿ ਕੁਝ ਚਿਰ ਪਹਿਲਾਂ ਹੀ ਮੀਂਹ ਪੈ ਕੇ ਹਟਿਆ ਸੀ ਤੇ ਠੰਡੀ ਹਵਾ ਚੱਲ ਰਹੀ ਸੀ। ਉਹਦੇ ਅੰਦਰ ਜੋ ਉਬਾਲ ਪ੍ਰਬਲ ਚੱਲ ਰਿਹਾ ਸੀ, ਉਹਨੇ ਉਹਦਾ ਵਕਤ ਰੋਕਿਆ ਹੋਇਆ ਸੀ। ਉਹ ਕਿੰਨਾ ਚਿਰ ਬਿਨਾ ਅੱਖ ਝਮਕੇ ਟਿਕਟਿਕੀ ਲਾਈ ਦੇਖੀ ਗਿਆ। ਚਾਹੁੰਦਾ ਸੀ, ਇੱਕ ਦਮ ਭੜਾਕਾ ਪਵੇ ਤੇ ਜੋ ਹੋਣਾ ਹੋਵੇ। ਜਦੋਂ 5:28 'ਤੇ ਇੱਕ ਰੌਸ਼ਨੀ ਕਰਕੇ ਸਭ ਨੂੰ ਸੁਚੇਤ ਕੀਤਾ ਕਿ ਧਮਾਕਾ ਬੱਸ ਹੋਣ ਵਾਲਾ ਹੀ



*ਐਟਮ ਬੰਬ ਦੇ ਫਟਣ ਦਾ ਇਕ ਕਾਲਪਨਿਕ ਚਿੱਤਰ*

(ਅਗਲੇ ਸਫੇ 'ਤੇ ਜਾਰੀ)

ਹੈ ਤਾਂ ਉਹ ਆਪਣੇ ਬੰਕਰ ਵਿਚ ਆਪਣੇ ਹੀ ਇੱਕ ਭੌਤਿਕ ਵਿਗਿਆਨੀ ਭਰਾ ਫਰੈਂਕ ਨਾਲ ਮੂਧੇ ਮੂੰਹ ਲੰਮਾ ਪੈ ਗਿਆ। ਸਭ ਦੇ ਸਾਹ ਸੂਤੇ ਪਏ ਸਨ। ਅਖੀਰਲੇ 10 ਸਕਿੰਟ ਬਹੁਤ ਉਚੀ ਬੋਲੇ ਗਏ, ਤਿੰਨ...ਦੋ...ਇੱਕ। ਨਾਲ ਹੀ ਇੱਕ ਭਿਆਨਕ ਅੱਗ ਦੇ ਗੋਲੇ ਨੇ ਆਸਮਾਨ ਨੂੰ ਅੱਖਾਂ ਚੁੰਧਿਆ ਦੇਣ ਵਾਲੀ ਰੌਸ਼ਨੀ ਨਾਲ ਭਰ ਦਿੱਤਾ। ਅੱਗ ਦਾ ਗੋਲਾ ਸਕਿੰਟਾਂ ਵਿਚ ਹੀ ਆਸਮਾਨ ਵੱਲ ਸਾਢੇ ਸੱਤ ਮੀਲ ਚਲਾ ਗਿਆ। ਬੇਸ ਕੈਂਪ, ਜੋ ਜ਼ੀਰੋ ਪੁਆਇੰਟ ਤੋਂ 10 ਮੀਲ ਦੂਰ ਸੀ, ਉਥੇ ਇਸ ਦਾ ਸੇਕ 2 ਸਕਿੰਟਾਂ ਵਿਚ ਭੱਠੇ 'ਚ ਬਲਦੀ ਅੱਗ ਜਿੰਨਾ ਮਹਿਸੂਸ ਹੋਇਆ।

ਇਹ ਧਮਾਕੇ ਜਿਨ੍ਹਾਂ ਨੇ ਦੇਖਿਆ, ਇਹੋ ਕਿਹਾ ਕਿ ਕਹਿਣ ਲਿਖਣ ਨੂੰ ਲਫਜ਼ ਨਹੀਂ। ਬੱਸ ਜੋ ਮਹਿਸੂਸ ਕੀਤਾ, ਉਹ ਬਿਆਨਣ ਵਾਲਾ ਹੀ ਨਹੀਂ। ਜਿਨ੍ਹਾਂ ਸੌ ਫੁੱਟ ਉਚੇ ਲੋਹੇ ਦੇ ਖੰਭਿਆਂ ਤੇ ਇਹ ਬੰਬ ਰਖਿਆ ਗਿਆ ਸੀ, ਉਹ ਸਾਰੇ ਹੀ ਪਿਘਲ ਕੇ ਅੱਗ ਦੇ ਗੋਲੇ ਨਾਲ ਆਸਮਾਨ ਵਿਚ ਉਡ ਗਏ। ਅੱਧੇ ਮੀਲ ਦੇ ਦਾਇਰੇ ਵਿਚ ਸਾਰੀ ਰੇਤਾ ਪਿਘਲ ਕੇ ਸ਼ੀਸ਼ਾ ਬਣ ਗਈ। ਧਮਾਕਾ ਇੰਨਾ ਭਿਆਨਕ ਸੀ ਕਿ 180 ਮੀਲ ਦੂਰ ਸਿਲਵਰ ਸਿਟੀ ਦੀਆਂ ਕਈ ਇਮਾਰਤਾਂ ਦੇ ਸ਼ੀਸ਼ੇ ਟੁੱਟ ਗਏ। ਧਮਾਕੇ ਵਾਲੀ ਜਗ੍ਹਾ ਤੋਂ 60 ਕੁ ਮੀਲ ਦੂਰ ਬੰਬ ਵਿਚੋਂ ਨਿਕਲੀਆਂ ਰੇਡੀਓ ਐਕਟਿਵ ਰਿਸ਼ਮਾਂ ਨਾਲ ਜੰਗਲ 'ਚ ਚੁਗਦੀਆਂ ਭੇਡਾਂ ਦੇ ਵਾਲ ਝੜ ਗਏ।

ਕੁੱਲ ਮਿਲਾ ਕੇ ਟ੍ਰਿਨਟੀ ਐਟਮ ਬੰਬ ਟੈਸਟ ਸਫਲ ਰਿਹਾ ਤੇ ਇਹਦੀ ਪੂਰੀ ਰਿਪੋਰਟ ਅਗਲੇ ਦਿਨਾਂ ਵਿਚ ਵੱਖ ਵੱਖ ਸਾਇੰਸਦਾਨਾਂ ਤੋਂ ਇੱਕਠੇ ਕਰਕੇ ਸਰਕਾਰ ਨੂੰ ਦਿੱਤੀ ਜਾਣੀ ਸੀ, ਪਰ ਉਸੇ ਦਿਨ ਜਰਮਨੀ ਵਿਚ ਪ੍ਰੈਜ਼ੀਡੈਂਟ ਟਰੂਮੈਨ ਨੂੰ ਟੈਲੀਗ੍ਰਾਫ ਰਾਹੀਂ ਐਟਮ ਬੰਬ ਦੇ ਸਫਲ ਤਜ਼ਰਬੇ ਦਾ ਦੱਸ ਦਿੱਤਾ ਗਿਆ। ਇਸ ਸਫਲ ਤਜ਼ਰਬੇ ਨੇ ਦੂਜੇ ਵਿਸ਼ਵ ਯੁੱਧ ਦਾ ਜੇਤੂ ਰੁਖ, ਜੋ ਰੂਸ ਦੇ ਪੱਖ ਵਿਚ ਜਾ ਰਿਹਾ ਸੀ, ਅਮਰੀਕਾ ਵੱਲ ਮੋੜ ਦਿੱਤਾ ਤੇ ਨਾਲ ਹੀ ਠੰਡੀ ਜੰਗ ਦੀ ਨੀਹ ਰੱਖ ਕੇ ਪਰਮਾਣੂ ਹਥਿਆਰਾਂ ਦੀ ਦੌੜ ਵੀ ਸ਼ੁਰੂ ਕਰ ਦਿੱਤੀ। ਇਹ ਟ੍ਰਿਨਟੀ ਐਟਮ ਬੰਬ ਵੀ ਊਨਾ ਹੀ ਪਾਵਰਫੁੱਲ ਸੀ, ਜਿੰਨਾ ਪਹਿਲਾ ਐਟਮ ਬੰਬ ਹੀਰੋਸ਼ੀਮਾ 'ਤੇ ਸੁੱਟਿਆ ਸੀ।

ਓਪਨਹੀਮਰ ਨੂੰ ਆਪਣੀ ਪਿਛਲੇ ਤਿੰਨ ਸਾਲਾਂ ਦੀ ਮਿਹਨਤ ਸਫਲ ਹੋਈ ਜਾਪੀ ਜਿਸ 'ਤੇ ਅਮਰੀਕਾ ਦੇ ਬਿਲੀਅਨ ਡਾਲਰ ਖਰਚ ਹੋ ਚੁਕੇ ਸਨ, ਪਰ ਐਟਮ ਬੰਬ ਦੇ ਧਮਾਕੇ ਤੋਂ ਪੈਦਾ ਨਤੀਜਿਆਂ ਤੋਂ ਉਹ ਅੰਦਰੋਂ ਉਦਾਸ ਵੀ ਹੋ ਗਿਆ ਸੀ। ਉਸ ਨੇ ਕਿਹਾ ਕਿ ਅੱਜ ਮੈਨੂੰ ਪਤਾ ਲੱਗਾ ਕਿ ਪ੍ਰੋਮਿਥਿਆਸ ਦੇਵਤੇ ਨੇ ਮਾਨਵਤਾ ਨੂੰ ਅੱਗ ਦੀ ਸੌਗਾਤ ਦੇ ਕੇ ਕੀ ਗਲਤੀ ਕੀਤੀ ਸੀ। ਯੂਨਾਨ ਦੀ ਇੱਕ ਮਿਥਿਹਾਸਕ ਕਹਾਣੀ ਹੈ ਕਿ ਪ੍ਰੋਮਿਥਿਆਸ ਦੇਵਤੇ ਨੇ ਮਾਨਵਤਾ ਨੂੰ ਅੱਗ ਦੀ ਸੌਗਾਤ ਦਿੱਤੀ ਤਾਂ ਕਿ ਮਨੁੱਖਤਾ ਸੁਖੀ ਜੀਵਨ ਬਤੀਤ ਕਰੇ। ਇਸ 'ਤੇ ਇੱਕ ਹੋਰ ਦੇਵਤੇ ਜ਼ਿਊਸ ਨੇ ਪ੍ਰੋਮਿਥਿਆਸ ਨਾਲ ਨਾਰਾਜ਼ਗੀ ਪ੍ਰਗਟਾਈ ਕਿ ਇਹ ਤੂੰ ਬਹੁਤ ਮਾੜਾ ਕੰਮ ਕੀਤਾ, ਕਿਉਂਕਿ ਅੱਗੋਂ ਮਨੁੱਖ ਨੇ ਖੁਦ ਇਸੇ ਅੱਗ ਨਾਲ ਮਨੁੱਖਤਾ ਦਾ ਖਾਤਮਾ ਕਰਨਾ ਹੈ।

ਜਿਸ ਦਿਨ ਇਹ ਟ੍ਰਿਨਟੀ ਟੈਸਟ ਕੀਤਾ ਗਿਆ, ਉਸੇ ਵਕਤ 16 ਜੁਲਾਈ ਨੂੰ ਹੀ ਸੈਨ ਫਰਾਂਸਿਸਕੋ ਦੀ ਬੰਦਰਗਾਹ 'ਤੇ ਦੋ ਫੌਜੀ ਗੱਡੀਆਂ ਕੋਈ ਫੌਜੀ ਸਾਮਾਨ ਲੈ ਕੇ ਆ ਗਈਆਂ, ਜਿਥੇ ਇੰਡੀਅਨਐਪੋਲਿਸ ਨਾਂ ਦਾ ਬਹੁਤ ਵੱਡਾ ਤੇ ਰਫਤਾਰ ਵਿਚ ਤੇਜ਼ ਸਮੁੰਦਰੀ ਜਹਾਜ਼ ਕਈ ਦਿਨਾਂ ਤੋਂ ਲੋਡ ਹੋ ਰਿਹਾ ਸੀ, ਜਿਸ ਨੇ ਪੈਸਿਫਿਕ ਵਿਚ ਟੀਨੀਅਨ ਟਾਪੂ 'ਤੇ ਪਹੁੰਚਣਾ ਸੀ, ਜਿਥੇ ਅਮਰੀਕਾ ਦਾ ਫੌਜੀ ਅੱਡਾ ਸੀ, ਜਿਥੋਂ ਅੱਗੇ ਜਪਾਨ ਨਾਲ ਲੜਾਈ ਕੀਤੀ ਜਾਣੀ ਸੀ। ਉਨ੍ਹਾਂ ਫੌਜੀ ਗੱਡੀਆਂ ਵਿਚੋਂ ਇੱਕ ਵਿਚ 15 ਫੁੱਟ ਲੰਬਾ ਬਕਸਾ ਸੀ ਤੇ ਦੂਜੀ ਵਿਚ ਇੱਕ ਸਿਲੰਡਰ। ਬਕਸੇ ਨੂੰ ਜਹਾਜ਼ ਦੇ ਵਿਚਕਾਰ ਕਰੇਨ ਨਾਲ ਟਿਕਾ ਦਿੱਤਾ ਤੇ ਸਿਲੰਡਰ ਨੂੰ ਇੱਕ ਅਫਸਰ ਦੀ ਖਾਲੀ ਕੈਬਿਨ ਵਿਚ ਕੁੰਡੀਆਂ ਲਾ ਕੇ ਫਿਕਸ ਕਰ ਦਿੱਤਾ। ਜਹਾਜ਼ ਦੇ ਕੈਪਟਨ ਚਾਰਲਸ ਨੂੰ ਕੁਝ ਨਾ ਦੱਸਿਆ ਕਿ ਇਹਦੇ ਵਿਚ ਕੀ ਹੈ! ਬਸ ਉਹਨੂੰ ਕੁਝ ਹਦਾਇਤਾਂ ਦਿੱਤੀਆਂ ਗਈਆਂ ਕਿ ਇਹਦੇ ਨੇੜੇ ਕੋਈ ਵੀ ਨਾ ਜਾਵੇ, ਸਿਵਾਏ ਨੇਵੀ ਦੇ ਗਾਰਡਾਂ ਤੋਂ, ਜੋ 24 ਘੰਟੇ ਇਹਦੀ ਨਿਗਰਾਨੀ 'ਤੇ ਪਹਿਰਾ ਦੇਣਗੇ। ਜੇ ਜਹਾਜ਼ ਨੂੰ ਕੋਈ ਹਾਦਸਾ ਵਾਪਰ ਜਾਵੇ ਤਾਂ ਜਹਾਜ਼ ਡੁੱਬਣ ਤੋਂ ਪਹਿਲਾਂ ਇਹ ਬਕਸਾ ਤੇ ਸਿਲੰਡਰ ਹਰ ਹਾਲਤ ਵਿਚ ਲਾਈਫ ਬੋਟ ਵਿਚ ਰੱਖ ਕੇ ਬਚਾਓ ਕਰਨਾ ਹੈ। ਜੇ ਜਹਾਜ਼ 'ਤੇ ਜਾਪਾਨੀ ਫੌਜ ਦਾ ਹਮਲਾ ਹੋ ਜਾਵੇ ਤਾਂ ਕਿਸੇ ਵੀ ਸੂਰਤ ਵਿਚ ਇਹ ਦੁਸ਼ਮਣ ਦੇ ਹੱਥ ਨਹੀਂ ਲੱਗਣਾ ਚਾਹੀਦਾ।

ਕਿਸੇ ਨੂੰ ਕੁਝ ਨਹੀਂ ਸੀ ਪਤਾ ਕਿ ਅਜਿਹੀ ਕਿਹੜੀ ਚੀਜ਼ ਹੋ ਸਕਦੀ ਹੈ, ਜਿਸ ਬਾਰੇ ਕੈਪਟਨ ਨੂੰ ਵੀ ਨਹੀਂ ਦੱਸਿਆ ਗਿਆ। ਉਸ ਜਹਾਜ਼ ਵਿਚ 1200 ਬੰਦੇ ਜਾ ਰਹੇ ਸਨ। ਜਹਾਜ਼ 16 ਜੁਲਾਈ ਨੂੰ ਸਵੇਰੇ 8 ਵਜੇ ਬੰਦਰਗਾਹ ਤੋਂ ਤੁਰ ਕੇ ਗੋਲਡਨ ਬ੍ਰਿਜ ਹੇਠੋਂ ਨਿਕਲ ਕੇ ਸਮੁੰਦਰ ਵੱਲ ਨੂੰ ਠਿੱਲ ਪਿਆ। ਰਸਤੇ ਵਿਚ ਸਿਰਫ ਜਹਾਜ਼ ਪਰਲ ਹਾਰਬਰ ਹੀ ਰੁਕਿਆ ਤੇ ਉਥੋਂ ਜੰਗੀ ਖੇਤਰ ਵੱਲ ਟੀਨੀਅਨ ਟਾਪੂ ਵੱਲ ਨੂੰ ਚੱਲ ਪਿਆ। 27 ਜੁਲਾਈ ਨੂੰ ਉਥੇ ਪੁੱਜ ਗਿਆ ਤੇ ਉਹ ਬਕਸਾ ਤੇ ਸਿਲੰਡਰ ਫੌਜ ਦੇ ਹਵਾਲੇ ਕਰ ਦਿੱਤਾ। ਨਾਲ ਹੀ ਨੇਵੀ ਦੇ ਗਾਰਡ ਵੀ ਉਤਰ ਗਏ। ਐਨੀ ਗੁਪਤ ਗੱਲ ਫੌਜ ਵਿਚ ਪਹਿਲੀ ਵਾਰ ਹੋ ਰਹੀ ਸੀ। ਦਰਅਸਲ ਜਪਾਨੀ ਹਵਾਈ ਫੌਜ ਦੇ ਆਤਮਘਾਤੀ ਪਾਇਲਟ ਜਦੋਂ ਵੀ ਦਾਅ ਲੱਗਦਾ, ਅਮਰੀਕਾ ਦੇ ਸਮੁੰਦਰੀ ਨੇਵੀ ਜਹਾਜ਼ਾਂ 'ਤੇ ਡਿਗ ਕੇ ਤਬਾਹ ਕਰ ਦਿੰਦੇ ਸਨ ਤੇ ਇਹੋ ਕੁਝ ਹੋਇਆ ਵੀ। ਇਸ ਯੂ ਐਸ ਐਸ ਇੰਡੀਅਨਐਪੋਲਿਸ ਸ਼ਿਪ ਨੂੰ 3 ਦਿਨ ਪਿਛੋਂ 30 ਜੁਲਾਈ ਨੂੰ, ਜਦੋਂ ਉਹ ਮਨੀਲਾ ਵੱਲ ਨੂੰ ਚੱਲਿਆ, ਜਾਪਾਨੀ ਹਵਾਈ ਫੌਜ ਨੇ ਸਮੁੰਦਰ ਵਿਚ ਡੁਬੋ ਦਿੱਤਾ ਸੀ। ਇਸ ਬਕਸੇ ਵਿਚ ਹੀ ਐਟਮ ਬੰਬ ਸੀ, ਜਿਸ ਦਾ ਨਾਂ ਲਿਟਲ ਬੁਆਏ (ਨਿੱਕਾ ਕਾਕਾ) ਸੀ। ਸਿਲੰਡਰ ਵਿਚ ਉਹ ਔਜ਼ਾਰ, ਬਿਜਲੀ ਸਾਮਾਨ ਤੇ ਬੰਬ ਦੇ ਬਲੂਪ੍ਰਿੰਟ ਸਨ ਜਿਸ ਨਾਲ ਇਸ ਨੂੰ ਅੰਤਿਮ ਰੂਪ ਵਿਚ ਜੋੜਨਾ ਸੀ।

ਐਟਮ ਬੰਬ ਸੁੱਟਣ ਲਈ ਜਪਾਨ ਦਾ ਪਹਿਲਾ ਸ਼ਹਿਰ ਹੀਰੋਸ਼ੀਮਾ ਚੁਣਿਆ ਗਿਆ। 3 ਅਗਸਤ ਨੂੰ ਅਮਰੀਕੀ ਹਵਾਈ ਫੌਜ ਦੇ ਜਹਾਜ਼ਾਂ ਨੇ ਹੀਰੋਸ਼ੀਮਾ 'ਤੇ ਲੱਖਾਂ ਦੀ ਗਿਣਤੀ ਵਿਚ ਪਰਚੇ ਸੁੱਟ ਕੇ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਸ਼ਹਿਰ ਖਾਲੀ ਕਰਕੇ ਬਾਹਰ ਕਿਸੇ ਸੁਰੱਖਿਅਤ ਥਾਂ ਚਲੇ ਜਾਓ ਕਿਉਂਕਿ ਆਉਣ ਵਾਲੇ ਦਿਨਾਂ ਵਿਚ ਵੱਡੇ ਹਵਾਈ ਹਮਲੇ ਕੀਤੇ ਜਾਣਗੇ ਤੇ ਅਣਕਿਆਸੀ ਤਬਾਹੀ ਹੋਵੇਗੀ। ਆਪਣੀ ਸਰਕਾਰ 'ਤੇ ਦਬਾਅ ਪਾ ਕੇ ਯੁੱਧ ਬੰਦ ਕੀਤਾ ਜਾਵੇ ਤੇ ਜਾਪਾਨੀ ਫੌਜ ਹਥਿਆਰ ਸੁੱਟ ਦੇਵੇ। ਇਸ ਚਿਤਾਵਨੀ ਨੂੰ ਨਾ ਸਰਕਾਰ ਤੇ ਨਾ ਹੀ ਫੌਜ ਨੇ ਗੰਭੀਰਤਾ ਨਾਲ ਲਿਆ। ਉਹ ਇਹਨੂੰ ਹੈਰੀ ਟਰੂਮੈਨ ਦੀ ਫੋਕੀ ਧਮਕੀ ਹੀ ਸਮਝਦੇ ਸਨ ਪਰ ਹੈਰੀ ਟਰੂਮੈਨ ਸਟਾਲਿਨ ਦੀ ਤਾਕਤ ਨੂੰ ਹਰ ਹਾਲਤ ਵਿਚ ਰੋਕਣਾ ਚਾਹੁੰਦਾ ਸੀ ਤੇ ਉਹਨੇ ਇਹ ਫੈਸਲਾ ਲੈ ਹੀ ਲਿਆ ਸੀ ਕਿ ਹੁਣ ਐਟਮ ਬੰਬ ਤੋਂ ਬਿਨਾ ਗੱਲ ਨਹੀਂ ਬਣਨੀ।

ਵਾਸ਼ਿੰਗਟਨ ਡੀ.ਸੀ. ਦੇ ਯੁੱਧ ਮਹਿਕਮੇ ਨੇ 4 ਅਗਸਤ ਨੂੰ ਹੁਕਮ ਕਰ ਦਿੱਤੇ। ਬਸ ਹੁਣ ਮੌਸਮ ਨੂੰ ਦੇਖਿਆ ਜਾ ਰਿਹਾ ਸੀ ਕਿਉਂਕਿ ਉਸ ਦਿਨ ਜਪਾਨ ਵੱਲ ਨੂੰ ਇੱਕ ਤੂਫਾਨ ਆ ਰਿਹਾ ਸੀ ਜੋ ਹਵਾਈ ਉਡਾਣ ਤੇ ਟਾਰਗੈਟ ਲੱਭਣ ਵਿਚ ਮੁਸ਼ਕਿਲ ਪੈਦਾ ਕਰ ਸਕਦਾ ਸੀ। 5 ਅਗਸਤ ਨੂੰ ਮੌਸਮ ਠੀਕ ਹੋ ਗਿਆ ਤੇ ਨਾਲ ਹੀ 6 ਅਗਸਤ ਨੂੰ ਐਟਮ ਬੰਬ ਸੁੱਟਣ ਦਾ ਵੀ ਫੈਸਲਾ ਹੋ ਗਿਆ।

ਹੀਰੋਸ਼ੀਮਾ 'ਤੇ ਐਟਮ ਬੰਬ ਸੁੱਟਣ ਲਈ 7 ਬੀ-29 ਬੰਬਰ ਹਵਾਈ ਜਹਾਜ਼ ਚੁਣੇ ਗਏ ਜਿਨ੍ਹਾਂ ਵਿਚੋਂ ਐਟਮ ਬੰਬ ਸਿਰਫ ਇੱਕ ਵਿਚ ਹੋਣਾ ਸੀ ਤੇ ਉਹਨੂੰ ਚਲਾਉਣ ਵਾਲੇ ਪਾਇਲਟ ਦਾ ਨਾਂ ਪੌਲ ਟਿੱਬਟ ਸੀ। ਉਸ ਦੇ ਨਾਲ 11 ਹੋਰ ਮੈਂਬਰ ਉਸੇ ਜਹਾਜ਼ ਵਿਚ ਸਨ, ਜਿਨ੍ਹਾਂ ਦਾ ਕੰਮ ਵੱਖੋ ਵੱਖੋ ਸੀ। ਇਨ੍ਹਾਂ ਸਭ ਨੂੰ ਵਿਸ਼ੇਸ਼ ਟਰੇਨਿੰਗ ਅਮਰੀਕਾ ਵਿਚ ਦੇ ਕੇ ਕੁਝ ਦਿਨ ਪਹਿਲਾਂ ਹੀ ਟੀਨੀਅਨ ਟਾਪੂ 'ਤੇ ਇੱਕ ਖਾਸ ਮਿਸ਼ਨ ਦੱਸ ਕੇ ਲਿਆਂਦਾ ਗਿਆ ਸੀ ਕਿ ਦੂਜੇ ਵਿਸ਼ਵ ਯੁੱਧ ਨੂੰ ਬੰਦ ਕਰਨ ਵਿਚ ਤੁਹਾਡੀ ਭੂਮਿਕਾ ਅਹਿਮ ਹੋਣੀ ਹੈ। 4 ਅਗਸਤ ਵਾਲੇ ਦਿਨ ਸਭ ਨੂੰ ਕੈਪਟਨ ਪਾਰਸਨ, ਜਿਸ ਨੇ ਐਟਮ ਬੰਬ ਨੂੰ ਜੋੜਨ ਦੀ ਅੰਤਿਮ ਕਾਰਵਾਈ ਕਰਨੀ ਸੀ, ਨੇ ਦੱਸ ਦਿੱਤਾ ਸੀ ਕਿ ਹੀਰੋਸ਼ੀਮਾ 'ਤੇ ਵੱਡਾ ਬੰਬ ਸੁੱਟਿਆ ਜਾਣਾ ਹੈ ਪਰ ਇਹ ਭਿਣਕ ਨਹੀਂ ਕੱਢੀ ਕਿ ਉਹ ਬੰਬ ਐਟਮ ਬੰਬ ਹੈ। ਪਰ ਉਸ ਤੋਂ ਹੋਣ ਵਾਲੀ ਤਬਾਹੀ ਦਾ ਜ਼ਿਕਰ ਕੀਤਾ ਗਿਆ ਜਿਸ ਨੂੰ ਸੁਣ ਕੇ ਸਾਰੇ ਮੈਂਬਰ ਹੱਕੇ ਬੱਕੇ ਰਹਿ ਗਏ।

***ਐਟਮ ਬੰਬਾਂ ਵਿਚੋਂ ਇਹ ਹੀਰੋਸ਼ੀਮਾ 'ਤੇ ਸੁੱਟਿਆ ਲਿਟਲ ਬੁਆਏ ਸਭ ਤੋਂ ਘੱਟ ਤਾਕਤ ਵਾਲਾ ਬੰਬ ਹੈ। ਇਸ ਤੋਂ ਬਾਅਦ ਰੂਸ ਨੇ ਵੀ 1949 ਵਿਚ ਐਟਮ ਬੰਬ ਬਣਾ ਲਿਆ। ਦੁਨੀਆਂ ਦਾ ਸਭ ਤੋਂ ਵੱਡਾ ਨਿਊਕਲੀਅਰ ਬੰਬ ਜਿਸ ਨੂੰ 'ਜ਼ਾਰ ਬੰਬ' ਕਿਹਾ ਜਾਂਦਾ ਹੈ, ਰੂਸ ਨੇ 1961 ਬਣਾ ਲਿਆ ਜਿਸ ਦੀ ਮਾਰੂ ਤਾਕਤ ਐਨੀ ਹੈ ਕਿ ਉਹ ਇੱਕਲਾ ਹੀ ਦੁਨੀਆਂ ਦੇ ਕਿਸੇ ਵੀ ਵੱਡੇ ਤੋਂ ਵੱਡੇ ਸ਼ਹਿਰ ਜਿਵੇਂ ਬੰਬਈ, ਕਲਕੱਤਾ, ਲੰਡਨ, ਪੈਰਿਸ ਤੇ ਨਿਊ ਯਰਕ ਨੂੰ ਸਕਿੰਟਾਂ ਵਿਚ ਤਬਾਹ ਕਰ ਸਕਦਾ ਹੈ। ਅਜਿਹੇ ਪੰਦਰਾਂ ਹਜ਼ਾਰ ਬੰਬ ਸਾਰੀ ਧਰਤੀ ਨੂੰ ਕੋਲਾ ਬਣਾਉਣ ਦੇ ਸਮਰਥ ਹਨ।***

5 ਅਗਸਤ ਨੂੰ ਪੌਲ ਟਿੱਬਟ ਨੇ ਜਿਸ ਜਹਾਜ਼ 'ਤੇ ਬੰਬ ਲੈ ਕੇ ਜਾਣਾ ਸੀ, ਉਹਦੇ ਉਡਾਣ ਦੀ ਪ੍ਰੈਕਟਿਸ 8500 ਫੁੱਟ ਲੰਬੇ ਰਨਵੇ 'ਤੇ ਕਰਵਾਈ ਗਈ ਅਤੇ ਸ਼ਾਮ ਨੂੰ ਲਿਟਲ ਬੁਆਏ ਨਾਂ ਦਾ ਐਟਮ ਬੰਬ, ਜੋ 10 ਫੁੱਟ ਲੰਬਾ ਲੰਮਾ ਤੇ 28 ਇੰਚ ਗੋਲਾਕਾਰ ਸੀ ਤੇ ਭਾਰ ਤਕਰੀਬਨ ਪੰਜ ਟਨ ਸੀ, ਬੀ-29 ਬੰਬਰ ਜਿਸ ਦਾ ਨਾਮ ਪੌਲ ਟਿੱਬਟ ਨੇ ਆਪਣੀ ਮਾਂ ਦੇ ਨਾਂ ਤੇ 'ਇਨੋਲਾ ਗੇ' ਉਸੇ ਦਿਨ ਰਖਿਆ ਸੀ, ਇੱਕ ਖਾਸ ਤਰਕੀਬ ਨਾਲ ਲੋਡ ਕੀਤਾ ਗਿਆ। ਐਨਾ ਵੱਡਾ ਤੇ ਭਾਰਾ ਬੰਬ ਕਦੇ ਇਨ੍ਹਾਂ ਜਹਾਜ਼ਾਂ ਵਿਚ ਨਹੀਂ ਸੀ ਲੋਡ ਕੀਤਾ ਗਿਆ। ਇਸ ਨੂੰ ਅੰਤਿਮ ਤੌਰ 'ਤੇ ਜੋੜਨ ਦਾ ਕੰਮ ਜਹਾਜ਼ ਵਿਚ ਉਡਾਣ ਭਰਨ ਪਿਛੋਂ ਕੈਪਟਨ ਪਾਰਸਨ ਤੇ ਉਹਦੇ ਇੱਕ ਸਹਿਯੋਗੀ ਨੇ ਕਰਨਾ ਸੀ। ਇਹ ਡਰ ਸੀ ਕਿ ਜੇ ਇਹਨੂੰ ਪਹਿਲਾਂ ਹੀ ਪੂਰੀ ਤਰ੍ਹਾਂ ਜੋੜ ਦਿੱਤਾ ਗਿਆ ਤਾਂ ਉਡਾਣ ਭਰਨ ਸਮੇਂ ਜੇ ਕਿਤੇ ਜਹਾਜ਼ ਨੂੰ ਕੋਈ ਹਾਦਸਾ ਵਾਪਰ ਗਿਆ ਤਾਂ ਇਸ ਐਟਮ ਬੰਬ ਨੇ ਟੀਨੀਅਨ ਟਾਪੂ ਨੂੰ ਦੁਨੀਆਂ ਦੇ ਨਕਸ਼ੇ ਤੋਂ ਸਦਾ ਲਈ ਮਿਟਾ ਦੇਣਾ ਹੈ। ਇਸ ਕਰਕੇ ਇਹ ਕੰਮ ਜਹਾਜ਼ ਵਿਚ ਕਰਨ ਦਾ ਫੈਸਲਾ ਕੀਤਾ ਗਿਆ। ਰਾਤੀਂ ਦਸ ਵਜੇ ਖਾਣਾ ਖਾਣ ਤੋਂ ਬਾਅਦ ਕੈਥੋਲਿਕ 'ਤੇ ਸਾਢੇ ਦਸ ਵਜੇ ਪ੍ਰੋਟੈਸਟੈਂਟ ਪ੍ਰੇਅਰ ਕੀਤੀ ਗਈ ਜਿਸ ਵਿਚ ਪੌਲ ਟਿੱਬਟ ਤੋਂ ਸਿਵਾਏ ਬਾਕੀ ਸਾਰੇ ਸ਼ਾਮਿਲ ਹੋਏ। ਇਸ ਤੋਂ ਬਾਅਦ ਮਿਸ਼ਨ 'ਤੇ ਜਾਣ ਵਾਲੇ ਸਾਰੇ ਮੈਂਬਰਾਂ ਨੂੰ ਆਖਰੀ ਹਦਾਇਤਾਂ ਦਿੱਤੀਆਂ ਗਈਆਂ ਤੇ ਦੱਸਿਆ ਗਿਆ ਕਿ ਇਹ ਐਟਮ ਬੰਬ ਹੈ, ਜੋ ਹੀਰੋਸ਼ੀਮਾ 'ਤੇ ਸੁੱਟਿਆ ਜਾਣਾ ਹੈ। ਇਸ ਵਿਚ ਕੀਤੀ ਨਿੱਕੀ ਜਿਹੀ ਅਣਗਹਿਲੀ ਜਿਥੇ ਸਾਰੇ ਮੈਂਬਰਾਂ ਦੀ ਜ਼ਿੰਦਗੀ ਦੀ ਅਖੀਰਲੀ ਗਲਤੀ ਤਾਂ ਹੋਵੇਗੀ, ਉਥੇ ਅਮਰੀਕਾ ਨੂੰ ਵੀ ਨਾ ਸਹਿਣਯੋਗ ਨਮੋਸ਼ੀ ਵਿਚ ਪਾ ਦੇਵੇਗੀ ਤੇ ਆਉਣ ਵਾਲਾ ਦੁਨੀਆਂ ਦਾ ਇਤਿਹਾਸ ਵੱਖਰਾ ਹੋਵੇਗਾ। ਇਹ ਖਾਸ ਹਦਾਇਤ ਸੀ ਕਿ ਜੇ ਜਹਾਜ਼ ਜਪਾਨੀ ਫੌਜ ਦੇ ਹੱਥ ਲੱਗ ਜਾਂਦਾ ਹੈ ਤਾਂ ਕਿਸੇ ਵੀ ਸੂਰਤ 'ਚ ਖੁਦ ਨੂੰ ਜਿਉਂਦੇ ਉਨ੍ਹਾਂ ਦੇ ਹਵਾਲੇ ਨਹੀਂ ਕਰਨਾ। ਇਸ ਲਈ ਹਰੇਕ ਨੂੰ ਸਾਈਨਾਈਡ ਦਾ ਇੱਕ ਕੈਪਸੂਲ ਦਿੱਤਾ ਗਿਆ ਤੇ ਪੌਲ ਟਿੱਬਟ ਕੋਲ ਇੱਕ ਲੋਡਿਡ ਰਿਵਾਲਵਰ ਦਿੱਤਾ ਗਿਆ।

6 ਅਗਸਤ ਨੂੰ ਤੜਕੇ 1:30 'ਤੇ 3 ਬੀ-29 ਜਹਾਜ਼ਾਂ ਨੇ ਇੱਕ ਇੱਕ ਕਰਕੇ ਉਡਾਣ ਭਰੀ, ਜਿਨ੍ਹਾਂ ਨੇ ਹੀਰੋਸ਼ੀਮਾ ਦੇ ਹਾਲਤ ਤੇ ਮੌਸਮ ਦੀ ਜਾਣਕਾਰੀ ਟਿੱਬਟ ਨੂੰ ਕੋਡ ਭਾਸ਼ਾ ਵਿਚ ਦੇਣੀ ਸੀ। ਠੀਕ ਇੱਕ ਘੰਟੇ ਬਾਅਦ ਪੌਲ ਟਿੱਬਟ ਇਨੋਲਾ ਗੇ 'ਤੇ ਸਵਾਰ ਹੋ ਕੇ ਖੱਬੀ ਸੀਟ 'ਤੇ ਬਹਿ ਗਿਆ ਤੇ ਬਾਕੀ 11 ਮੈਂਬਰ ਵੀ ਜਹਾਜ਼ ਵਿਚ ਆਪੋ ਆਪਣੀ ਜਗ੍ਹਾ ਬਹਿ ਗਏ। ਉਸ ਵਕਤ ਜਹਾਜ਼ ਵਿਚ 7000 ਗੈਲਨ ਤੇਲ, ਜੋ 1500 ਮੀਲ ਦੂਰ ਹੀਰੋਸ਼ੀਮਾ ਜਾਣ ਤੇ ਆਉਣ ਦੇ 12 ਘੰਟੇ ਲਈ ਚਾਹੀਦਾ ਸੀ, ਭਰਿਆ ਹੋਇਆ ਸੀ। ਐਟਮ ਬੰਬ ਅਤੇ ਤੇਲ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਇਨੋਲਾ ਗੇ 7 ਟਨ ਓਵਰਲੋਡ ਹੋ ਗਿਆ। ਢਾਈ ਵਜੇ 2200 ਹਾਰਸ ਪਾਵਰ ਦੇ ਇਨੋਲਾ ਗੇ ਨੂੰ ਪੌਲ ਟਿੱਬਟ ਨੇ ਸਟਾਰਟ ਕੀਤਾ ਤਾਂ ਗਰਜਵੀਂ ਆਵਾਜ਼ ਨੇ ਰਾਤ ਦੀ ਚੁੱਪ ਤੋੜ ਦਿੱਤੀ। ਉਸ ਵਕਤ ਫੌਜ ਦੇ ਸਾਰੇ ਅਫਸਰ ਰਨਵੇ ਦੇ ਨਾਲ ਖੜੇ ਮਿਸ਼ਨ ਹੀਰੋਸ਼ੀਮਾ ਦੀਆਂ ਸ਼ੁਭ ਕਾਮਨਾਵਾਂ ਦੇ ਰਹੇ ਸਨ। ਪੌਲ ਟਿੱਬਟ ਨੇ ਕੌਕਪਿੱਟ ਦਾ ਸ਼ੀਸ਼ਾ ਥੱਲੇ ਕਰਕੇ ਸਭ ਨੂੰ ਹੱਥ ਹਿਲਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਨਾਲ ਹੀ ਜਹਾਜ਼ ਨੂੰ ਰਨਵੇ 'ਤੇ ਤੋਰ ਲਿਆ। ਜ਼ਿਆਦਾ ਭਾਰ ਹੋਣ ਕਰਕੇ ਇਨੋਲਾ ਗੇ ਜਦੋਂ ਰਨਵੇ 'ਤੇ ਭਜਿਆ ਤਾਂ ਸਾਰੇ ਦਾ ਸਾਰਾ ਡਰ ਨਾਲ ਕੰਬਣ ਲੱਗ ਪਿਆ। ਪੌਲ ਨੇ ਇਹਨੂੰ ਵੱਧ ਤੋਂ ਵੱਧ ਸਪੀਡ 155 ਮੀਲ 'ਤੇ ਭਜਾ ਕੇ ਪੂਰਾ ਰਨਵੇ ਕਵਰ ਕਰਕੇ ਉਡਾਇਆ, ਤੇ ਇਹ ਮੌਤ ਦੇ ਫਰਿਸ਼ਤੇ ਚੱਲ ਪਏ 1500 ਮੀਲ ਦੂਰ ਹੀਰੋਸ਼ੀਮਾ ਨੂੰ।

ਟਿੱਬਟ ਜਹਾਜ਼ ਨੂੰ ਜ਼ਿਆਦਾ ਉਚਾਈ 'ਤੇ ਉਡਾਉਣਾ ਚਾਹੁੰਦਾ ਸੀ ਤਾਂ ਕਿ ਤੇਲ ਦੀ ਬੱਚਤ ਹੋ ਸਕੇ ਪਰ ਓਵਰਲੋਡ ਹੋਣ ਕਰਕੇ ਉਹ ਇਸ ਨੂੰ 31000 ਫੁੱਟ ਦੀ ਉਚਾਈ ਤੋਂ ਉਤਾਂਹ ਨਾ ਲੈ ਜਾ ਸਕਿਆ। ਜਦੋਂ ਜਹਾਜ਼ ਆਰਾਮ ਨਾਲ ਉਡ ਰਿਹਾ ਸੀ ਤਾਂ ਕੈਪਟਨ ਪਾਰਸਨ ਨੇ ਐਟਮ ਬੰਬ ਵਿਚ ਗੰਨ ਪਾਊਡਰ ਵਾਲੀ ਪਾਈਪ ਫਿੱਟ ਕਰਕੇ ਇਲੈਕਟ੍ਰਿਕ ਪਲੱਗ ਫਿੱਟ ਕਰਨੇ ਸ਼ੁਰੂ ਕਰ ਦਿੱਤੇ। ਹਰ ਚੀਜ਼ ਨੂੰ ਉਹ ਬੜੇ ਧਿਆਨ ਨਾਲ ਬਲੂ ਪ੍ਰਿੰਟ ਸਮਝ ਕੇ ਕਰ ਰਿਹਾ ਸੀ, ਕਿਉਂਕਿ ਇੱਕ ਵੀ ਤਾਰ ਦੇ ਗਲਤ ਕੁਨੈਕਸ਼ਨ ਨੇ ਮਿਸ਼ਨ ਨੂੰ ਫੇਲ੍ਹ ਕਰ ਦੇਣਾ ਸੀ।

ਸਵੇਰੇ 7:10 'ਤੇ ਪਹਿਲੇ ਤਿੰਨ ਜਹਾਜ਼ ਹੀਰੋਸ਼ੀਮਾ 'ਤੇ ਉਡਣ ਲੱਗੇ ਤਾਂ ਸਾਇਰਨ ਵੱਜਣ ਨਾਲ ਲੋਕ ਮੋਰਚਿਆਂ ਵਿਚ ਵੜ ਗਏ। ਉਨ੍ਹਾਂ 'ਤੇ ਕੋਈ ਜ਼ਮੀਨ ਤੋਂ ਫਾਇਰਿੰਗ ਨਹੀਂ ਹੋਈ। ਮੌਸਮ ਵੀ ਸਾਫ ਸੀ ਤੇ ਟਾਰਗੈਟ ਪੁਆਇੰਟ ਜੋ ਡਾਊਨ ਟਾਊਨ ਵਿਚ ਟੀ ਸ਼ੇਪ ਪੁੱਲ ਸੀ, ਸਾਫ ਦਿਖਾਈ ਦੇ ਰਿਹਾ ਸੀ। ਉਨ੍ਹਾਂ ਨੇ ਇਹ ਰਿਪੋਰਟ ਪਿਛੇ ਆ ਰਹੇ ਪੌਲ ਟਿੱਬਟ ਨੂੰ ਦੇ ਦਿੱਤੀ। 7:30 'ਤੇ ਦੁਬਾਰਾ ਸਾਇਰਨ ਖਤਰਾ ਟਲਣ ਦੇ ਵੱਜਣ ਨਾਲ ਲੋਕ ਫਿਰ ਬਾਹਰ ਨਿਕਲ ਆਏ। ਉਸ ਦਿਨ ਸੋਮਵਾਰ ਸੀ ਤੇ ਹਫਤੇ ਦੇ ਕੰਮ ਦਾ ਪਹਿਲਾ ਦਿਨ ਹੋਣ ਕਰਕੇ ਅੱਠ ਵਜੇ ਤੱਕ ਕੰਮਾਂ ਕਾਰਾਂ ਵਾਲੇ ਸਾਰੇ ਸੜਕਾਂ 'ਤੇ ਨਿਕਲ ਆਏ ਸਨ। ਅੱਠ ਵਜੇ ਇਨੋਲਾ ਗੇ ਹੀਰੋਸ਼ੀਮਾ 'ਤੇ ਉਡ ਰਿਹਾ ਸੀ ਤਾਂ ਪੌਲ ਨੇ ਕਿਹਾ, ਅਸੀਂ ਹੀਰੋਸ਼ੀਮਾ 'ਤੇ ਹਾਂ। ਰਾਡਾਰ ਨੇ ਖਤਰੇ ਦਾ ਸਾਇਰਨ ਇੱਕ ਫਿਰ ਵਜਾਇਆ ਪਰ ਲੋਕਾਂ ਨੇ ਇਹਨੂੰ ਬਹੁਤੀ ਅਹਿਮੀਅਤ ਨਾ ਦਿੱਤੀ। ਉਹ ਸਮਝਦੇ ਸਨ, ਅਮਰੀਕਾ ਸਿਰਫ ਡਰਾਉਣ ਲਈ ਹੀ ਭਾਰੀ ਆਵਾਜ਼ ਵਾਲੇ ਬੀ-29 ਬੰਬਰ ਜਹਾਜ਼ ਹੀਰੋਸ਼ੀਮਾ 'ਤੇ ਉਡਾ ਰਿਹਾ ਹੈ। ਕੋਈ ਵੀ ਸੁਰਖਿਅਤ ਮੋਰਚਿਆਂ ਵਿਚ ਨਾ ਗਿਆ। ਮੱਛੀਆਂ ਫੜਨ ਵਾਲੇ ਸਵੇਰੇ ਆਪਣੇ ਕੰਮ ਵਿਚ ਮਸ਼ਰੂਫ ਸਨ, ਕੰਮ ਵਾਲੇ ਰੁਟੀਨ ਵਿਚ ਕੰਮਾਂ 'ਤੇ ਜਾ ਰਹੇ ਸਨ। ਇਨੋਲਾ ਗੇ ਬਿਨਾ ਕਿਸੇ ਜ਼ਮੀਨੀ ਤੇ ਹਵਾਈ ਹਮਲੇ ਦੇ ਆਪਣੇ ਨਿਸ਼ਾਨੇ 'ਤੇ ਪਹੁੰਚ ਗਿਆ।

ਪੌਲ ਟਿੱਬਟ ਨੇ ਕਿਹਾ, ਅਸੀਂ ਆਪਣੇ ਨਿਸ਼ਾਨੇ 'ਤੇ ਪਹੁੰਚ ਚੁਕੇ ਹਾਂ ਤੇ ਟੀ ਸ਼ੇਪ ਪੁਲ ਹੇਠ ਸਾਫ ਦਿਖਾਈ ਦੇ ਰਿਹਾ ਹੈ। ਬੰਬ ਸੁੱਟਣ ਦਾ ਸਾਰਾ ਕੰਮ ਬੰਬ ਇੰਚਾਰਜ ਥੌਮਸ ਫਰਬੀ ਕੋਲ ਸੀ ਤੇ ਉਹਨੇ ਰੇਡੀਓ 'ਤੇ ਅਨਾਊਂਸ ਕੀਤਾ ਕਿ ਸਾਰੇ ਮੈਂਬਰ ਖਾਸ ਗੂੜ੍ਹੇ ਰੰਗ ਦੀਆਂ ਐਨਕਾਂ ਲਾ ਲੈਣ, ਹੁਣੇ ਹੀ ਲਿਟਲ ਬੁਆਏ ਸੁਟਿਆ ਜਾ ਰਿਹਾ ਹੈ। ਜਹਾਜ਼ ਦੀ ਸਪੀਡ ਵਧਾ ਕੇ 330 ਮੀਲ ਕਰ ਦਿੱਤੀ ਤੇ ਉਚਾਈ 30900 ਫੁੱਟ। ਪੌਲ ਟਿੱਬਟ ਨੇ ਕਿਹਾ, ਇੱਕ ਮਿੰਟ ਆਊਟ, ਤੀਹ ਸੈਕਿੰਡ, ਵੀਹ...ਦਸ...ਪੰਜ...ਦੋ...ਇੱਕ, ਤੇ ਨਾਲ ਹੀ ਐਟਮ ਬੰਬ ਜੋ ਇੱਕ ਆਟੋਮੈਟਿਕ ਕੁੰਡੀ ਨਾਲ ਬੰਨਿਆ ਹੋਇਆ ਸੀ, 8:15.17 'ਤੇ ਖੋਲ੍ਹ ਦਿੱਤਾ। ਪੰਜ ਟਨ ਬੰਬ ਦੇ ਭਾਰ ਨਿਕਲਣ ਨਾਲ ਇਨੋਲਾ ਗੇ ਇੱਕ ਵੱਡਾ ਹੁਝਕਾ ਜਿਹਾ ਮਾਰ ਕੇ ਉਪਰ ਨੂੰ ਉਠਿਆ ਜਿਵੇਂ ਛੇ ਘੰਟੇ ਦੇ ਭਾਰ ਨੇ ਉਹਦਾ ਕਚੂਮਰ ਕੱਢਿਆ ਹੋਵੇ ਤੇ ਉਹਨੂੰ ਸੌਖਾ ਸਾਹ ਆਇਆ ਹੋਵੇ। ਪੌਲ ਟਿੱਬਟ ਕੋਲ ਪੰਜਾਹ ਸੈਕਿੰਡ ਤੋਂ ਘੱਟ ਦਾ ਸਮਾਂ ਸੀ ਕਿ ਉਹ ਇਨੋਲਾ ਗੇ ਨੂੰ ਜਿੰਨੀ ਛੇਤੀ ਤੋਂ ਛੇਤੀ ਦੂਰ ਲਿਜਾ ਸਕੇ, ਲੈ ਜਾਵੇ, ਨਹੀਂ ਤਾਂ ਇਹ ਬੰਬ ਦੀ ਲਪੇਟ ਵਿਚ ਆ ਜਾਵੇਗਾ। ਲਿਟਲ ਬੁਆਏ ਨੂੰ ਸੁੱਟਣ ਸਾਰ ਹੀ ਉਹਨੇ ਜਹਾਜ਼ ਨੂੰ ਇੱਕ ਦਮ ਸੱਜੇ ਪਾਸੇ 155 ਡਿਗਰੀ 'ਤੇ ਪਰਾਂ ਨੂੰ ਕੰਨੀ ਸੀਖ ਭਾਰ ਕਰਕੇ ਪੂਰਾ ਖਤਰਾ ਲੈ ਕੇ ਮੋੜ ਕੇ ਪੂਰੀ ਸਪੀਡ ਨਾਲ ਉਡਾ ਤੁਰਿਆ।

ਜਹਾਜ਼ ਵਿਚੋਂ ਡਿਗਣ ਸਾਰ ਲਿਟਲ ਬੁਆਏ ਨੇ ਥੋੜ੍ਹੀਆਂ ਜਿਹੀਆਂ ਐਧਰ ਓਧਰ ਲੋਟਣੀਆਂ ਖਾਧੀਆਂ ਤੇ ਫਿਰ ਨੱਕ ਭਾਰ ਸਿੱਧਾ ਜ਼ਮੀਨ ਵੱਲ ਸੁੱਤੇ ਨਾਗ ਵਾਂਗ 43 ਸੈਕਿੰਡ ਤੱਕ ਗਿਆ। ਫਿਰ 1900 ਫੁੱਟ ਦੀ ਉਚਾਈ ਤੋਂ ਇਹ ਫੱਟ ਗਿਆ ਤੇ ਫਟਣ ਸਾਰ ਅੱਗ ਦਾ ਗੋਲਾ 45000 ਫੁੱਟ ਉਚਾ ਚਲਾ ਗਿਆ। ਉਦੋਂ ਤੱਕ ਇਨੋਲਾ ਗੇ 12 ਮੀਲ ਦੂਰ ਜਾ ਚੁਕਾ ਸੀ ਤੇ ਉਚਾਈ 31000 ਫੁੱਟ ਸੀ। ਬੰਬ ਦੀ ਤਪਸ਼ 1200 ਫੁੱਟ ਪ੍ਰਤੀ ਸੈਕਿੰਡ ਨਾਲ ਵੱਧ ਰਹੀ ਸੀ। ਪੌਲ ਟਿੱਬਟ ਦੇ ਮੂੰਹ ਵਿਚ ਇੱਕ ਜ਼ਬਰਦਸਤ ਝਰਨਾਹਟ ਹੋਈ ਤੇ ਉਹਨੂੰ ਲੱਗਿਆ ਕਿ ਜਹਾਜ਼ 'ਤੇ ਜ਼ਮੀਨ ਤੋਂ ਹਮਲਾ ਹੋ ਗਿਆ ਹੈ। ਉਹ ਇੱਕ ਦਮ ਚਿਲਾਇਆ 'ਫਲੈਕ' ਜਿਸ ਦਾ ਮਤਲਬ ਸੀ ਅਸੀਂ ਜ਼ਮੀਨੀ ਹਮਲੇ ਦੀ ਮਾਰ ਵਿਚ ਹਾਂ। ਪਰ ਜਹਾਜ਼ ਠੀਕ ਜਾ ਰਿਹਾ ਸੀ ਤਾਂ ਉਹਨੂੰ ਮਹਿਸੂਸ ਹੋਇਆ ਕਿ ਇਹ ਐਟਮ ਬੰਬ ਜਿਹੜਾ ਹੁਣੇ ਸੁੱਟ ਕੇ ਆਇਆਂ, ਉਹਦਾ ਜਲਵਾ ਹੈ। ਜੇ ਉਹ ਜਹਾਜ਼ ਨੂੰ ਮੋੜਨ ਵਿਚ ਕੁਝ ਸੈਕਿੰਡ ਦੀ ਵੀ ਦੇਰੀ ਕਰ ਦਿੰਦਾ ਤਾਂ ਲਿਟਲ ਬੁਆਏ ਨੇ ਉਨ੍ਹਾਂ ਨੂੰ ਵੀ ਭਸਮ ਕਰ ਦੇਣਾ ਸੀ। ਇਸ ਤੋਂ ਛੇ ਘੰਟੇ ਬਾਅਦ ਉਹ ਦੋਬਾਰਾ ਟੀਨੀਅਨ ਪਹੁੰਚ ਗਏ ਤੇ ਉਸ ਜਿੱਤ ਦੇ ਜਸ਼ਨ ਮਨਾਉਣ ਲੱਗੇ ਜੋ ਉਹ ਹੀਰੋਸ਼ੀਮਾ ਨੂੰ ਨਰਕ ਵਿਚ ਬਦਲ ਕੇ ਆਏ ਸਨ।

ਐਟਮ ਬੰਬਾਂ ਵਿਚੋਂ ਇਹ ਹੀਰੋਸ਼ੀਮਾ 'ਤੇ ਸੁੱਟਿਆ ਲਿਟਲ ਬੁਆਏ ਸਭ ਤੋਂ ਘੱਟ ਤਾਕਤ ਵਾਲਾ ਬੰਬ ਹੈ। ਇਸ ਤੋਂ ਬਾਅਦ ਰੂਸ ਨੇ ਵੀ 1949 ਵਿਚ ਐਟਮ ਬੰਬ ਬਣਾ ਲਿਆ। ਦੁਨੀਆਂ ਦਾ ਸਭ ਤੋਂ ਵੱਡਾ ਨਿਊਕਲੀਅਰ ਬੰਬ ਜਿਸ ਨੂੰ 'ਜ਼ਾਰ ਬੰਬ' ਕਿਹਾ ਜਾਂਦਾ ਹੈ, ਰੂਸ ਨੇ 1961 ਬਣਾ ਲਿਆ ਜਿਸ ਦੀ ਮਾਰੂ ਤਾਕਤ ਐਨੀ ਹੈ ਕਿ ਉਹ ਇੱਕਲਾ ਹੀ ਦੁਨੀਆਂ ਦੇ ਕਿਸੇ ਵੀ ਵੱਡੇ ਤੋਂ ਵੱਡੇ ਸ਼ਹਿਰ ਜਿਵੇਂ ਬੰਬਈ, ਕਲਕੱਤਾ, ਲੰਡਨ, ਪੈਰਿਸ ਤੇ ਨਿਊ ਯਰਕ ਨੂੰ ਸਕਿੰਟਾਂ ਵਿਚ ਤਬਾਹ ਕਰ ਸਕਦਾ ਹੈ। ਅਜਿਹੇ ਪੰਦਰਾਂ ਹਜ਼ਾਰ ਬੰਬ ਸਾਰੀ ਧਰਤੀ ਨੂੰ ਕੋਲਾ ਬਣਾਉਣ ਦੇ ਸਮਰਥ ਹਨ।

ਅੱਜ ਦੁਨੀਆਂ ਦੇ ਜਿਨ੍ਹਾਂ ਸੱਤ ਦੇਸ਼ਾਂ ਕੋਲ ਨਿਊਕਲੀਅਰ ਬੰਬ ਹਨ, ਉਨ੍ਹਾਂ ਪਾਸ 15000 ਦੇ ਕਰੀਬ ਬੰਬ ਹਨ। ਅਸੀਂ ਦੁਨੀਆਂ ਦੇ ਸਾਰੇ ਵਸਨੀਕ ਅੱਗ ਦੇ ਸ਼ਾਂਤ ਗੋਲੇ 'ਤੇ ਬੈਠੇ ਹਾਂ। ਕਿਸੇ ਖਰ ਦਿਮਾਗ ਲੀਡਰ ਦੀ ਲਾਈ ਚੰਗਿਆੜੀ ਨੇ ਕੀ ਗੁਲ ਖਿਲਾ ਦੇਣਾ ਹੈ, ਸਮਝਣਾ ਕੋਈ ਔਖਾ ਨਹੀਂ। ਸੱਤ ਨਿਊਕਲੀਅਰ ਦੇਸ਼ਾਂ ਵਿਚ ਭਾਰਤ ਤੇ ਪਾਕਿਸਤਾਨ ਵੀ ਹਨ, ਜਿਥੇ ਹਰ ਰੋਜ਼ ਲੀਡਰ ਇੱਕ ਦੂਸਰੇ ਨੂੰ ਸਬਕ ਸਿਖਾਉਣ ਦੀਆਂ ਬੜ੍ਹਕਾਂ ਮਾਰਦੇ ਰਹਿੰਦੇ ਹਨ।



***ਐਟਮ ਬੰਬ ਵਲੋਂ ਮਚਾਈ ਗਈ ਤਬਾਹੀ ਤੋਂ ਬਾਅਦ ਹੀਰੋਸ਼ਿਮਾ***

ਕਹਾਣੀ

# ਰੌਣਕੀ

***ਕਹਾਣੀਕਾਰ ਮਨਮੋਹਨ ਕੌਰ ਆਪਣੀਆਂ ਕਹਾਣੀਆਂ ਵਿਚ ਮੁਖ ਪਾਤਰ ਦਾ ਕਿਰਦਾਰ ਬੜੇ ਸਹਿਜ-ਭਾਅ ਇੰਜ ਸਿਰਜੀ ਜਾਂਦੀ ਹੈ ਕਿ ਪਾਠਕ ਆਪ-ਮੁਹਾਰੇ ਉਸ ਦੀ ਉਂਗਲ ਫੜੀ ਉਸ ਦੇ ਨਾਲ ਤੁਰ ਪੈਂਦਾ ਹੈ। ਅਚਾਨਕ ਉਹ ਅਜਿਹਾ ਤੁਣਕਾ ਮਾਰਦੀ ਹੈ ਕਿ ਪਾਠਕ ਜਜ਼ਬਾਤ ਦੇ ਵਹਿਣ ਵਿਚ ਵਹਿ ਜਾਂਦਾ ਹੈ। ਇਸ ਕਹਾਣੀ ਦੀ ਮੁੱਖ ਪਾਤਰ ਬੜੀ ਹਸਮੁੱਖ ਤੇ ਆਪਣੇ ਨਾਂ ਵਾਂਗ ਰੌਣਕੀ ਹੈ ਪਰ ਫਿਰ ਕੁਝ ਅਜਿਹਾ ਵਾਪਰਦਾ ਹੈ ਕਿ ਉਹ ਹੰਝੂਆਂ ਦੇ ਦਰਿਆ ਵਿਚ ਵਹਿ ਜਾਂਦੀ ਹੈ। -ਸੰਪਾਦਕ***

**ਮਨਮੋਹਨ ਕੌਰ ਪਟਿਆਲਾ**
**ਫੋਨ: 91-98149-68849**

ਰੌਣਕੀ ਨਾਮ ਸੀ ਉਸ ਦਾ। ਸਾਲ-ਛਿਮਾਹੀ ਉਹ ਸਾਡੇ ਮੁਹੱਲੇ ਚੱਕਰ ਲਾਉਂਦੀ ਤਾਂ ਬਾਹਰੋਂ ਹੀ ਆਵਾਜ਼ ਦਿੰਦੀ, "ਤੱਸਲੇ ਬਾਲਟੀ ਕੇ ਥੱਲੇ ਲਗਵਾ ਲਓ...ਪੁਰਾਨੇ ਤੱਸਲੇ ਬਦਲਵਾ ਲਓ।"

ਸਾਡੇ ਘਰ ਮੂਹਰੇ ਖੜ੍ਹ ਕੇ ਆਵਾਜ਼ ਦਿੰਦੀ, "ਬੇਬੀਏ! ਅਰੇ! ਹੈ ਕੋਈ ਤੱਸਲਾ, ਬਾਲਟੀ-ਠੀਕ ਕਰਾ ਲੇ। ਥੱਲਾ ਲਗਵਾ ਲੇ।"

ਉਸ ਦੇ ਆਉਣ ਨਾਲ ਜਿਵੇਂ ਮੁਹੱਲੇ 'ਚ ਰੌਣਕ ਲੱਗ ਜਾਂਦੀ। ਉਸ ਦੇ ਹੌਕੇ ਨਾਲ ਸਾਰੇ ਦਰਵਾਜ਼ੇ ਖੁੱਲ੍ਹ ਜਾਂਦੇ। ਭਾਵੇਂ ਤੱਸਲਾ, ਬਾਲਟੀ ਠੀਕ ਕਰਵਾਉਣੀ ਹੋਵੇ ਜਾਂ ਨਾ, ਮਰਦ-ਤੀਵੀਆਂ ਰੌਣਕੀ ਨੂੰ ਦੇਖਣ ਲਈ ਇੱਕ ਵਾਰ ਜ਼ਰੂਰ ਆਪਣੇ ਚਬੂਤਰੇ 'ਤੇ ਖੜ੍ਹੇ ਹੋ ਜਾਂਦੇ।

ਵਾਕੱਈ ਰੌਣਕੀ ਸੋਹਣੀ ਵੀ ਬਹੁਤ ਸੀ। ਕਮਾਇਆ ਚਮਕੀਲਾ ਬਦਨ, ਬਨਫਸ਼ੀ ਹਿਰਨੀ ਵਰਗੀਆਂ ਅੱਖਾਂ-ਇੰਨੀਆਂ ਪਿਆਰੀਆਂ ਕਿ ਸਮੁੰਦਰ 'ਚ ਡੁੱਬਿਆ ਤੈਰ ਕੇ ਬਾਹਰ ਨਿਕਲ ਸਕਦਾ ਹੈ ਪਰ ਰੌਣਕੀ ਦੀਆਂ ਅੱਖਾਂ 'ਚ ਡੁੱਬਿਆ ਕੋਈ ਬੱਚ ਨਹੀਂ ਸੀ ਸਕਦਾ। ਖੂਬਸੂਰਤ ਸੁਡੌਲ ਛਾਤੀਆਂ ਜੋ ਉਸ ਦੀ ਕੱਸੀ ਹੋਈ ਚੌਲੀ 'ਚੋਂ ਛਲਕਦੀਆਂ ਰਹਿੰਦੀਆਂ। ਗਰਮੀ 'ਚ ਪਸੀਨੇ ਦੀਆਂ ਬੂੰਦਾਂ ਬਣਾਉਂਦੀ ਧਾਰ ਛਾਤੀਆਂ ਵਿਚ ਲੀਕ ਜਿਹੀ ਖਿੱਚ ਦਿੰਦੀਆਂ। ਉਸ ਦਾ ਲੁਗੜੀਂ ਦੀ ਓੜ੍ਹਨੀ (ਚੁੰਨੀ) ਓੜ੍ਹਨ ਦਾ ਆਪਣਾ ਹੀ ਸਟਾਈਲ ਸੀ। ਉਹ ਓੜ੍ਹਨੀ ਨਾਲ ਹੀ ਵਾਰ ਵਾਰ ਪਸੀਨਾ ਪੂੰਝਦੀ ਬੜੀ ਪਿਆਰੀ ਲੱਗਦੀ। ਭਾਵੇਂ ਰੰਗ ਗੰਦਮੀ ਸੀ ਉਸ ਦਾ, ਪਰ ਗੂੜ੍ਹੇ ਰੰਗ ਦੀਆਂ ਰੰਗ ਬਿਰੰਗੀਆਂ ਚੌਲੀਆਂ ਘੱਗਰੇ ਉਸ 'ਤੇ ਬਹੁਤ ਹੀ ਫੱਬਦੇ। ਰੰਗ ਬਿਰੰਗੇ ਧਾਗੇ ਪਰੋ ਕੇ ਨਿੱਕੀਆਂ ਨਿੱਕੀਆਂ ਮੀਡੀਆਂ ਨਾਲ ਚੋਟੀ ਗੁੰਦੀ ਹੁੰਦੀ। ਗਲੇ ਵਿਚ ਸੁਹਾਗ ਦੌਹੜਾ ਪਾਇਆ ਹੁੰਦਾ ਜੋ ਚਾਹ ਪਾਣੀ-ਪੀਣ ਨਾਲ ਸ਼ੀਸ਼ੇ ਵਰਗੀ ਸੁਰਾਹੀਦਾਰ ਗਰਦਨ ਦੁਆਲੇ ਥਿਰਕਦਾ।

ਜਦੋਂ ਪਾਣੀ ਪੀਂਦੀ ਤਾਂ ਪਾਣੀ ਗਲੇ 'ਚੋਂ ਉਤਰਦਾ ਮਹਿਸੂਸ ਹੁੰਦਾ। ਹੱਥ ਵਿਚ ਚੂੜਾ, ਨੱਕ ਵਿਚ ਨੱਥ, ਚਾਂਦੀ ਦੇ ਅਗੋਨੇ, ਗਲ ਵਿਚ ਖੰਗੋਲਾ, ਪੈਰਾਂ ਵਿਚ ਕੜੀਆਂ ਨੇਬਰੀਆਂ, ਲਗੜ ਸਾਥੀਆਂ ਉਂਗਲਾਂ 'ਚ ਬਿਛੀਆ ਅਤੇ ਅੰਗੂਠੇ 'ਚ ਗੁਛਲਾ, ਕਮਰ 'ਤੇ ਕਰਧਨੀ ਜਾਂ ਕੰਧੋਰਾ, ਹੱਥੀਂ ਬਾਜੂਬੰਦ, ਡੋਡੀਆ, ਹੱਥ ਪਾਨ ਅਤੇ ਅੰਗੂਠੀਆਂ ਪਹਿਨਦੀ। ਕਦੀ ਕਦੀ ਰੌਣਕੀ ਦੇ ਨਾਲ ਉਸ ਦੀ ਬੁੱਢੀ ਸੱਸ ਵੀ ਆਉਂਦੀ। ਉਸ ਅਕਸਰ ਕਾਂਚਲੀ ਪਾਈ ਹੁੰਦੀ।

ਸਾਡੇ ਮੁਹੱਲੇ ਦੀ ਗਲੀ ਖਤਮ ਹੁੰਦਿਆਂ ਹੀ ਬਾਹਰ ਖੁੱਲ੍ਹੇ ਮੈਦਾਨ ਦੇ ਆਲੇ ਦੁਆਲੇ ਬਾਣੀਆਂ ਦੇ ਘਰ ਸਨ। ਵਣਜਾਰੇ ਮਰਦ ਉਸ ਮੈਦਾਨ 'ਚ ਬੈਠ ਕੇ ਤੱਸਲੇ ਬਾਲਟੀਆਂ ਠੀਕ ਕਰਦੇ। ਇਨ੍ਹਾਂ ਦੇ ਮਰਦ ਲੋਕ ਸਿਰ 'ਤੇ ਪੱਗੜੀ ਬੰਨਦੇ, ਕਮੀਜ਼ ਜਾਂ ਝੱਬਾ ਅਤੇ ਧੋਤੀ ਪਹਿਨਦੇ। ਹੱਥ ਵਿਚ ਨਾਰਮੁਖੀ ਕੜਾ ਅਤੇ ਕੰਨਾਂ ਵਿਚ ਮੁਰਕੀਆਂ ਜਾਂ ਝੇਲਾ ਪਹਿਨਦੇ। ਹੱਥਾਂ ਵਿਚ ਲਾਠੀ ਰੱਖਦੇ।

ਸਾਡਾ ਸਾਂਝਾ ਪਰਿਵਾਰ ਸੀ। ਮੇਰੇ ਦੋ ਤਾਏ ਸਾਡੇ ਨਾਲ ਹੀ ਰਹਿੰਦੇ ਸਨ। ਇਸ ਪੁਰਾਣੇ ਘਰ ਵਿਚ ਤਿੰਨ ਕਮਰੇ, ਤਿੰਨ ਰਸੋਈਆਂ ਅਤੇ ਵੱਡਾ ਸਾਰਾ ਵਿਹੜਾ ਸੀ। ਜਦੋਂ ਵੀ ਰੌਣਕੀ ਨੇ ਆਉਣਾ ਵਿਹੜੇ ਵਿਚ ਬੈਠ ਜਾਣਾ। ਉਹ ਅਕਸਰ ਚਾਹ-ਪਾਣੀ ਸਾਡੇ ਝਾਈ ਜੀ ਦੇ ਹੱਥੋਂ ਹੀ ਪੀਂਦੀ। ਮੇਰੇ ਵਾਲ ਲੰਬੇ ਭਾਰੇ ਸਨ, ਉਹ ਅਕਸਰ ਆਪਣੇ ਵਾਂਗ ਧਾਗਾ ਪਰੋ ਕੇ ਮੀਡੀਆ ਗੁੰਦ ਦਿੰਦੀ। ਹਾਸੇ ਮਜ਼ਾਕ ਨਾਲ ਥੋੜੇ ਬਹੁਤ ਕੰਨ, ਗਲੇ ਅਤੇ ਹੱਥਾਂ 'ਚ ਆਪਣੇ ਗਹਿਣੇ ਵੀ ਮੈਨੂੰ ਪੁਆ ਦਿੰਦੀ। ਫਿਰ ਉਹ ਮੇਰਾ ਮੂੰਹ ਚੁੰਮ ਕੇ ਬੋਲਦੀ, "ਅਰੇ ਬੇਬੀ! ਤੁਮ ਤੋਂ ਅੰਗਰੇਜ਼ ਜਿਪਸੀ ਲਗਤੀ ਹੋ...ਹਾ ਹਾ ਹਾ ਯੂਰਪੀ ਬਨਜਾਰਨ!"

"ਅਰੇ ਮਾਸੀ ਯੂਰਪੀ ਬਨਜਾਰੇ ਭੀ ਹੋਤੇ ਹੈ!" ਮੈਂ ਪੁੱਛਿਆ।

"ਹਾਂ ਹਾਂ ਬਿਟੀਆ! ਬਹੁਤ ਸਮਾਂ ਪਹਿਲੇ ਹਮਾਰੇ ਹੀ ਰਾਜਸਥਾਨ ਕੇ ਬਨਜਾਰੇ ਯੂਰਪ ਮੇਂ ਬਸ ਗਏ। ਹਮਾਰੀ ਤਰਹ ਹੀ ਘੂਮਤੇ ਹੈਂ, ਕੋਈ ਘਰ ਬਾਹਰ ਨਹੀਂ, ਵੋ ਭੀ ਟੈਂਟੋ ਮੇਂ ਰਹਿਤੇ ਹੈਂ। ਪਰ ਅਬ...ਵੋ ਹਮਾਰੀ ਤਰਹ ਘੋੜਾ ਗਾੜੀ, ਊਠ, ਬੈਲੋਂ ਸੇ ਸਮਾਨ ਏਕ ਜਗਹ ਸੇ ਦੂਸਰੀ ਜਗਹ ਪੇ ਨਹੀਂ ਲੇਜਾਤੇ। ਵੋ ਤੋ ਅਬ ਬੜੀ ਬੜੀ ਮੋਟਰ ਗਾੜੀਓਂ ਮੇਂ ਘੂਮਤੇ ਹੈਂ, ਲੇਕਿਨ ਖਾਨ ਪਾਨ ਹਮਾਰੇ ਜੈਸਾ ਹੀ ਹੈ।"

"ਰੌਣਕੀ ਮਾਸੀ ਆਪ ਲੋਕ ਕਿਆ ਖਾਤੇ ਹੈਂ! ਆਪ ਕਾ ਬਦਨ ਇਤਨਾ ਚਮਕਤਾ ਕਿਉਂ ਹੈ?"

ਮੇਰੇ ਇਸ ਸਵਾਲ 'ਤੇ ਹੱਸਣ ਲੱਗੀ, "ਅਰੇ ਬਿਟੀਆ ਚਮਕਤੀ ਤੋ ਤੂੰ ਭੀ ਹੈ। ਹਮ ਤੋਂ ਬੱਕਰੀ ਕਾ ਦੂਧ, ਮੀਟ, ਮੱਛੀ, ਅੰਡਾ, ਚਾਵਲ, ਜਵਾਰ-ਬਾਜਰੇ ਕੀ ਰੋਟੀ ਖਾਤੇ ਹੈਂ, ਖੁੱਲ੍ਹੀ ਹਵਾ ਮੈਂ ਸਾਂਸ ਲੇਤੇ ਹੈ, ਚਿੰਤਾ ਨਹੀਂ ਕਰਤੇ, ਸਿਰਫ ਅਬ ਕੀ ਸੋਚਤੇ ਹੈ।...ਕਹਿਤੇ ਹੈਂ ਕਿ ਇੰਗਲੈਂਡ ਕਾ ਏਕ ਬਾਦਸ਼ਾਹ ਜਿਪਸੀ ਲੋਗੋਂ ਔਰ ਉਨ ਕੇ ਜੀਵਨ ਕੋ ਇਤਨਾ ਅੱਛਾ ਮਾਨਨੇ ਲਗਾ ਕਿ ਵੋ ਰਾਜ ਪਾਟ ਛੋੜ ਕਰ ਜਿਪਸੀ ਲੋਗੋਂ ਕੇ ਸਾਥ ਰਹਿਨੇ ਲਗਾ।"

ਰੌਣਕੀ ਜਦੋਂ ਵੀ ਆਉਂਦੀ, ਸਾਰਾ ਦਿਨ ਸਾਡੇ ਕੋਲ ਹੀ ਬਿਤਾਉਂਦੀ। ਇਸ ਵਾਰ ਜਦੋਂ ਆਈ ਤਾਂ ਦੀਵਾਲੀ ਦਾ ਤਿਓਹਾਰ ਹੋਣ ਕਾਰਨ ਅਸੀਂ ਬੱਚੇ ਰੰਗੋਲੀ ਬਣਾ ਰਹੇ ਸਾਂ। ਰੌਣਕੀ ਸਾਡੇ ਨਾਲ ਹੀ ਬੈਠ ਕੇ ਰੰਗੋਲੀ ਬਣਾਉਣ ਲੱਗੀ। ਮੁਹੱਲੇ ਦੀਆਂ ਤੀਵੀਆਂ, ਕੁੜੀਆਂ-ਚਿੜੀਆਂ ਸਾਡੇ ਵਿਹੜੇ ਹੀ ਇਕੱਠੀਆਂ ਹੋ ਗਈਆਂ। ਉਸ ਨਾਲ ਉਸ ਦੀ ਬੇਟੀ ਸੰਧੂਰੀ ਅਤੇ ਦੋ ਤੀਵੀਆਂ ਹੋਰ ਵੀ ਸਨ। ਕਿਸੇ ਨੇ ਉਨ੍ਹਾਂ ਕੋਲੋਂ ਮਹਿੰਦੀ ਲਵਾਈ, ਕਿਸ ਨੇ ਟੈਟੂ ਗੁੰਦਵਾਇਆ ਅਤੇ ਕਿਸ ਨੇ ਪ੍ਰੇਮੀ ਜਾਂ ਪਤੀ ਦਾ ਨਾਮ ਖੁਣਵਾਇਆ। ਇਸ ਵਾਰ ਉਸ ਦਾ ਮਰਦ ਆਪਣੇ ਹੱਥ ਦੇ ਬੁਣੇ ਕੰਬਲ ਅਤੇ ਦਰੀਆ ਹੱਥੋ ਹੱਥ ਵੇਚ ਗਿਆ।

ਦਾਦੀ ਨੇ ਰੌਣਕੀ ਨੂੰ ਪੁੱਛਿਆ, "ਹਨੀ ਵੱਤ ਰੌਣਕੀ! ਤੁਸੀਂ ਵੀ ਰਾਤੀਂ ਦੀਵਾਲੀ ਮਨਾਸੋ?"

"ਹਾਂ ਬੇਜੀ! ਹਮ ਤੋ ਰਾਤ ਕੋ ਬੈਲ, ਪੇੜ ਔਰ ਦੇਵੀਉਂ ਕੀ ਪੂਜਾ ਕਰਤੇ ਹੈਂ। ਔਰ ਪਰੋਹਿਤ ਜਿਸ ਕੋ ਹਮ ਭਗਤ ਬੋਲਤੇ ਹੈਂ, ਵੋ ਹਮੇਂ ਮੰਤਰ ਸੁਨਾਤੇ ਹੈਂ। ਫਿਰ ਇੱਕਠੇ ਹੋ ਕਰ ਖਾਤੇ-ਪੀਤੇ ਔਰ ਸਾਰੀ ਰਾਤ ਨਾਚਤੇਂ ਹੈਂ।

"ਹੱਲਾ! ਵੱਤ ਤਾਂ ਬਹੁਤ ਖਰਾ ਕਰਦੇ ਹੋ। ਹੱਲਾ! ਵੱਤ ਇਹ ਤੇਰੀ ਕੁੜੀ ਏ?"

"ਹਾਂ ਬੇਜੀ ਯੇ ਸੰਧੂਰੀ ਹੈ! ਬੇਬੀ ਜੈਸੀ ਲਗਤੀ ਹੈ।"

ਸੰਧੂਰੀ ਨਾਮ ਵਾਂਗ ਰੰਗ ਦੀ ਲਾਲ ਗੁਲਾਲ ਸੀ। ਸ਼ਰਮਾਉਂਦੀ ਤਾਂ ਲੱਗਦਾ ਜਿਵੇਂ ਸਾਰੀ ਸ਼ਰਮ ਉਸ ਦੇ ਚਿਹਰੇ ਤੇ ਅੱਖਾਂ 'ਚ ਹੀ ਸਿਮਟ ਜਾਂਦੀ ਹੋਵੇ। ਮਾਨੋ ਲਾਜਵੰਤੀ ਦਾ ਫੁੱਲ ਹੋਵੇ, ਕੱਚ ਵਰਗਾ ਸਰੀਰ, ਇੰਨਾ ਪਤਲਾ ਲੱਕ ਕਿ ਦੋ ਹੱਥਾਂ ਦੇ ਕਲਾਵੇ 'ਚ ਆ ਜਾਵੇ। ਨਿਰੀ ਪੁਰੀ ਅੱਧ ਖਿੜ੍ਹੀ ਕਲੀ।

"ਬੇਜੀ! ਸੰਧੂਰੀ ਬੜੀਆ ਨਾਚ ਲੇਤੀ ਹੈ।" ਰੌਣਕੀ ਬੋਲੀ।

"ਹੱਲਾ! ਸੱਚ ਕਹਿੰਦੀ ਹੋਸੇ। ਪਾਕਿਸਤਾਨ ਸਾਡੇ ਗਰਾਂਹ ਵੀ ਤੁਹਾਡੇ ਲੋਕ ਮਦਾਰੀ ਬਾਜ਼ੀਗਰ ਆਉਂਦੇ ਆਏ। ਕਦੀ ਉਹ ਬੀਜ਼ੋ ਬਾਂਦਰੀ ਦਾ ਤਮਾਸ਼ਾ ਦਿਖਾਉਂਦੇ ਆਏ। ਬਾਂਦਰੀ ਰੁੱਸ ਜਾਂਦੀ ਆਈ। ਫੇਰ ਬਾਂਦਰ ਉਸ ਨੂੰ ਮਨਾ ਕੇ ਘਰ ਲਿਆਉਂਦਾ ਆਇਆ। ਕਦੀ ਕੁੜੀ ਬਾਂਸ ਪਕੜ ਕੇ ਰੱਸੀ 'ਤੇ ਚਲਦੀ ਆਈ, ਕਦੀ ਢੇਰ ਸਾਰੀਆਂ ਵਲਟੋਹੀਆਂ (ਗਾਗਰਾਂ) ਸਿਰ 'ਤੇ ਰੱਖ ਕੇ ਨੱਚਦੀਆਂ ਆਈਆਂ। ਘੱਘਰਾ ਇੰਨਾ ਤੇਜ਼ ਘੁੰਮਾਉਂਦੀਆਂ ਆਈਆਂ ਪਰ ਮਜ਼ਾਲ ਕੇਅ ਹਿੱਕ ਵਾਰ ਵੀ ਵਲਟੋਹੀ ਗਿਰ ਜਾਵੇ!"

ਰੌਣਕੀ ਨੂੰ ਕਈਂ ਵਾਰ ਦਾਦੀ ਮਾਂ ਦੀ ਗੱਲ ਸਮਝ ਨਾ ਆਉਂਦੀ। ਉਹ ਮਤਲਬ ਮੇਰੇ ਤੋਂ ਪੁੱਛ ਲੈਂਦੀ।

ਦਾਦੀ ਦੀ ਸਾਰੀ ਗੱਲ ਸੁਣ ਕੇ ਰੌਣਕੀ ਬੋਲੀ, "ਬੇਜੀ ਹਾਂ ਸੰਧੂਰੀ ਵੋਹੀ ਨਾਚ ਕਰਤੀ ਹੈ। ਇਸ ਕਾ ਨਾਨਾ ਗੁਜਰਾਤ ਮੇਂ ਹੈ, ਪਿਛਲੇ ਸਾਲ ਵਹਾਂ ਪਰ ਗਈ ਤੋ ਫਿਲਮ ਵਾਲੇ ਨੇ ਇਸ ਕੇ ਨਾਚ ਕੀ ਸ਼ੂਟਿੰਗ ਭੀ ਕੀ। ਹੈਦਰਾਬਾਦ ਮੇਂ ਹਮਾਰੀ ਬਨਜਾਰਾ ਬਸਤੀ ਮੇਂ ਬਨਜਾਰਾ ਫਿਲਮ ਕੀ ਸ਼ੂਟਿਗ ਹੂਈ ਥੀ, ਵੋ ਬਹੁਤ ਚਲੀ ਥੀ। ਉਸ ਕੇ ਬਾਅਦ ਸੇਠੋਂ ਨੇ ਹਮਾਰੀ ਬਸਤੀਓਂ ਕੋ ਉਜਾੜ ਕਰ ਬੜੇ ਬੜੇ ਮਹਿਲ ਖੜੇ ਕਰ ਲੀਏ ਔਰ ਉਸ ਜਗਹ ਕੋ ਬਨਜਾਰਾ ਹਿਲਸ ਕਾ ਨਾਮ ਦੇ ਦੀਆ।" ਉਹ ਸਾਹ ਲੈਣ ਲਈ ਰੁਕੀ।

"ਵੱਤ ਤੇਰਾ ਗੁਜਰਾਤ ਤਾਂ ਖਰਾ ਮੁਲਕ ਹੋਸੀ!" ਦਾਦੀ ਨੇ ਪੁੱਛਿਆ।

"ਹਾਂ ਹਾਂ ਬੇਜੀ, ਬਹੁਤ ਬੜੀਆ! ਮੇਰੇ ਬਾਪ ਦਾਦਾ ਤੋ ਪਹਿਲੇ ਨਮਕ ਬਨਾਤੇ ਥੇ, ਔਰ ਘੂਮਤੇ ਫਿਰਤੇ ਰਹਿਨੇ ਕੇ ਕਾਰਣ ਹਮਾਰੇ ਲੋਗੋ ਨੇ ਦੇਸ਼ ਕੀ ਆਜ਼ਾਦੀ ਕੇ ਲੀਏ ਸੰਦੇਸ਼ ਵਾਹਕ ਔਰ ਸੂਹੀਆ ਕੇ ਰੂਪ ਮੇਂ ਕਾਮ ਕੀਆ। ਅੰਗਰੇਜ਼ ਲੋਗੋਂ ਨੇ ਹਮੇਂ ਕਮਜ਼ੋਰ ਕਰਨੇ ਕੇ ਲੀਏ ਲੂਣ ਬਨਾਨੇ ਪਰ ਟੈਕਸ ਲਗਾ ਦੀਆ। ਗਾਂਧੀ ਕੇ ਡਾਂਡੀ ਮਾਰਚ ਮੇਂ ਹਮਰੇ ਲੋਕ ਹੀ ਤੋ ਜ਼ਿਆਦਾ ਥੇ, ਪਰ ਅੰਗਰੇਜ਼ੋਂ ਕੀ ਨੀਤੀ ਸੇ, ਨਮਕ ਕਾ ਧੰਦਾ ਜੈਸੇ ਛੂਟ ਸਾ ਹੀ ਗਿਆ। ਹਮਾਰੇ ਲੋਗੋਂ ਕੋ ਖਾਨੇ ਕੇ ਲਾਲੇ ਪੜ ਗਏ, ਉਹਨੋਂ ਨੇ ਅਬ ਤੋ ਨਮਕ ਬਨਾਨੇ ਕਾ ਧੰਦਾ ਹੀ ਛੋੜ ਦਿਆ। ਤਭੀ ਔਰ ਕਾਮੋਂ ਕੀ ਤਲਾਸ਼ ਮੇਂ ਸਾਰੇ ਦੇਸ਼ ਮੇਂ ਇਧਰ ਉਧਰ ਬਿਖਰ ਗਏ। ਹਮਾਰੇ ਮਰਦ ਕਹਿਤੇ ਹੈਂ ਕਿ ਸਰਕਾਰ ਨੇ ਹਮ ਲੋਗੋ ਕਾ ਕਭੀ ਆਜ਼ਾਦੀ ਕੀ ਲੜਾਈ ਮੇਂ ਨਾਮ ਹੀ ਨਹੀਂ ਲਿਆ! ਹਮੇਂ ਪੱਛੜੀ ਜਾਤੀਓ ਮੇਂ ਤੋ ਮਾਨਤੇ ਹੈਂ ਪਰ ਕਭੀ ਕੋਈ ਹੱਕ ਨਹੀਂ ਦੀਆ।" ਉਹ ਅੱਜ ਕਿਸੇ ਦਾਰਸ਼ਨਿਕ ਵਾਂਗ ਗੱਲਾਂ ਕਰ ਰਹੀ ਸੀ।

ਇੰਨੇ 'ਚ ਤਾਈ ਜੀ ਸਾਰਿਆਂ ਲਈ ਗਰਮ ਗਰਮ ਚਾਹ ਅਤੇ ਸਮੋਸੇ ਲੈ ਆਏ। ਚਾਹ ਪੀਂਦਿਆ ਬੇਜੀ ਬੋਲੇ, "ਸੰਧੂਰੀ ਜ਼ਰਾ ਨਾਚ ਤਾਂ ਦਿਖਾ।"



ਸੰਧੂਰੀ ਨੇ ਨੱਚ ਨੱਚ ਧਮਾਲ ਮਚਾ ਦਿੱਤਾ। ਸਾਰੀਆਂ ਕੁੜੀਆਂ ਉਸ ਨਾਲ ਨੱਚ ਪਈਆਂ। ਹੋਰ ਤਾਂ ਹੋਰ ਬੇਜੀ ਨੇ 'ਮੇਰਾ ਮਨ ਡੋਲੇ ਮੇਰਾ ਤਨ ਡੋਲੇ' ਗਾਣਾ ਗਾਇਆ ਅਤੇ ਨੱਚੇ ਵੀ। ਕੁਝ ਦੇਰ ਬਾਅਦ ਹਨੇਰਾ ਹੋਣ ਕਾਰਣ ਰੌਣਕੀ, ਸੰਧੂਰੀ ਅਤੇ ਉਨ੍ਹਾਂ ਦੇ ਸਾਥੀ ਚਲੇ ਗਏ। ਸ਼ਾਇਦ ਇੰਨੀ ਮਜ਼ੇਦਾਰ ਦੀਵਾਲੀ ਮੁੜ ਕੇ ਨਾ ਆਈ।

ਦੋ ਤਿੰਨ ਦਿਨ ਬਾਅਦ ਰੌਣਕੀ ਸਭ ਦੇ ਤੱਸਲੇ ਬਾਲਟੀਆਂ ਵਾਪਿਸ ਕਰਨ ਆਈ ਥੋੜੀ ਉਦਾਸ ਜਿਹੀ ਲੱਗੀ। ਵਿਹੜੇ 'ਚ ਮੰਜੇ 'ਤੇ ਉਹ ਬੇਜੀ ਕੋਲ ਬੈਠ ਗਈ। ਝਾਈ ਜੀ ਨੇ ਉਸ ਨੂੰ ਪੈਸੇ ਅਤੇ ਚਾਹ ਦਿੰਦਿਆ ਉਦਾਸੀ ਦਾ ਕਾਰਣ ਪੁੱਛਿਆ, "ਰੌਣਕੀ ਕੀ ਗੱਲ ਵੇ, ਤੂੰ ਉਦਾਸ ਏਂ!"

"ਭਾਬੀ! ਕਿਆ ਬਤਾਊਂ ਸੰਧੂਰੀ ਸੇ ਮੇਰਾ ਬੇਟਾ ਗੁਲਾਬ, ਦਿੱਲੀ ਜੇਲ੍ਹ ਮੇਂ ਹੈ। ਹਮਾਰੇ ਲਾਡ ਪਿਆਰ ਨੇ ਉਸੇ ਮਸਤਾ ਦੀਆ ਥਾ, ਹਮ ਘੂਮਤੇ ਫਿਰਤੇ ਦਿੱਲੀ ਮੇਂ ਆਏ, ਕਾਮ ਬਹੁਤ ਥਾ। ਸਾਰੀ ਦਿੱਲੀ ਮੇਂ ਜਗ੍ਹਾ ਜਗ੍ਹਾ ਪੜਾਅ ਕਰਤੇ, ਕਾਮ ਕਰਤੇ ਹਮੇਂ ਛੇ ਮਹੀਨੇ ਗੁਜਰ ਗਏ। ਉਸੀ ਵਕਤ ਮੇਰਾ ਗੁਲਾਬ ਗਲਤ ਲੜਕੋਂ ਕੇ ਸਾਥ ਘੂਮਨੇ ਲਗਾ ਜੋ ਗਾਂਜਾ ਚਰਸ ਨਸ਼ਾ ਕਰਤੇ ਔਰ ਬੇਚਤੇ। ਰਾਤੇਂ ਵੇਸ਼ਵਾ ਕੇ ਕੋਠੇ ਔਰ ਹਿਜੜੋਂ ਕੇ ਪਾਸ ਬਿਤਾਤੇ।

ਏਕ ਦਿਨ ਪੁਲਿਸ ਨੇ ਗਾਂਜਾ ਚਰਸ ਕੀ ਸਪਲਾਈ ਮੇਂ ਔਰ ਲੜਕੋਂ ਕੇ ਸਾਥ ਇਸ ਕੋ ਭੀ ਗ੍ਰਿਫਤਾਰ ਕਰ ਲੀਆ। ਵੋ ਲੜਕੇ ਤੋ ਸੇਠੋਂ ਕੇ ਥੇ, ਪੈਸੇ ਦੇ ਕਰ ਛੂਟ ਗਏ ਔਰ ਸਾਰਾ ਕੇਸ ਇਸ ਪੇ ਡਾਲ ਦੀਆ, ਗੁਲਾਬ ਕੋ ਦੋ ਸਾਲ ਕੀ ਕੈਦ ਹੋ ਗਈ। ਅਬ ਹਮ ਉਸ ਕੋ ਮਿਲਨੇ ਜਾ ਰਹੇਂ ਹੈ।" ਦਾਦੀ ਦੇ ਪੈਰਾਂ ਛੂੰਹਦੀ ਰੌਣਕੀ ਰੋਂਦੀ ਚਲੀ ਗਈ। ਉਸ ਦਿਨ ਸਾਡਾ ਸਭ ਦਾ ਦਿਲ ਉਦਾਸ ਰਿਹਾ।

ਕੁਝ ਚਿਰ ਪਿਛੋਂ ਅਸੀਂ ਅਤੇ ਵੱਡੇ ਤਾਇਆ ਜੀ ਨੇ ਦੋ ਨਵੇਂ ਘਰ ਲੈ ਲਏ ਕਿਉਂਕਿ ਬੱਚਿਆਂ ਦੀ ਉਚੇਰੀ ਪੜ੍ਹਾਈ ਸ਼ੁਰੂ ਹੋ ਗਈ ਸੀ। ਵੀਰ ਨੂੰ ਮੈਡੀਕਲ 'ਚ ਐਡਮਿਸ਼ਨ ਮਿਲ ਗਈ। ਇਸ ਲਈ ਇੱਕੋ ਕਮਰੇ ਵਿਚ ਰਹਿਣਾ ਔਖਾ ਲਗਦਾ। ਗਭਲੇ ਤਾਇਆ ਜੀ ਉਸ ਮਕਾਨ ਵਿਚ ਰਹਿ ਰਹੇ ਸਨ।

ਨਵੇਂ ਘਰ ਰਹਿੰਦਿਆਂ ਸਾਨੂੰ ਦੋ ਸਾਲ ਹੋ ਗਏ। ਇੱਕ ਵਾਰ ਅੱਧੀ ਰਾਤ ਮੇਨ ਗੇਟ ਦੀ ਕਾਲ ਬੈਲ ਵੱਜੀ। ਝਾਈ ਜੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਕਿ ਵੱਡੇ ਤਾਇਆ ਜੀ ਨਾਲ ਰੌਣਕੀ ਅਤੇ ਸੰਧੂਰੀ ਖੜ੍ਹੀਆਂ ਸਨ।

ਝਾਈ ਜੀ ਅਬੜਵਾਹੇ ਬੋਲੇ, "ਰੌਣਕੀ ਇਸ ਵਕਤ! ਸੁੱਖ ਤਾਂ ਹੈ?"

ਤਾਇਆ ਜੀ ਉਨ੍ਹਾਂ ਨੂੰ ਨਾਲ ਲੈ ਕੇ ਅੰਦਰ ਆ ਗਏ।

"ਭਾਬੀ ਹਮਾਰੀ ਸੰਧੂਰੀ!" ਗੱਲ ਅੱਧਵਾਟੇ ਛੱਡ ਉਹ ਫੁੱਟ ਫੁੱਟ ਰੋਣ ਲੱਗੀ।

ਸੰਧੂਰੀ ਨੇ ਸੱਜੀ ਛਾਤੀ 'ਤੇ ਹੱਥ ਰੱਖਿਆ ਹੋਇਆ ਸੀ। ਉਹ ਦਰਦ ਨਾਲ ਦੂਹਰੀ ਹੋ ਰਹੀ ਸੀ। ਉਸ ਦਾ ਰੰਗ ਪੀਲਾ ਭੂਕ ਹੋਇਆ ਪਿਆ ਸੀ। ਦੋਵੇਂ ਦਾਦੀ ਦੇ ਬਿਸਤਰੇ 'ਤੇ ਬੈਠ ਗਈਆਂ।

ਬੇਜੀ ਵੀ ਗੱਲਾਂ ਦੀ ਆਵਾਜ਼ ਸੁਣ ਜਾਗ ਪਏ। ਉਹ ਬੋਲੇ, "ਕੁੜੀ ਨੂੰ ਕੇਅ ਹੋਇਆਸ ਰੌਣਕੀ!"

ਝਾਈ ਜੀ ਤੋਂ ਪਾਣੀ ਦਾ ਗਿਲਾਸ ਲੈ ਪੀਂਦੀ ਬੋਲੀ, "ਬੇਜੀ! ਕਿਆ ਬਤਾਊਂ, ਸੰਧੂਰੀ ਕੀ ਛਾਤੀ ਪੇ ਬੜਾ ਸਾ ਫੋੜਾ ਹੂਆ ਹੈ। ਪਹਿਲੇ ਤੋਂ ਮੇਰੀ ਸਾਸ ਨੇ ਪਿਆਜ਼ ਕਾ ਛਿਲਕਾ ਬਾਂਧਾ ਔਰ ਆਧੀ ਕੱਚੀ ਰੋਟੀ ਪੇ ਤੇਲ ਔਰ ਹਲਦੀ ਲਗਾ ਕੇ ਬਾਂਧੀ, ਕੁਛ ਫਰਕ ਨਹੀਂ ਪੜਾ ਤੋ ਭਗਤ (ਪਰੋਹਿਤ) ਸੇ ਹਥੌਲਾ ਕਰਵਾਇਆ, ਉਸ ਨੇ ਰਾਖ ਬਾਂਧਨੇ ਕੋ ਦੀ, ਪਰ ਅਬ ਫੋੜਾ ਬਹੁਤ ਬੜ੍ਹ ਗਿਆ ਹੈ। ਸ਼ਾਮ ਸੇ ਯੇ ਮਾਰੇ ਦਰਦ ਕੇ ਤੜਫ ਰਹੀ ਹੈ। ਬਾਪ ਇਸ ਕਾ ਤਾੜੀ ਪੀ ਕਰ ਆ ਗਿਆ, ਹੋਸ਼ ਮੇਂ ਨਹੀਂ ਥਾ ਕਿ ਉਸ ਕੋ ਸਾਥ ਮੇਂ ਲੇਕਰ ਆਤੇ। ਮੇਰੀ ਸਾਸ ਨੇ ਬੋਲਾ ਕਿ ਤੁਮ ਬੇਬੀ ਕੇ ਘਰ ਜਾਓ, ਉਸ ਕੇ ਪਿਤਾ ਡਾਕਟਰ ਹੈਂ, ਵੋਹੀ ਦਵਾ ਦਾਰੂ ਕਰੇਂਗੇ। ਐਸੀ ਹਾਲਤ ਮੇਂ ਔਰ ਕਿਸ ਵੈਦ ਕੋ ਕਿਆ ਦਿਖਾਓਂਗੀ। ਬੱਚੀ ਕੀ ਸ਼ਰਮ ਕਾ ਮਾਮਲਾ ਹੈ! ਬੇਜੀ! ਡਾਕਟਰ ਸਾਹਿਬ ਸੇ ਬੋਲੋ, ਮੇਰੀ ਸੰਧੂਰੀ ਕੋ ਬਚਾ ਲੇਂ।" ਰੌਣਕੀ ਫਿਰ ਰੋਣ ਲੱਗ ਗਈ, "ਮੇਰਾ ਗੁਲਾਬ ਤੋ ਪਹਿਲੇ ਹੀ ਜੇਲ੍ਹ ਮੇਂ ਹੈ, ਬੱਚੋਂ ਕੋ ਕੁੱਛ ਹੂਆ ਤੋ ਮੈਂ ਜੀਤੇ ਜੀ ਮਰ ਜਾਊਂਗੀ।"

ਪਾਪਾ ਜੀ ਨੇ ਦੋਵਾਂ ਨੂੰ ਆਪਣੇ ਕਮਰੇ 'ਚ ਬੁਲਾਇਆ, ਨਾਲ ਹੀ ਮੈਨੂੰ ਅਤੇ ਝਾਈ ਜੀ ਨੂੰ ਕੋਲ ਖੜ੍ਹਾ ਕਰ ਲਿਆ। ਸੰਧੂਰੀ ਦੀ ਨਬਜ਼ ਚੈਕ ਕੀਤੀ ਤਾਂ ਰੌਣਕੀ ਨੇ ਉਸ ਦੀ ਕਮੀਜ਼ ਚੁੱਕ ਕੇ ਦਿਖਾਇਆ, ਉਸ ਦੀ ਛਾਤੀ ਖਜੂਰ ਵਾਂਗ ਲਾਲ ਸੁਰਖ ਸੀ। ਅੰਬ ਵਰਗੀ ਸੋਹਣੀ ਛਾਤੀ ਨੂੰ ਜਿਵੇਂ ਬੱਝ ਲੱਗ ਗਿਆ ਸੀ। ਪਾਪਾ ਜੀ ਨੇ ਮੈਨੂੰ ਗਰਮ ਪਾਣੀ ਲਿਆਉਣ ਤੇ ਸਰਿੰਜ ਉਬਾਲਣ ਨੂੰ ਕਿਹਾ। ਉਦੋਂ ਡਿਸਪੋਜ਼ੇਬਲ ਸਰਿੰਜਾਂ ਨਹੀਂ ਸਨ ਹੁੰਦੀਆਂ। ਸੰਧੂਰੀ ਨੂੰ ਇੰਜੈਕਸ਼ਨ ਦੇਣ ਬਾਅਦ ਖਾਣ ਨੂੰ ਦਵਾਈ ਦਿੱਤੀ। ਦਸ ਮਿੰਟਾਂ 'ਚ ਹੀ ਸੰਧੂਰੀ ਮੇਰੇ ਕਮਰੇ 'ਚ ਆ ਮੇਰੇ ਬਿਸਤਰੇ 'ਤੇ ਹੀ ਸੌਂ ਗਈ।

ਰਾਤ ਦੇ ਢਾਈ ਵਜੇ ਸਨ। ਤਾਇਆ ਜੀ ਆਪਣੇ ਘਰ ਪਰਤ ਗਏ ਅਤੇ ਪਾਪਾ ਜੀ ਆਪਣਾ ਤੌਲੀਆ-ਕਛਹਿਰਾ ਚੁੱਕ ਇਸ਼ਨਾਨ ਕਰਨ ਚਲੇ ਗਏ। ਸੁਵੱਖਤੇ ਉਠਣ ਅਤੇ ਪੰਜ ਬਾਣੀਆਂ ਦਾ ਪਾਠ ਕਰਨਾ ਪਾਪਾ ਜੀ ਦਾ ਨਿਤਨੇਮ ਸੀ। ਪਾਠ ਤੋਂ ਬਾਅਦ ਪਾਪਾ ਜੀ ਹਰ ਮਰੀਜ਼ ਦੇ ਠੀਕ ਹੋਣ ਲਈ ਅਰਦਾਸ ਕਰਦੇ।

ਇੰਜੈਕਸ਼ਨ ਦਾ ਅਸਰ ਖਤਮ ਹੋਣ 'ਤੇ ਸੰਧੂਰੀ ਜਾਗ ਪਈ ਅਤੇ ਦਰਦ ਨਾਲ ਕਰਾਹੁਣ ਲੱਗੀ। ਝਾਈ ਜੀ ਨੇ ਮਾਂਵਾਂ ਧੀਆਂ ਨੂੰ ਚਾਹ ਪੀਣ ਅਤੇ ਕੁੱਝ ਖਾਣ ਲਈ ਦਿੱਤਾ। ਇੰਨੇ 'ਚ ਪਾਪਾ ਜੀ ਨੇ ਝਾਈ ਜੀ ਨੂੰ ਬੁਲਾ ਕੇ ਕੋਈ ਗੱਲ ਦੱਸੀ। ਪਾਪਾ ਜੀ ਨੇ ਜਦੋਂ ਸੰਧੂਰੀ ਦੀ ਨਬਜ਼ ਚੈਕ ਕੀਤੀ ਤਾਂ ਉਨ੍ਹਾਂ ਨੂੰ ਸ਼ੰਕਾ ਹੋਈ। ਉਹ ਉਸ ਨੂੰ ਨਵਿਰਤ ਕਰਨਾ ਚਾਹੁੰਦੇ ਸਨ ਜਿਸ ਬਾਬਤ ਉਹ ਰੌਣਕੀ ਕੋਲ ਪੁੱਛਣ ਲਈ ਆਏ।

"ਰੌਣਕੀ! ਵੱਤ ਦਸ ਸੰਧੂਰੀ ਦੇ ਪੇਟ 'ਚ ਬੱਚਾ ਵੇ?" ਰੌਣਕੀ ਨੇ ਹਾਂ ਵਿਚ ਸਿਰ ਹਿਲਾਇਆ, "ਹੋ, ਅਰੇ ਭਾਬੀ ਇਸ ਕੋ ਤੀਸਰਾ ਮਹੀਨਾ ਲਗਾ ਹੂਆ ਹੈ।"

"ਕੇਅ ਪਈ ਕਹਿਨੀ ਏਂ! ਕੁਆਰੀ ਕੁੜੀ ਪੇਟੋਂ? ਹਨੇਰ ਸਾਈਂ ਦਾ।" ਦਾਦੀ ਨੇ ਬੋਲਦਿਆਂ ਮੂੰਹ 'ਤੇ ਹੱਥ ਰੱਖ ਲਿਆ।

"ਬੇਜੀ, ਹਮਾਰੇ ਮੇਂ ਜਬ ਲੜਕੀ ਔਰ ਲੜਕਾ ਪਸੰਦ ਕਰਤੇ ਹੈਂ ਤੋ ਤਬੀ ਸੇ ਉਸੀ ਕੇ ਸਾਥ ਸੋਨਾ ਸ਼ੁਰੂ ਕਰ ਦੇਤੇ ਹੈਂ। ਔਰ ਅਗਰ ਬੱਚਾ ਠਹਿਰ ਜਾਏ ਤੋ ਸ਼ਾਦੀ ਉਸ ਕੇ ਸਾਥ ਹੋ ਜਾਤੀ ਹੈ। ਅਗਰ ਬੱਚਾ ਨਹੀਂ ਠਹਿਰਤਾ ਤੋ ਵੋ ਸਬੰਧ ਟੂਟ ਜਾਤੇ ਹੈਂ ਔਰ ਦੂਸਰੀ ਨਯੀ ਜਗਹ ਲੜਕਾ ਔਰ ਲੜਕੀ ਅਪਨੇ ਸਬੰਧ ਬਨਾਤੇ ਹੈਂ।

ਹਮਾਰੇ ਭੀ ਕਈਂ ਜਾਤੀਆਂ ਹੈਂ। ਹਮਾਰੇ ਮੇਂ ਸਕੇ ਚਾਚੇ ਤਾਏ, ਮਾਸੀ ਭੂਆ ਕੇ ਬੱਚੇ ਆਪਸ ਮੇਂ ਸ਼ਾਦੀ ਕਰ ਲੇਤੇ ਹੈਂ। ਬੀਸ ਹਜ਼ਾਰ ਤੱਕ ਦਹੇਜ ਭੀ ਦੇਤੇ ਹੈਂ। ਹਮਾਰੇ ਮੇਂ ਕਈ ਲੱਖੀ ਵਣਜਾਰੇ ਕੇ ਖਾਨਦਾਨ ਸੇ ਹੈਂ, ਮੁਸਲਮਾਨ ਵਣਜਾਰੋਂ ਮੇਂ ਸੇ ਅਗਰ ਲੜਕੀ ਦੂਸਰੀ ਬਿਰਾਦਰੀ ਮੇਂ ਸ਼ਾਦੀ ਕਰਤੀ ਹੈ ਤੋ ਉਸੇ ਅਲਫ ਨੰਗਾ ਕਰਕੇ ਜ਼ਿਬਾਹ ਕਰਕੇ ਮਾਰਾ ਜਾਤਾ ਹੈ।"

"ਮੁਸਲਮਾਨ ਪਖਤੂਨ ਕੌਮ ਹੁੰਦੀ ਏ। ਉਹ ਬੜਾ ਮਨ 'ਚ ਖੋਰ ਰੱਖਦੀ ਏ।" ਬੇਬੇ ਬੋਲੀ।

ਇਧਰ ਪਾਪਾ ਜੀ ਨੇ ਸੰਧੂਰੀ ਦੀ ਛਾਤੀ ਦੇ ਫੋੜੇ ਨੂੰ ਚੀਰਾ ਦੇਣ ਦੀ ਤਿਆਰੀ ਕਰ ਲਈ। ਮੈਂ ਅਤੇ ਝਾਈ ਜੀ ਨੇ ਪਾਪਾ ਜੀ ਦੀ ਮਦਦ ਕੀਤੀ। ਚੀਰਾ ਦੇਣ 'ਤੇ ਅੰਦਰੋਂ ਬਹੁਤ ਮਵਾਦ ਨਿਕਲਿਆ। ਪਾਪਾ ਜੀ ਨੇ ਸੰਧੂਰੀ ਨੂੰ ਖਾਣ ਨੂੰ ਦਵਾਈ ਅਤੇ ਦਰਦ ਦੂਰ ਕਰਨ ਲਈ ਇੰਜੈਕਸ਼ਨ ਦਿੱਤਾ, ਜਿਸ ਨਾਲ ਕੁੜੀ ਨੂੰ ਚੈਨ ਆ ਗਿਆ। ਸ਼ਾਮ ਤੱਕ ਸੰਧੂਰੀ ਕਾਫੀ ਠੀਕ ਹੋ ਗਈ ਤਾਂ ਮਾਂਵਾਂ-ਧੀਆਂ ਦਵਾਈ ਲੈ ਕੇ ਅਸੀਸਾਂ ਦਿੰਦੀਆਂ ਘਰ ਚਲੀਆਂ ਗਈਆਂ। ਪਰ ਹਰ ਦੋ ਦਿਨ ਬਾਅਦ ਉਨ੍ਹਾਂ ਨੂੰ ਡਰੈਸਿੰਗ ਕਰਵਾਉਣ ਲਈ ਆਉਣਾ ਪੈਂਦਾ। ਗੌਜਿੰਗ ਕਰਕੇ ਡਰੈਸਿੰਗ ਕਰਨੀ ਬੜੀ ਤਕਲੀਫਦੇਹ ਸੀ ਜਿਸ ਨਾਲ ਇੱਕ ਵਾਰ ਨਾਜ਼ੁਕ ਸੰਧੂਰੀ ਤੜਫ ਜਾਂਦੀ।

ਪੰਦਰਾਂ ਦਿਨਾਂ 'ਚ ਜ਼ਖਮ ਭਰ ਗਿਆ। ਪਾਪਾ ਜੀ ਨੇ ਦਾਗ ਮਿਟਾਉਣ ਲਈ ਟਿਊਬ ਲਿਖ ਕੇ ਦਿੱਤੀ ਅਤੇ ਨਾਰੀਅਲ ਦੇ ਤੇਲ ਦੀ ਹਲਕੀ ਹਲਕੀ ਮਸਾਜ ਦੱਸੀ।

ਇਸ ਸਮੇਂ ਦਾਦੀ ਮਾਂ ਨੇ ਮੇਰੀ ਮੰਗਣੀ ਬਾਰੇ ਦੱਸਿਆ ਕਿ ਸਾਡਾ ਜਵਾਈ ਬੈਂਕ 'ਚ ਨੌਕਰੀ ਕਰਦਾ ਹੈ ਤਾਂ ਰੌਣਕੀ ਅਤੇ ਸੰਧੂਰੀ ਸੁਣ ਬਹੁਤ ਖੁਸ਼ ਹੋਈਆਂ।

"ਰੌਣਕੀ! ਵੱਤ ਹੁਣ ਤੂੰ ਬੇਬੀ ਦੇ ਖਾਵੰਦ

*(ਬਾਕੀ ਅਗਲੇ ਸਫੇ 'ਤੇ)*

# ਬੁੱਢੇ ਨੇ ਕਾਰਪੋਰੇਟੀ ਧੱਕੇਸ਼ਾਹੀ ਨਾਲ ਲਾਇਆ ਮੱਥਾ

**ਦੁੱਖ ਪਰਦੇਸਾਂ ਦੇ**

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਕੋਠੀ ਲੱਗੇ ਬਜ਼ੁਰਗਾਂ ਦੀ ਵਾਰਤਾ ਪਾਠਕ ਪ੍ਰਿੰ. ਬਾਜਵਾ ਦੀਆਂ ਲਿਖਤਾਂ ਵਿਚ ਪੜ੍ਹਦੇ ਆ ਰਹੇ ਹਨ। ਇਸ ਲੇਖ ਵਿਚ ਉਨ੍ਹਾਂ ਇਕ ਅਜਿਹੇ ਬਜ਼ੁਰਗ ਦੀ ਗਾਥਾ ਸੁਣਾਈ ਹੈ ਜਿਸ ਨੇ ਕੈਨੇਡਾ ਦੇ ਕਾਰਪੋਰੇਟੀ ਸਿਸਟਮ ਨਾਲ ਲੋਹਾ ਲਿਆ, ਹਿੰਮਤ ਨਾ ਹਾਰੀ ਤੇ ਅਖੀਰ ਜਿੱਤ ਵੀ ਹਾਸਲ ਕੀਤੀ। -ਸੰਪਾਦਕ***

ਵਾਹ ਓਏ ਕਾਦਰਾ! ਵਾਹ ਨੇ ਤੇਰੀਆਂ ਕੁਦਰਤਾਂ ਤੂੰ ਡਾਢਾ ਬੇਪ੍ਰਵਾਹ! ਪੂਰੇ ਕਾਰਪੋਰੇਟੀ ਆਲਮ 'ਚ ਵਿਡੰਬਣਾ ਹੀ ਵਿਡੰਬਣਾ, ਕਟਾਖਸ਼ ਹੀ ਕਟਾਖਸ਼! ਇੱਕ ਪਾਸੇ ਕਰੂਰੀ ਕਹਿਰ, ਦੂਜੇ ਪਾਸੇ ਉਪਕਾਰੀ ਮਿਹਰਾਂ! ਕਿੰਨੇ ਸੋਹਣੇ ਨਜ਼ਾਰੇ ਬੰਨ੍ਹੇ ਨੇ ਤੇਰੀ ਪੱਤਝੜ ਨੇ! ਚਾਰ-ਚੁਫੇਰੇ ਮੈਪਲ ਦੇ ਰੰਗ-ਬਰੰਗੇ, ਛੋਟੇ-ਵੱਡੇ ਬਿਰਖ ਮਸਤੀ 'ਚ ਝੂਲ ਰਹੇ ਨੇ! ਪਰ ਦੂਜੇ ਪਾਸੇ ਮਾਨਵਤਾ 'ਤੇ ਅਨੇਕ ਘੋਰ ਸਿਤਮ! ਸੂਹੀ ਸਵੇਰ ਦੀਆਂ ਰਿਸ਼ਮਾਂ 'ਚ ਆਹ ਜਿਹੜੇ ਹਰੇ, ਪੀਲੇ, ਸੰਤਰੀ, ਭੂਰੇ, ਬਦਾਮੀ, ਖਾਕੀ, ਲਾਲ ਰੰਗਾਂ ਦੇ ਕ੍ਰਿਸਮਸੀ ਬੂਟੇ ਚਮਕ ਰਹੇ ਨੇ, ਇਨ੍ਹਾਂ ਵਿਚ ਵੀ ਕਿਰਤੀਆਂ ਦਾ ਲਹੂ



**ਪ੍ਰਿੰ. ਬਲਕਾਰ ਸਿੰਘ ਬਾਜਵਾ**
balkarbajwa1935@gmail.com
ਫੋਨ: 647-402-2170

ਦੌੜਦਾ ਲੱਗਦੈ। ਇਕਨਾਂ ਦੇ ਪੈਰੀਂ ਲੱਖ ਹੀਰੇ ਮੋਤੀ, ਇੱਕ ਰੋਟੀ ਖਾਤਰ ਰੁਲ ਜਾਂਦੇ ਨੇ। ਆਹ ਵੱਡੇ ਬਿਰਖ ਤਾਂ ਵੱਡੇ ਸਰਮਾਏਦਾਰੀ ਮਲਟੀਕਾਰਪੋਰੇਟ ਹੀ ਲੱਗਦੇ ਨੇ। ਆਹ ਛੋਟੇ ਵੀ ਆਪੋ ਆਪਣੇ ਰੰਗਾਂ ਵਿਚ ਛੋਟੀਆਂ-ਮੋਟੀਆਂ ਕਾਰਪੋਰੇਟ ਕੰਪਨੀਆਂ ਹੀ ਨੇ। ਇਨ੍ਹਾਂ ਦੀ ਅਮੀਰੀ ਦਾ ਆਲਮ ਕਿਹੜਾ ਕਿਸੇ ਵੱਡੇ ਨਾਲੋਂ ਘੱਟ ਐ। ਵਕਤ ਤੇ ਸਮੇਂ ਦੇ ਹਰ ਦੌਰ 'ਚ ਇਨ੍ਹਾਂ ਦੀਆਂ ਤਿਜੋਰੀਆਂ ਭਰਦੀਆਂ ਹੀ ਰਹਿੰਦੀਆਂ ਨੇ। ਸਰਮਾਏਦਾਰੀ ਨਿਜ਼ਾਮ 'ਚ ਮਾਲਕ ਵਧੀ ਫੁੱਲੀ ਜਾਂਦੇ ਨੇ ਤੇ ਕਿਰਤੀ ਔਖਿਆਈਆਂ ਨਾਲ ਜੂਝਦੇ, ਨਿਭਦੇ ਰਹਿੰਦੇ ਨੇ! ਕੀ ਇਸ ਅਮੀਰੀ ਵਿਚ ਕਿਰਤੀਆਂ ਦਾ ਕੋਈ ਹਿੱਸਾ ਨਹੀਂ?

ਆਹ ਰੁੱਖ ਬੰਦਿਆਂ ਦੇ ਦੁੱਖ ਜਾਣਦੇ ਨੇ, ਪਰ ਬੋਲ ਸਕਦੇ ਨਹੀਂ! ਯਾਰੋ! ਸੁਰਜੀਤ ਪਾਤਰ ਠੀਕ ਕਹਿੰਦੈ: 'ਰੁੱਖ ਬੋਲ ਨਾ ਸਕਦੇ ਭਾਵੇਂ, ਬੰਦਿਆਂ ਦਾ ਦੁੱਖ ਜਾਣਦੇ'। ਕਿਰਤੀਆਂ ਦੇ ਪੱਲੇ ਤਾਂ 'ਰੁੱਖਾਂ ਦੀ ਜੀਰਾਂਦ' ਹੀ ਪਈ ਹੋਈ ਐ। ਲੋਕੋ! ਮੈਂ ਮੁੱਕ ਜਾਵਾਂਗਾ ਪਰ ਲੜਦਿਆਂ, ਲੜਦਿਆਂ! ਕਦੀ ਖੁਦਕਸ਼ੀ ਨਹੀਂ ਕਰਾਂਗਾ। ਪਾਤਰ ਦੇ ਸ਼ੇਅਰ 'ਬਲਦਾ ਬਿਰਖ ਹਾਂ, ਖਤਮ ਹਾਂ, ਬੱਸ ਸ਼ਾਮ ਤੀਕ ਹਾਂ। ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ' ਵਾਂਗ ਅਸੀਂ ਹੁਣ ਬਿਰਖ ਵਾਲੀ ਹਾਅ ਬਣ ਕੇ ਨਹੀਂ ਰਹਿਣਾ। ਟੱਕਰਾਂਗਾ ਹੁਣ ਇਨ੍ਹਾਂ ਕਾਰਪੋਰੇਟੀ ਏਜੰਸੀਆਂ ਨੂੰ ਜੋ ਸਾਡੀ ਦਸਾਂ ਨਹੁੰਆਂ ਦੀ ਕਿਰਤ ਕਮਾਈ 'ਤੇ ਡਾਕੇ ਮਾਰਦੀਆਂ ਨੇ। ਆਪਣਾ ਹੱਕ ਛੱਡਦਾ ਨਹੀਂ, ਭਾਵੇਂ ਝੁੱਗਾ ਚੌੜ ਵੀ ਕਿਉਂ ਨਾ ਹੋ ਜਾਵੇ! ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਅਤੇ ਸਰਵਣ ਸਿੰਘ ਦੀ ਕਹਾਣੀ 'ਬੁੱਢਾ ਤੇ ਬੀਜ' ਵਾਂਗ ਮੈਂ ਵੀ ਹੁਣ 'ਬੁੱਢਾ ਤੇ ਕਿਰਤ' ਬਣੂੰ।

ਸਵੇਰੇ ਸੈਰ ਕਰਦਿਆਂ ਬਾਈ ਜੁਝਾਰ ਸਿੰਘ ਦੇ ਪਿੱਛੇ ਪਿੱਛੇ ਆਉਂਦਿਆਂ ਬਰਾਬਰ ਹੋ ਪੁੱਛਿਆ, ਬਾਈ ਕੀ ਕਿੱਸਾ ਏ? ਬੜੀਆਂ ਦਾਰਸ਼ਨਿਕ, ਰੋਹ ਭਰੀਆਂ ਗੱਲਾਂ ਕਰੀ ਜਾਨੈਂ। ਕਿਸ ਮਸਲੇ, ਚੱਕਰ 'ਚ ਫਸਿਆ ਪਿਐਂ! ਬੋਲਿਆ, ਮੇਰੀ ਅਜੋਕੀ ਮਨੋਦਸ਼ਾ ਦੀ ਗੱਲ ਏ। ਆ ਸੁਣ ਬਾਈ ਫਿਰ ਇਸ ਅੱਸੀ ਸਾਲਾ ਬੁੱਢੇ ਕਿਰਤੀ ਦੀ ਸੰਘਰਸ਼ੀ ਬਾਤ, ਜੋ ਹੁਣ ਸਿਖਰ 'ਤੇ ਪਹੁੰਚਣ ਵਾਲੀ ਐ।

ਆਪਣੀ ਮਾਤ ਭੂਮੀ 'ਚ ਉਗਣਾ, ਵਿਗਸਣਾ, ਮੌਲਣਾ ਤੇ ਫਲਣਾ ਸੌਖਾ ਹੁੰਦੈ। ਪਰ ਬਿਗਾਨੀ ਧਰਤੀ ਤੇ ਸਭਿਆਚਾਰ 'ਚ ਉਗਣਾ, ਵਿਗਸਣਾ, ਮੌਲਣਾ ਤੇ ਫਲਣਾ ਕਾਫੀ ਔਖਾ ਹੁੰਦੈ। ਬੁੱਢੇ ਸਿਰੜੀ ਬਿਗਾਨੇ ਧਰਾਤਲਾਂ 'ਚ ਵੀ ਔਖੇ, ਔਝੜੇ ਰਾਹਾਂ ਨੂੰ ਸਰ ਕਰਦੇ ਆਏ ਨੇ ਤੇ ਕਰਦੇ ਰਹਿਣਗੇ। ਇੱਕੀਵੀਂ ਸਦੀ ਦੇ ਅਰੰਭ ਵਿਚ ਉਹ ਇੱਕ ਚੰਗੇ ਅਹੁਦੇ ਤੋਂ ਰਿਟਾਇਰ ਹੋ ਕੈਨੇਡਾ ਦੀ ਧਰਤੀ 'ਤੇ ਪਹੁੰਚਿਆ ਸੀ। ਲਿੰਕ (LINC) ਸਕੂਲ ਤੋਂ ਸ਼ੁਰੂ ਕਰਕੇ, ਗਾਰਡੀਅਨ ਵੇਅਰ ਹਾਊਸ 'ਚ ਫਲਾਇਰਜ਼ ਨਾਲ ਜ਼ੱਫੇ ਲਾਉਂਦਿਆਂ, ਬਰਫਾਂ ਮਿੱਧਦਿਆਂ ਵਾਟਾਂ ਵਾਹੀਆਂ ਤੇ ਸਕਿਓਰਿਟੀ ਜਾਬ ਕਰਦਿਆਂ ਅਨੁਵਾਦਕ ਦੀ ਓਂਟਾਰੀਓ ਦੀ ਕਠਨ ਪ੍ਰੀਖਿਆ ਡਿੱਗਦਿਆਂ-ਢਹਿੰਦਿਆਂ ਅਖੀਰ ਪਾਸ ਕਰ ਲਈ। ਲਿਖਣ ਪੜ੍ਹਨ ਦੇ ਸ਼ੌਕ ਵਿਚ ਇਹ ਕੰਮ ਹੀ ਫਿੱਟ ਬੈਠਦਾ ਸੀ। ਵੱਖ ਵੱਖ ਕਾਰਪੋਰੇਟੀ ਫਰਮਾਂ, ਏਜੰਸੀਆਂ ਦੀਆਂ ਵਿਭਿੰਨ ਟਰਾਂਸਲੇਸ਼ਨ ਜਾਬਾਂ ਪੂਰੇ ਸ਼ੌਕ ਤੇ ਮਿਹਨਤ ਨਾਲ ਕੀਤੀਆਂ। ਸਿਲਸਿਲਾ 2015 ਤੱਕ ਖੂਬ ਚੱਲਦਾ ਰਿਹੈ। ਵਿਚ ਵਿਚ ਕਾਰਪੋਰੇਟੀ ਖਸਲਤੀ ਏਜੰਸੀਆਂ ਨਾਲ ਇਵਜ਼ਾਨਾ ਕਢਾਉਣ ਲਈ ਆਢੇ ਵੀ ਲੱਗਦੇ ਰਹੇ। ਨਿੱਕੀਆਂ ਮੋਟੀਆਂ ਬਾਤਾਂ ਛੱਡ ਉਸ ਸਿੱਧੀ ਇੱਕ ਵੱਡੇ ਆਢੇ ਦੀ ਗੱਲ ਸਾਂਝੀ ਕੀਤੀ।

ਉਹ ਮਿਸੀਸਾਗਾ 'ਚ ਇੱਕ ਟਰਾਂਸਲੇਸ਼ਨ ਏਜੰਸੀ ਨਾਲ ਕੋਈ ਦਸ ਸਾਲ ਤੋਂ ਨਿਰੰਤਰ ਕੰਮ ਕਰਦਾ ਆ ਰਿਹਾ ਸੀ। ਏਜੰਸੀ ਨੇ 2013 ਤੋਂ ਹੀ ਫੀਸ ਅਦਾਇਗੀ ਵਿਚ ਬੇਕਾਇਦਗੀ ਕਰਨੀ ਸ਼ੁਰੂ ਕਰ ਦਿੱਤੀ। ਅੱਗਾ-ਪਿੱਛਾ ਤੇ ਟਾਲ-ਮਟੋਲ ਹੋਣ ਲੱਗ ਪਿਆ। ਪਰ ਸਿਰੜੀ ਬੁੱਢਾ ਕੰਮ ਕਰਦਾ ਗਿਆ ਤੇ ਫੀਸ ਇਨਵਾਇਸਾਂ ਜਮ੍ਹਾਂ ਹੁੰਦੀਆਂ ਗਈਆਂ। 2015 ਦੇ ਮਾਰਚ ਤੱਕ ਕੋਈ 25000 ਡਾਲਰ ਦੀ ਕਿਰਤ ਕਮਾਈ ਦਾ ਬੋਹਲ ਲੱਗ ਗਿਆ। ਬਥੇਰੇ ਰਿਮਾਈਂਡਰ ਦਿੱਤੇ ਪਰ ਕੋਈ ਅਸਰ ਨਾ ਹੋਵੇ। ਇੱਕ ਵਾਰ ਤਾਂ ਸਾਲ ਤੋਂ ਵੱਧ ਦੀਆਂ ਇਨਵਾਇਸਾਂ ਜਮ੍ਹਾਂ ਹੋ ਗਈਆਂ। ਕੇਰਾਂ ਉਨ੍ਹਾਂ ਅਟਕਲਪੱਚੂ ਜਿਹੀ ਇੱਕ ਅਦਾਇਗੀ ਭੇਜ ਦਿੱਤੀ ਜਿਹੜੀ ਕਿਸੇ ਵੀ ਇਨਵਾਇਸ ਨਾਲ ਮੇਲ ਨਹੀਂ ਸੀ ਖਾਂਦੀ। ਪੁੱਛਿਆ ਤਾਂ ਜਵਾਬ ਮਿਲਿਆ, ਅਸੀਂ ਸਭ ਅਦਾਇਗੀਆਂ ਕਰ ਚੁਕੇ ਹਾਂ।

ਜੁਝਾਰੂ ਕਿਰਤੀ ਸਮਝ ਗਿਆ, ਇਹ ਹੁਣ ਪੈਸੇ ਮਾਰਨਗੇ ਤੇ ਖਰਾਬ ਕਰਨਗੇ। ਕੁਝ ਪੁਰਾਣੇ ਮਿੱਤਰ ਅਨੁਵਾਦਕਾਂ ਨਾਲ ਗੱਲ ਕੀਤੀ। ਜਵਾਬ ਮਿਲਿਆ, ਇਹ ਏਜੰਸੀ ਸਾਡੇ ਵੀ ਪੈਸੇ ਮਾਰ ਚੁਕੀ ਹੈ। ਭੁੱਲ ਜਾ, ਹੁਣ ਤੈਨੂੰ ਕੁਝ ਨਹੀਂ ਦਿੰਦੀ। ਇਹ ਆਪਣੇ ਆਪ ਨੂੰ ਦੀਵਾਲੀਆ ਵੀ ਐਲਾਨ ਸਕਦੀ ਹੈ। ਰੁੜ੍ਹਦੀ ਜਾਂਦੀ ਕਿਰਤ ਕਮਾਈ ਵੇਖ ਝਟਕਾ ਤਾਂ ਲੱਗਾ ਪਰ ਬੁੱਢੇ ਨੇ ਹੌਸਲਾ ਨਾ ਛੱਡਿਆ। ਚਾਰਾਜੋਈ ਸਰਗਰਮੀ ਨਾਲ ਸ਼ੁਰੂ ਕਰ ਦਿੱਤੀ।

ਵੱਖ ਵੱਖ ਮੰਤਰੀਆਂ, ਸੰਸਦ ਮੈਂਬਰਾਂ ਅਤੇ ਇੰਪਲਾਇਮੈਂਟ ਸਟੈਂਡਰਡ ਇਨਫਰਮੇਸ਼ਨ ਸੈਂਟਰ ਨੂੰ ਈਮੇਲਾਂ ਭੇਜੀਆਂ। ਖੂਹ ਵਿਚ ਡਿੱਗੀ ਗਾਗਰ ਕੱਢਣ ਵਾਂਗ ਕੁੰਡੇ ਏਧਰ-ਉਧਰ ਬਥੇਰੇ ਫੇਰੇ। ਗੱਲ ਕਿਸੇ ਤਣ-ਪੱਤਣ ਨਾ ਲੱਗੀ। 'ਕੇਰਾਂ 'ਬੈਟਰ ਬਿਜਨਸ ਬਿਊਰੋ' ਨੂੰ ਕੇਸ ਈਮੇਲ ਕੀਤਾ। ਈਮੇਲ ਦਾ ਪ੍ਰਤੀਕਰਮ ਕਾਫੀ ਅਰਸੇ ਬਾਅਦ ਸੀ.ਬੀ.ਸੀ. ਦੀ ਪੱਤਰਕਾਰ ਜੈਨੀਫਰ ਫਾਊਲਰ ਰਾਹੀਂ ਮਿਲਿਆ। ਫੋਨ ਆਇਆ, ਕੇਸ ਦੱਸੋ। ਇਹ ਕੇਸ ਸੀ.ਬੀ.ਸੀ. ਦੁਆਰਾ ਨਸ਼ਰ ਕੀਤਾ ਜਾਵੇਗਾ। ਉਦੋਂ ਤੱਕ ਕੇਸ ਸਮਾਲ ਕਲੇਮ ਕੋਰਟ ਵਿਚ ਜਾ ਚੁਕਾ ਸੀ। ਹੋਰਨਾਂ ਮਿੱਤਰਾਂ, ਸਨੇਹੀਆਂ ਸਮੇਤ ਇੱਕ ਵਾਰ ਬਰੈਂਪਟਨ ਦੀ ਉਤਰੀ ਰਾਈਡਿੰਗ ਵਿਚ ਫੈਡਰਲ ਚੋਣ ਲੜ ਰਹੇ ਕਮਿਊਨਿਸਟ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਅਜ਼ੀਜ਼ ਹਰਿੰਦਰ ਹੁੰਦਲ ਨਾਲ ਮਸਲਾ ਸਾਂਝਾ ਕੀਤਾ। ਨੌਜਵਾਨ ਕਾਮਰੇਡ ਕਹਿੰਦੇ, "ਚੱਲ ਭਾਊ, ਕਮਿਊਨਿਸਟ ਪਾਰਟੀ ਆਫ ਕੈਨੇਡਾ ਵੱਲੋਂ ਏਜੰਸੀ ਦੇ ਦਫਤਰ ਅੱਗੇ ਮੁਜਾਹਰਾ ਕਰਦੇ ਹਾਂ, ਧਰਨਾ ਮਾਰਦੇ ਹਾਂ।" ਇਥੋਂ ਦੇ ਸਮੁੱਚੇ ਸਿਸਟਮ ਵਿਚ ਇਹ ਗੱਲ ਬਹੁਤੀ ਕਾਰਗਰ ਹੋਣ ਵਾਲੀ ਨਾ ਲੱਗੀ।

ਕਈ ਦੋਸਤਾਂ ਨੇ ਕਿਹਾ ਕਿ ਤੁਹਾਨੂੰ ਐਸੀ ਇੱਕ ਲੀਗਲ ਫਰਮ ਨਾਲ ਮਿਲਾਵਾਂਗੇ ਜੋ ਠੇਕਾ ਕਰੇਗੀ। ਇਹ ਸੌਦੇਬਾਜ਼ੀ ਵੀ ਉਹਨੂੰ ਜਾਇਜ਼ ਨਾ ਜਾਪੀ, ਜੋ ਨਿਰੋਲ ਠੇਕੇਬਾਜ਼ੀ ਵਾਲੀ ਦਲਾਲਬਾਜ਼ੀ ਲੱਗੀ। ਕਮਾਈ ਦੀ ਕੁੱਤੇ ਗੁਆਉਣੀ ਕਰਨਾ ਬੁਰਾ ਲੱਗਾ। ਆਖਰ ਕਿਰਤ ਕਮਾਈ ਸੀ, ਚੋਰੀ ਦਾ ਮਾਲ ਥੋੜ੍ਹਾ ਸੀ! ਕਿਰਤ ਕਮਾਈ ਨੂੰ ਡਾਂਗਾਂ ਦੇ ਗਜ਼ਾਂ ਨਾਲ ਕਿਉਂ ਉਡਾਇਆ ਜਾਵੇ? ਫਿਰ ਇੱਕ ਵੱਡੀ ਪੈਰਾ ਲੀਗਲ ਫਰਮ ਨਾਲ ਸੰਪਰਕ ਕੀਤਾ। ਮਿਲਣ ਦਾ ਸਮਾਂ ਦੇਣ ਵਾਸਤੇ ਮੈਸੇਜ ਛੱਡਿਆ। ਸਮਾਂ ਤਾਂ ਮਿਲ ਗਿਆ। ਸਵਾਲ ਪੈਦਾ ਹੋਇਆ ਕਿ ਇਸ ਕੋਲ ਆਉਣ-ਜਾਣ ਲਈ ਰਾਈਡ ਕੌਣ ਦੇਵੇਗਾ? ਏਧਰ-ਉਧਰ ਭੱਜਣਾ ਔਖਾ ਜਾਪਿਆ। ਕਈ ਕਿਸਮ ਦੀਆਂ ਨਿਜੀ ਸੀਮਾਵਾਂ ਸਨ। ਪਰਿਵਾਰ ਦੇ ਜੀਅ ਆਪੋ ਆਪਣੇ ਧੰਦਿਆਂ 'ਚ ਰੁੱਝੇ ਹੋਏ ਸਨ। ਨਾਲ ਕੌਣ ਜਾਇਆ ਕਰੂ? ਬੱਸਾਂ 'ਚ ਰੁਲਣ ਤੇ ਖਜਲਖੁਆਰੀ ਤੋਂ ਬੁੱਢਾ ਝਿਜਕਦਾ ਸੀ। ਸੋਚਦਾ, ਇਹ ਕਿਰਤ ਕਮਾਈ ਦੀ ਲੜਾਈ ਲੜਦਿਆਂ ਕਿਤੇ ਜਾਹ ਜਾਂਦੀ ਹੀ ਨਾ ਹੋ ਜਾਵੇ! ਪੱਲੇ ਵੀ ਕੁਝ ਨਾ ਪਵੇ।

ਇਸੇ ਅਵਸਥਾ 'ਚ ਸਹਿਵਨ ਹੀ ਇੱਕ ਦਿਨ ਇੱਕ ਰੋਜ਼ਾਨਾ ਪੰਜਾਬੀ ਅਖਬਾਰ ਆਨਲਾਈਨ ਪੜ੍ਹਦਿਆਂ ਇੱਕ ਨੌਜਵਾਨ ਸਮਾਰਟ ਪੈਰਾ ਲੀਗਲ ਲੇਡੀ ਦੀ ਐਡ ਵੇਖੀ। ਫੋਨ 'ਤੇ ਗੱਲ ਕੀਤੀ। ਸਮੱਸਿਆ ਦੱਸੀ। ਆਪਣੀ ਰਾਈਡ ਸਮੱਸਿਆ ਦਾ ਹਵਾਲਾ ਵੀ ਦੇ ਦਿੱਤਾ। ਉਹ ਪਿੱਛੋਂ ਲਾਹੌਰ ਪਾਕਿਸਤਾਨ ਤੋਂ ਸੀ। ਬੁੱਢੇ ਦੀ ਆਪਣੀ ਜਨਮ ਭੂਮੀ ਸਿਆਲਕੋਟ ਦੀ ਗੁਆਂਢਣ ਵਸਨੀਕ। ਬੁੱਢੇ ਨੂੰ ਅਪਣੱਤ ਜਿਹੀ ਮਹਿਸੂਸ ਹੋਈ। ਉਸ ਯਕੀਨ ਦਿਵਾਇਆ ਕਿ ਉਹ ਆਪ ਉਹਦੇ ਘਰ ਆ ਕੇ ਗੱਲ-ਬਾਤ ਕਰਿਆ ਕਰੇਗੀ। ਜੇ ਕੋਰਟ 'ਚ ਜਾਣਾ ਪਏ ਤਾਂ ਨਾਲ ਲੈ ਕੇ ਜਾਵੇਗੀ। ਇੰਗਲਿਸ਼ ਤੇ ਪੰਜਾਬੀ ਚੰਗੀ ਬੋਲਦੀ ਸੀ। ਫੀਸ ਵੀ ਵਾਜਬ ਸੀ ਤੇ ਵਕੀਲਾਂ ਵਾਲੇ ਹੋਰ ਲਾਗ-ਲੁਗ ਵੀ ਨਹੀਂ ਸਨ। ਇੱਕ ਟੁੱਕ ਸਾਫ ਗੱਲ ਕਰਦੀ।

ਬੁੱਢੇ ਸੋਚਿਆ ਕੇਸ ਸਾਰਾ ਈਮੇਲ ਇਨਵਾਇਸਾਂ 'ਤੇ ਆਧਾਰਤ ਹੈ, ਜੋ ਉਹਦੀਆਂ ਲਿਖਤੀ ਵੀ ਤੇ ਆਨਲਾਈਨ ਰਿਕਾਰਡ 'ਚ ਸਾਂਭੀਆਂ ਹੋਈਆਂ ਸਨ। ਬਕਾਇਆ ਇਨਵਾਇਸਾਂ ਨੂੰ ਸਾਲ ਵਾਰ, ਮਹੀਨਾ ਵਾਰ, ਮਿਤੀ ਵਾਰ ਐਕਸੈਲ 'ਚ ਪਾ ਕੇ ਰੱਖਿਆ ਹੋਇਆ ਸੀ। ਰਿਕਾਰਡ ਵੇਖ ਉਸ ਨੇ ਬੜੀ ਸ਼ਲਾਘਾ ਕੀਤੀ ਅਤੇ ਪੂਰੇ ਆਤਮ ਵਿਸ਼ਵਾਸ ਵਿਚ ਹੋਈ ਜਾਪੀ। ਕੋਈ ਗਵਾਹੀ ਪੇਸ਼ ਕਰਨ ਦੀ ਲੋੜ ਨਹੀਂ ਸੀ। ਕੇਸ ਦਸਤਾਵੇਜ਼ਾਂ 'ਤੇ ਆਧਾਰਤ ਸੀ। ਬੱਸ ਫੈਸਲਾ ਹੋ ਗਿਆ। ਫੀਸ ਅਦਾ ਕਰ ਦਿੱਤੀ। ਕੇਸ ਦੇ ਅੰਤ ਤੱਕ ਦਾ ਸਾਰਾ ਲੈਣ ਦੇਣ ਵੀ ਤੈਅ ਹੋ ਗਿਆ। ਹੁਣ ਤੱਕ ਦੀਆਂ ਚਾਰਾਜੋਈਆਂ ਦੇ ਸੰਦਰਭ ਵਿਚ ਉਸ ਨੂੰ ਲੱਗਦਾ ਸੀ ਕਿ ਸਮਾਲ ਕਲੇਮ ਕੋਰਟ 'ਚ ਜਾਏ ਬਿਨਾ ਕਹਾਣੀ ਸਿਰੇ ਨਹੀਂ ਲੱਗਣੀ। ਉਸ ਪੈਰਾ ਲੀਗਲ ਬੀਬੀ ਨੂੰ ਕੇਸ ਦਾ ਸਾਰਾ ਦਸਤਾਵੇਜ਼ੀ ਰਿਕਾਰਡ ਸੌਂਪ ਦਿੱਤਾ। ਉਸ ਨੇ ਢੁਕਵੇਂ ਅਤੇ ਉਚਿਤ ਤਰੀਕੇ ਨਾਲ ਤੁਰੰਤ ਕੇਸ ਤਿਆਰ ਕੀਤਾ ਤੇ ਦਾਇਰ ਕਰ ਦਿੱਤਾ।

ਨੇਕ ਕਮਾਈ ਨੇ ਕ੍ਰਿਸ਼ਮਾ ਕਰ ਵਿਖਾਇਆ। ਨੋਟਿਸ ਮਿਲਦਿਆਂ ਹੀ ਟਰਾਂਸਲੇਸ਼ਨ ਕੰਪਨੀ ਨੇ ਜਵਾਬੀ ਦਾਅਵੇ ਵਿਚ ਸਾਰੀਆਂ ਬਕਾਇਆ ਇਨਵਾਇਸਾਂ ਸਬੰਧੀ ਆਪਣੀ ਦੇਣਦਾਰੀ ਪ੍ਰਵਾਨ ਕਰ ਲਈ। ਛੇ ਕੁ ਹਜ਼ਾਰ ਦਾ ਇੱਕ ਚੈਕ ਪਹਿਲੀ ਸੈਟਲਮੈਂਟ ਮੀਟਿੰਗ ਵਿਚ ਐਕਸਪਰੈਸ ਪੋਸਟ ਰਾਹੀਂ ਭੇਜਣ ਦਾ ਵਾਅਦਾ ਵੀ ਕਰ ਦਿੱਤਾ। ਸੰਖੇਪ 'ਚ ਬਾਕੀ ਸਾਰਾ ਬਕਾਇਆ ਸਮੇਤ ਕੋਰਟ ਖਰਚਿਆਂ, ਲੇਟ ਅਦਾਇਗੀ 'ਤੇ ਸੂਦ ਅਤੇ $350 ਦਾ ਡੈਮੇਜ ਅਦਾ ਕਰਨਾ ਵੀ ਪ੍ਰਵਾਨ ਕਰ ਲਿਆ। ਨਾਲ ਹੀ ਬੁੱਢੇ ਦੇ ਕੰਮ ਦੀ ਪ੍ਰਸ਼ੰਸਾ ਵੀ ਕੀਤੀ ਅਤੇ ਲੇਟ ਅਦਾਇਗੀ ਵਾਸਤੇ ਖਿਮਾ ਵੀ ਮੰਗੀ।

ਸੈਟਲਮੈਂਟ ਮੀਟਿੰਗਾਂ ਦੀ ਲੰਬੀ ਲੜੀ ਦੀ ਗੱਲ ਕੀ ਕਰਨੀ ਏ। ਏਜੰਸੀ ਨੇ ਇੱਕ ਆਖਰੀ ਲੜੀਵਾਰ ਸੈਟਲਮੈਂਟ ਮੀਟਿੰਗ 'ਚ ਬਕਾਇਆ ਰਾਸ਼ੀ ਦੀਆਂ ਕਿਸ਼ਤਾਂ ਨੂੰ ਚਾਰ ਮਹੀਨੇ ਲਮਕਾਉਣ ਦੀ ਬਜਾਏ ਦੋ ਮਹੀਨਿਆਂ ਵਿਚ ਦੇਣੀਆਂ ਅਤੇ ਡੈਮੇਜ ਭਰੌਤੀ $500 ਦੇਣਾ ਮੰਨ ਲਿਆ। ਇਸ ਤਰ੍ਹਾਂ ਦੋਸਤੋ! ਉਸ ਬੁੱਢੇ ਨੇ ਆਪਣੀ ਕਿਰਤ ਕਮਾਈ ਦੀ ਲੜਾਈ ਲੜੀ ਤੇ ਕਾਰਪੋਰੇਟੀ ਸਿਸਟਮ ਨੂੰ ਥੁੜ ਚੱਟਣ ਲਈ ਮਜਬੂਰ ਵੀ ਕਰ ਦਿੱਤਾ।

ਇਸ ਸਿਰੜੀ ਬੁੱਢੇ ਨੇ ਕੇਵਲ ਇਹ ਹੀ ਲੜਾਈ ਨਹੀਂ ਸੀ ਲੜੀ, ਸਗੋਂ ਹੋਰ ਵੀ ਕਈ ਮੋਰਚੇ ਮਾਰੇ ਹੋਏ ਸਨ। ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਵਾਂਗ ਨਿੱਕੇ ਮੋਟੇ ਹੋਰ ਵੀ ਕਈ ਕੇਸ ਸਨ। ਪਹਿਲਾਂ ਆਪਣੀ ਸਰਵਿਸ ਦੌਰਾਨ ਤੇ ਫਿਰ ਇਥੇ। ਇਥੇ ਜਦੋਂ ਗੱਡੀ ਆਪ ਚਲਾ ਲੈਂਦਾ ਸੀ, ਉਦੋਂ ਵੀ ਇੱਕ ਏਜੰਸੀ 2500 ਡਾਲਰ ਦੀ ਅਦਾਇਗੀ ਤੋਂ ਨਾਂਹ-ਨੁੱਕਰ ਕਰਨ ਲੱਗ ਪਈ। ਪਹਿਲਾਂ ਤਾਂ ਉਸ ਏਜੰਸੀ ਦੇ ਸੀ.ਈ.ਓ. ਦੀ ਭਾਲ ਕੀਤੀ। ਫਿਰ ਉਸ ਕੋਲ ਸਾਰਾ ਬਕਾਇਆ ਅਦਾਇਗੀ ਦਾ ਮਾਮਲਾ ਈਮੇਲ ਕੀਤਾ ਅਤੇ ਦਖਲ ਦੇਣ ਦੀ ਬੇਨਤੀ ਕੀਤੀ। ਉਸ ਨੇ ਹਾਮੀ ਜ਼ਰੂਰ ਭਰੀ ਪਰ ਹੇਠਲੀ ਪੱਧਰ ਦੇ ਕਾਰਿੰਦੇ ਗੱਲ ਨੂੰ ਗਧੀ-ਗੇੜ 'ਚ ਪਾਉਣ ਲੱਗ ਪਏ। ਉਦੋਂ ਹਿੰਮਤ ਵੀ ਸੀ ਅਤੇ ਕਾਰ ਰਾਈਡ ਸਾਧਨ ਆਪਣਾ ਸੀ। ਸਮਾਲ ਕਲੇਮ ਕੋਰਟ ਵਿਚ ਉਸ ਨੇ ਆਪ ਹੀ ਕੇਸ ਤਿਆਰ ਕਰਕੇ ਦਾਇਰ ਕਰ ਦਿੱਤਾ। ਨੋਟਿਸ 'ਤੇ ਹੀ ਏਜੰਸੀ ਸੈਟਲਮੈਂਟ ਕਰਨ ਲਈ ਸਹਿਮਤ ਹੋ ਗਈ ਅਤੇ ਬਕਾਏ ਸਮੇਤ ਕੋਰਟ ਖਰਚੇ ਦੇ ਚੈਕ ਭੇਜ ਦਿੱਤਾ ਅਤੇ ਕੇਸ ਵਾਪਸ ਲੈਣ ਲਈ ਕਹਿ ਦਿੱਤਾ। 'ਸੁਲ੍ਹਾ ਕੀਤਿਆਂ ਜੇ ਫਤੇ ਹੱਥ ਆਵੇ, ਕਮਰ ਜੰਗ ਦੇ ਮੂਲ ਨਾ ਕੱਸੀਏ ਜੀ' ਗੱਲ ਠੀਕ ਸਿੱਧ ਹੋਈ। ਏਦਾਂ ਕਿਸੇ ਕੇਸ ਵਿਚ ਵੀ ਹਾਰ ਨਹੀਂ ਹੋਈ। ਕਿਸੇ ਨੂੰ ਆਪਣੇ ਹੱਕਾਂ 'ਤੇ ਡਾਕਾ ਨਹੀਂ ਮਾਰਨ ਦਿੱਤਾ।

"ਹਾਸ਼ਮ ਫਤ੍ਹੇ ਨਸੀਬ ਉਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ" ਉਤੇ ਅਮਲ ਹੀ ਮੰਜ਼ਲਾਂ 'ਤੇ ਪਹੁੰਚਾਉਂਦੈ। 'ਹਿੰਮਤੇ ਮਰਦ, ਮਰਦੇ ਖੁਦਾ' ਵਾਲਾ ਕਥਨ ਸਹੀ ਸਿੱਧ ਹੁੰਦਾ ਰਿਹੈ। ਇਸ ਬੁੱਢੇ ਦੀ ਇਹ ਸੰਖੇਪ ਸੰਘਰਸ਼ ਗਾਥਾ ਸਬਕ ਭਰਪੂਰ ਹੈ। ਜੇ ਅਰਨੈਸਟ ਹੈਮਿੰਗਵੇ ਦਾ ਓਲਡ ਮੈਨ ਸ਼ਾਰਕਾਂ ਨਾਲ ਜੂਝਿਆ ਸੀ, ਇੱਕ ਪੇਂਡੂ ਬੁੱਢਾ ਡਬਲਯੂ ਐਲ 711 ਦੇ ਬੀਜ ਲਈ, ਤਾਂ ਇਹ ਬੁੱਢਾ ਕਾਰਪੋਰੇਟੀ ਸ਼ਾਰਕਾਂ ਨਾਲ ਦਸਤਪੰਜਾ ਲੈਣੋਂ ਕਦੀ ਪਿੱਛੇ ਨਾ ਹਟਿਆ।

# ਰੌਣਕੀ

*(ਪਿਛਲੇ ਸਫੇ ਦੀ ਬਾਕੀ)*

ਕੋਲ ਬੈਂਕ 'ਚ ਪੈਸੇ ਰੱਖਾ ਦੇਵੇਂਸ।"

"ਨਾ ਬੇਜੀ! ਹਮ ਤੋ ਘੂਮਤੇ ਫਿਰਤੇ ਰਹਿਤੇ ਹੈਂ, ਏਕ ਜਗਹਾ ਪਰ ਹਮ ਨਹੀਂ ਬੈਠਤੇ। ਦਿਨ ਮੇਂ ਚਲਤੇ ਔਰ ਰਾਤ ਕੋ ਕਹੀਂ ਭੀ ਬਿਸਾਤ ਬਿਛਾਈ ਔਰ ਜੰਗਲ ਮੇਂ ਮੰਗਲ ਕਰ ਦੀਆ। ਜਬ ਦੀਆ ਜਲਤਾ ਹੈ ਹਮਾਰੇ ਪਾਂਵ ਮੇਂ ਘੁੰਘਰੂ ਔਰ ਲਬੋਂ ਪੇ ਗੀਤ ਥਿਰਕਨਾ ਸ਼ੁਰੂ ਹੋ ਜਾਤਾ ਹੈ। ਔਰ ਜਹਾਂ ਪਰ ਤੰਬੂ ਗਾੜਤੇ ਵਹੀਂ ਪਰ ਜ਼ਮੀਨ ਖੋਦ ਕਰ ਪੈਸੇ ਗਹਿਣੇ ਬਰਤਨ ਮੇਂ ਡਾਲ ਕਰ ਗਾੜ ਦੇਤੇ ਹੈਂ। ਜਬ ਫਿਰ ਖੇਮਾ ਉਖਾੜਤੇ ਹੈਂ, ਹਮ ਅਪਨਾ ਕੀਮਤੀ ਸਮਾਨ ਨਿਕਾਲ ਲੇਤੇ ਹੈਂ।

ਭਾਬੀ! ਹਮ ਬੇਬੀ ਕੀ ਸ਼ਾਦੀ ਮੇਂ ਨਹੀਂ ਆ ਸਕੇਂਗੇ ਕਿਉਂਕਿ ਰਾਜਸਥਾਨ ਮੇਂ ਜਾਕਰ ਸੰਧੂਰੀ ਕੀ ਸ਼ਾਦੀ ਕਰਨੀ ਹੈ। ਹਮਾਰੀ ਭੀ ਸ਼ਾਦੀਆਂ ਮੰਦਿਰ ਮੇਂ ਹੋਤੀ ਹੈਂ, ਹਮਾਰੇ ਖਾਨਦਾਨੀ ਭਗਤ ਸ਼ਾਦੀ ਕਰਤੇ ਹੈਂ।

ਸੰਧੂਰੀ ਕੀ ਸ਼ਾਦੀ ਕੇ ਬਾਅਦ ਹਮ ਗੁਜਰਾਤ ਚਲੇ ਜਾਏਂਗੇ। ਸ਼ਾਇਦ ਔਰ ਕੋਈ ਕਾਮ ਢੂੰਢਨਾ ਚਾਹਤੇ ਹੈਂ। ਅਬ ਇਸ ਕਮ ਮੇਂ ਮਿਹਨਤ ਜ਼ਿਆਦਾ ਔਰ ਪੈਸਾ ਕਮ ਹੈ। ਗੁਲਾਬ ਜੇਲ੍ਹ ਸੇ ਬਾਹਰ ਆ ਜਾਏਗਾ ਤੋ ਉਸ ਕੇ ਲੀਏ ਭੀ ਕਾਮ ਢੂੰਡਨਾ ਹੈ।"

ਮੇਰੀ ਸ਼ਾਦੀ ਹੋ ਗਈ, ਪਰ ਮੈਂ ਜਦੋਂ ਵੀ ਆਉਂਦੀ ਤਾਂ ਅਕਸਰ ਰੌਣਕੀ ਅਤੇ ਸੰਧੂਰੀ ਬਾਰੇ ਪੁੱਛਦੀ। ਭਾਈ ਜੀ ਨਾਂਹ ਵਿਚ ਸਿਰ ਹਿਲਾ ਦਿੰਦੇ।

ਅੱਠ ਨੌ ਸਾਲ ਬੀਤ ਗਏ। ਮੈਂ ਦੋ ਬੱਚਿਆਂ ਦੀ ਮਾਂ ਬਣ ਗਈ ਸਾਂ। ਇਸ ਦੌਰਾਨ ਦਾਦੀ ਮਾਂ ਅਤੇ ਮੇਰੇ ਪਾਪਾ ਜੀ ਹਾਰਟ ਅਟੈਕ ਕਾਰਣ ਅਗੜ ਪਿਛੜ ਸਾਡਾ ਸਾਥ ਛੱਡ ਗਏ। ਦੋਵਾਂ ਦਾ ਜਾਣਾ ਸਾਡੇ ਪਰਿਵਾਰ ਲਈ ਇੱਕ ਵੱਡਾ ਸਦਮਾ ਸੀ।

ਬੱਚਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਸਨ। ਮੈਂ ਬੱਚਿਆਂ ਨਾਲ ਕੁਝ ਦਿਨਾਂ ਲਈ ਪੇਕੀਂ ਆ ਗਈ ਕਿਉਂਕਿ ਪਾਪਾ ਜੀ ਦੇ ਵਿਛੋੜੇ ਕਾਰਣ ਭਾਈ ਜੀ ਬਹੁਤ ਉਦਾਸ ਰਹਿੰਦੇ ਸਨ। ਮੈਂ ਸੋਚਿਆ ਕਿ ਉਹ ਬੱਚਿਆਂ ਨਾਲ ਵਰਚ ਜਾਣਗੇ।

ਇੱਕ ਦਿਨ ਅਚਾਨਕ ਇੰਨੇ ਸਾਲਾਂ ਬਾਅਦ ਰੌਣਕੀ ਆਪਣੇ ਪਤੀ ਨਾਲ ਫਿਰ ਪ੍ਰਗਟ ਹੋ ਗਈ। ਦਾਦੀ ਮਾਂ ਅਤੇ ਪਾਪਾ ਜੀ ਦਾ ਸਦੀਵੀ ਜਾਣਾ ਸੁਣ ਉਹ ਭਾਈ ਜੀ ਦੇ ਗਲ ਲੱਗ ਬਹੁਤ ਰੋਈ, "ਅਰੇ ਮੈਂ ਤੋ ਡਾਕਟਰ ਸਾਹਿਬ ਕੋ ਮਿਲਨੇ ਆਈ ਥੀ, ਕੇਸਰ ਕੋ ਉਨ ਕੇ ਪਾਸ ਲਾਈ ਥੀ। ਪਿਛਲੇ ਛੇ ਮਹੀਨੇ ਸੇ ਯੇ ਕੁਛ ਖਾ ਪੀ ਨਹੀਂ ਰਹਾ। ਬਹੁਤ ਜਾਦੂ ਟੂਣੇ ਕੀਏ ਪਰ ਯੇ ਦਿਨ ਬਦਿਨ ਔਰ ਢੀਲਾ ਹੋ ਰਹਾ ਹੈ। ਯੇ ਅਪਨੇ ਆਪ ਹੀ ਕਹਿਨੇ ਲੱਗਾ ਕਿ ਮੁਝੇ ਬੇਬੀ ਕੇ ਪਾਸ ਲੇ ਚਲੋ।"

ਅਸਲ ਵਿਚ ਰੌਣਕੀ ਦੇ ਪਤੀ ਦੇ ਪੇਟ ਵਿਚ ਸਖਤ ਦਰਦ ਰਹਿਣ ਲੱਗਾ ਸੀ। ਸੰਧੂਰੀ ਦੇ ਠੀਕ ਹੋਣ ਕਾਰਣ ਉਸ ਨੂੰ ਪਾਪਾ ਜੀ 'ਤੇ ਬਹੁਤ ਹੀ ਮਾਣ ਸੀ, ਇਸ ਲਈ ਉਹ ਆਪਣੇ ਪਤੀ ਨੂੰ ਪਾਪਾ ਜੀ ਨੂੰ ਦਿਖਾਉਣ ਲਈ ਆ ਗਈ। ਰੌਣਕੀ ਦਾ ਪਤੀ ਪੀਲਾ ਭੂਕ ਹੋਇਆ ਪਿਆ ਸੀ। ਮੋਢੇ ਝੁਕੇ ਹੋਏ ਅਤੇ ਬਹੁਤ ਕਮਜ਼ੋਰ ਸੀ। ਰੌਣਕੀ ਨੇ ਦੱਸਿਆ, "ਉਸਕੋ ਭੂਖ ਨਹੀਂ ਲਗਤੀ ਔਰ ਕਬਜ਼ੀ ਕਾਰਣ ਬਹੁਤ ਪਰੇਸ਼ਾਨ ਰਹਿਤਾ ਹੈ।"

ਛੋਟਾ ਵੀਰ ਡਾਕਟਰ ਬਣ ਚੁਕਾ ਸੀ। ਉਸ ਨੇ ਕੇਸਰ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ। ਟੈਸਟਾਂ ਦਾ ਦੌਰ ਸ਼ੁਰੂ ਹੋਇਆ।

ਰੌਣਕੀ ਅਤੇ ਉਸ ਦੇ ਕੁਝ ਰਿਸ਼ਤੇਦਾਰ ਵੀ ਹਸਪਤਾਲ ਮਦਦ ਲਈ ਆ ਪਹੁੰਚੇ ਕਿਉਂਕਿ ਸ਼ੀਸ਼ ਮਹਿਲ 'ਚ ਸਭਿਆਚਾਰਕ ਮੇਲਾ ਭਰਨ ਕਰਕੇ ਉਸ ਦੇ ਰਿਸ਼ਤੇਦਾਰਾਂ ਦੇ ਕੁਝ ਕਾਫਲੇ ਆਪਣੇ ਸਭਿਆਚਾਰ ਦੀ ਨੁਮਾਇਸ਼ ਦਿਖਾਉਣ ਲਈ ਪਹੁੰਚੇ ਹੋਏ ਸਨ ਜਿਵੇਂ ਦਸਤਕਾਰੀ, ਸਿਲਪਕਾਰੀ, ਨਾਚ ਗਾਣੇ, ਤਮਾਸ਼ੇ ਦਾ ਪ੍ਰਦਰਸ਼ਨ ਕਰ ਰਹੇ ਸਨ।

ਭਾਈ ਜੀ ਦੇ ਬੱਚਿਆਂ ਬਾਰੇ ਪੁੱਛਣ 'ਤੇ ਰੌਣਕੀ ਨੇ ਦੱਸਿਆ, "ਸੰਧੂਰੀ ਅਬ ਬੰਬੇ ਮੇਂ ਹੈ ਵਹੀਂ ਵਹ ਨਾਚ ਗਾਣਾ ਕਰਤੀ ਹੈ, ਉਸ ਕੇ ਪਾਸ ਦੋ ਬੇਟੇ ਹੈਂ, ਔਰ ਅਬ ਗੁਲਾਬ ਜੇਲ੍ਹ ਸੇ ਬਾਹਰ ਆ ਗਿਆ ਹੈ, ਉਸ ਕੀ ਸ਼ਾਦੀ ਹੋ ਗਈ ਹੈ, ਉਸ ਕੀ ਬਿੰਦਣੀ ਉਮੀਦ ਸੇ ਥੀ, ਇਸ ਲੀਏ ਵੋ ਹਮਾਰੇ ਸਾਥ ਨਹੀਂ ਆਇਆ। ਅਬ ਵੋ ਸਰੀਰ ਗੋਦਨੇ ਕਾ ਕਾਮ ਕਰਤਾ ਹੈ, ਬੰਬੇ, ਗੋਆ, ਕੇਰਲਾ, ਮਦਰਾਸ ਕੇ ਬੀਚ ਪਰ ਕਾਮ ਮਿਲ ਜਾਤਾ ਹੈ, ਵਿਦੇਸ਼ੀ ਆਤੇ ਹੈਂ ਉਨ ਸੇ ਅੱਛੀ ਕਮਾਈ ਹੋ ਜਾਤੀ ਹੈ। ਅਬ ਪਲਾਸਟਿਕ ਕਾ ਰਾਜ ਹੋ ਗਿਆ ਹੈ, ਹਮਾਰਾ ਧੰਦਾ ਭੀ ਚੌਪਟ ਹੋ ਗਿਆ ਹੈ, ਅਬ ਮੈਂ ਫੂਲ ਬੇਚਨੇ ਕਾ ਕਾਮ ਕਰਤੀ ਹੂੰ ਔਰ ਕੇਸਰ ਦਰੀਆਂ, ਕੰਬਲ ਔਰ ਚਾਰਪਾਈ ਬੁਨਤਾ ਹੈ ਔਰ ਬੇਚਤਾ ਹੈ।"

ਟੈਸਟਾਂ ਦੀ ਰਿਪੋਰਟ ਆ ਗਈ ਸੀ, ਕੇਸਰ ਨੂੰ ਰੈਕਟਮ ਕੈਂਸਰ ਸੀ। ਉਸ ਲਈ ਸਰਜਨ ਡਾਕਟਰ ਨੇ ਪੇਟ ਦੀ ਸਰਜਰੀ ਕਰਨ ਨੂੰ ਕਿਹਾ, ਕੈਂਸਰ ਦਾ ਨਾਂ ਸੁਣ ਰੌਣਕੀ ਰੋ ਰੋ ਫਾਥੀ ਹੋ ਗਈ ਪਰ ਉਸ ਨੇ ਕੇਸਰ ਦੇ ਅਪਰੇਸ਼ਨ ਲਈ ਹਾਂ ਕਰ ਦਿੱਤੀ। ਉਹ ਕੇਸਰ ਦੇ ਠੀਕ ਹੋਣ ਦੀ ਦੁਆ ਕਰਨ ਲੱਗੀ। ਆਪਰੇਸ਼ਨ ਲਈ ਪੇਟ ਖੋਲ੍ਹਿਆ ਗਿਆ ਪਰ ਮੁੜ ਸੀ ਦਿੱਤਾ ਗਿਆ। ਕੈਂਸਰ ਵੱਡੀ ਧਮਣੀ 'ਚ ਫੈਲ ਚੁਕਾ ਸੀ। ਪਰ ਇਲਾਜ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੇਸਰ ਦੀ ਇਸ ਨਾਮੁਰਾਦ ਬੀਮਾਰੀ ਨੇ ਜਾਨ ਲੈ ਲਈ। ਭਾਈ ਜੀ ਕਹਿਣ ਲੱਗੇ, "ਇੱਕ ਵਾਰ ਚਾਕੂ ਲੱਗ ਜਾਏ ਤਾਂ ਕੈਂਸਰ ਜਲਦੀ ਫੈਲ ਜਾਂਦਾ ਹੈ।"

ਰੌਣਕੀ ਤਾਂ ਸੁੰਨ ਪੱਥਰ ਜਿਹੀ ਬਣ ਗਈ। ਉਹ ਕੇਸਰ ਦਾ ਰਾਜਸਥਾਨ ਸਸਕਾਰ ਕਰਨਾ ਚਾਹੁੰਦੀ ਸੀ। ਇਸ ਲਈ ਇਨ੍ਹਾਂ ਦੇ ਕੋਲ ਟਰੱਕ ਯੂਨੀਅਨ ਵਾਲਿਆਂ ਦੇ ਅਕਾਊਂਟ ਸਨ। ਇਸ ਲਈ ਰਾਜਸਥਾਨ ਜਾਣ ਵਾਲੇ ਟਰੱਕ ਦਾ ਪ੍ਰਬੰਧ ਕੀਤਾ ਅਤੇ ਕੇਸਰ ਦਾ ਪਾਰਥਿਵ ਸਰੀਰ ਬਰਫ ਦੀ ਸਿੱਲ ਟਿੱਕਾ ਦਿੱਤਾ ਗਿਆ।

ਭਾਈ ਜੀ ਨੇ ਰੌਣਕੀ ਨੂੰ ਕਲਾਵੇ 'ਚ ਲੈਂਦਿਆਂ ਕਿਹਾ, "ਭੈਣ! ਤੂੰ ਵੀ ਮੇਰੇ ਹਰੋਂ (ਵਾਂਗ) ਹੋ ਗਈ ਏਂ। ਹਾਏ ਮੈਨੂੰ ਵਿਧਵਾ ਸ਼ਬਦ ਬੜਾ ਸਪੇਰੋ (ਭੈੜਾ) ਲੱਗਦਾ ਆਇਆ! ਦੇਖ! ਡਾਕਟਰ ਸਾਹਿਬ ਬਿਨਾਹ ਜੀਉਂਦੇ ਜੀਅ ਮਰ ਗਈ ਆਂ।"

ਸੁੰਨ ਹੋਈ ਰੌਣਕੀ ਭਾਈ ਜੀ ਦਾ ਪਿਆਰ ਪਾ ਚੀਕ ਉਠੀ। ਸੜਕ 'ਤੇ ਹੀ ਬੈਠ ਛਾਤੀਆਂ ਕੁੱਟਣ ਲੱਗੀ, ਸਾਰੇ ਗਹਿਣੇ ਲਾਹ ਸੁੱਟੇ। ਉਸ ਦੀਆਂ ਚੀਕਾਂ ਨਾਲ ਧਰਤੀ ਤੇ ਅਸਮਾਨ ਹਿੱਲ ਗਿਆ। ਉਸ ਦੇ ਰੁਦਨ ਨਾਲ ਇੱਕਠੀ ਹੋਈ ਭੀੜ ਦੀਆਂ ਅੱਖਾਂ 'ਚੋਂ ਨੀਰ ਵਹਿ ਤੁਰਿਆ। ਬੜੀ ਮੁਸ਼ਕਿਲ ਨਾਲ ਉਸ ਨੂੰ ਟਰੱਕ 'ਚ ਬਿਠਾਇਆ।

ਰੌਣਕੀ ਚਲੀ ਗਈ, ਉਹ ਮੁੜ ਕਦੀ ਵੀ ਨਾ ਆਈ ਪਰ ਮਾਸੀ ਰੌਣਕੀ ਮੇਰੀਆਂ ਯਾਦਾਂ 'ਚੋਂ ਕਦੀ ਮਨਫੀ ਨਹੀਂ ਹੋਈ। ਹੁਣ ਵੀ ਮੇਰੀ ਰੂਹ ਹਮੇਸ਼ਾਂ ਉਸ ਨੂੰ ਆਵਾਜ਼ਾਂ ਦਿੰਦੀ ਹੈ, ਇੱਕ ਵਾਰ ਫੇਰ ਆਵਾਜ਼ ਦੇਹ, "ਬੇਬੀਏ! ਅਰੇ ਬੇਬੀ!! ਤੁਮ ਘਰ ਮੇਂ ਹੋ...? ਮੈਂ ਰੌਣਕੀ!"

# ਬੁੱਕਲ ਰੁੱਸ ਜਾਵੇ ਤਾਂ...


ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਉਨ੍ਹਾਂ ਕਿਸੇ ਪਿਆਰੇ ਦੇ ਤੁਰ ਜਾਣ ਦੇ ਦਰਦ ਨੂੰ ਬੇਹਦ ਕਰੁਣਾਮਈ ਤਰੀਕੇ ਨਾਲ ਬਿਆਨਿਆ ਹੈ ਜਿਸ ਨੂੰ ਪੜ੍ਹ ਕੇ ਪਾਠਕ ਦੇ ਅੱਥਰੂ ਆਪ ਮੁਹਾਰੇ ਵਹਿ ਤੁਰਦੇ ਹਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਰੱਬ ਅੱਗੇ ਤਰਲਾ ਲਿਆ ਹੈ, ਕਦੇ ਨਾ ਰੁੱਸੇ ਕਿਸੇ ਬਾਲ ਦੀ ਨਿੱਘੀ ਬੁੱਕਲ। ਕਦੇ ਦੂਰ ਨਾ ਜਾਵੇ ਤਿੱਖੜ ਦੁਪਹਿਰਾਂ ਵਿਚ ਲੋੜੀਂਦੀ ਠੰਢੀ ਛਾਂ, ਉਨੀਂਦਰੇ ਨੈਣਾਂ ਲਈ ਲੋਰੀ ਸੁਣਾਉਂਦੀ ਮਾਂ, ਰਾਹ-ਦਸੇਰਾ ਬਣਨ ਵਾਲੀ ਆਗੋਸ਼ ਦੀ ਰਹਿਨੁਮਾਈ ਅਤੇ ਲਾਡ ਲਡਾਉਣ ਵਾਲੀ ਮਮਤਾਈ। ਕਦੇ ਨਾ ਖਫਾ ਹੋਵੇ ਵਾਲਾਂ ਵਿਚ ਹੱਥ ਫੇਰਨ ਵਾਲੇ ਪਲਾਂ ਦਾ ਬਸੇਰਾ, ਤੀਲਾ ਤੀਲਾ ਨਾ ਹੋਵੇ ਸੁਪਨਿਆਂ ਦਾ ਡੇਰਾ ਅਤੇ ਨਾ ਹੀ ਮਾਤਮੀ ਚੁੱਪ ਹੰਢਾਵੇ ਨਿੱਕੀਆਂ ਪਰ ਕੋਸੀਆਂ ਕੋਸੀਆਂ ਗੱਲਾਂ ਅਤੇ ਉਨ੍ਹਾਂ ਦਾ ਹੁੰਗਾਰਾ। ਕੋਈ ਨਾ ਉਜਾੜੇ ਬਾਪ ਦੇ ਸ਼ਮਲੇ ਦੀ ਉਚੀ ਸ਼ਾਨ, ਵੀਰਾਂ ਦਾ ਤੂਤ ਦੇ ਮੋਛੇ ਜਿਹਾ ਮਾਣ ਅਤੇ ਭੈਣਾਂ ਦਾ ਪੇਕੇ ਘਰ ਵਿਚ ਸਨਮਾਨ। -ਸੰਪਾਦਕ***

ਰੰਗੀਂ ਵੱਸਦਾ ਪਰਿਵਾਰ। ਜੀਵਨ ਦੀਆਂ ਸਭੇ ਨਿਆਮਤਾਂ ਨਾਲ ਮਾਲੋ-ਮਾਲ। ਸਮਾਜ ਵਿਚ ਚੰਗਾ ਰੁਤਬਾ। ਘਰ ਵਿਚ ਮੋਹ-ਮੁਹੱਬਤ ਦਾ ਭਰ ਵਗਦਾ ਦਰਿਆ। ਹਰ ਇਕ ਲਈ ਘਰ ਦੇ ਦਰਵਾਜੇ ਖੁੱਲ੍ਹੇ। ਲੋੜਵੰਦ ਲਈ ਮਦਦਗਾਰ। ਘਰ ਗਿਆ ਕਦੇ ਵੀ ਖਾਲੀ ਝੋਲੀ ਨਾ ਮੁੜਦਾ। ਇਕ ਸਵੇਰ ਘਰ ਵਾਲੇ ਦੇ ਜਰਾ ਕੁ ਦਰਦ ਹੋਈ ਅਤੇ ਘੰਟੇ ਵਿਚ ਹੀ ਉਹ ਰੱਬ ਨੂੰ ਪਿਆਰਾ ਹੋ ਗਿਆ। ਵੱਸਦੇ ਰੱਸਦੇ ਘਰ ਵਿਚ ਪੈ ਗਿਆ ਰੋਣਾ-ਧੋਣਾ ਅਤੇ ਚੀਕ ਚਿਹਾੜਾ। ਖੁਸ਼ੀਆਂ ਨੂੰ ਲੱਗ ਗਈ ਨਜ਼ਰ ਅਤੇ ਝੁਲਸੀ ਗਈ ਚਾਵਾਂ ਦੀ ਭਰਪੂਰ ਫਸਲ। ਸਦਾ ਲਈ ਬਹੁਤ ਦੂਰ ਤੁਰ ਗਈ ਇਕ ਨਿੱਘੀ ਬੁੱਕਲ ਜਿਸ ਨੇ ਕਦੇ ਵੀ ਪਰਤ ਕੇ ਘਰ-ਪਰਿਵਾਰ ਦੀ ਸਾਰ ਨਹੀਂ ਲੈਣੀ।

ਬੁੱਕਲ ਜਦ ਰੁੱਸਦੀ ਏ ਤਾਂ ਬਹੁਤ ਕੁਝ ਰੁੱਸ ਕੇ ਬਹਿ ਜਾਂਦਾ ਏ। ਜੀਵਨ ਦੇ ਬਦਲ ਜਾਂਦੇ ਨੇ ਅਰਥ। ਘਰ ਨੂੰ ਆਪਣੀ ਹੋਂਦ ਦਾ ਅਹਿਸਾਸ ਹੀ ਗਵਾਰਾ ਨਹੀਂ ਹੁੰਦਾ। ਨਾ ਹੀ ਘਰ ਵੱਲ ਨੂੰ ਪਰਤਦੀਆਂ ਪੈੜਾਂ ਨੂੰ ਦਰਾਂ ਵਿਚ ਚੋਇਆ ਜਾਣ ਵਾਲਾ ਤੇਲ ਅਤੇ ਡੋਲ੍ਹਿਆ ਜਾਣ ਵਾਲਾ ਪਾਣੀ ਨਸੀਬ ਹੁੰਦਾ ਏ। ਸੱਖਣੇ ਦਰਾਂ ਦੀ ਜੂਨ ਵਿਚ ਸਦੀਵੀ ਹਉਕੇ ਧਰੇ ਜਾਂਦੇ ਨੇ।

ਬੁੱਕਲ ਜੇ ਕੁਝ ਚਿਰ ਲਈ ਵੀ ਰੁੱਸ ਜਾਵੇ ਤਾਂ ਮੁਰਝਾ ਜਾਂਦੇ ਨੇ ਸੱਧਰਾਂ ਦੇ ਸਬਜ-ਬਾਗ। ਆਪਣੀ ਰੰਗਤ ਨੂੰ ਗਵਾ ਬਹਿੰਦੇ ਨੇ ਲਹਿਰਾਉਂਦੇ ਮਹਿੰਦੀ ਦੇ ਬੂਟੇ ਅਤੇ ਰੀਝਾਂ ਦੀ ਸੰਦਲੀ ਬਹਾਰ 'ਤੇ ਉਤਰ ਆਉਂਦੀ ਏ ਪਤਝੜ। ਮਿੱਠੜੇ ਬੋਲਾਂ ਸੰਗ ਲਰਜ਼ਦੇ ਕਮਰਿਆਂ ਵਿਚ ਪਸਰ ਜਾਂਦੀ ਏ ਚੁੱਪ ਅਤੇ ਨਿੱਕੇ ਨਿੱਕੇ ਹਾਸਿਆਂ ਦੀ ਨਗਰੀ ਵਿਚ ਲੱਗ ਜਾਂਦਾ ਏ ਖਾਮੋਸ਼ੀ ਦਾ ਪਹਿਰਾ।

ਪਰ ਜੇ ਬੁੱਕਲ ਸਦਾ ਲਈ ਹੀ ਰੁੱਸ ਕੇ ਦੂਰ ਚਲੀ ਜਾਵੇ ਤਾਂ ਪੱਲੇ ਵਿਚ ਸਿਰਫ ਕੁਝ ਹਉਕੇ ਅਤੇ ਹਾਵੇ ਹੀ ਬੱਚਦੇ ਨੇ। ਕੁਝ ਬਚਦੀਆਂ ਨੇ ਯਾਦਾਂ ਅਤੇ ਕੁਝ ਕੁ ਬਚਦੇ ਨੇ ਪਲਾਂ ਦੇ ਵਿਸਥਾਰ ਜਿਨ੍ਹਾਂ ਦੇ ਸਹਾਰੇ ਢੋਣਾ ਪੈਂਦਾ ਏ ਜ਼ਿੰਦਗੀ ਦਾ ਭਾਰ। ਤਰਸ ਦੀ ਪਾਤਰ ਬਣ ਕੇ ਭਲਾ ਕਿੰਨੇ ਕੁ ਸਾਹਾਂ ਨੂੰ ਜਿਉਣ ਦੀ ਦਾਅਵਤ ਦਿੱਤੀ ਜਾ ਸਕਦੀ ਏ!

ਜੇ ਇਹ ਬੁੱਕਲ ਸਿਰ ਦਾ ਸਾਈਂ ਹੋਵੇ ਤਾਂ ਸਿਰ 'ਤੇ ਫੈਲ ਜਾਂਦੀ ਏ ਚਿੱਟੀ ਚੁੰਨੀ। ਭੱਜ ਜਾਂਦੀਆਂ ਨੇ ਚੂੜੀਆਂ ਅਤੇ ਸਦਾ ਲਈ ਅੱਖਾਂ ਵਿਚ ਲਟਕਦੇ ਨੇ ਹੰਝੂ। ਹਵਾ ਵਿਚ ਉਡ ਜਾਂਦਾ ਏ ਸੰਧੂਰ। ਸੁੰਨੀ ਸੇਜ 'ਤੇ ਵੱਢ ਵੱਢ ਖਾਂਦਾ ਏ ਇਕੱਲਾਪਣ। ਹਰ ਰਾਤ ਸਿਰਜਦੀ ਏ ਅੱਖਾਂ ਵਿਚ ਸੁਪਨਿਆਂ ਦੀ ਕਤਲਗਾਹ ਅਤੇ ਹਰ ਸਰਘੀ ਰੋਂਦੀ ਹੋਈ ਦਰਾਂ 'ਤੇ ਦਸਤਕ ਦਿੰਦੀ ਏ। ਘਰ ਦੀ ਹਰ ਜਿੰਮੇਵਾਰੀ ਦਾ ਬੋਝ ਚੁੱਕਣ ਵਾਲੇ ਰਹਿਬਰ ਦੀ ਗੁੰਮਸ਼ੁਦਗੀ ਪਹਾੜ ਬਣ ਕੇ ਜ਼ਿੰਦਗੀ ਦਾ ਬੋਝ ਬਣਦੀ ਏ।

ਮਾਂ ਦੀ ਨਿੱਘੀ ਬੁੱਕਲ ਰੁੱਸ ਜਾਵੇ ਤਾਂ ਸਾਹਾਂ ਵਿਚ ਉਗਦੀਆਂ ਨੇ ਸਿਸਕੀਆਂ। ਬੋਲਾਂ ਵਿਚ ਪਨਪ ਪੈਂਦੇ ਨੇ ਹਾਵੇ ਅਤੇ ਚੇਤਿਆਂ ਵਿਚੋਂ ਸਦੀਵੀ ਗੁੰਮ ਜਾਂਦੇ ਨੇ ਦਾਅਵੇ। ਕਦਮਾਂ ਵਿਚ ਫੈਲ ਜਾਂਦੀਆਂ ਨੇ ਖਾਈਆਂ ਅਤੇ ਮਨ ਦੇ ਸੁਨਹਿਰੀ ਅੰਬਰ 'ਤੇ ਛਾ ਜਾਂਦੀਆਂ ਨੇ ਬੱਦਲਵਾਈਆਂ। ਸੌਂ ਜਾਂਦੀ ਏ ਨਸੀਹਤਾਂ ਅਤੇ ਸਿਆਣਪਾਂ ਦੀ ਜਾਗਦੀ ਅੱਖ। ਹਰ ਗਲਤ ਕਦਮ ਨੂੰ ਉਠਣ ਤੋਂ ਹੋੜਨ ਵਾਲੀ ਬੇਲਾਗ ਅਤੇ ਦਮਦਾਰ ਆਵਾਜ਼ ਚੁੱਪ ਦੀ ਜੂਨ ਹੰਢਾਉਂਦੀ ਅਤੇ ਮਨ ਦੇ ਚਹੁੰ-ਕੂੰਟੀਂ ਮਾਤਮੀ ਸੁੰਨ ਦਾ ਪਹਿਰਾ ਲਾਉਂਦੀ। ਜ਼ਿੰਦਗੀ ਦੀਆਂ ਨਰੋਈਆਂ ਕਦਰਾਂ ਕੀਮਤਾਂ ਦਾ ਇਲਹਾਮੀ ਸੰਦੇਸ਼ ਪੌਣਾਂ ਵਿਚ ਆਪਣੀ ਹੋਂਦ ਲਈ ਸਹਿਕਦਾ ਅਤੇ ਟੁੱਟਦੇ ਸਾਹਾਂ ਦੀ ਤੰਦੀ ਦਾ ਇਕ ਟੋਟਾ ਤਿੜਕਣ ਤੋਂ ਪਹਿਲਾਂ ਆਖਰੀ ਕੁਝ ਕੁ ਪਲਾਂ ਲਈ ਟਹਿਕਦਾ।

ਕੁਝ ਸਾਲ ਹੋਏ ਇਕ ਫੋਟੋ ਜਿਸ ਵਿਚ ਇਕ ਬਿਸ਼ਨੋਈ ਔਰਤ ਆਪਣੇ ਬੱਚੇ ਅਤੇ ਮਾਂ ਮਛੋਰ ਹਿਰਨ ਦੇ ਬੱਚੇ ਨੂੰ ਇਕੱਠਿਆਂ ਦੁੱਧ ਚੁੰਘਾ ਰਹੀ ਸੀ, ਨੇ ਅੰਤਰਰਾਸ਼ਟਰੀ ਪੱਧਰ 'ਤੇ ਬਿਹਤਰੀਨ ਫੋਟੋ ਦਾ ਰੁਤਬਾ ਹਾਸਲ ਕੀਤਾ ਸੀ। ਕੁਦਰਤ ਕਿੰਨੀ ਬੇਅੰਤ ਏ ਕਿ ਜਦ ਇਕ ਮਾਂ ਖੁੱਸ ਗਈ ਤਾਂ ਇਕ ਮਮਤਾ ਹੋਰ ਜਾਗ ਪਈ ਅਤੇ ਉਸ ਮਮਤਾ ਨੇ ਮਾਨਵਤਾ ਤੋਂ ਉਪਰ ਉਠ ਕੇ ਇਕ ਹਿਰਨ ਦੇ ਬੱਚੇ ਨੂੰ ਮਮਤਾ ਦਾ ਨਿੱਘ ਅਤੇ ਚੋਗ ਦੇਣ ਦਾ ਪਰਮ-ਧਰਮ ਨਿਭਾਇਆ। ਮਮਤਾਈ ਲੋਰ ਵਿਚ ਲਬਰੇਜ਼ ਅਜਿਹੀਆਂ ਮਾਂਵਾਂ ਹੀ ਸਰਬ-ਮਾਂ ਦਾ ਮਾਣ ਹਾਸਲ ਕਰਕੇ ਮਾਨਵ ਜਾਤੀ ਦਾ ਮਾਣ ਬਣਦੀਆਂ ਨੇ। ਅਜਿਹੀਆਂ ਮਾਂਵਾਂ ਦੂਰ ਤੁਰ ਗਈ ਨਿੱਘੀ ਬੁੱਕਲ ਦਾ ਦਰਦ ਚੂਸ ਕੇ ਖੇੜਿਆਂ ਅਤੇ ਖੁਸ਼ੀਆਂ ਦਾ ਖਜਾਨਾ ਮਾਂ ਮਛੋਰਾਂ ਦੀ ਝੋਲੀ ਪਾਉਂਦੀਆਂ ਨੇ।

***ਬੁੱਕਲ ਜੇ ਕੁਝ ਚਿਰ ਲਈ ਵੀ ਰੁੱਸ ਜਾਵੇ ਤਾਂ ਮੁਰਝਾ ਜਾਂਦੇ ਨੇ ਸੱਧਰਾਂ ਦੇ ਸਬਜ-ਬਾਗ। ਆਪਣੀ ਰੰਗਤ ਨੂੰ ਗਵਾ ਬਹਿੰਦੇ ਨੇ ਲਹਿਰਾਉਂਦੇ ਮਹਿੰਦੀ ਦੇ ਬੂਟੇ ਅਤੇ ਰੀਝਾਂ ਦੀ ਸੰਦਲੀ ਬਹਾਰ 'ਤੇ ਉਤਰ ਆਉਂਦੀ ਏ ਪਤਝੜ। ਮਿੱਠੜੇ ਬੋਲਾਂ ਸੰਗ ਲਰਜ਼ਦੇ ਕਮਰਿਆਂ ਵਿਚ ਪਸਰ ਜਾਂਦੀ ਏ ਚੁੱਪ ਅਤੇ ਨਿੱਕੇ ਨਿੱਕੇ ਹਾਸਿਆਂ ਦੀ ਨਗਰੀ ਵਿਚ ਲੱਗ ਜਾਂਦਾ ਏ ਖਾਮੋਸ਼ੀ ਦਾ ਪਹਿਰਾ।***

ਜਦ ਕੋਈ ਔਰਤ ਆਪਣੀ ਕਰਨੀਆਂ ਭੋਗਦੀ ਜਾਂ ਸਮਾਜ ਦੀ ਸਤਾਈ ਆਪਣੀ ਕੁੱਖ ਵਿਚਲੇ ਜੀਵ ਨੂੰ ਕਿਸੇ ਗੰਦਗੀ ਦੇ ਢੇਰ 'ਤੇ ਸੁੱਟਦੀ ਏ ਜਾਂ ਲਾਵਾਰਸ ਛੱਡ ਕੇ ਅਲੋਪ ਹੋ ਜਾਂਦੀ ਏ ਤਾਂ ਕੋਈ ਰਹਿਮ-ਦਿਲ ਉਸ ਨੂੰ ਆਪਣੇ ਗਲ ਨਾਲ ਲਾਉਂਦਾ, ਉਸ ਲਈ ਮਾਂ-ਬਾਪ ਬਣਦਾ, ਉਸ ਨੂੰ ਦੁਨੀਆਂ ਦੇ ਤਮਾਮ ਸੁੱਖ ਦੇਣ ਵਿਚ ਆਪਣੇ ਆਪ ਨੂੰ ਵਡਭਾਗਾ ਸਮਝਦਾ ਏ। ਵੱਖੋ-ਵੱਖਰੇ ਸ਼ਹਿਰਾਂ ਵਿਚ ਕਰਮਯੋਗੀਆਂ ਵਲੋਂ ਚਲਾਏ ਜਾ ਰਹੇ ਲਾਵਰਸ ਬੱਚੇ-ਬੱਚੀਆਂ ਲਈ ਅਦਾਰੇ ਦਰਅਸਲ ਮਾਨਵਤਾ ਦੀ ਸੱਚੀ-ਸੁੱਚੀ ਸੇਵਾ ਨੂੰ ਸਮਰਪਿਤ ਹਨ। ਉਨ੍ਹਾਂ ਦੀ ਜੀਵਨ-ਸ਼ੈਲੀ ਵਿਚ ਕਿਸੇ ਨੂੰ ਸਾਹ ਬਖਸ਼ਣ ਦੀ ਤਮੰਨਾ ਭਾਰੂ ਹੁੰਦੀ ਏ ਅਤੇ ਉਹ ਚਾਹੁੰਦੇ ਨੇ ਧਰਤ 'ਤੇ ਆਇਆ ਹਰ ਜੀਵ ਆਪਣੀ ਅਉਧ ਮਾਣੇ।

ਕਈਆਂ ਲਈ ਝੋਂਪੜੀ ਇਕ ਗੋਦ, ਮਾੜੇ ਵਕਤਾਂ ਲਈ ਠਾਹਰ। ਭੈੜੇ ਪਲਾਂ ਵਿਚ ਕੁਝ ਕੁ ਸੁਖਨ ਦਾ ਸਬੱਬ। ਜਦ ਇਕ ਮਾਂ ਸੜਕ ਦੇ ਕੰਢੇ ਦਿਹਾੜੀ ਕਰਨ ਵਿਚ ਰੁੱਝੀ ਹੁੰਦੀ ਏ ਤਾਂ ਗੋਦ ਟੋਕਰੀ ਦਾ ਰੂਪ ਧਾਰ ਕਿਸੇ ਦਰੱਖਤ ਦੀ ਚਿੱਤਕਬਰੀ ਛਾਂ ਵਿਚ ਸੁਖਨ ਦਾ ਅਹਿਸਾਸ, ਨਵਜਾਤ ਦੀ ਮਾਸੂਮ ਸੋਚ ਵਿਚ ਧਰ ਜਾਂਦੀ ਏ ਅਤੇ ਉਸ ਲਈ ਅਸਲੀ ਗੋਦ ਸਿਰਫ ਕੁਝ ਪਲਾਂ ਦਾ ਹੀ ਨਿੱਘ ਬਣ ਕੇ ਰਹਿ ਜਾਂਦੀ ਏ।

ਧਾਰਮਿਕ ਦੰਗੇ ਗੋਦਾਂ ਨੂੰ ਮਲੀਆਮੇਟ ਵੀ ਕਰਦੇ ਅਤੇ ਗੋਦਾਂ ਸੁੰਨੀਆਂ ਵੀ ਕਰਦੇ। ਬੰਬਾਂ ਦੇ ਸਾਏ ਵਿਚ ਸਹਿਮ ਜਾਂਦੀਆਂ ਨੇ ਨਿੱਘੀਆਂ ਬੁੱਕਲਾਂ। ਕਿਸੇ ਜ਼ਾਲਮ ਦੀ ਦੋ-ਧਾਰੀ ਤਲਵਾਰ ਦੋਫਾੜ ਕਰ ਦਿੰਦੀ ਏ, ਛਾਂ ਅਤੇ ਨਿੱਘ ਦੇ ਗੋਦਨੁਮਾ ਭੰਡਾਰ ਨੂੰ। ਹਾਕਮ ਨੂੰ ਕੀ ਸਾਰ ਏ ਕਿ ਕਿੰਨੇ ਮਾਸੂਮ ਆਪਣੀ ਮਾਂ ਦੀ ਗੋਦ ਤੋਂ ਵਿਰਵੇ ਹੋ ਜਾਂਦੇ ਨੇ, ਕਿੰਨੀਆਂ ਲੋਰੀਆਂ ਹਉਕੇ ਬਣ ਜਾਂਦੀਆਂ ਨੇ, ਕਿੰਨੇ ਮਾਸੂਮਾਂ ਦੇ ਹਾਸਿਆਂ ਵਿਚ ਹਿਚਕੀਆਂ ਦੀ ਗੂੰਜ ਪੈਦਾ ਹੁੰਦੀ ਏ, ਕਿੰਨਿਆਂ ਦੀਆਂ ਸ਼ਰਾਰਤਾਂ ਵਿਚ ਲੇਰਾਂ ਜਜ਼ਬ ਹੋ ਜਾਂਦੀਆਂ ਨੇ, ਕਿੰਨਿਆਂ ਦੀਆਂ ਬਾਲ-ਖੇਡਾਂ ਰੁੱਸ ਜਾਂਦੀਆਂ ਨੇ ਅਤੇ ਕਿੰਨੇ ਕੋਮਲ-ਭਾਵੀ ਬਚੂੰਗੜਿਆਂ ਦੀ ਕਾਗਜ਼ ਦੀ ਬੇੜੀ ਤੈਰਨ ਤੋਂ ਪਹਿਲਾਂ ਹੀ ਗਲ੍ਹ ਜਾਂਦੀ ਏ ਅਤੇ ਕਿੰਨਿਆਂ ਦੇ ਗਲਾਂ ਵਿਚ ਸਹਿਮ ਜਾਂਦੀ ਏ ਕਿਲਕਾਰੀ। ਕਿਸੇ ਹਾਕਮ ਨੂੰ ਕੋਈ ਸਰੋਕਾਰ ਨਹੀਂ ਇਸ ਨਾਲ। ਸਿਰਫ ਕੁਰਸੀ ਸਲਾਮਤ ਰਹਿਣੀ ਚਾਹੀਦੀ ਏ।

ਬਚਪਨੇ ਵਿਚ ਰੁੱਸੀ ਹੋਈ ਗੋਦ, ਮਾਨਸਿਕ ਉਲਝਣਾਂ ਦਾ ਮੁੱਢ, ਅਸਾਵੀਂ ਸ਼ਖਸੀਅਤ ਦਾ ਵਿਕਾਸ, ਮਾਨਵੀ ਕਰਮ ਦਾ ਵਿਨਾਸ਼, ਸਮਾਜਿਕ ਕਦਰਾਂ-ਕੀਮਤਾਂ ਦਾ ਨਿਘਾਰ, ਮਾਰੂ ਬਿਰਤੀਆਂ ਦਾ ਉਲਾਰ, ਆਪਸੀ ਖਿਚੋਤਾਣ ਦਾ ਆਧਾਰ ਅਤੇ ਪਲ ਪਲ ਖੁਰ ਰਿਹਾ ਕਿਰਦਾਰ। ਅੰਦਰੋਂ ਅੰਦਰ ਤਿੜਕ ਰਹੇ ਵਿਅਕਤੀ ਦਾ ਕਿਸੇ ਨੂੰ ਕੋਈ ਪਤਾ ਨਹੀਂ ਲੱਗਦਾ ਅਤੇ ਨਾ ਜੱਗ ਜ਼ਾਹਰ ਹੁੰਦਾ ਏ। ਦੁਨੀਆਂ ਨੂੰ ਪਤਾ ਹੀ ਸਿਰਫ ਉਦੋਂ ਲੱਗਦਾ ਏ ਜਦ ਉਹ ਚਾਰ ਮਿੱਤਰਾਂ ਦੇ ਕੰਧਾੜੇ ਚੜ੍ਹ ਕੇ ਸਿਵਿਆਂ ਦਾ ਰਾਹ ਮੱਲਦਾ ਏ। ਕੁਝ ਚਿਰ ਉਸ ਦੀ ਗੱਲਾਂ ਹੋਣ ਤੋਂ ਬਾਅਦ ਜ਼ਮਾਨਾ ਉਸ ਨੂੰ ਸਦਾ ਲਈ ਭੁਲਾ ਦਿੰਦਾ ਏ ਕਿਉਂਕਿ ਕਿਸੇ ਦੀ ਲਾਸ਼ 'ਤੇ ਪੈਰ ਧਰ ਕੇ ਅੱਗੇ ਵੱਧਣਾ, ਅਜੋਕੇ ਮਾਹੌਲ ਦੀ ਫਿਤਰਤ ਏ।

ਬੜੀ ਤੇਜ ਰਫਤਾਰ ਨਾਲ ਰੁੱਸ ਜਾਂਦੀਆਂ ਨੇ ਇਹ ਗੋਦਾਂ ਜਦ ਕਿਸੇ ਮਜ਼ਲੂਮ ਦੇ ਸਿਰ ਦਾ ਦੁਪੱਟਾ ਲੀਰੋ-ਲੀਰ ਕੀਤਾ ਜਾਂਦਾ ਏ, ਕਿਸੇ ਦੀ ਅਜ਼ਮਤ ਦੀ ਨਿਲਾਮੀ ਕੀਤੀ ਜਾਂਦੀ ਏ, ਕਾਨੂੰਨ ਦੇ ਰਖਵਾਲੇ ਦਰਿੰਦਿਆਂ ਦਾ ਭੇਸ ਬਦਲ ਲੈਂਦੇ ਨੇ ਜਾਂ ਕੁਝ ਸਿੱਕਿਆਂ ਵਿਚ ਤੋਲੀ ਜਾਂਦੀ ਏ ਕਿਸੇ ਗਰੀਬ ਦੀ ਇੱਜਤ। ਪੋਹ ਦੀ ਚਾਨਣੀ ਜਿਹੀ ਗਰੀਬ ਦੀ ਧੀ ਨੂੰ ਚੌਰਾਹੇ ਵਿਚ ਬੇਇੱਜਤ ਕੀਤਾ ਜਾਂਦਾ ਏ, ਜਗੀਰੂ ਸੋਚ ਦੇ ਆਰਿਆਂ ਨਾਲ ਚੀਰਿਆ ਜਾਂਦਾ ਏ ਸੁਹਾਗ ਦਾ ਸੰਧੂਰ।

ਬਹੁਤ ਡੂੰਘਾ ਹੁੰਦਾ ਏ ਰੁੱਸੀਆਂ ਗੋਦਾਂ ਦਾ ਗਮ ਸਹਿ ਰਹੇ ਲੋਕਾਂ ਦਾ ਦਰਦ। ਖੁਸ਼ੀ ਦੇ ਪਲਾਂ 'ਚ ਕਿਸ ਪੀੜ ਨਾਲ ਚੀਰਿਆ ਜਾਂਦਾ ਹੋਵੇਗਾ ਮਾਂ-ਪਿਉ, ਭੈਣ-ਭਰਾ ਬਾਹਰੇ ਉਸ ਨੌਜਵਾਨ ਦਾ ਹਿਰਦਾ ਜੋ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਘੋੜੀ ਚੜ੍ਹਦਾ ਏ। ਉਸ ਦੇ ਅੰਤਰੀਵ ਦੀ ਚੀਸ ਦਾ ਸਿਰਫ ਉਹੀ ਕਿਆਸ ਕਰ ਸਕਦਾ ਏ ਜੋ ਅਜਿਹੀ ਤ੍ਰਾਸਦੀ ਦਾ ਸ਼ਿਕਾਰ ਹੋਇਆ ਹੋਵੇ। ਸੰਵੇਦਨਸ਼ੀਲ ਮਨ ਸਿਰਫ ਖੁਦਾ ਅੱਗੇ ਅਰਦਾਸ ਹੀ ਕਰ ਸਕਦਾ ਏ ਕਿ ਕਿਸੇ ਨੂੰ ਵੀ ਅਜਿਹੇ ਦੁਖਦਾਈ ਵਕਤ ਦੇ ਰੂਬਰੂ ਨਾ ਹੋਣਾ ਪਵੇ। ਅਜਿਹੇ ਵਕਤ ਸ਼ਗਨ ਮਨਾਉਣ ਵਾਲੀਆਂ ਮਾਂਵਾਂ, ਮਾਣ-ਮੱਤੇ ਬਾਬਲ ਦਾ ਤੁਰਲਾ, ਚਾਅ ਵਿਚ ਬੁੱਲਬੁਲੀ ਚੀਕ ਬਣਨ ਵਾਲੇ ਵੀਰੇ ਅਤੇ ਵਾਗ ਫੜ੍ਹਨ ਵਾਲੀਆਂ ਭੈਣਾਂ ਬਹੁਤ ਸ਼ਿੱਦਤ ਨਾਲ ਯਾਦ ਆਉਂਦੀਆਂ, ਅੱਥਰੂ-ਅੱਥਰੂ ਕਰ ਜਾਂਦੀਆਂ ਨੇ।

ਅਜਿਹੇ ਸਮੇਂ ਵਿਚ ਖੁਦ ਦੀ ਜਾਮਾ ਤਲਾਸ਼ੀ ਕਰਕੇ ਆਪਣੇ ਆਪੇ ਨੂੰ ਸਮਿਆਂ ਦੇ ਹਾਣ ਦਾ ਬਣਾਉਣ ਵਾਲੇ ਲੋਕ ਹੀ ਤਹਿਜ਼ੀਬ ਦਾ ਮੁਹਾਂਦਰਾ ਸਿਰਜਦੇ ਨੇ। ਉਨ੍ਹਾਂ ਦੀਆਂ ਰੋਸ਼ਨ ਪੈੜਾਂ ਵਿਚ ਕਾਫਲਿਆਂ ਦੇ ਰਾਹ ਵੀ ਰੁਸ਼ਨਾ ਜਾਂਦੇ ਅਤੇ ਉਹ ਕਈ ਪੀੜ੍ਹੀਆਂ ਲਈ ਰੋਲ ਮਾਡਲ ਬਣ ਜਾਂਦੇ। ਅਜਿਹੇ ਵਿਅਕਤੀਆਂ ਨੂੰ ਗੁੰਮੀ ਗੋਦ ਦਾ ਗਹਿਰਾ ਅਹਿਸਾਸ ਹੁੰਦਾ ਅਤੇ ਕਿਸੇ ਦੇ ਦਰਦ ਵਿਚ ਉਨ੍ਹਾਂ ਦੀ ਅੱਖ ਸਿੰਮਦੀ ਏ। ਉਨ੍ਹਾਂ ਦੀ ਕਰਮ-ਸਾਧਨਾ, ਕਿਸੇ ਵੀ ਕੌਮ ਲਈ ਅਜ਼ੀਮ ਖਜਾਨਾ। ਉਨ੍ਹਾਂ ਦੇ ਜੀਵਨ-ਦਿਸਹੱਦਿਆਂ ਨੂੰ ਆਪਣੇ ਮੱਥਿਆਂ 'ਤੇ ਉਕਰਨ ਵਾਲੇ ਲੋਕ ਨਵੀਂ ਸਿਰਜਣਾ ਦਾ ਰਾਹ ਪੱਧਰਾ ਕਰਦੇ ਨੇ। ਰੁੱਸੀਆਂ ਗੋਦਾਂ ਦੀ ਰਹਿੰਦ-ਖੂੰਹਦ ਵਿਚੋਂ ਹੀ ਪਨਪਦੇ ਨੇ ਇਤਿਹਾਸ, ਫਿਜ਼ਾ ਵਿਚ ਪਸਰੀ ਹੋਈ ਮਹਿਕ ਬਣਦੇ ਅਤੇ ਪੌਣਾਂ ਦੇ ਪਿੰਡਿਆਂ 'ਤੇ ਨਵੀਆਂ ਪੈੜਾਂ ਦੀ ਕਲਾ-ਨਿਕਾਸ਼ੀ ਕਰਦੇ।

ਰੱਬ ਕਰੇ ਕਦੇ ਨਾ ਰੁੱਸੇ ਕਿਸੇ ਬਾਲ ਦੀ ਨਿੱਘੀ ਬੁੱਕਲ। ਕਦੇ ਦੂਰ ਨਾ ਜਾਵੇ ਤਿੱਖੜ ਦੁਪਹਿਰਾਂ ਵਿਚ ਲੋੜੀਂਦੀ ਠੰਢੀ ਛਾਂ, ਉਨੀਂਦਰੇ ਨੈਣਾਂ ਲਈ ਲੋਰੀ ਸੁਣਾਉਂਦੀ ਮਾਂ, ਰਾਹ-ਦਸੇਰਾ ਬਣਨ ਵਾਲੀ ਆਗੋਸ਼ ਦੀ ਰਹਿਨੁਮਾਈ ਅਤੇ ਲਾਡ ਲਡਾਉਣ ਵਾਲੀ ਮਮਤਾਈ। ਕਦੇ ਨਾ ਖਫਾ ਹੋਵੇ ਵਾਲਾਂ ਵਿਚ ਹੱਥ ਫੇਰਨ ਵਾਲੇ ਪਲਾਂ ਦਾ ਬਸੇਰਾ, ਤੀਲਾ ਤੀਲਾ ਨਾ ਹੋਵੇ ਸੁਪਨਿਆਂ ਦਾ ਡੇਰਾ ਅਤੇ ਨਾ ਹੀ ਮਾਤਮੀ ਚੁੱਪ ਹੰਢਾਵੇ ਨਿੱਕੀਆਂ ਪਰ ਕੋਸੀਆਂ ਕੋਸੀਆਂ ਗੱਲਾਂ ਅਤੇ ਉਨ੍ਹਾਂ ਦਾ ਹੁੰਗਾਰਾ।



ਚਾਰੇ ਪਾਸੇ ਛਾ ਜਾਂਦਾ ਏ ਹਨੇਰ ਜਦ ਰੁੱਸਦੀ ਏ ਸਕੂਨ ਦੇਣ ਵਾਲੀ ਯਾਰ ਦੀ ਬੁੱਕਲ। ਨਿੱਕੀਆਂ ਗੱਲਾਂ ਵਿਚ ਲੱਗਦਾ ਚੁੱਪ ਦਾ ਪਹਿਰਾ, ਹੁੰਗਾਰੇ ਬਣ ਜਾਂਦੇ ਹੁੰਗਰ, ਸਿਰ ਰੱਖ ਕੇ ਬੇਫਿਕਰੀ ਦੇ ਆਲਮ ਵਾਲੀ ਹਿੱਕ ਵਿਚਲਾ ਹਉਕਾ ਬਣ ਜਾਂਦਾ ਜੀਵਨ ਦਾ ਸੰਤਾਪ ਅਤੇ ਇਨ੍ਹਾਂ ਸੰਤਾਪੇ ਪਲਾਂ ਵਿਚ ਸਾਹਾਂ ਨੂੰ ਸਾਹ ਕਹਿਣਾ ਵੀ ਗੁਨਾਹ ਬਣ ਜਾਂਦਾ। ਜੀਵਨ ਦੀ ਅਕਾਰਥਾ ਵਿਚ ਸੋਚ ਜੰਗਾਲੀ ਜਾਂਦੀ।

ਰੁੱਸੀ ਹੋਈ ਬੁੱਕਲ ਕਾਰਨ ਜੀਵਨ ਦੀਆਂ ਤਲਖੀਆਂ ਬਹੁਤ ਸ਼ਿੱਦਤ ਨਾਲ ਨਪੀੜਦੀਆਂ ਅਤੇ ਕੋਈ ਨਾ ਉਜਾੜੇ ਬਾਪ ਦੇ ਸ਼ਮਲੇ ਦੀ ਉਚੀ ਸ਼ਾਨ, ਵੀਰਾਂ ਦਾ ਤੂਤ ਦੇ ਮੋਛੇ ਜਿਹਾ ਮਾਣ ਅਤੇ ਭੈਣਾਂ ਦਾ ਪੇਕੇ ਘਰ ਵਿਚ ਸਨਮਾਨ।

ਰੁੱਸੀਆਂ ਗੋਦਾਂ ਦੀ ਆਰਜਾ ਜਦ ਵਕਤ ਦੇ ਸਫੇ 'ਤੇ ਉਕਰੀ ਜਾਂਦੀ ਏ ਤਾਂ ਸਾਡੇ ਸਭਨਾਂ ਦੇ ਦਰਾਂ 'ਤੇ ਹੁੰਦੀ ਏ ਭਲੇ ਵਕਤਾਂ ਦੀ ਦਸਤਕ ਅਤੇ ਅਜਿਹੀ ਦਸਤਕ ਵਿਚ ਹੀ ਸ਼ੁਭ ਸ਼ਗਨਾਂ ਦੀ ਤਾਣ ਸੁਣਾਈ ਦਿੰਦੀ ਏ। ਅਜਿਹਾ ਮਧੁਰ ਸਹਿਜ-ਸੰਗੀਤ ਸਭ ਦਾ ਹਾਸਲ ਹੋਵੇ, ਇਹ ਸਾਡੀ ਸਭ ਦੀ ਕਾਮਨਾ ਹੋਣੀ ਚਾਹੀਦੀ ਏ।

# ਗਾਂਧੀ ਤੇ ਨੱਥੂ ਰਾਮ ਗੋਡਸੇ

ਮੁੱਦਤ ਪਹਿਲੋਂ ਜਦੋਂ ਨੱਥੂ ਰਾਮ ਗੋਡਸੇ ਦਾ ਅਦਾਲਤ ਵਿਚ ਦਿੱਤਾ ਇਕਬਾਲੀਆ ਬਿਆਨ ਪੜ੍ਹਿਆ, ਮਨ ਵਿਚ ਆਇਆ ਕਿ ਇਸ ਦਾ ਪੰਜਾਬੀ ਵਿਚ ਤਰਜਮਾ ਕਰਕੇ ਛਪਵਾਵਾਂ। ਅਜਿਹਾ ਫੁਰਨਾ ਇਸ ਕਰਕੇ ਨਹੀਂ ਫੁਰਿਆ ਕਿ ਹਲਕੇ ਪੱਧਰ ਦੀ ਉਤੇਜਨਾ ਪੈਦਾ ਕਰਕੇ ਪਾਠਕਾਂ ਦਾ ਮਨੋਰੰਜਨ ਕਰਾਂ। ਗੋਡਸੇ ਦਾ ਇਹ ਬਿਆਨ ਇਕ ਬੰਦੇ ਦਾ ਭਾਸ਼ਣ ਨਹੀਂ ਹੈ, ਇਕ ਵਿਚਾਰਧਾਰਾ ਦੁਨੀਆਂ ਨੂੰ ਦੱਸ ਰਹੀ ਹੈ ਕਿ ਅਸੀਂ ਕਾਫੀ ਭਾਰਤਵਾਸੀ ਮਹਾਤਮਾ ਗਾਂਧੀ ਦੇ ਉਪਾਸ਼ਕ ਨਹੀਂ ਹਾਂ। ਇਹ ਆਰ.ਐਸ.ਐਸ. ਦੀ ਵਿਚਾਰਧਾਰਾ ਹੈ ਜੋ ਅੱਜ ਵੀ ਗਾਂਧੀਵਾਦ ਵਿਰੁਧ ਹੈ।

ਮੈਂ ਕੁਝ ਗਾਂਧੀ ਨੂੰ ਪੜ੍ਹਿਆ, ਕੁਝ ਗਾਂਧੀ ਬਾਰੇ ਪੜ੍ਹਿਆ ਤਾਂ ਜਾਣਿਆ ਕਿ ਉਹ ਅਦਭੁਤ ਸ਼ਖਸੀਅਤ ਸੀ। ਫਿਰਕਾਪ੍ਰਸਤ ਹਿੰਦੂ ਹੋਣਾ ਤਾਂ ਦਰਕਿਨਾਰ ਜਿਵੇਂ ਕਈ ਗਰਮ-ਖਿਆਲੀ ਸਿੱਖ ਜਥੇਬੰਦੀਆਂ ਆਖਦੀਆਂ ਹਨ, ਗਰਮ-ਖਿਆਲੀ ਹਿੰਦੂ ਵਿਅਕਤੀ ਤੇ ਸੰਗਠਨ ਆਖਦੇ ਸਨ/ਹਨ, ਜਿਹੜਾ ਜਾਤ ਪਾਤ ਵਿਰੁਧ ਬੋਲਦਾ ਤੇ ਕੰਮ ਕਰਦਾ ਹੈ, ਉਹ ਹਿੰਦੂ ਕਿਵੇਂ ਹੋਇਆ? ਮੰਨੂ ਸਮ੍ਰਿਤੀ ਨੂੰ ਨਾ ਮੰਨਣ ਵਾਲਾ ਹੋਰ ਜੋ ਮਰਜ਼ੀ ਹੋਵੇ, ਅਖਵਾਏ, ਹਿੰਦੂ ਨਹੀਂ ਹੋ ਸਕਦਾ। ਕਾਂਗਰਸ ਵਿਚਲੇ ਉਚਕੋਟੀ ਦੇ ਸਨਾਤਨੀ ਬ੍ਰਾਹਮਣ ਨੇਤਾ ਗਾਂਧੀ ਜੀ ਦੇ ਬਰਾਬਰ ਬੈਠ ਕੇ ਖਾਣਾ ਨਹੀਂ ਸਨ ਖਾਂਦੇ ਕਿ ਅਜਿਹਾ ਕਰਨ ਨਾਲ ਧਰਮ ਭ੍ਰਿਸ਼ਟ ਹੋ ਜਾਏਗਾ।

ਗਾਂਧੀ ਲੰਡਨ ਤੋਂ ਬ੍ਰਿਟਿਸ਼ ਲਾਅ ਪੜ੍ਹ ਕੇ ਆਇਆ। ਉਸ ਨੇ ਸਰਕਾਰ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਇਹ ਟੱਕਰ ਕਿਸੇ ਕਿਸਮ ਦੀ ਹੋਵੇ? ਹਿੰਸਕ ਹਰਗਿਜ਼ ਨਹੀਂ। ਰੋਲ-ਮਾਡਲ ਕੌਣ ਹੋਵੇ? ਟੱਕਰ ਕਿਉਂਕਿ ਈਸਾਈ ਸਰਕਾਰ ਨਾਲ ਹੋਵੇਗੀ, ਇਸ ਲਈ ਕੋਈ ਨਵਾਂ ਪੁਰਾਣਾ ਭਾਰਤੀ ਨਹੀਂ, ਈਸਾ ਮਸੀਹ ਉਸ ਦਾ ਪ੍ਰੇਰਨਾ ਸ੍ਰੋਤ ਨਾਇਕ ਹੋਵੇਗਾ। ਗਾਂਧੀ ਨੇ ਦੁਨੀਆਂ ਅੱਗੇ ਸਾਬਤ ਕਰਨਾ ਸੀ ਕਿ ਰਾਜ ਕਰਦੇ ਗੋਰੇ ਈਸਾ ਨੂੰ ਭੁੱਲ ਗਏ ਹਨ, ਮੈਂ ਈਸਾ ਦੇ ਰਸਤੇ ਚੱਲ ਕੇ ਦਿਖਾਵਾਂਗਾ, ਸਾਬਤ ਕਰਾਂਗਾ ਅੰਗਰੇਜ਼ ਭਟਕ ਗਏ ਹਨ। ਜ਼ਫਰਨਾਮੇ ਵਿਚਲੀ ਗੁਰੂ ਗੋਬਿੰਦ ਸਿੰਘ ਜੀ ਦੀ ਔਰੰਗਜ਼ੇਬ ਵਾਸਤੇ ਵਰਤੀ ਸ਼ੈਲੀ ਅਤੇ ਸਮੱਗਰੀ ਦੇਖੋ। ਉਹ ਸਾਬਤ ਕਰ ਰਹੇ ਹਨ ਕਿ ਔਰੰਗਜ਼ੇਬ, ਨਾ ਤੈਨੂੰ ਇਸਲਾਮ ਦੀ ਸਮਝ, ਨਾ ਕੁਰਾਨ ਦੀ ਕਦਰ। ਤੂੰ ਤੇ ਮੈ ਬੁੱਤਸ਼ਿਕਨ ਹਾਂ, ਪਹਾੜੀ ਹਿੰਦੂ ਰਾਜੇ ਬੁੱਤਪੂਜ ਹਨ, ਤੂੰ ਮੇਰੇ ਖਿਲਾਫ ਬੁੱਤਪੂਜਾਂ ਦੀ ਮਦਦ ਕੀਤੀ ਤਾਂ ਕਿਵੇਂ ਮੰਨੀਏ ਤੈਨੂ ਇਸਲਾਮ ਦੀ ਸਮਝ ਹੈ? ਤੂੰ ਕੁਰਾਨ ਉਪਰ ਝੂਠੀਆਂ ਸਹੁੰਆਂ ਖਾ ਕੇ ਤੋੜੀਆਂ, ਮੈਂ ਕੁਰਾਨ ਉਪਰ ਇਤਬਾਰ ਕੀਤਾ ਇਸ ਵਾਸਤੇ ਕੁਰਾਨ ਨੇ ਮੇਰੀ ਹਿਫਾਜ਼ਤ ਕੀਤੀ।

ਦੇਸ਼ ਵੰਡ ਹੋਈ ਨੂੰ ਹੁਣ ਤਾਂ ਸੱਤਰ ਸਾਲ ਬੀਤ ਗਏ ਹਨ, ਕੀ ਹੁਣ ਵੀ ਇਸ ਤੱਥ ਤੋਂ ਮੁਕਰਨਾ ਸਹੀ ਹੈ ਕਿ ਗਾਂਧੀ ਨੇ ਦੇਸ਼ ਵੰਡ ਦੀ ਮੰਗ ਪ੍ਰਵਾਨ ਕਰਕੇ ਗਲਤ ਕੰਮ ਕੀਤਾ? ਦਿੱਲੀ ਵਿਚ ਆਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ, ਉਦੋਂ ਪੰਜਾਬ ਅਤੇ ਬੰਗਾਲ ਵਿਚ ਜਿਸਮਾਂ ਨਾਲ ਲੋਹਾ ਟਕਰਾ ਰਿਹਾ ਸੀ, ਬਲਾਤਕਾਰ ਹੋ ਰਹੇ ਸਨ, ਦੁੱਧ ਚੁੰਘਦੇ ਬੱਚੇ ਬਰਛਿਆਂ ਵਿਚ ਪਰੋਏ ਜਾ ਰਹੇ ਸਨ।

ਨੱਥੂ ਰਾਮ ਦੇ ਪੱਖ ਨਾਲ ਸਹਿਮਤ ਨਾ ਹੋਵੋ, ਉਸ ਵੱਲੋਂ ਕੀਤੇ ਕਤਲ ਦੀ ਘੋਰ ਨਿੰਦਾ ਕਰੋ ਪਰ ਜਾਣ ਤਾਂ ਲਵੋ ਉਹ ਕੁਝ ਕਹਿਣਾ ਚਾਹੁੰਦਾ ਹੈ। ਈਸਾ ਨੂੰ ਉਸ ਦੇ ਮਿੱਤਰ ਨੇ ਮੁਖਬਰੀ ਕਰਕੇ ਫੜਵਾਇਆ ਸੀ। ਈਸਾਈ ਇਸ ਘਟਨਾ ਨੂੰ ਯਾਦ ਕਰਦਿਆਂ ਆਖਦੇ ਹਨ, "ਦੁਸ਼ਮਣਾਂ ਉਤੇ ਨਹੀਂ, ਸਾਨੂੰ ਤੇਰੇ ਦੋਸਤਾਂ ਉਤੇ ਗਿਲਾ ਹੈ ਮਸੀਹਾ, ਦੁਸ਼ਮਣ ਤਾਂ ਅੱਜ ਵੀ ਤੇਰੇ ਦੁਸ਼ਮਣ ਹਨ।"


*-ਹਰਪਾਲ ਸਿੰਘ ਪੰਨੂ*
*ਫੋਨ: 91-94642-51454*

# ਸਿੱਖ ਰਾਜ, ਇਤਿਹਾਸ ਤੇ ‘ਦਿ ਬਲੈਕ ਪ੍ਰਿੰਸ’

ਹਾਲੀਵੁੱਡ ਫਿਲਮ ‘ਦਿ ਬਲੈਕ ਪ੍ਰਿੰਸ’ ਨੇ ਸਿੱਖ ਹਲਕਿਆਂ ਅੰਦਰ ਨਵੀਂ ਚਰਚਾ ਛੇੜੀ ਹੈ। ਅਸਲ ਵਿਚ ਇਸ ਫਿਲਮ ਦੀ ਕਹਾਣੀ ਭਾਵੇਂ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਅਤੇ ਸਿੱਖ ਰਾਜ ਦੇ ਆਖਰੀ ਵਾਰਸ ਮਹਾਰਾਜਾ ਦਲੀਪ ਸਿੰਘ ਦੁਆਲੇ ਘੁੰਮਦੀ ਹੈ, ਪਰ ਫਿਲਮ ਦੀ ਮੁੱਖ ਘੁੰਡੀ ਸਿੱਖ ਸਟੇਟ ਦੀ ਹੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਵੇਲੇ ਸ਼ਹਿਜ਼ਾਦਾ ਦਲੀਪ ਸਿੰਘ 10-11 ਮਹੀਨਿਆਂ ਦਾ ਸੀ। ਹੋਰ ਰਾਜਿਆਂ-ਮਹਾਰਾਜਿਆਂ ਵਾਂਗ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਰਾਜਭਾਗ ਸਾਂਭਣ ਦੇ ਮਾਮਲੇ ਤੋਂ ਜੋ ਕਤਲੋਗਾਰਤ ਸ਼ੁਰੂ ਹੋਈ, ਉਸ ਨੇ ਅੰਗਰੇਜ਼ਾਂ ਨੂੰ ਪੰਜਾਬ ਨੂੰ ਹੜੱਪਣ ਦਾ ਮੌਕਾ ਮੁਹੱਈਆ ਕਰਵਾ ਦਿੱਤਾ। ਇਸ ਤੋਂ ਬਾਅਦ ਦੀ ਕਹਾਣੀ, ਖਾਸ ਕਰ ਕੇ ਜੋ ਦਲੀਪ ਸਿੰਘ ਨਾਲ ਜੁੜੀ ਹੋਈ ਹੈ, ਬੜੀ ਦਰਦਨਾਕ ਹੈ। ਉਸ ਨੂੰ ਮਾਂ ਨਾਲੋਂ ਵਿਛੋੜਿਆ ਗਿਆ, ਜਲਾਵਤਨ ਕੀਤਾ ਗਿਆ, ਧਰਮ ਤੱਕ ਬਦਲ ਦਿੱਤਾ ਗਿਆ। ਉਸ ਨੂੰ ਐਸ਼ੋ-ਆਰਾਮ ਵਾਲੀ ਹਰ ਸਹੂਲਤ ਦਿੱਤੀ ਗਈ, ਪਰ ਆਖਰਕਾਰ ਉਹ ਖੁਦ ਨੂੰ ਲੱਭਣ ਅਤੇ ਆਪਣੀ ਮਾਂ ਨੂੰ ਮਿਲਣ ਲਈ ਤਾਂਘਣ ਲੱਗਾ। ਇਸੇ ਤਾਂਘ ਵਿਚੋਂ ਉਸ ਨੂੰ ਅੰਗਰੇਜ਼ਾਂ ਵੱਲੋਂ ਖੋਹਿਆ ਰਾਜ ਮੁੜ ਹਾਸਲ ਕਰਨ ਲਈ ਲਲਕ ਉਠੀ। ਉਸ ਨੇ ਆਪਣੇ ਪੱਧਰ ਉਤੇ, ਆਪਣੇ ਵਿਤ ਅਨੁਸਾਰ ਯਤਨ ਵੀ ਕੀਤੇ, ਪਰ ਨਾਕਾਮੀ ਮਿਲੀ ਅਤੇ ਉਹ ਪੰਜਾਬ ਵਾਪਸੀ ਲਈ ਤੜਫਦਾ 55 ਵਰ੍ਹਿਆਂ ਦੀ ਉਮਰ ਵਿਚ ਆਖਰਕਾਰ

**ਜਗਜੀਤ ਸਿੰਘ ਸੇਖੋਂ**

ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ।

ਹੁਣ ਜਦੋਂ ਅਜਿਹੀ ਸ਼ਖਸੀਅਤ ਬਾਰੇ ਫਿਲਮ ਆਈ ਹੈ ਤਾਂ ਫਿਲਮ ਅਤੇ ਇਸ ਸ਼ਖਸੀਅਤ ਦੇ ਵੱਖ ਵੱਖ ਪੱਖਾਂ ਬਾਰੇ ਚਰਚਾ ਹੋ ਰਹੀ ਹੈ। ਇਹ ਫਿਲਮ ਬਣਨੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਜਿੰਨੀ ਚਰਚਾ ਇਸ ਫਿਲਮ ਦੀ ਹੋਈ, ਸ਼ਾਇਦ ਹੀ ਕਿਸੇ ਫਿਲਮ ਨੂੰ ਇੰਨਾ ਪ੍ਰਚਾਰ ਮਿਲਿਆ ਹੋਵੇ। ਇਸ ਪੱਖ ਤੋਂ ਇਹ ਫਿਲਮ ਉਸ ਤਰ੍ਹਾਂ ਦੀ ਨਹੀਂ ਬਣ ਸਕੀ ਜਿਸ ਤਰ੍ਹਾਂ ਦੀ ਆਸ ਕੀਤੀ ਜਾ ਰਹੀ ਸੀ। ਅਦਾਕਾਰੀ ਦੇ ਪੱਖ ਤੋਂ ਦਲੀਪ ਸਿੰਘ ਦੇ ਰੋਲ ਵਿਚ ਪ੍ਰਸਿੱਧ ਗਾਇਕ ਸਤਿੰਦਰ ਸਰਤਾਜ ਉਹ ਬੁਲੰਦੀਆਂ ਨਹੀਂ ਛੂਹ ਸਕਿਆ ਜੋ ਉਹ ਛੂਹ ਸਕਦਾ ਹੈ। ਉਹ ਬਹੁਤ ਚੰਗਾ ਗਾਇਕ ਜ਼ਰੂਰ ਹੈ, ਪਰ ਫਿਲਮ ਦੇਖਦਿਆਂ ਲਗਦਾ ਹੈ ਕਿ ਅਦਾਕਾਰੀ ਫਿਲਹਾਲ ਉਸ ਦੇ ਵੱਸ ਦਾ ਰੋਗ ਨਹੀਂ। ਸੁਣਿਆ ਹੈ ਕਿ ਫਿਲਮਸਾਜ਼ ਕਵੀ ਰਾਜ਼ ਨੂੰ ਉਸ ਤੋਂ ਅਦਾਕਾਰੀ ਕਰਵਾਉਣ ਅਤੇ ਸੰਵਾਦ ਅਦਾ ਕਰਵਾਉਣ ਦੇ ਮਾਮਲੇ ਵਿਚ ਬਹੁਤ ਜ਼ਿਆਦਾ ਮਿਹਨਤ ਕਰਨੀ ਪਈ। ਹਾਂ! ਇਸ ਪੱਖੋਂ ਸੀਨੀਅਰ ਆਰਟਿਸਟ ਸ਼ਾਬਾਨਾ ਆਜ਼ਮੀ ਨੇ ਫਿਲਮ ਬਣਾਉਣ ਵਾਲਿਆਂ ਦੀ ਲੱਜ ਰੱਖੀ ਹੈ। ਕੁਝ ਸਿੱਖ ਹਲਕੇ ਇਸ ਫਿਲਮ ਨੂੰ ਸਿੱਖ ਰਾਜ ਅਤੇ ਸਿੱਖ ਸੰਘਰਸ਼ ਨਾਲ ਜੋੜ ਕੇ ਦੇਖ ਰਹੇ ਹਨ। ਇਨ੍ਹਾਂ ਹਲਕਿਆਂ ਮੁਤਾਬਕ, ਇਹ ਫਿਲਮ ਖੁੱਸੇ ਹੋਏ ਸਿੱਖ ਰਾਜ ਬਾਰੇ ਗਹਿਰੀ ਚਰਚਾ ਛੇੜਨ ਵਿਚ ਕਾਮਯਾਬ ਹੋਈ ਹੈ। ਇਸ ਫਿਲਮ ਦੀ ਚਰਚਾ ਇਕ ਹੋਰ ਪੱਖ ਤੋਂ ਵੀ ਹੋ ਰਹੀ ਹੈ। ਇਸ ਤਹਿਤ ਸਿੱਖ ਰਾਜ ਦੀ ਚਰਚਾ, ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਾਂ ਦੀ ਤੁਲਨਾ ਵਿਚ ਕੀਤੀ ਜਾ ਰਹੀ ਹੈ। ਚਰਚਾ ਅਨੁਸਾਰ, ਬੰਦਾ ਬਹਾਦਰ ਵਾਲਾ ਰਾਜ ਸਹੀ ਅਰਥਾਂ ਵਿਚ ਸਿੱਖੀ ਦੀ ਰੂਹ ਨਾਲ ਜੁੜਿਆ ਹੋਇਆ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਅੱਜ ਦੇ ਬਾਦਲਕਿਆਂ ਵਾਲੇ ਰਾਜ ਵਰਗਾ ਹੀ ਸੀ ਜਿਸ ਵਿਚ ਰਾਜ ਕਰਨ ਵਾਲੇ ਹੀ ਸਭ ਕੁਝ ਸਨ, ਆਮ ਪਰਜਾ ਦੀ ਇਸ ਰਾਜ ਵਿਚ ਕੋਈ ਪੁੱਛ-ਪ੍ਰਤੀਤ ਨਹੀਂ ਸੀ। ਹੁਣ ਸੋਚਣਾ ਇਹ ਬਣਦਾ ਹੈ ਕਿ ਸਾਨੂੰ ਕਿਸ ਤਰ੍ਹਾਂ ਦਾ ਰਾਜ ਚਾਹੀਦਾ ਹੈ? ਬੰਦੇ ਬਹਾਦਰ ਦੇ ਰਾਜ ਵਰਗਾ ਬਰਾਬਰੀ ਵਾਲਾ ਜਾਂ ਮਹਾਰਾਜਾ ਰਣਜੀਤ ਸਿੰਘ ਵਾਲੇ ਸ਼ਾਸਨ ਵਰਗਾ ਵਿਤਕਰੇ ਵਾਲਾ। ਖੈਰ! ਫਿਲਮ ਨੇ ਇਤਿਹਾਸ ਦਾ ਇਕ ਖਾਸ ਪੰਨਾ ਫਰੋਲ ਕੇ ਨਵੀਂ ਪੀੜ੍ਹੀ ਨੂੰ ਇਸ ਤੋਂ ਵਾਕਿਫ ਕਰਵਾਉਣ ਦਾ ਵੱਡਾ ਕਾਰਜ ਕੀਤਾ ਹੈ।








*‘ਦਿ ਬਲੈਕ ਪ੍ਰਿੰਸ’ ਦਾ ਪੋਸਟਰ, ਫਿਲਮ ਦੀ ਝਲਕ ਅਤੇ ਦਲੀਪ ਸਿੰਘ ਦੀ ਭੂਮਿਕਾ ਵਿਚ ਸਤਿੰਦਰ ਸਰਤਾਜ।*



# ਅਮਾਇਰਾ ਦੀ ਅਦਾ ਤੇ ਕਾਰੋਬਾਰ

ਮੁੰਬਈ ਦੀ ਪਾਰਸੀ ਅਦਾਕਾਰਾ ਅਮਾਇਰਾ ਦਸਤੂਰ ਦਾ ਫਿਲਮੀ ਕਰੀਅਰ ਅੱਜ ਕੱਲ੍ਹ ਡਾਵਾਂਡੋਲ ਹੈ, ਪਰ ਹੁਣ ਉਸ ਨੇ ਮੁੰਬਈ ਵਿਚ ਆਪਣਾ ਪਾਰਸੀ ਰੈਸਟੋਰੈਂਟ ਖੋਲ੍ਹਣ ਦਾ ਮਨ ਬਣਾ ਲਿਆ ਹੈ। ਅਮਾਇਰਾ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 2013 ਵਿਚ ਫਿਲਮ ‘ਇਸ਼ਕ’ ਨਾਲ ਕੀਤੀ ਸੀ। ਇਸ ਫਿਲਮ ਦਾ ਨਾਇਕ ਰਾਜ ਬੱਬਰ ਤੇ ਸਮਿਤਾ ਪਾਟਿਲ ਦਾ ਮੁੰਡਾ ਪ੍ਰਤੀਕ ਬੱਬਰ ਸੀ, ਪਰ ਇਹ ਫਿਲਮ ਚੱਲ ਨਹੀਂ ਸਕੀ ਅਤੇ ਇਸ ਦੇ ਨਾਲ ਹੀ ਅਮਾਇਰਾ ਦਸਤੂਰ ਦੀ ਫਿਲਮੀ ਉਡਾਣ ਕੱਟੀ ਗਈ। ਫਿਰ 2015 ਵਿਚ ਉਸ ਦੀ ਇਕ ਤਮਿਲ ਅਤੇ ਇਕ ਹਿੰਦੀ ਫਿਲਮ (ਮਿਸਟਰ ਐਕਸ) ਰਿਲੀਜ਼ ਹੋਈਆਂ। ਇਹ ਫਿਲਮ ਵੀ ਕੋਈ ਖਾਸ ਕ੍ਰਿਸ਼ਮਾ ਨਾ ਕਰ ਸਕੀਆਂ, ਉਂਜ 2017 ਵਿਚ ਰਿਲੀਜ਼ ਹੋਈ ਜੈਕੀ ਚਾਨ ਦੀ ਫਿਲਮ ‘ਕੁੰਗ ਫੂ ਯੋਗਾ’ ਨਾਲ ਉਸ ਨੂੰ ਬਹੁਤ ਮਸ਼ਹੂਰੀ ਮਿਲੀ ਅਤੇ ਇਕ ਤਰ੍ਹਾਂ ਨਾਲ ਉਸ ਦਾ ਕਰੀਅਰ ਦੁਆਰਾ ਚੱਲਣ ਦੀ

**ਗੁਰਜੰਟ ਸਿੰਘ**

ਆਸ ਬੱਝ ਗਈ। ਹੁਣ 2017 ਵਿਚ ਹੀ ਉਸ ਦੀਆਂ ਦੋ ਤੇਲਗੂ ਅਤੇ ਇਕ ਤਮਿਲ ਫਿਲਮਾਂ ਤੋਂ ਇਲਾਵਾ ਹਿੰਦੀ ਫਿਲਮ ‘ਕਾਲਾਕਾਂਡੀ’ ਰਿਲੀਜ਼ ਹੋ ਰਹੀ ਹੈ। ਫ਼ਿਲਮ ‘ਕਾਲਾਕਾਂਡੀ’ ਵਿਚ ਉਸ ਦਾ ਫਿਲਮੀ ਨਾਇਕ ਸੈਫ ਅਲੀ ਖਾਨ ਹੈ ਅਤੇ ਇਹ ਫਿਲਮ 8 ਸਤੰਬਰ 2017 ਨੂੰ ਰਿਲੀਜ਼ ਹੋ ਰਹੀ ਹੈ।

ਅਮਾਇਰਾ ਦਸਤੂਰ ਦੱਸਦੀ ਹੈ ਕਿ ਉਸ ਦਾ ਸੁਪਨਾ ਤਾਂ ਗੋਆ ਵਿਚ ਪਾਰਸੀ ਰੈਸਟੋਰੈਂਟ ਖੋਲ੍ਹਣ ਦਾ ਸੀ, ਪਰ ਹੁਣ ਉਸ ਨੇ ਇਹ ਰੈਸਟੋਰੈਂਟ ਆਪਣੇ ਭਰਾ ਜਹਾਂਗੀਰ ਦਸਤੂਰ ਨਾਲ ਰਲ ਕੇ ਮੁੰਬਈ ਵਿਚ ਚਲਾਉਣ ਬਾਰਾ ਸੋਚਿਆ ਹੈ। ਜਹਾਂਗੀਰ ਦਸਤੂਰ ਹੁਣੇ ਹੁਣੇ ਲੰਡਨ ਦੇ ‘ਲੀ ਕੌਰਡਨ ਬਲਿਊ’ ਤੋਂ ਗਰੈਜੂਏਟ ਹੋ ਕੇ ਆਇਆ ਹੈ। ਦੋਹਾਂ ਦਾ ਸੁਪਨਾ ਹੈ ਕਿ ਉਹ ਮੁੰਬਈ ਵਿਚ ਆਪਣੇ ਰੈਸਟੋਰੈਂਟ ਨਾਲ ਵੱਖਰਾ ਮੁਕਾਮ ਹਾਸਲ ਕਰ ਸਕਣ। ਅਮਾਇਰਾ ਦਾ ਦਾਈਆ ਹੈ ਕਿ ਰੈਸਟੋਰੈਂਟ ਵਿਚ ਸਿਰਫ ਪਾਰਸੀ ਖਾਣੇ ਪਰੋਸੇ ਜਾਣਗੇ। ਉਹ ‘ਪੱਤਰ ਮੱਛੀ’, ‘ਧਨਕਸ ਚੌਲ’ ਅਤੇ ‘ਪਪੀਤੇ ਉਤੇ ਈਦੂ’ ਆਦਿ ਖਾਸ ਡਿੱਸ਼ਾਂ ਵੱਲ ਉਚੇਚਾ ਧਿਆਨ ਦੇ ਰਹੀ ਹੈ ਅਤੇ ਉਸ ਦੇ ਇਸ ਰੈਸਟੋਰੈਂਟ ਦਾ ਮੋਟੋ ‘ਘਰ ਦਾ ਖਾਣਾ’ ਹੋਵੇਗਾ।

# ਹੁਣ ਹਿੰਦੂਵਾਦੀਆਂ ਦੀ ਫਿਲਮੀ ਪਹਿਲਕਦਮੀ

ਹਿੰਦੂਵਾਦੀਆਂ ਦੀ ਅੱਜ ਕੱਲ੍ਹ ਹਰ ਖੇਤਰ ਵਿਚ ਖਾਸੀ ਚੜ੍ਹਾਈ ਹੈ। ਹੁਣ ਆਰ.ਐਸ.ਐਸ. ਦੇ ਸੰਸਥਾਪਕ ਕੇਸ਼ਵ ਹੈਡਗੇਵਾਰ ਉਤੇ ਫੀਚਰ ਫਿਲਮ ਬਣਾਉਣ ਦੀਆਂ ਯੋਜਨਾਵਾਂ ਬਣ ਰਹੀਆਂ ਹਨ। ਹੈਡਗੇਵਾਰ ਨੇ 1925 ਨੂੰ ਨਾਗਪੁਰ ਵਿਚ ਆਰ.ਐਸ.ਐਸ. ਕਾਇਮ ਕੀਤੀ ਸੀ। ਫਿਲਮੀ ਖੇਤਰ ਵਿਚ ਵੀ ਹਿੰਦੂਵਾਦੀ ਸਰਗਰਮ ਹਨ। ਜਦੋਂ ਮੁਸਲਿਮ ਘੱਟ ਗਿਣਤੀਆਂ ਖਿਲਾਫ ਪਿਛਲੇ ਸਾਲ ਕਤਲੋਗਾਰਤ ਹੋਈ ਸੀ ਅਤੇ ਲੇਖਕਾਂ ਨੇ ਕੌਮੀ ਸਾਹਿਤ ਅਕਾਦਮੀ ਇਨਾਮ ਮੋੜ ਕੇ ਸਰਕਾਰ ਦਾ ਨੱਕ ਵਿਚ ਦਮ ਕਰ ਦਿੱਤਾ ਸੀ, ਤਾਂ ਅਨੂਪਮ ਖੇਰ, ਅਸ਼ੋਕ ਪੰਡਿਤ ਅਤੇ ਮਧੁਰ ਭੰਡਾਰਕਰ ਵਰਗੇ ਕਲਾਕਾਰ ਸਰਕਾਰ ਦੇ ਹੱਕ ਵਿਚ ਡਟ ਗਏ ਸਨ। ਹੁਣ ਮਧੁਰ ਭੰਡਾਰਕਰ ਨੇ ਜਿਹੜੀ ਫਿਲਮ ‘ਇੰਦੂ ਸਰਕਾਰ’ ਬਣਾਈ ਹੈ, ਉਹ ਕਾਂਗਰਸ ਅਤੇ ਇੰਦਰਾ ਗਾਂਧੀ ’ਤੇ ਸਿੱਧਾ ਹਮਲਾ ਹੈ। ਅਸਲ ਵਿਚ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਕਾਂਗਰਸ ਨੂੰ ਸਿਆਸਤ ਤੋਂ ਇਲਾਵਾ ਹੋਰ ਖੇਤਰਾਂ ਵਿਚ ਵੀ ਹੌਲੀ ਹੌਲੀ ਖਦੇੜ ਰਹੀ ਹੈ। ਕਾਂਗਰਸ ਦੀਆਂ ਕਮਜ਼ੋਰੀਆਂ ਕਾਰਨ ਹੁਣ ਮਾਹੌਲ ਵੀ ਇਕ ਤਰ੍ਹਾਂ ਨਾਲ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਬਣਿਆ ਹੋਇਆ ਹੈ। ਪਿਛੇ ਜਿਹੇ ਪਾਕਿਸਤਾਨੀ ਕਲਾਕਾਰਾਂ ਖਿਲਾਫ਼ ਮੁਹਿੰਮ ਦਾ ਵੀ ਇਸ ਮਾਹੌਲ ਨੂੰ ਬੰਨ੍ਹਣ ਵਿਚ ਖਾਸਾ ਯੋਗਦਾਨ ਰਿਹਾ ਸੀ ਅਤੇ ਭਾਜਪਾ ਇਸ ਮਾਹੌਲ ਦਾ ਸਿਆਸੀ ਲਾਹਾ ਲੈਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਹੈਡਗੇਵਾਰ, ਦੀਨਦਿਆਲ ਉਪਾਧਿਆਏ ਤੇ ਆਰ.ਐਸ.ਐਸ. ਨਾਲ ਜੁੜੀਆਂ ਹੋਰ ਸ਼ਖਸੀਅਤਾਂ ਬਾਰੇ ਵੀ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ।





ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕਰੀਕ

5 ਅਗਸਤ 2012 ਦੇ ਦਰਦਨਾਕ ਖ਼ੂਨੀ ਕਾਂਡ 'ਚ ਚਲਾਣਾ ਕਰ ਗਏ ਗੁਰੂਘਰ ਦੇ ਸ਼ਰਧਾਲੂਆਂ ਦੀ ਪੰਜਵੀਂ ਬਰਸੀ 'ਤੇ

## ਸ਼ਰਧਾਂਜਲੀ ਸਮਾਗਮ

4 ਤੋਂ 6 ਅਗਸਤ 2017





ਭਾਈ ਸੁਬੇਗ ਸਿੰਘ ਖਟੜਾ


ਭਾਈ ਸਤਵੰਤ ਸਿੰਘ ਕਾਲੇਕਾ


ਬੀਬੀ ਪਰਮਜੀਤ ਕੌਰ


ਭਾਈ ਸੀਤਾ ਸਿੰਘ


ਭਾਈ ਪ੍ਰਕਾਸ਼ ਸਿੰਘ


ਭਾਈ ਰਣਜੀਤ ਸਿੰਘ

## SCHEDULE OF EVENTS

### Friday, August 4, 2017

10:30 am AKHAND PAATH
48 non-stop hour recitation of the Shri Guru Granth Sahib, the Sikh Holy book, will begin
@ The Sikh Temple Of Wisconsin

**ਸ਼ੁੱਕਰਵਾਰ, 4 ਅਗਸਤ 2017**
ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10:30 ਵਜੇ




### Saturday, August 5, 2017

Akhand Paath
continues @ THE SIKH TEMPLE
8:00 am CHARDHI KALA 6K MEMORIAL RUN/WALK
@ Oak Creek High School
340 E. Puetz Rd., Oak Creek
Register: 7:30 - 9 am
Run Starts: 9 am
Event Ends: 3pm
Register @ www.ck6k.org
chardhikala6k@gmail.com



### Sunday, August 6, 2017

10:30 am AKHAND PAATH
concludes @ The Sikh Temple.
11:00 am - 1:30 pm
KIRTAN
Hymns sung during meditation
1:30 - 3:00 pm
TRIBUTES TO DEPARTED SOULS
Words are offered from guests dignitaries, and well wishers.

**ਐਤਵਾਰ, 6 ਅਗਸਤ 2017**
ਭੋਗ ਸ੍ਰੀ ਅਖੰਡ ਪਾਠ: ਸਵੇਰੇ 10:30 ਵਜੇ
ਸ਼ਬਦ ਕੀਰਤਨ: 11 ਤੋਂ 1:30 ਵਜੇ ਤੱਕ
ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ
1:30 ਤੋਂ 3 ਵਜੇ ਤੱਕ

ਗੁਰੂ ਕਾ ਲੰਗਰ ਸਮਾਗਮ ਦੇ ਤਿੰਨੋਂ ਦਿਨ ਅਤੁੱਟ ਵਰਤੇਗਾ।

ਇਸ ਸਿਮ੍ਰਤੀ ਸਮਾਗਮ ਵਿਚ ਤੁਹਾਡੀ ਸ਼ਮੂਲੀਅਤ ਵਿਛੜੀਆਂ ਰੂਹਾਂ ਨੂੰ ਸੱਚੀ ਸ਼ਰਧਾਂਜਲੀ ਅਤੇ ਪੀੜਤ ਪਰਿਵਾਰਾਂ ਦੇ ਜ਼ਖਮਾਂ ਉਤੇ ਮੱਲ੍ਹਮ ਵਾਂਗ ਹੋਵੇਗੀ। ਤੁਹਾਡੀ ਹਾਜ਼ਰੀ ਇਹ ਵੀ ਜ਼ਾਹਿਰ ਕਰੇਗੀ ਕਿ ਇਹ ਇਕੱਲਾ ਸਿੱਖਾਂ ਦਾ ਹੀ ਦੁਖਾਂਤ ਨਹੀਂ ਸਗੋਂ ਇਕ ਅਮਰੀਕੀ ਦੁਖਾਂਤ ਹੈ। ਸਾਨੂੰ ਨਿਮਰਤਾ ਅਤੇ ਪਿਆਰ ਸਹਿਤ ਇਕੱਠੇ ਹੋ ਕੇ ਜਨੂੰਨੀ ਹਿੰਸਾ ਵਿਰੁਧ ਡਟਣਾ ਚਾਹੀਦਾ ਹੈ।

**Sikh Temple of Wisconsin, 7512 S. Howell Ave. Oak Creek, WI 53154**
sikhtempleofwi@gmail.com www.sikhtempleofwisconsin.org